Published in Punjabi & English
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-10, ਅੰਕ-6, ਜੂਨ 2020 | Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਲੋਕਾਂ ਨੂੰ ਰਾਹ ਦੇ ਲਾਰ੍ਹੇ, ਸਰਕਾਰ ਕਰਦੀ ਲੁਕਵੇਂ ਕਾਰੇ/3
ਕੀ ਅਸੀਂ ਕਦੇ ਜੂਨ 84 ਦੀਆਂ ਘਟਨਾਵਾਂ ਦਾ ਨਿਰਪੱਖਤਾ ਨਾਲ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋਵਾਂਗੇ ?/5
ਪੱਤਰਕਾਰਾਂ ਵਿਰੁੱਧ ਪਰਚੇ : ਨਿਸ਼ਾਨਾ ਪੱਤਰਕਾਰ ਨਹੀਂ ਪੱਤਰਕਾਰੀ ਹੈ/6
ਗਾਇਕ ਰਣਜੀਤ ਬਾਵੇ ਦਾ ਕਸੂਰ, ਪਿਛੋਕੜ ਅਕਾਲੀ-ਭਾਜਪਾ ਸਾਰੀ/12
ਵਰਣ ਵਿਵਸਥਾ ਜਾਤ-ਪਾਤ ਅਤੇ ਵਿਗਿਆਨਕ ਵਿਕਾਸ/14
ਪਰ ਸਭ ਕੁਝ ਗਰੀਬ ਦੀ ਸੋਚ ਅਨੁਸਾਰ ਥੋੜ੍ਹਾ ਚੱਲਦਾ ਹੈ.. ?/19
ਭਾਰਤ ਵਿਚ ਤੁਅੱਸਬ ਅਤੇ ਜਬਰ ਦੀ ਮਹਾਂਮਾਰੀ/22
ਕਰੋਨਾ ਭੈਅ ਤੇ ਹਾਕਮੀ ਸ਼ੋਸ਼ਣ ਦਾ ਸ਼ਿਕਾਰ, ਕਿਰਤੀ !/24
ਸਮੇਂ ਨੂੰ ਸਰਾਭਿਆਂ ਦੀ ਲੋੜ/26
ਆਪਣੀ ਬੋਲੀ, ਧਰਮ ਤੇ ਲਿੱਪੀ : ਇਕ ਅੰਤਰਝਾਤ/34

### ਕੋਰੋਨਾ ਦਾ ਵੱਧ ਰਿਹਾ ਕਰੋਪ

# ਮਹਾਮਾਰੀ ਨਾਲ ਜਿਉਣ ਦੇ ਮਾਇਨੇ ਬਨਾਮ ਬਦਲ ਦੀ ਪ੍ਰਸੰਗਿਕਤਾ

**-ਬੂਟਾ ਸਿੰਘ ਨਵਾਂਸ਼ਹਿਰ**

ਭਾਰਤ ਵਿਚ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਮਹਾਮਾਰੀ ਨੂੰ ਰੋਕਣ ਲਈ ਪੂਰੇ ਮੁਲਕ ਉੱਪਰ ਥੋਪੀ ਤਾਲਾਬੰਦੀ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ। ਸਰਕਾਰ ਦੀ ਬਣਾਈ ਕੋਵਿਡ ਟਾਸਕ ਫੋਰਸ ਦੇ ਮੈਂਬਰਾਂ ਦੀ ਬੇਪਛਾਣ ਰਹਿਣ ਦੀ ਸ਼ਰਤ 'ਤੇ ਆਮ ਸਹਿਮਤੀ ਹੈ ਕਿ ਮੈਡੀਕਲ ਢਾਂਚੇ ਨੂੰ ਸੁਧਾਰਨ ਵੱਲ ਧਿਆਨ ਨਾ ਦੇਣ ਕਾਰਨ ਤਾਲਾਬੰਦੀ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਤਾਲਾਬੰਦੀ ਤਾਲਾਬੰਦੀ ਕੀਤੇ ਜਾਣ ਸਮੇਂ ਭਾਰਤ ਵਿਚ ਕਰੋਨਾ ਪਾਜ਼ਿਟਿਵ ਕੇਸਾਂ ਦੀ ਗਿਣਤੀ ਸਾਢੇ ਪੰਜ ਸੌ ਦੇ ਕਰੀਬ ਸੀ, ਜੋ ਹੁਣ 1 ਲੱਖ 60 ਹਜ਼ਾਰ ਦਾ ਅੰਕੜਾ ਪਾਰ ਕਰ ਚੁੱਕੀ ਹੈ। ਰੋਜ਼ਾਨਾ 6000 ਤੋਂ ਲੈ ਕੇ 7000 ਤੱਕ ਨਵੇਂ ਕੇਸ ਸਾਹਮਣੇ ਆ ਰਹੇ ਹਨ ਜੋ ਕੇਂਦਰ ਸਰਕਾਰ ਦੇ ਇਸ ਦਾਅਵੇ ਦਾ ਮੂੰਹ ਚਿੜਾ ਰਹੇ ਹਨ ਕਿ 16 ਮਈ ਤਕ ਇਨਫੈਕਸ਼ਨ ਦੇ ਨਵੇਂ ਮਾਮਲੇ ਆਉਣੇ ਬੰਦ ਹੋ ਜਾਣਗੇ। ਮਾਸ ਟੈਸਟਿੰਗ ਦੀ ਅਣਹੋਂਦ 'ਚ ਇਹ ਅੰਕੜੇ ਵੀ ਪੂਰੀ ਤਸਵੀਰ ਪੇਸ਼ ਨਹੀਂ ਕਰਦੇ। ਬੇਕਾਰੀ, ਭੁੱਖਮਰੀ, ਮੰਦਹਾਲੀ ਅਤੇ ਸਟੇਟ ਦੀ ਮੁਜਰਮਾਨਾ ਬਦਇੰਤਜ਼ਾਮੀ ਤੋਂ ਸਹਿਮੇ ਪ੍ਰਵਾਸੀ ਆਪਣੇ ਘਰਾਂ ਨੂੰ ਵਾਪਸ ਜਾਣ ਲਈ ਮਜਬੂਰ ਹਨ, ਉਹਨਾਂ ਦੇ ਨਾਲ ਵਾਇਰਸ ਵੀ 'ਪ੍ਰਵਾਸ' ਕਰ ਰਿਹਾ ਹੈ। ਬਿਹਾਰ, ਝਾਰਖੰਡ ਵਿਚ ਕਰੋਨਾ ਦੇ ਕੇਸ ਤੇਜ਼ੀ ਨਾਲ ਵਧ ਰਹੇ ਹਨ। 'ਕਰੋਨਾ ਜਿਹਾਦ' ਦੇ ਬਹਾਨੇ ਮੁਸਲਿਮ ਫਿਰਕੇ ਨੂੰ ਬਦਨਾਮ ਕਰਨ ਦੇ ਭਗਵੀਂ ਮੁਹਿੰਮ ਦੀ ਫੂਕ ਤਾਂ ਪਹਿਲਾਂ ਹੀ ਨਿਕਲ ਚੁੱਕੀ ਸੀ, ਹੁਣ ਸੱਤਾਧਾਰੀ ਸੰਘ ਬਰਗੇਡ ਤਾਲਾਬੰਦੀ ਦੇ ਬਰਬਾਦ ਕੀਤੇ ਪ੍ਰਵਾਸੀ ਮਜ਼ਦੂਰਾਂ ਨੂੰ ਕਿਸ 'ਜਹਾਦ' ਦੇ ਖ਼ਾਤੇ ਪਾਵੇ ? ਆਰਐੱਸਐੱਸ-ਭਾਜਪਾ ਨੇ ਤਿੰਨ ਮੁਸਲਿਮ ਮੁਲਕਾਂ ਦੇ 'ਸਤਾਏ ਹੋਏ ਹਿੰਦੂਆਂ' ਨੂੰ ਨਾਗਰਿਕਤਾ ਦੇਣ ਲਈ ਨਾਗਰਿਕਤਾ ਕਾਨੂੰਨ ਬਦਲਣ ਦੀ ਫਿਰਕੂ ਚਾਲ ਖੇਡਣ ਤੋਂ ਵੀ ਗੁਰੇਜ਼ ਨਹੀਂ ਕੀਤਾ, ਜਦਕਿ ਸੜਕਾਂ, ਰੇਲ ਪੱਟੜੀਆਂ ਉੱਪਰ ਰੁਲ ਰਹੇ 'ਹਿੰਦੂਆਂ' ਨੂੰ ਘਰਾਂ ਵਿਚ ਜਾਣ ਲਈ ਟਰਾਂਸਪੋਰਟ ਵੀ ਮੁਹੱਈਆ ਨਹੀਂ ਕਰਵਾਈ ਜਾ ਰਹੀ। ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਮੁਜਰਮਾਨਾ ਬਦਇੰਤਜ਼ਾਮੀ ਅਤੇ ਫ਼ੌਰੀ ਨਗਦ ਰਾਹਤ ਦੀ ਬਜਾਏ ਖੋਖਲੇ ਰਾਹਤ ਪੈਕੇਜਾਂ ਦੀ ਗ਼ੈਰਵਿਹਾਰਕਤਾ ਹਰ ਕਿਸੇ ਨੂੰ ਸਪਸ਼ਟ ਹੈ।

(ਬਾਕੀ ਸਫ਼ਾ 29 'ਤੇ)















ਹਰੀਪਾਲ
403-714-4816

ਕਰੋਨਾ ਵਾਇਰਸ

# ਸਿਸਟਮ ਕਿਹੜਾ ਕੰਮ ਆਇਆ, ਸਮਾਜਵਾਦ ਜਾਂ ਸਰਮਾਇਆ

*(ਇਹ ਲੇਖ ਲੋਕ ਪੱਖੀ ਪੱਤਰਕਾਰ ਨਿੱਕੋਲਸ ਆਇਲਾ ਦੇ ਲੇਖ 'ਕਰੋਨਾ ਵਾਇਰਸ : ਸ਼ੋਸ਼ਲਿਜਮ ਵਰਸਜ ਪੂੰਜੀਵਾਦ' 'ਤੇ ਅਧਾਰਿਤ ਹੈ । ਇਹ ਲੇਖ ਪੜ੍ਹ ਕੇ ਇਹ ਉਜਾਗਰ ਹੋ ਜਾਂਦਾ ਹੈ ਕਿ ਕਿਹੜਾ ਸਿਸਟਮ ਲੋਕਪੱਖੀ ਹੈ ਅਤੇ ਕਿਹੜਾ ਸਿਸਟਮ ਇਸ ਮਹਾਂਮਾਰੀ ਦੇ ਸਮੇਂ ਵੀ ਲੋਕਾਂ ਦੀ ਮਦਦ ਕਰਨ ਦੀ ਬਜਾਏ, ਦੌਲਤ ਕਮਾਉਣ ਵਾਰੇ ਸੋਚ ਰਿਹਾ ਹੈ)*



ਕਰੋਨਾ ਵਾਇਰਸ ਦੀ ਬਿਮਾਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਬਿਮਾਰੀ ਨੂੰ ਹੈਂਡਲ ਕਰਨ ਲਈ, ਪੂੰਜੀਵਾਦ ਨਾਲ਼ੋਂ ਸਮਾਜਵਾਦ ਕਿਤੇ ਕਾਮਯਾਬ ਸਿਸਟਮ ਹੈ। ਸਾਮਰਾਜੀ ਮੁਲਕਾਂ ਦੀਆਂ ਲਾਲਚੀ ਸਰਕਾਰਾਂ ਨਾਲ਼ੋਂ, ਸਮਾਜਵਾਦੀ ਮੁਲਕ ਇਸ ਮਹਾਂਮਾਰੀ ਨਾਲ਼ ਲੜਨ ਲਈ ਕਿਤੇ ਵਧੀਆ ਕੰਮ ਕਰ ਰਹੇ ਹਨ। ਕਿਊਬਾ ਇਸਦੀ ਸਭ ਤੋਂ ਵਧੀਆ ਉਦਾਹਰਣ ਹੈ। ਇੱਕ ਬ੍ਰਿਟਿਸ਼ ਕਰੂਜ ਲਾਈਨਰ ਜਿਸ ਨੂੰ ਉਸਦੇ ਆਪਣੇ ਆਕਾ ਅਮਰੀਕਾ ਨੇ ਵੀ ਆਪਦੇ ਕਿਨਾਰੇ 'ਤੇ ਨਹੀਂ ਲੱਗਣ ਦਿੱਤਾ, ਕਿਊਬਾ ਨੇ ਇਸਨੂੰ ਆਪਦੀ ਬੰਦਰਗਾਹ ਤੇ ਸ਼ਰਣ ਹੀ ਨਹੀਂ ਦਿੱਤੀ, ਸਗੋਂ ਬਿਮਾਰਾਂ ਦਾ ਇਲਾਜ ਕਰਨ ਦੀ ਜ਼ਿੰਮੇਵਾਰੀ ਵੀ ਚੁੱਕੀ। ਕਿਊਬਾ ਨੇ ਆਪਦੇ ਡਾਕਟਰਾਂ ਦੀਆਂ ਟੀਮਾਂ, ਇਟਲੀ, ਨਿੱਕਾਰਾਗੁਆ, ਡੋਮੀਨੀਕਾ, ਵੈਂਜ਼ੂਏਲਾ, ਚੀਨ ਅਤੇ ਕਈ ਹੋਰ ਮੁਲਕਾਂ ਵਿੱਚ ਇਸ ਮਹਾਂਮਾਰੀ ਨਾਲ਼ ਲੜਨ ਲਈ ਭੇਜੀਆਂ। ਕਿਊਬਾ ਦੀ ਇਜਾਦ ਕੀਤੀ ਦਵਾਈ 'ਇੰਟਰਫੈਰੋਨ ਅਲਫਾ-2ਬੀ' ਨੇ ਹਜਾਰਾਂ ਲੋਕਾਂ ਦੀ ਜਾਨ ਬਚਾਈ ਹੈ। ਹੁਣ ਜਦੋਂਕਿ ਕਿਊਬਾ ਵਿੱਚ 80 ਕੇਸ ਆਏ ਹਨ ਅਤੇ ਦੋ ਲੋਕਾਂ ਦੀ ਮੌਤ ਵੀ ਹੋਈ ਹੈ, ਫੇਰ ਵੀ ਕਿਊਬਾ ਦੀ ਕਮਿਊਨਿਸਟ ਪਾਰਟੀ ਨੇ, ਇਸ ਬਿਮਾਰੀ ਤੇ ਨਿਗਾਹ ਰੱਖਣ ਲਈ ਅਤੇ ਬਿਮਾਰਾਂ ਦਾ ਇਲਾਜ ਕਰਨ ਲਈ ਵਿਸ਼ੇਸ਼ ਕਦਮ ਚੁੱਕੇ ਹਨ। ਅਮਰੀਕਾ ਜਿਹੜਾ ਕਿ ਇਸ ਦੁਨੀਆਂ ਦਾ ਠਾਣੇਦਾਰ ਹੈ, ਆਪਦੇ ਲੋਕਾਂ ਨੂੰ ਨਾਂ ਹੀ ਜ਼ਰੂਰਤ ਜੋਗੇ ਵੈਂਟੀਲੇਟਰ, ਮਾਸਕ ਅਤੇ ਜ਼ਰੂਰੀ ਚੀਜ਼ਾਂ ਮੁਹੱਈਆ ਕਰਾ ਸਕਿਆ ਹੈ। ਗਰੀਬ ਮੁਲਕਾਂ ਨੂੰ ਕੁੱਟਣ ਲਈ ਜਾਂ ਲੁੱਟਣ ਲਈ ਇਸ ਕੋਲ਼ ਸਭ ਤਰ੍ਹਾਂ ਦੇ ਲੋਕ ਮਾਰੂ ਹਥਿਆਰ ਹਨ, ਪਰ ਆਪਦੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਵੀ ਇਹ ਠਾਣੇਦਾਰ ਨਹੀਂ ਦੇ ਸਕਦਾ। ਪਿਛਲੇ 60 ਸਾਲਾਂ ਤੋਂ ਇਸਨੇ ਪਾਬੰਦੀਆਂ ਲਾ ਕੇ ਕਿਊਬਾ ਦਾ ਗਲ਼ ਘੁੱਟਿਆ ਹੋਇਆ ਹੈ, ਜ਼ਰਾ ਸੋਚੀਏ ਜੇਕਰ ਕਿਊਬਾ ਤੇ ਇਹ ਪਾਬੰਦੀਆਂ ਨਾ ਹੁੰਦੀਆਂ ਤਾਂ ਅੱਜ ਕਿਊਬਾ ਕਿੱਥੇ ਹੁੰਦਾ।

ਵੈਂਜ਼ੂਏਲਾ ਦੀ ਬੋਲੀਵੀਏਰੀਅਨ ਸਰਕਾਰ ਲੋਕਾਂ ਨੂੰ ਇਸ ਮਹਾਂਮਾਰੀ ਤੋਂ ਬਚਾਉਣ ਲਈ ਪਹਿਲ ਦੇ ਅਧਾਰ ਤੇ ਨਿੱਤਰੀ ਹੈ। ਪਰਧਾਨ ਨਿੱਕੋਲਸ ਮਦੂਰੋ ਨੇ, ਘਰਾਂ ਦੇ ਕਿਰਾਇਆਂ ਨੂੰ ਛੇ ਮਹੀਨਿਆਂ ਲਈ ਮਨਸੂਖ ਕਰ ਦਿੱਤਾ ਹੈ ਅਤੇ ਵੈਂਜ਼ੂਏਲਾ ਦੇ ਕਾਮਿਆਂ ਅਤੇ ਛੋਟੇ ਬਿਜਨਿਸਮੈਨਾਂ ਨੂੰ ਮਦਦ ਮੁਹੱਈਆ ਕਰ ਦਿੱਤੀ ਹੈ। ਵੈਂਜ਼ੂਏਲਾ ਦੀ ਨੈਸ਼ਨਲ ਬੋਲੀਵੀਅਰਨ ਫੌਜ ਲੋਕਾਂ ਨੂੰ ਜ਼ਰੂਰੀ ਵਸਤਾਂ ਦਾ ਸਮਾਨ ਵੰਡਣ ਤੇ ਲੱਗੀ ਹੋਈ ਹੈ। ਹਾਲਾਂਕਿ ਅਮਰੀਕਾ ਅਤੇ ਇਸਦੇ ਜੋੜੀਦਾਰਾਂ ਦੀਆਂ ਪਾਬੰਦੀਆਂ ਨੇ ਵੈਂਜ਼ੂਏਲਾ ਦਾ ਸਾਹ ਬੰਦ ਕੀਤਾ ਹੋਇਆ ਹੈ। ਇਹੋ ਜਿਹੇ ਸਮੇਂ ਜਦ ਮਨੁੱਖਤਾ ਆਪਦੀ ਹੋਂਦ ਲਈ ਲੜ ਰਹੀ ਹੈ, ਅਮਰੀਕਾ ਦਾ ਪਰਧਾਨ ਟਰੰਪ, ਵੈਂਜ਼ੂਏਲਾ ਦੇ ਪਰਧਾਨ ਮਦੂਰੋ ਤੇ ਡਰੱਗ ਦਾ ਕੇਸ ਪਾ ਕੇ ਬਦਨਾਮ ਕਰਨ ਦੀ ਸੋਚ ਰਿਹਾ ਹੈ। ਪਰ ਫਿਰ ਵੀ ਮਦੂਰੋ ਦੀ ਲੋਕ ਪੱਖੀ ਸਰਕਾਰ ਟਿਕ ਕੇ ਨਹੀਂ ਬੈਠੀ, ਉਸ ਕੋਲ਼ ਜਿੰਨੇ ਸਰੋਤ ਸਨ, ਉਸ ਨੇ ਲੋਕਾਂ ਦੀ ਭਲਾਈ ਲਈ ਝੋਕ ਦਿੱਤੇ ਹਨ। ਇਹੋ ਜਿਹੀ ਔਖੀ ਘੜੀ ਵੀਅਤਨਾਮ ਵੀ ਕਿਸੇ ਤੋਂ ਪਿੱਛੇ ਨਹੀਂ ਰਿਹਾ। ਇਹ ਲੇਖ ਲਿਖੇ ਜਾਣ ਤੱਕ ਵੀਅਤਨਾਮ ਵਿੱਚ ਕਰੋਨਾ ਦੇ 200 ਕੇਸ ਸਾਹਮਣੇ ਆਏ ਹਨ, ਪਰ ਅਜੇ ਤੱਕ ਇੱਕ ਵੀ ਮੌਤ ਦੀ ਖਬਰ ਨਹੀਂ ਆਈ। ਜਦੋਂ ਚੀਨ ਵਿੱਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ ਤਾਂ ਵੀਅਤਨਾਮ ਨੇ ਝੱਟ ਆਪਣੇ ਰਿਟਾਇਰ ਹੋਏ ਸਿਹਤ ਕਾਮੇ ਵਾਪਸ ਕੰਮ ਤੇ ਬੁਲਾ ਲਏ। ਵੀਅਤਨਾਮ ਨੇ ਕਰੋਨਾ ਟੈਸਟ ਲਈ ਬਹੁਤ ਹੀ ਸਸਤੀ ਕਿੱਟ ਤਿਆਰ ਕੀਤੀ ਹੈ, ਜਿਹੜੀ ਕਿ ਹੁਣ ਦੁਨੀਆਂ ਦੇ ਵੀਹ ਮੁਲਕਾਂ ਨੂੰ ਭੇਜੀ ਜਾ ਰਹੀ ਹੈ। ਵੀਅਤਨਾਮ ਨੇ ਮਾਰਕੀਟਾਂ ਬੰਦ ਕਰਕੇ, ਲੋਕਾਂ ਨੂੰ ਉਹਨਾਂ ਦੇ ਘਰਾਂ ਵਿੱਚ ਹੀ ਖਾਣਾ ਡਲਿਵਰ ਕਰਨ ਦਾ ਪਰਬੰਧ ਕਰ ਦਿੱਤਾ ਹੈ।

ਪੂੰਜੀਵਾਦੀ ਦੇਸ਼ਾਂ ਨਾਲ਼ੋਂ, ਸਮਾਜਵਾਦੀ ਮੁਲਕਾਂ ਦਾ ਇਸ ਮਹਾਂ ਮਾਰੀ ਨਾਲ਼ ਲੜਨ ਲਈ ਪਰਬੰਧ ਕਿਤੇ ਵਧੀਆ ਹੈ। ਕੋਲੰਬੀਆ ਵਿੱਚ ਹਜ਼ਾਰਾਂ ਹੀ ਲੋਕ ਪ੍ਰੋਟੈਸਟ ਕਰ ਰਹੇ ਹਨ ਕਿ ਕਰੋਨਾ ਕਰਕੇ ਉਹ ਆਪਦੇ ਬੱਚਿਆਂ ਦਾ ਢਿੱਡ ਨਹੀਂ ਭਰ ਸਕਦੇ। ਬ੍ਰਾਜੀਲ ਦੇ ਪ੍ਰਧਾਨ ਬੋਲਸੋਨਾਰੋ ਨੇ, ਕਰੋਨਾ ਦੀ ਬਿਮਾਰੀ ਨੂੰ ਬਿਲਕੁਲ ਹੀ ਸੀਰੀਅਸਲੀ ਨਹੀਂ ਲਿਆ ਇਸ ਕਰਕੇ ਉਥੇ ਕਰੋਨਾ ਦੇ ਕੇਸਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਆਪਦੇ ਲੋਕਾਂ ਦੀ ਮਦਦ ਲਈ ਕੋਈ ਵੀ ਪਰੋਗਰਾਮ ਦੇਣ ਤੋਂ ਬੋਲਸੋਨਾਰੋ ਬਿਲਕੁਲ ਚੁੱਪ ਹੈ। ਇਹ ਉਹੀ ਬੋਲਸੋਨਾਰੋ ਹੈ ਜਿਹੜਾ ਜਿਹੜਾ ਐਮਾਜ਼ੋਨ ਦੇ ਜੰਗਲ਼ ਵਿੱਚ ਲੱਗੀ ਅੱਗ ਲਈ ਕਾਫੀ ਹੱਦ ਤੱਕ ਦੋਸ਼ੀ ਹੈ। ਜਦ ਐਮਾਜ਼ੋਨ ਦੇ ਜੰਗਲ਼ਾਂ ਨੂੰ ਅੱਗ ਲੱਗੀ ਸੀ ਤਾਂ ਇਸ ਨੇ ਹਫਤਾ ਭਰ, ਅੰਤਰਰਾਸ਼ਟਰੀ ਮਦਦ ਨਹੀਂ ਲਈ ਸੀ ਤਾਂ ਕਿ ਵੱਧ ਤੋਂ ਵੱਧ ਜੰਗਲ਼ ਮਚਾ ਕੇ ਫਾਰਮਲੈਂਡ ਤਿਆਰ ਕੀਤੀ ਜਾ ਸਕੇ। ਹੁਣ ਜਿਸ ਸਮੇਂ ਆਮ ਅਮਰੀਕਨ ਲੋਕਾਂ ਨੂੰ ਪੈਸੇ ਦੀ ਬੇ-ਹੱਦ ਲੋੜ ਹੈ, ਇਸੇ ਸਮੇਂ ਟਰੰਪ ਨੇ ਇੱਕ ਬਿੱਲ 2.2 ਟਰਿੱਲੀਅਨ ਡਾਲਰ ਦਾ ਪਾਸ ਕੀਤਾ ਹੈ, ਜਿਸਦਾ ਬਹੁਤ ਵੱਡਾ ਹਿੱਸਾ ਮਲਟੀਨੈਸ਼ਨਲ ਕੰਪਨੀਆਂ ਨੂੰ ਜਾਣਾ ਹੈ। ਇਹ ਅਮਰੀਕਾ ਦਾ ਅਸਲੀ ਚਿਹਰਾ ਹੈ 'ਜੱਟ ਜੱਟਾਂ ਦੇ, ਫੱਗੂ ਨਰੈਣੇ ਦਾ'। ਇਸ ਸਮੇਂ ਜਦ ਸਾਰੀ ਦੁਨੀਆਂ ਕਰੋਨਾ ਦੀ ਬਿਮਾਰੀ ਕਰਕੇ ਤਰਾਹ ਤਰਾਹ ਕਰ ਰਹੀ ਹੈ, ਟਰੰਪ ਵੱਲੋਂ ਕੈਨੇਡਾ ਅਤੇ ਫਰਾਂਸ ਤੋਂ ਆ ਰਹੀ ਮੈਡੀਕਲ ਸਪਲਾਈ ਨੂੰ ਹਾਈਜੈਕ ਕਰਨਾ, ਇਸ ਸਾਮਰਾਜ ਦਾ ਅਸਲੀ ਚੇਹਰਾ ਨੰਗਾ ਕਰਦਾ ਹੈ। ਕਰੋਨਾ ਦੀ ਬਿਮਾਰੀ ਨੇ ਪੂੰਜੀਪਤੀਆਂ ਦੇ ਬਾਂਦਰ ਇਕੱਠ ਨੂੰ ਵੀ ਪੂਰੀ ਤਰਾਂ ਨੰਗਾ ਕਰ ਦਿੱਤਾ ਹੈ। ਇਸ ਬਿਮਾਰੀ ਦੇ ਲੰਘ ਜਾਣ ਤੋਂ ਬਾਅਦ, ਦੇਸ਼ਾਂ ਦੀਆਂ ਦੋਸਤੀਆਂ ਦੇ ਸਮੀਕਰਨ ਵੀ ਬਦਲ ਜਾਣਗੇ।

ਦੁਨੀਆਂ ਤੇ ਰਾਜ ਕਰਨ ਵਾਲ਼ਾ ਬਸਤੀਵਾਦੀ ਇੰਗਲੈਂਡ, ਪੂੰਜੀਵਾਦ ਦੇ ਫੇਲ ਹੋਣ ਦੀ ਸਭ ਤੋਂ ਵੱਡੀ ਉਦਾਹਰਣ ਹੈ। ਬੋਰਸ ਜੌਹਨਸਨ ਦਾ ਵੀ ਸਭ ਤੋਂ ਬਹੁਤਾ ਜੋਰ ਆਰਥਿਕਤਾ ਬਚਾਉਣ ਤੇ ਲੱਗਿਆ ਹੈ, ਹਾਲਾਂਕਿ ਲੇਟੈਸਟ ਖਬਰਾਂ ਮੁਤਾਬਿਕ ਉਹ ਆਪ ਵੀ ਇਸ ਬਿਮਾਰੀ ਦੀ ਲਪੇਟ ਵਿੱਚ ਆ ਗਿਆ ਹੈ। ਬੜੀ ਛੇਤੀ ਇੰਗਲੈਂਡ ਨੂੰ ਵੀ ਇਹ ਫੈਸਲਾ ਲੈਣਾ ਪੈਣਾ ਹੈ ਕਿ ਆਰਥਿਕਤਾ ਜ਼ਰੂਰੀ ਹੈ ਜਾਂ ਲੋਕ। ਜੇ ਲੋਕ ਹੀ ਨਾ ਰਹੇ ਫਿਰ ਆਰਥਿਕਤਾ ਦੀ ਕੀ ਪਰਿਭਾਸ਼ਾ ਹੋਵੇਗੀ। ਪਿਛਲੇ ਚਾਲ਼ੀ ਸਾਲ ਇੰਗਲੈਂਡ ਨੇ ਆਪਦੇ ਹੈਲਥ ਕੇਅਰ ਸਿਸਟਮ ਤੇ ਕੱਟ ਹੀ ਲਾਏ ਹਨ, ਜਿਸਦਾ ਨਤੀਜਾ ਹੁਣ ਲੋਕ ਭੁਗਤ ਰਹੇ ਹਨ ਕਿਉਂਕਿ ਹਸਪਤਾਲ਼ਾਂ ਵਿੱਚ, ਕਰੋਨਾ ਨਾਲ਼ ਲੜਨ ਲਈ ਪੂਰਾ ਸਮਾਨ ਹੀ ਨਹੀਂ। ਕਰੋਨਾ ਦੀ ਬਿਮਾਰੀ ਨੇ ਸਾਨੂੰ ਦਿਖਾ ਦਿੱਤਾ ਹੈ ਕਿ ਲੋਕ ਪੱਖੀ ਸਰਕਾਰਾਂ ਅਤੇ ਕਾਰਪੋਰੇਟ ਸਰਕਾਰਾਂ ਵਿੱਚ ਕਿੰਨਾ ਫਰਕ ਹੁੰਦਾ ਹੈ। ਪੂੰਜੀਪਤੀ ਮੁਲਕਾਂ ਵਿੱਚ ਰਹਿ ਰਹੇ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਸਿਹਤ ਸਹੂਲਤਾਂ ਸਭ ਤੋਂ ਪਹਿਲਾਂ ਅਮੀਰਾਂ ਲਈ ਹੁੰਦੀਆਂ ਹਨ, ਆਮ ਲੋਕ ਤਾਂ ਆਪਦੇ ਮੁਲਕ ਵਿੱਚ ਵੀ ਦੂਜੇ ਦਰਜੇ ਦੇ ਸ਼ਹਿਰੀ ਹੁੰਦੇ ਹਨ। ਸਰਮਾਏਦਾਰ ਤਾਂ ਹਰ ਚੀਜ਼ ਚੋਂ ਨਫਾ ਲੱਭਦੇ ਹਨ, ਹੁਣ ਤਾਂ ਉਹ ਕਰੋਨਾ ਵਰਗੀ ਮਹਾਂਮਾਰੀ ਵਿੱਚੋਂ ਵੀ ਪੈਸੇ ਬਣਾਉਣ ਬਾਰੇ ਸੋਚ ਰਹੇ ਹਨ। ਅਮਰੀਕਾ ਨੇ ਜਰਮਨ ਦੀ ਰਿਸਰਚ ਲੈਬ ਨੂੰ ਵੀ ਕੰਟੈਕਟ ਕੀਤਾ ਤਾਂ ਕਿ ਕਰੋਨਾ ਵਾਇਰਸ ਦੀ ਦਵਾਈ ਦਾ ਫਾਰਮੂਲਾ ਖਰੀਦਿਆ ਜਾ ਸਕੇ, ਪਰ ਅੰਜਲਾ ਮਾਰਕਲ ਦੀ ਘੂਰੀ ਕਾਰਨ ਇਹ ਸਕੀਮ ਸਿਰੇ ਨਹੀਂ ਚੜ੍ਹ ਸਕੀ। ਕਰੋਨਾ ਦਾ ਦੌਰ ਵੀ ਲੰਬਾ ਇਸ ਕਰਕੇ ਜਾ ਰਿਹਾ ਹੈ ਕਿ ਹੁਣ ਵੈਕਸੀਨ ਲੱਭਣ ਅਤੇ ਉਸ ਤੋਂ ਪੈਸਾ ਬਣਾਉਣ ਦੀ ਅਮਰੀਕਨ ਕੰਪਨੀਆਂ ਵਿੱਚ ਦੌੜ ਲੱਗੀ ਹੋਈ ਹੈ।

ਇਹ ਸਤਰਾਂ ਲਿਖੀਆਂ ਜਾਣ ਤੱਕ ਅਮਰੀਕਾ ਵਿੱਚ ਕਰੋਨਾ ਦੇ ਕੇਸ ਚੀਨ ਨਾਲ਼ੋਂ ਵੀ ਟੱਪ ਗਏ ਹਨ। ਹੁਣ ਜਦੋਂ ਕਿ ਸਰਮਾਏਦਾਰ ਮੁਲਕ ਆਪਣੇ ਲੋਕਾਂ ਦੀ ਬਲੀ ਦੇਣ ਤੇ ਤੁਲੇ ਹੋਏ ਹਨ ਤਾਂ ਸਮਾਜਵਾਦੀ ਮੁਲਕਾਂ ਨੇ ਲੋਕਾਂ ਦੀ ਜਾਨ ਬਚਾਉਣ ਦਾ ਤਹੱਈਆ ਕਰ ਲਿਆ ਹੈ। ਇਸ ਮਹਾਂਮਾਰੀ ਦੇ ਸਮੇਂ ਵੀ ਇਹ ਦੁਨੀਆਂ ਦਾ ਸਰਪੰਚ ਅਮਰੀਕਾ, ਇਰਾਨ, ਕਿਊਬਾ, ਵੈਂਜ਼ੂਏਲਾ ਅਤੇ ਉਤਰੀ ਕੋਰੀਆ ਤੋਂ ਸੈਕਸ਼ਨਾਂ ਨਹੀਂ ਚੁੱਕ ਰਿਹਾ। ਜੇਕਰ ਅਮਰੀਕਾ ਨੂੰ ਇਨਸਾਨੀਅਤ ਨਾਲ਼ ਥੋੜ੍ਹਾ ਬਹੁਤ ਵੀ ਲਗਾਅ ਹੁੰਦਾ ਤਾਂ ਸਭ ਤੋਂ ਪਹਿਲਾਂ ਲੋਕਾਂ ਦੀ ਮੌਤ ਰੋਕਣ ਲਈ, ਉਪਰ ਲਿਖੇ ਮੁਲਕਾਂ ਤੋਂ ਪਾਬੰਦੀਆਂ ਖਤਮ ਕਰ ਦਿੰਦਾ। ਇਸ ਮਹਾਂਮਾਰੀ ਦੇ ਦੌਰ ਵਿੱਚ ਵੀ ਯੂ. ਐਨ. ਓ. ਨੇ ਸਿੱਧ ਕਰ ਦਿੱਤਾ ਹੈ ਕਿ ਉਹ ਸਿਰਫ ਅਮਰੀਕਾ ਦੀ ਕਠਪੁਤਲੀ ਹੈ। ਕਿਊਬਾ ਦੇ ਸਾਬਕਾ ਪ੍ਰਧਾਨ ਕਾਸਟਰੋ ਦੀ ਗੱਲ ਸੱਚ ਹੋ ਗਈ ਹੈ, ਜਿਸਨੇ ਕਿਹਾ ਸੀ 'ਅਸੀਂ ਲੋਕਾਂ ਨੂੰ ਮਾਰਨ ਲਈ ਬੰਬ ਨਹੀਂ ਬਣਾਏ ਸਗੋਂ ਲੋਕਾਂ ਨੂੰ ਬਚਾਉਣ ਲਈ ਡਾਕਟਰ ਬਣਾਏ ਹਨ'। ਇਸੇ ਕਰਕੇ ਅੱਜ 11 ਦੇਸ਼ਾਂ ਵਿੱਚ ਕਿਊਬਾ ਦੇ ਡਾਕਟਰ ਲੋਕਾਂ ਦੀਆਂ ਜ਼ਿੰਦਗੀਆਂ ਬਚਾ ਰਹੇ ਹਨ। ਕਰੋਨਾ ਦੀ ਮਹਾਂਮਾਰੀ ਤੋਂ ਬਾਦ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਪੂੰਜੀਵਾਦੀ ਸਿਸਟਮ ਲੋਕ ਪੱਖੀ ਹੈ ਜਾਂ ਸਮਾਜਵਾਦੀ ਸਿਸਟਮ। ਇਹ ਮਹਾਂਮਾਰੀ ਦਾ ਅੰਤ ਦੁਨੀਆਂ ਉਤੇ ਅਮਰੀਕਾ ਦੀ ਚੌਧਰ ਅਤੇ ਧੱਕੇਸ਼ਾਹੀ ਦਾ ਅੰਤ ਵੀ ਹੋਵੇਗਾ।





SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

SARO KARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਲੋਕਾਂ ਨੂੰ ਰਾਹ ਦੇ ਲਾਰ੍ਹੇ, ਸਰਕਾਰ ਕਰਦੀ ਲੁਕਵੇਂ ਕਾਰੇ



ਪਾਵੇਲ ਕੁੱਸਾ
62807-22965



ਬਿਮਾਰੀ ਨਾਲ ਹੀ ਜਿਉਣਾ ਸਿੱਖਣ ਦਾ ਐਲਾਨ ਕਰਕੇ ਮੋਦੀ ਹਕੂਮਤ ਇਸ ਤੋਂ ਬਚਾਉ ਤੇ ਇਲਾਜ ਦੇ ਲੋੜੀਂਦੇ ਇੰਤਜਾਮਾਂ ਤੋਂ ਭੱਜ ਚੁੱਕੀ ਹੈ। ਮਰੀਜਾਂ ਨੂੰ ਬਿਨਾਂ ਟੈਸਟ ਕੀਤੇ ਹੀ ਘਰਾਂ ਨੂੰ ਤੋਰਨ ਦੇ ਇਸਦੇ ਨਵੇਂ ਫਰਮਾਨ ਇਸ ਪਹੁੰਚ ਨੂੰ ਹੀ ਦਰਸਾਉਂਦੇ ਹਨ। ਸਿਹਤ ਖੇਤਰ 'ਚ ਨਵੇਂ ਇੰਤਜਾਮਾਂ ਦੀ ਥਾਂ ਇਸਦੀ ਸਾਰੀ ਟੇਕ ਲੌਕਡਾਊਨ 'ਤੇ ਹੀ ਰਹੀ ਹੈ। ਇਸ ਸਿਰੇ ਦੇ ਨਿਰਦਈ ਲੌਕਡਾਊਨ ਨੇ ਕਰੋੜਾਂ ਕਿਰਤੀ ਲੋਕਾਂ ਦਾ ਕਚੂੰਮਰ ਕੱਢ ਦਿੱਤਾ ਹੈ। ਪਹਿਲਾਂ ਹੀ ਮੰਦਵਾੜੇ ਦੀ ਮਝਿੱਟੀ ਹੋਈ ਮੁਲਕ ਦੀ ਆਰਥਿਕਤਾ ਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ। ਇਸ ਸੰਕਟ ਦੇ ਨਿਵਾਰਨ ਦੇ ਨਾਂ ਹੇਠ ਮੋਦੀ ਹਕੂਮਤ ਨੇ ਕਿਰਤੀ ਲੋਕਾਂ 'ਤੇ ਅਖੌਤੀ ਆਰਥਿਕ ਸੁਧਾਰਾਂ ਦਾ ਹੱਲਾ ਬੋਲ ਦਿੱਤਾ ਹੈ। ਪਿਛਲੇ ਸਾਰੇ ਸਾਲਾਂ ਦੌਰਾਨ ਹਕੂਮਤ ਦੇ ਏਜੰਡੇ 'ਤੇ ਰਹੇ ਨੀਤੀ ਕਦਮਾਂ ਨੂੰ ਇਸ ਸੰਕਟ ਦੀ ਆੜ ਹੇਠ ਲੋਕਾਂ 'ਤੇ ਮੜ ?ੂ ਦਿੱਤਾ ਗਿਆ ਹੈ। ਇਹ ਸਮੁੱਚਾ ਹਮਲਾ ਰਾਹਤ ਪੇਕੇਜ ਦੇ ਨਾਂ ਹੇਠ ਆਇਆ ਹੈ। ਪਰ ਇਸ ਐਲਾਨੇ ਗਏ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਵਿਚੋਂ ਭਾਰਤੀ ਸਮਾਜ ਦੀ ਕੁੱਲ ਅਬਾਦੀ ਦੀ ਭਾਰੀ ਬਹੁਗਿਣਤੀ ਬਣਦੇ ਅਤੇ ਪੈਦਾਵਾਰ 'ਚ ਯੋਗਦਾਨ ਪਾਉਣ 'ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਵਰਗਾਂ ਦੀਆਂ ਸਭਨਾਂ ਵੰਨਗੀਆਂ ਦਾ ਹਿੱਸਾ ਨਾਂਹ ਬਰਾਬਰ ਹੈ। ਕਿਸਾਨਾਂ, ਖੇਤ ਮਜ਼ਦੂਰਾਂ, ਪ੍ਰਵਾਸੀ ਕਾਮਿਆਂ, ਕੰਮ ਤੋਂ ਬਾਹਰ ਕੀਤੇ ਕਾਮਿਆਂ, ਜਥੇਬੰਦ ਅਤੇ ਗੈਰ-ਜਥੇਬੰਦ ਖੇਤਰ ਦੇ ਕਾਮਿਆਂ, ਸਵੈ-ਰੁਜ਼ਗਾਰ 'ਚ ਕਾਮਿਆਂ, ਦਿਹਾੜੀਦਾਰ ਕਾਮਿਆਂ, ਠੇਕਾ ਕਾਮਿਆਂ, ਠੇਕਾ ਮੁਲਜ਼ਮਾਂ ਤੇ ਹੇਠਲੇ ਦਰਮਿਆਨੇ ਤਬਕਿਆਂ ਅਤੇ 5.8 ਕਰੋੜ ਛੋਟੇ ਕਾਰੋਬਾਰੀਆਂ ਨੂੰ ਇਸ ਅਖੌਤੀ ਰਾਹਤ ਪੈਕੇਜ ਤੋਂ ਬਾਹਰ ਰੱਖਿਆ ਗਿਆ ਹੈ। ਇਸ ਲਈ ਇਹ ਪੈਕੇਜ ਰੱਦ ਕਰਨ ਲਾਇਕ ਹੈ।

• ਜ਼ਮੀਨਾਂ, ਮਜ਼ਦੂਰਾਂ, ਨਕਦੀ ਅਤੇ ਕਾਨੂੰਨਾਂ ਉੱਪਰ ਪੈਕੇਜ ਦੇ ਐਲਾਨ ਦੌਰਾਨ ਜਿਵੇਂ ਜੋਰ ਪਾਇਆ ਗਿਆ ਹੈ ਉਸ ਦਾ ਅਸਲ ਮਕਸਦ ਲੋਕ-ਵਿਰੋਧੀ ਹੈ। ਅਸਲ ਮਕਸਦ ਹੈ ਕਾਰਪੋਰੇਟਾਂ ਦੇ ਨਵੇਂ ਕਾਰੋਬਾਰ ਸਥਾਪਤ ਕਰਨ ਅਤੇ ਮੁਨਾਫੇ ਵਧਾਉਣ ਲਈ ਕੌਡੀਆਂ ਦੇ ਭਾਅ ਜ਼ਮੀਨਾਂ ਹਥਿਆਉਣ ਦਾ ਇੰਤਜਾਮ ਕਰਕੇ ਦੇਣਾ, ਮਜ਼ਦੂਰਾਂ ਦੇ ਵੇਤਨ ਘਟਾਉਣਾ, ਲੇਬਰ ਕਾਨੂੰਨਾਂ ਨੂੰ ਖੋਰਨਾ ਅਤੇ ਕਾਰਪੋਰੇਟਾਂ ਨੂੰ ਵੱਡੀਆਂ ਟੈਕਸ ਛੋਟਾਂ ਦੇ ਕੇ ਸਸਤੀ ਨਗਦੀ ਮੁਹੱਈਆ ਕਰਨਾ ਤੇ ਇਸ ਮਕਸਦ ਲਈ ਹਾਸਲ ਕਾਨੂੰਨਾਂ ਨੂੰ ਬਦਲਣਾ।


• ਉਤਰ-ਪ੍ਰਦੇਸ਼ ਤੇ ਮੱਧ ਪ੍ਰਦੇਸ ਦੀਆਂ ਸਰਕਾਰਾਂ ਨੇ ਸਾਰੇ ਲੇਬਰ ਕਾਨੂੰਨਾਂ ਨੂੰ 1000 ਦਿਨਾਂ ਲਈ ਮੁਅੱਤਲ ਕਰ ਦਿੱਤਾ ਹੈ। ਰਾਜਸਥਾਨ, ਹਿਮਾਚਲ, ਪੰਜਾਬ, ਕਰਨਾਟਕ, ਗੁਜਰਾਤ, ਉੜੀਸਾ ਆਦਿ ਸੂਬਿਆਂ ਵਿਚ ਵੀ ਕੰਮ-ਘੰਟਿਆਂ ਨੂੰ 8 ਤੋਂ 12 ਕਰਨ ਦੇ ਕਾਨੂੰਨ ਬਣਾ ਦਿੱਤੇ ਗਏ ਹਨ। ਜਥੇਬੰਦ ਹੋਣ ਦਾ ਅਧਿਕਾਰ, ਹੜਤਾਲ ਕਰਨ ਦਾ ਅਧਿਕਾਰ, ਸਮੂਹਿਕ ਸੌਦੇਬਾਜੀ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਜਦੋਂ ਮਰਜ਼ੀ ਕੱਢੋ, ਜਦੋਂ ਮਰਜ਼ੀ ਰੱਖੋ ਦਾ ਅਧਿਕਾਰ ਹਾਸਲ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਨੂੰ ਬੰਧਕ ਮਜ਼ਦੂਰਾਂ ਵਰਗੀ ਹਾਲਤ 'ਚ ਜਿਉਣ ਲਈ ਧੱਕਿਆ ਜਾ ਰਿਹਾ ਹੈ। ਪ੍ਰਵਾਸੀ ਮਜ਼ਦੂਰਾਂ ਨੂੰ ਰੁਜ਼ਗਾਰ ਉਜਾੜੇ, ਰਿਹਾਇਸ਼ ਉਜਾੜੇ, ਭੁੱਖ-ਮਰੀ, ਸਿਰੇ ਦੀ ਬੇਗਾਨਗੀ, ਬੇਕਦਰੀ ਅਤੇ ਮਰਨ ਵਰਗੀਆਂ ਜਿਉਣ ਹਾਲਤਾਂ 'ਚ ਧੱਕਿਆ ਜਾ ਗਿਆ ਹੈ। ਲੌਕ-ਡਾਊਨ ਦੇ ਸਮੁੱਚੇ ਸਮੇਂ ਦੌਰਾਨ ਉਹਨਾਂ ਨੂੰ ਬੰਧਕ ਮਜ਼ਦੂਰਾਂ ਵਾਂਗ ਡੱਕ ਕੇ ਰੱਖਣ ਤੇ ਭੁੱਖੇ ਮਰਨ ਲਈ ਮਜ਼ਬੂਰ ਕੀਤਾ ਗਿਆ ਹੈ। ਇਸ ਬੰਧਨ ਨੂੰ ਤੋੜ ਕੇ ਆਵਦੇ ਘਰ-ਪਰਿਵਾਰਾਂ ਤੱਕ ਪਹੁੰਚਣ ਦੇ ਜਾਨ ਹੂਲਵੇਂ ਯਤਨਾਂ ਦੌਰਾਨ 400 ਦੇ ਕਰੀਬ ਕਾਮਿਆਂ ਦੀਆਂ ਜਾਨਾਂ ਲੱਗ ਗਈਆਂ ਹਨ।

• ਭਾਰਤ ਸਰਕਾਰ ਵਿਦੇਸ਼ੀ ਸਰਮਾਏ ਦੇ ਭਾਰਤ ਅੰਦਰ ਨਿਵੇਸ਼ ਨੂੰ ਲੁਭਾਉਣਾ ਬਣਾਉਣ ਲਈ ਜਿੱਥੇ ਇਕ ਪਾਸੇ ਮਜ਼ਦੂਰ ਜਮਾਤ ਦੇ ਆਰਥਕ ਤੇ ਸਿਆਸੀ ਹਿੱਤਾਂ ਨੂੰ ਮਾਂਜਾ ਲਾਉਣ ਲਈ ਸਾਨ ਫੁੰਕਾਰੇ ਮਾਰ ਰਹੀ ਹੈ ਅਤੇ ਦੂਜੇ ਪਾਸੇ ਇਸੇ ਸਰਮਾਏ ਦੇ ਕਾਰੋਬਾਰਾਂ ਨੂੰ ਸਥਾਪਤ ਕਰਨ ਲਈ ਕਿਸਾਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਹਥਿਆਉਣਾ ਚਾਹੁੰਦੀ ਹੈ। 2016 ਵਿਚ ਇਸੇ ਸਰਕਾਰ ਵੱਲੋਂ ਜ਼ਮੀਨ ਅਧਿਗ੍ਰਹਿਣ ਕਾਨੂੰਨ ਵਿਚ ਤਬਦੀਲੀਆਂ ਕਰਨ ਦਾ ਜਿਹੜਾ ਯਤਨ ਨਾਕਾਮ ਹੋਇਆ ਸੀ, ਹੁਣ ਉਸ ਨੂੰ ਕਿਸੇ ਹੋਰ ਮੋਰੀ ਰਾਹੀਂ ਫੇਰ ਅੱਗੇ ਲਿਆਉਣ ਲਈ ਪਰ ਤੋਲ ਰਹੀ ਹੈ। ਪੈਕੇਜ ਦੇ ਐਲਾਨ ਦੌਰਾਨ ਜ਼ਮੀਨਾਂ, ਮਜ਼ਦੂਰਾਂ ਅਤੇ ਕਾਨੂੰਨਾਂ ਉਪਰ ਪ੍ਰਧਾਨ ਮੰਤਰੀ ਦਾ ਵਧਵਾਂ ਜੋਰ ਪਾਉਣਾ ਤੇ ਕੇਂਦਰ ਬਿੰਦੂ ਬਣਾਉਣਾ ਅਜਿਹੇ ਇਰਾਦੇ ਦਾ ਹੀ ਪ੍ਰਗਟਾਵਾ ਹੈ। ਕਰਨਾਟਕਾ ਦੀ ਬੀਜੇਪੀ ਸਰਕਾਰ ਨੇ ਜਮੀਨਾਂ ਐਕੁਆਇਰ ਕਰਨ ਲਈ ਨਿੱਜੀ ਨਿਵੇਸ਼ਕਾਂ ਉੱਪਰ ਰੋਕ ਲਾਉਣ ਵਾਲੇ ਕਾਨੂੰਨ ਨੂੰ ਬਦਲ ਕੇ ਅਜਿਹਾ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹਾ ਕਰਕੇ ਹੋਰਨਾਂ ਸੂਬਿਆਂ ਦੀਆਂ ਹਕੂਮਤਾਂ ਨੂੰ ਕਰਨਾਟਕਾ ਮਾਡਲ ਅਪਣਾਉਣ ਲਈ ਇਸ਼ਾਰਾ ਕਰ ਦਿੱਤਾ ਗਿਆ ਹੈ। ਪਹਿਲਾਂ ਮੋਦੀ ਨੇ ਰਾਜਸਥਾਨ ਦੇ ਕਾਂਗਰਸੀ ਮੁੱਖ ਮੰਤਰੀ ਦੀ ਮਜਦੂਰ ਵਿਰੋਧੀ ਕਦਮਾਂ ਲਈ ਤਾਰੀਫ ਕਰਕੇ ਅਜਿਹਾ ਹੀ ਸੰਕੇਤ ਦਿੱਤਾ ਸੀ।

• ਖੇਤੀ ਖੇਤਰ 'ਚ 'ਸੁਧਾਰਾਂ' ਦੀ ਗੱਲ ਕਰਦੇ ਸਮੇਂ ਕਿਸਾਨੀ ਦੀਆਂ ਫਸਲਾਂ ਦੇ ਲਾਹੇਵੰਦ ਭਾਅ ਦੇਣ, ਲਾਗਤ ਕੀਮਤਾਂ ਨੂੰ ਹੇਠਾਂ ਲਿਆਉਣ, ਸਸਤੇ ਬੈਂਕ ਕਰਜ਼ਿਆਂ ਦਾ ਪ੍ਰਬੰਧ ਕਰਨ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਕਰਜ਼ਾ-ਮੁਕਤ ਕਰਨ ਆਦਿ ਮੁੱਦਿਆਂ ਦਾ ਵੇਰਵਾ ਵਿੱਤ ਮੰਤਰੀ ਦੇ ਭਾਸ਼ਨ 'ਚੋਂ ਗਾਇਬ ਹੈ। ਵਿੱਤ ਮੰਤਰੀ ਵੱਲੋਂ ਜਿਹੜੇ ਤਿੰਨ ਕਾਨੂੰਨਾਂ, ਜਰੂਰੀ ਵਸਤਾਂ ਬਾਰੇ ਐਕਟ, ਅਤੇ ਅੰਤਰਰਾਜੀ ਵਪਾਰ ਅਤੇ ਈ-ਵਪਾਰ ਬਾਰੇ ਕਾਨੂੰਨਾਂ ਨੂੰ ਸੋਧਣ ਜਾਂ ਲਿਆਉਣ ਦਾ ਐਲਾਨ ਕੀਤਾ ਗਿਆ ਹੈ। ਇਹ ਕਾਨੂੰਨੀ ਕਦਮ ਖੇਤੀ ਖੇਤਰ ਅੰਦਰ ਪੂੰਜੀਪਤੀਆਂ, ਵਪਾਰੀਆਂ, ਜ਼ਖੀਰੇਬਾਜਾਂ, ਸੱਟਾ ਬਜ਼ਾਰੀਆਂ, ਨਿਰਯਾਤਕਾਰਾਂ ਅਤੇ ਕਾਲਾ ਬਜ਼ਾਰੀਆਂ ਦੇ ਕੰਟਰੋਲ ਨੂੰ ਸਥਾਪਤ ਕਰਨ ਦੀ ਦਿਸ਼ਾ ਨੂੰ ਦਰਸਾਉਂਦੇ ਹਨ। ਭਾਰਤੀ ਕਿਸਾਨਾਂ ਦੀ ਕੌਮਾਂਤਰੀ ਮੰਡੀਆਂ ਤੱਕ ਪਹੁੰਚ ਬਣਾਉਣ ਲਈ ਅਧਾਰ ਢਾਂਚਾ ਉਸਾਰਨ ਦੇ ਦਾਅਵੇ ਦੀ ਅਸਲ ਹਕੀਕਤ ਸਾਮਰਾਜੀ ਕੰਪਨੀਆਂ ਨੂੰ ਭਾਰਤੀ ਕਿਸਾਨਾਂ ਦੀਆਂ ਜਿਨਸਾਂ ਦੀ ਲੁੱਟ ਕਰਨ ਦਾ ਰਾਹ ਪੱਧਰਾ ਕਰਕੇ ਦੇਣਾ ਹੈ। ਬਿਜਲੀ ਐਕਟ 2003 ਵਿਚ ਕੀਤੀਆਂ ਸੋਧਾਂ, ਨਿੱਜੀ ਥਰਮਲ ਪਲਾਂਟਾਂ ਨਾਲ ਕੀਤੇ ਅਣਸਾਵੇਂ ਸਮਝੌਤਿਆਂ ਨੂੰ ਰੱਦ ਕਰਨ ਅਤੇ ਬਿਜਲੀ ਬਿੱਲਾਂ ਵਿਚ ਲੋੜਵੰਦ ਤਬਕਿਆਂ

(ਬਾਕੀ ਸਫ਼ਾ 21 'ਤੇ)

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom


ਪੁਰਾਣੇ ਜਾਂ ਨਵੇਂ ਘਰਾਂ
ਵਿਚ ਟਾਇਲਾਂ ਅਤੇ
ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com
Dalveer Purba
587-435-5600


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


# ਖ਼ਤਰੇ ਵਿੱਚ ਲੋਕਤੰਤਰ ਦਾ ਚੌਥਾ ਥੰਮ੍ਹ

-ਸ਼ਿਵ ਇੰਦਰ ਸਿੰਘ

ਲੋਕਤੰਤਰ ਦਾ ਚੌਥਾ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਸਹੀ ਸੂਚਨਾ ਤਾਂ ਲੋਕਾਂ ਤੱਕ ਪਹੁੰਚਾਵੇ ਹੀ ਸਗੋਂ ਸਰਕਾਰ ਨੂੰ ਉਸਦੀ ਜਵਾਬਦੇਹੀ ਦਾ ਅਹਿਸਾਸ ਵੀ ਕਰਾਉਂਦਾ ਰਹੇ। ਕਾਰਪੋਰੇਟ ਗਲਬੇ ਵਾਲਾ ਮੁਲਕ ਦਾ ਮੀਡੀਆ ਆਪਣੀ ਬਣਦੀ ਡਿਊਟੀ ਤੋਂ ਬਿਲਕੁਲ ਉਲਟ ਸਰਕਾਰ ਦੀ 'ਕੀਰਤਨ ਮੰਡਲੀ' ਬਣ ਕੇ ਰਹਿ ਗਿਆ ਹੈ। ਪਿੱਛੇ ਜਿਹੇ 'ਕੋਬਰਾ ਪੋਸਟ' ਦੁਆਰਾ ਕੀਤਾ ਸਟਿੰਗ ਅਪਰੇਸ਼ਨ ਭਾਰਤੀ ਮੀਡੀਏ ਦੀ ਮੌਜੂਦਾ ਹਾਲਤ ਨੂੰ ਭਲੀਭਾਂਤ ਦਰਸਾਉਂਦਾ ਹੈ। ਸੱਤਾਧਾਰੀਆਂ ਤੇ ਉਸਦੇ ਹਮਾਇਤੀਆਂ ਦੁਆਰਾ ਮੀਡੀਆ ਘਰਾਣਿਆਂ ਨੂੰ ਕੰਟਰੋਲ ਕਰਕੇ ਪੱਤਰਕਾਰੀ ਦਾ ਗਲਾ ਘੁੱਟਣ, ਪੱਤਰਕਾਰਾਂ ਨੂੰ ਨਿਰਪੱਖ ਪੱਤਰਕਾਰੀ ਕਾਰਨ ਨੌਕਰੀ ਤੋਂ ਹੱਥ ਧੋਣ ਤੋਂ ਲੈ ਕੇ ਝੂਠੇ ਕੇਸਾਂ 'ਚ ਉਲਝਾਉਣ, ਧਮਕੀਆਂ ਮਿਲਣਾ ਤੇ ਕਤਲ ਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਹੁਣ 18 ਅਪਰੈਲ ਨੂੰ ਆਈ ਇੱਕ ਕੌਮਾਂਤਰੀ ਸੰਸਥਾ ਦੀ ਰਿਪੋਰਟ ਹੋਰ ਵੀ ਪਰੇਸ਼ਾਨ ਕਰਨ ਵਾਲੀ ਹੈ।

ਪੈਰਿਸ ਸਥਿਤ ਗ਼ੈਰ-ਲਾਭਕਾਰੀ ਸੰਸਥਾ ਰਿਪੋਰਟਰਸ ਵਿਦਆਊਟ ਬਾਰਡਰਸ' ਜਿਸ ਦਾ ਕੰਮ ਦੁਨੀਆ 'ਚ ਮੀਡੀਆ ਦੀ ਆਜ਼ਾਦੀ ਬਾਰੇ ਅੰਕੜੇ ਇਕੱਠੇ ਕਰਨਾ ਤੇ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਰਿਕਾਰਡ ਰੱਖਣਾ ਹੈ, ਦੀ ਸਲਾਨਾ ਰਿਪੋਰਟ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ 180 ਮੁਲਕਾਂ 'ਚੋਂ 140ਵੇਂ ਨੰਬਰ 'ਤੇ ਆ ਗਿਆ ਹੈ। ਪਿਛਲੇ ਸਾਲ ਭਾਰਤ ਦਾ ਨੰਬਰ 138 ਸੀ। ਪਿਛਲੇ 2 ਸਾਲਾਂ 'ਚ ਭਾਰਤ ਚਾਰ ਡੰਡੇ ਥੱਲੇ ਗਿਆ ਹੈ। ਇਸੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੇਸ਼ 'ਚ ਹੋ ਰਹੀਆਂ ਲੋਕ ਸਭਾ ਚੋਣਾਂ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਦੌਰ ਹਨ। ਸਾਲ 2018 'ਚ 6 ਪੱਤਰਕਾਰਾਂ ਨੂੰ ਆਪਣੀ ਜਾਨ ਪੱਤਰਕਾਰੀ ਦੌਰਾਨ ਗਵਾਉਣੀ ਪਈ। ਰਿਪੋਰਟ ਅੱਗੇ ਦੱਸਦੀ ਹੈ ਕਿ ਪੱਤਰਕਾਰਾਂ ਖਿਲਾਫ ਹੁੰਦੀ ਹਿੰਸਾ 'ਚ ਨਕਸਲੀ ਹਿੰਸਾ, ਪੁਲਿਸ ਹਿੰਸਾ, ਸਿਆਸੀ ਬਦਲਾਖੋਰੀ ਤੇ ਅਪਰਾਧ ਜਗਤ ਦੀ ਹਿੰਸਾ ਸ਼ਾਮਲ ਹੈ। ਪੇਂਡੂ ਖੇਤਰਾਂ 'ਚ ਸਥਾਨਕ ਭਾਸ਼ਾਵਾਂ 'ਚ ਕੰਮ ਕਰਨ ਵਾਲੇ ਪੱਤਰਕਾਰ ਵਧੇਰੇ ਹਿੰਸਾ ਦਾ ਸ਼ਿਕਾਰ ਹੁੰਦੇ ਹਨ। ਸੱਤਾਧਾਰੀ ਭਾਜਪਾ ਸਮਰਥਕਾਂ ਵੱਲੋਂ ਕੀਤੇ ਹਮਲਿਆਂ 'ਚ ਵਾਧਾ ਹੋਇਆ ਹੈ। ਹਿੰਦੂਤਵੀਆਂ ਵਲੋਂ ਉਹਨਾਂ ਖ਼ਿਲਾਫ਼ ਲਿਖਣ ਬੋਲਣ ਵਾਲੇ ਪੱਤਰਕਾਰਾਂ ਨਾਲ ਸੋਸ਼ਲ ਮੀਡੀਆ 'ਤੇ ਗਾਲੀ-ਗਲੋਚ ਆਮ ਵਰਤਾਰਾ ਬਣ ਗਿਆ ਹੈ।

ਭਾਰਤ 'ਚ ਮੀਡੀਆ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਨੂੰ ਉਜਾਗਰ ਕਰਨ ਵਾਲੀ ਇਹ ਕੋਈ ਪਹਿਲੀ ਰਿਪੋਰਟ ਨਹੀਂ। ਦੁਨੀਆ ਭਰ 'ਚ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਵੇਰਵਾ ਰੱਖਣ ਵਾਲੀ ਸੰਸਥਾ ਸੀ.ਪੀ.ਜੇ. (ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ) ਦਾ ਕਹਿਣਾ ਹੈ ਕਿ ਭਾਰਤ 'ਚ 80 ਫ਼ੀਸਦੀ ਹਮਲਿਆਂ ਦਾ ਸ਼ਿਕਾਰ ਉਹ ਪੱਤਰਕਾਰ ਹੁੰਦੇ ਹਨ ਜੋ ਰਾਜਨੀਤੀ ਦੇ ਖੇਤਰ ਨੂੰ ਕਵਰ ਕਰਦੇ ਹਨ (ਪੋਲੀਟੀਕਲ ਬੀਟ)। ਇਹ ਖੇਤਰ ਭਾਰਤ 'ਚ ਸੱਚਮੁੱਚ ਖ਼ਤਰਨਾਕ ਹੈ। ਪੱਤਰਕਾਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਸੰਸਥਾ 'ਕਾਜ' (ਕਮੇਟੀ ਅਗੇਂਸਟ ਅਸਾਲਟ ਆਨ ਜਰਨਲਿਸਟਸ), ਜਿਸਦਾ ਪੰਜਾਬ ਤੇ ਹਰਿਆਣਾ ਦਾ ਨਿਗਰਾਨ ਇਸ ਲੇਖ ਦਾ ਲੇਖਕ ਹੈ , ਨੇ 2010 ਤੋਂ 2018 ਤੱਕ ਪੱਤਰਕਾਰਾਂ 'ਤੇ ਹੋਏ ਹਮਲਿਆਂ ਬਾਬਤ ਇੱਕ ਖੋਜ ਰਿਪੋਰਟ ਪ੍ਰਕਾਸ਼ਤ ਕੀਤੀ ਹੈ; ਜੋ ਹੋਰ ਵੀ ਹੈਰਾਨੀਜਨਕ ਤੱਥ ਪੇਸ਼ ਕਰਦੀ ਹੈ।

'ਕਾਜ' ਦੀ ਰਿਪੋਰਟ ਦੱਸਦੀ ਹੈ ਕਿ ਆਦਿਵਾਸੀ ਇਲਾਕੇ, ਕਸ਼ਮੀਰ ਤੇ ਉਤਰ-ਪੂਰਬ 'ਚ ਪੱਤਰਕਾਰੀ ਕਰਨਾ ਬੜਾ ਚੁਣੌਤੀ ਭਰਿਆ ਕਾਰਜ ਹੈ। ਸੁਤੰਤਰ ਪੱਤਰਕਾਰਾਂ ਤੇ ਸਟਿੰਗਰਾਂ ਲਈ ਵੱਡੀ ਸਮੱਸਿਆ ਇਹ ਖੜ੍ਹੀ ਹੋ ਜਾਂਦੀ ਹੈ ਕਿ ਲੋੜ ਪੈਣ 'ਤੇ ਉਹਨਾਂ ਦੇ ਮੀਡੀਆ ਅਦਾਰੇ ਸਾਥ ਨਹੀਂ ਦਿੰਦੇ। ਇਹ ਸੰਸਥਾ ਆਪਣੀ ਰਿਪੋਰਟ 'ਚ ਖੁਲਾਸਾ ਕਰਦੀ ਹੈ ਕਿ ਪ੍ਰੈੱਸ ਦੀ ਆਜ਼ਾਦੀ ਨੂੰ ਮੁੱਖ ਤੌਰ 'ਤੇ ਹੇਠ ਲਿਖੇ ਢੰਗਾਂ ਰਾਹੀਂ ਕੁਚਲਿਆ ਜਾਂਦਾ ਹੈ-ਪੱਤਰਕਾਰਾਂ ਦੇ ਕਤਲ, ਮੀਡੀਆ ਅਦਾਰਿਆਂ 'ਤੇ ਨਿਗਰਾਨੀ ਜਾਂ ਸੈਂਸਰਸ਼ਿਪ, ਟ੍ਰੋਲ ਹਮਲੇ, ਧਮਕੀਆਂ, ਫਰਜ਼ੀ ਮੁਕਦਮੇ ਤੇ ਮਾਣਹਾਨੀ ਦੇ ਕੇਸ




**ਕਤਲ:** ਪੱਤਰਕਾਰੀ ਦੌਰਾਨ ਸਭ ਤੋਂ ਵੱਡਾ ਖ਼ਤਰਾ ਪੱਤਰਕਾਰ ਲਈ ਉਸਦੀ ਜਾਨ ਜਾਣ ਦਾ ਬਣਿਆ ਰਹਿੰਦਾ ਹੈ। 'ਕਾਜ' ਦੀ ਰਿਪੋਰਟ ਅਨੁਸਾਰ 2011 ਤੋਂ 2018 ਤੱਕ ਪੱਤਰਕਾਰੀ ਦੌਰਾਨ 35 ਪੱਤਰਕਾਰਾਂ ਦੇ ਕਤਲ ਹੋਏ ਜਿਨ੍ਹਾਂ 'ਚੋਂ 23 ਕਤਲ ਮੋਦੀ ਹਕੂਮਤ ਦੇ ਸਮੇਂ ਹੋਏ ਹਨ। ਬਹੁਤੇ ਕਤਲਾਂ ਦੇ ਦੋਸ਼ੀ ਹਾਲੇ ਤੱਕ ਫੜੇ ਨਹੀਂ ਗਏ। ਕਤਲ ਹੋਏ ਪੱਤਰਕਾਰ ਸਿਆਸੀ ਖੇਤਰ ਕਵਰ ਕਰਨ ਵਾਲੇ, ਸਿਆਸੀ ਬਦਲਾਖੋਰੀ ਦੇ ਚਲਦੇ ਤੇ ਹਿੰਦੂਤਵੀਆਂ ਦੁਆਰਾ ਕੀਤੇ ਗਏ ਹਨ। ਮਾਰੇ ਗਏ ਪੱਤਰਕਾਰਾਂ 'ਚ ਚਰਚਿਤ ਨਾਮ ਹਨ- ਨਰਿੰਦਰ ਦਾਭੋਲਕਰ, ਹੇਮੰਤ ਯਾਦਵ, ਰਾਜਦੇਵ ਰੰਜਨ, ਗੌਰੀ ਲੰਕੇਸ਼, ਨਵੀਨ ਗੁਪਤਾ ਤੇ ਸ਼ੁਜਾਤ ਬੁਖ਼ਾਰੀ।

**ਮੀਡੀਆ ਅਦਾਰਿਆਂ 'ਤੇ ਸੈਂਸਰਸ਼ਿਪ ਜਾਂ ਨਿਗਰਾਨੀ** : ਭਾਵੇਂ ਕਿ ਇਹ ਕੋਈ ਨਵਾਂ ਵਰਤਾਰਾ ਨਹੀਂ ਪਰ ਪਿਛਲੇ ਪੰਜਾਂ ਸਾਲਾਂ ਵਧਿਆ-ਫੁਲਿਆ ਹੈ। ਸੱਤਾਧਾਰੀ ਧਿਰ ਵੱਲੋਂ ਮੀਡੀਆ ਅਦਾਰਿਆਂ ਨੂੰ ਕੰਟਰੋਲ ਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਟੀ ਵੀ ਪੱਤਰਕਾਰ ਪੂਨਯ ਪ੍ਰਸੂਨ ਵਾਜਪਈ ਦੀ ਮੰਨੀਏ ਤਾਂ ਭਾਜਪਾ ਨੇ 200 ਦੇ ਕਰੀਬ ਬੰਦੇ ਤਾਂ ਇਸੇ ਕੰਮ ਲਈ ਲਗਾਏ ਹਨ ਕਿ ਕੌਮੀ ਚੈਨਲ ਕੀ ਪ੍ਰਸਾਰਿਤ ਕਰਦੇ ਹਨ। ਮੀਡੀਆ ਅਦਾਰਿਆਂ 'ਤੇ ਦਬਾਅ ਪਾ ਕੇ ਸਰਕਾਰ ਦੇ ਕੰਮਾਂ 'ਤੇ ਸਵਾਲ ਚੁੱਕਣ ਵਾਲੇ ਪੱਤਰਕਾਰਾਂ ਤੇ ਸੰਪਾਦਕਾਂ ਨੂੰ ਨੌਕਰੀ ਤੋਂ ਲਾਂਭੇ ਕੀਤਾ ਜਾ ਰਿਹਾ ਹੈ। ਉੱਘੇ ਪੱਤਰਕਾਰ ਓਮ ਥਾਨਵੀ ਅਨੁਸਾਰ 'ਅਸੀਂ ਸੈਂਸਰਸ਼ਿਪ ਦੇ ਨਾਮ 'ਤੇ ਸਿਰਫ ਐਮਰਜੈਂਸੀ ਨੂੰ ਹੀ ਜਾਣਦੇ ਹਾਂ ਪਰ ਇਹ ਬਹੁਤ ਪੁਰਾਣੀ ਗੱਲ ਹੋ ਚੁੱਕੀ ਹੈ। ਹੁਣ ਸਰਕਾਰ ਐਮਰਜੈਂਸੀ ਵਰਗੀ ਨਾਦਾਨੀ ਨਹੀਂ ਕਰੇਗੀ। ਅੱਜ ਸਰਕਾਰ ਕਾਨੂੰਨ ਦੀ ਉਲੰਘਣਾ ਆਜ਼ਾਦੀ ਨੂੰ ਦਬਾਅ ਕੇ ਨਹੀਂ ਸਗੋਂ ਅਜਿਹਾ ਮਾਹੌਲ ਬਣਾ ਕੇ ਕਰੇਗੀ ਜਿਸ 'ਚ ਪੱਤਰਕਾਰ ਖੁੱਲ੍ਹ ਕੇ ਲਿਖ ਬੋਲ ਹੀ ਨਾ ਸਕਣ। ਅੱਜ ਸੈਂਸਰਸ਼ਿਪ ਮੀਡੀਆ ਮੈਨੇਜਮੈਂਟ ਬਣ ਚੁੱਕੀ ਹੈ'।

**ਫਰਜ਼ੀ ਮੁਕੱਦਮੇਂ ਤੇ ਮਾਣਹਾਨੀ ਦੇ ਕੇਸ** : ਪੱਤਰਕਾਰਾਂ ਦੀ ਜ਼ੁਬਾਨਬੰਦੀ ਲਈ ਇਹ ਇੱਕ ਕਾਰਗਰ ਹਥਿਆਰ ਸਾਬਤ ਹੋ ਰਿਹਾ ਹੈ ਕਿਉਂਕਿ ਅਜਿਹੇ ਮਾਮਲਿਆਂ'ਚ ਬਹੁਤੀ ਵਾਰ ਪੱਤਰਕਾਰ ਇਕੱਲਾ ਪੈ ਜਾਂਦਾ ਹੈ। ਅਦਾਰਾ ਉਸਦੇ ਨਾਲ ਨਹੀਂ ਖੜ੍ਹਦਾ। ਸੁਤੰਤਰ ਪੱਤਰਕਾਰ ਨਾਲ ਇਸ ਤੋਂ ਵੀ ਬੁਰੀ ਬਣਦੀ ਹੈ। ਖੋਜ ਰਿਪੋਰਟ ਅਨੁਸਾਰ 2011 ਤੋਂ 2018 ਤੱਕ ਫਰਜ਼ੀ ਮੁਕੱਦਮੇਂ ਤੇ ਮਾਣਹਾਨੀ ਦੇ ਕੁੱਲ 109 ਮਾਮਲੇ ਸਾਹਮਣੇ ਆਏ; 95 ਮਾਮਲੇ ਇਹਨਾਂ ਪੰਜਾਂ ਸਾਲਾਂ ਦੇ ਹਨ। ਸਭ ਤੋਂ ਵਧੇਰੇ ਮਾਮਲੇ ਆਦਿਵਾਸੀ ਇਲਾਕੇ ਤੋਂ 78 ਹਨ। ਇਹਨਾਂ ਚੋਂ ਬਹੁਤੇ ਮਾਮਲੇ ਵਿਚਾਰ ਅਧੀਨ ਹਨ। ਕੁਝ ਮਾਮਲਿਆਂ 'ਚ ਪੱਤਰਕਾਰ ਸਜ਼ਾ ਕੱਟ ਵੀ ਆਏ ਹਨ ਤੇ ਕੁਝ ਸਜ਼ਾ ਦੀ ਉਡੀਕ 'ਚ ਹਨ। ਦਰਜ ਮਾਮਲਿਆਂ'ਚ'ਰਾਜ ਧ੍ਰੋਹ' ਦੇ ਵੀ ਹਨ। ਇਹਨਾਂ ਮਾਮਲਿਆਂ'ਚ ਕਿੰਨੀ ਕੁ ਸਚਾਈ ਹੈ ਇਸਦਾ ਪਤਾ ਕੁਝ ਉਦਾਹਰਣਾਂ ਤੋਂ ਲੱਗ ਜਾਵੇਗਾ; 'ਰਾਜ ਧ੍ਰੋਹ' ਦੇ ਮੁਕਦਮੇ ਦਾ ਸਾਹਮਣਾ ਕਰਨ ਵਾਲੇ ਵਿਨੋਦ ਕੁਮਾਰ ਦਾ ਦੋਸ਼ ਸਿਰਫ ਇੰਨਾ ਸੀ ਕਿ ਉਸਨੇ ਫੇਸਬੁੱਕ ਤੇ 'ਪੱਥਰਗੜ੍ਹੀ' ਬਾਰੇ ਦੋ ਸਤਰਾਂ ਲਿਖ ਦਿੱਤੀਆਂ। ਦੋ ਸਾਲ ਜੇਲ੍ਹ ਰਹਿ ਚੁਕੇ ਪੱਤਰਕਾਰ ਸੰਤੋਸ਼ ਯਾਦਵ ਦਾ ਕਸੂਰ ਇਹ ਸੀ ਕਿ ਉਸਨੇ ਦਿੱਲੀ ਤੋਂ ਆਏ ਪੱਤਰਕਾਰਾਂ ਦੀ ਖ਼ਬਰ 'ਚ ਮਦਦ ਕੀਤੀ ਸੀ। ਉਸ 'ਤੇ ਮਾਓਵਾਦੀਆਂ ਨਾਲ ਮਿਲੇ ਹੋਣ ਦਾ ਦੋਸ਼ ਲਾ ਦਿੱਤਾ ਗਿਆ। ਲਿੰਗਰਾਮ ਕੋੜੇਪੀ ਨੇ ਜਦੋਂ 'ਅਪਰੇਸ਼ਨ ਗ੍ਰੀਨ ਹੰਟ' ਦਾ ਸੱਚ ਸਾਹਮਣੇ ਲਿਆਂਦਾ ਤਾਂ ਉਹ 'ਰਾਜ ਧ੍ਰੋਹੀ' ਹੋ ਗਿਆ। ਕਸ਼ਮੀਰ ਦਾ ਸੁਤੰਤਰ ਫੋਟੋਗ੍ਰਾਫਰ ਕਾਮਰਾਨ ਯੂਸਫ਼ ਪੱਥਰਬਾਜ਼ੀ ਦੇ ਦੋਸ਼ 'ਚ ਜੇਲ੍ਹ ਡੱਕ ਦਿੱਤਾ ਗਿਆ। ਫਰਾਂਸ ਦੇ ਇੱਕ ਫਿਲਮ ਮੇਕਰ ਨੂੰ ਇਸ ਲਈ ਫੜ ਲਿਆ ਕਿਉਂਕਿ ਉਹ ਪ੍ਰਦਰਸ਼ਨਕਾਰੀਆਂ 'ਤੇ ਪੈਲੇਟਗੰਨ ਚਲਾਏ ਜਾਣ ਨੂੰ ਸ਼ੂਟ ਕਰ ਰਿਹਾ ਸੀ।

ਇਸ ਮਾਮਲੇ 'ਚ ਸੁਤੰਤਰ ਢੰਗ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੀਡੀਆ ਅਦਾਰਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। 2016 'ਚ ਜਦੋਂ ਆਰ.ਐੱਸ.ਐੱਸ . ਦੁਆਰਾ ਆਦਿਵਾਸੀ ਬੱਚੀਆਂ ਦੀ ਤਸਕਰੀ ਬਾਰੇ ਨੇਹਾ ਦੀਕਸ਼ਤ ਦੀ ਸਟੋਰੀ 'ਆਊਟ ਲੁੱਕ' ਨੇ ਛਾਪੀ ਤਾਂ ਗੁਹਾਟੀ ਹਾਈਕੋਰਟ 'ਚ ਭਾਰਤ ਸਰਕਾਰ ਦੇ ਸਹਾਇਕ ਸਾਲਿਸਟਰ ਜਨਰਲ ਐੱਸ.ਸੀ. ਕੋਇਲ ਤੇ ਭਾਜਪਾ ਬੁਲਾਰੇ ਬਿਜਨ ਮਹਾਜਨ ਨੇ 'ਆਊਟ ਲੁੱਕ' ਦੇ ਸੰਪਾਦਕ, ਪ੍ਰਕਾਸ਼ਕ ਤੇ ਪੱਤਰਕਾਰ ਨੇਹਾ ਦੀਕਸ਼ਤ ਖ਼ਿਲਾਫ਼ ਅਪਰਾਧਕ ਸ਼ਿਕਾਇਤ ਦਰਜ ਕਰਾ ਦਿੱਤੀ। ਖ਼ਬਰੀ ਵੈਬਸਾਈਟ 'ਦ ਵਾਇਰ' 2017 'ਚ ਅਮਿਤ ਸ਼ਾਹ ਦੇ ਪੁੱਤਰ ਜੈ ਸ਼ਾਹ ਦੀ ਜਾਇਦਾਦ 'ਚ 2014 ਤੋਂ ਬਾਅਦ ਹੋਏ ਬੇਹਿਸਾਬੇ ਵਾਧੇ ਬਾਰੇ ਇੱਕ ਲੇਖ ਪ੍ਰਕਾਸ਼ਤ ਕਰਦੀ ਹੈ ਤਾਂ ਸਾਈਟ ਦੇ ਸੰਪਾਦਕੀ ਮੰਡਲ ਤੇ ਲੇਖਿਕਾ ਖਿਲਾਫ ਮਾਣਹਾਨੀ ਦਾ ਮਾਮਲਾ ਦਰਜ ਹੋ ਜਾਂਦਾ ਹੈ। ਰਾਫੇਲ ਮਾਮਲੇ 'ਤੇ ਸਟੋਰੀ ਦਿਖਾਉਣ ਤੇ ਪ੍ਰਕਾਸ਼ਿਤ ਕਰਨ ਕਰਕੇ ਅੰਬਾਨੀ ਦਾ ਰਿਲਾਇੰਸ ਗਰੁੱਪ ਐੱਨ.ਡੀ..ਟੀ .ਵੀ. 'ਤੇ 10 ਹਜ਼ਾਰ ਕਰੋੜ,ਵੈਬਸਾਈਟ 'ਦ ਸਿਟੀਜਨ' 'ਤੇ 7 ਹਜ਼ਾਰ ਕਰੋੜ ਤੇ 'ਦ ਵਾਇਰ' 'ਤੇ 6 ਹਜ਼ਾਰ ਕਰੋੜ ਦਾ ਮਾਣਹਾਨੀ ਦਾ ਮੁਕੱਦਮਾ ਕਰਦਾ ਹੈ।

**ਹਮਲੇ ਤੇ ਧਮਕੀਆਂ:** ਪੱਤਰਕਾਰਾਂ ਨੂੰ ਮਿਲਦੀਆਂ ਧਮਕੀਆਂ ਤੇ ਹਮਲਿਆਂ ਦੇ ਮੁੱਖ ਕਾਰਨ ਜੋ ਪਾਏ ਗਏ ਹਨ ਉਹ ਨੇ ਰਾਜਨੇਤਾਵਾਂ/ਸਰਕਾਰਾਂ ਵਿਰੁੱਧ ਲਿਖਣਾ, ਸਰਕਾਰੀ ਕਾਨੂੰਨਾਂ ਦੇ ਹੁੰਦੇ ਦੁਰਪ੍ਰਯੋਗ ਬਾਰੇ ਲਿਖਣਾ, ਦਮਨਕਾਰੀ ਕਾਨੂੰਨਾਂ ਦਾ ਵਿਰੋਧ ਕਰਨਾ, ਵਿਚਾਰਧਾਰਕ ਵਖਰੇਵਾਂ ਤੇ ਕੱਟੜਵਾਦੀਆਂ ਦੁਆਰਾ ਹੁੰਦੇ ਹਮਲੇ ਹਨ। ਮੋਦੀ ਸਰਕਾਰ 'ਚ ਇਹਨਾਂ 'ਚ ਵਾਧਾ ਹੋਇਆ ਹੈ ।2010 ਤੋਂ 2018 ਤੱਕ 230 ਮਾਮਲੇ ਧਮਕੀਆਂ ਤੇ ਹਮਲਿਆਂ ਦੇ ਸਾਹਮਣੇ ਆਏ ਹਨ ਜਿਨ੍ਹਾਂ 'ਚੋਂ 125 ਮੋਦੀ ਹਕੂਮਤ ਦੇ ਸਮੇਂ ਦੇ ਹਨ। ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਨੂੰ ਸਹੀ ਠਹਿਰਾਉਣ ਵਾਲਿਆਂ ਨੂੰ ਪ੍ਰਧਾਨ ਮੰਤਰੀ ਸੋਸ਼ਲ ਮੀਡੀਆ ਦੇ ਖੁਦ 'ਫਾਲ' ਕਰਦੇ ਹਨ। ਭਾਜਪਾ ਦੇ ਚੋਟੀ ਦੇ ਨੇਤਾ ਗੌਰੀ ਲੰਕੇਸ਼ ਦੇ ਕਤਲ ਨੂੰ ਸ਼ਰੇਆਮ ਸਹੀ ਠਹਿਰਾਉਣ ਵਾਲੇ ਬਿਆਨ ਦਿੰਦੇ ਰਹੇ ਹਨ। ਗਾਲੀ-ਗਲੋਚ ਲਈ ਬਦਨਾਮ ਭਾਜਪਾ ਦੇ ਸੋਸ਼ਲ ਮੀਡੀਆ ਕਾਰਕੁੰਨਾਂ ਨੂੰ ਪਾਰਟੀ ਪ੍ਰਧਾਨ ਅਮਿਤ ਸ਼ਾਹ 'ਜਾਂਬਾਜ਼ ਸਿਪਾਹੀ' ਦਾ ਖਿਤਾਬ ਦਿੰਦਾ ਹੈ। ਅਜਿਹੇ ਟ੍ਰੋਲ ਹਮਲਿਆਂ ਤੋਂ ਪੀੜਤ ਤੇ ਧਮਕੀਆਂ ਦਾ ਸਾਹਮਣਾ ਕਰ ਰਹੇ ਟੀ.ਵੀ. ਪੱਤਰਕਾਰ ਰਵੀਸ਼ ਕੁਮਾਰ ਦਾ ਕਹਿਣਾ ਹੈ, 'ਮੋਦੀ ਰਾਜ ਵਿਚ ਟ੍ਰੋਲ' ਦਾ ਸਮਾਜੀਕਰਨ ਹੋਇਆ ਹੈ। ਭਾਰਤ ਦਾ ਏਨਾ ਕਮਜ਼ੋਰ ਪ੍ਰਧਾਨ ਮੰਤਰੀ ਕਦੇ ਨਹੀਂ ਸੀ ਦੇਖਿਆ ਜਿਸਨੇ ਆਪਣੇ ਬਚਾਓ ਲਈ ਹਿੰਸਕ ਭੀੜ ਤਿਆਰ ਕਰ ਲਈ ਹੋਵੇ। ਬੋਲਣਾ ਤੇ ਸਵਾਲ ਕਰਨਾ ਜਿਸਦੇ ਰਾਜ 'ਚ ਅਪਰਾਧ ਬਣ ਗਿਆ ਹੋਵੇ'।

ਇਹਨਾਂ ਮਾਮਲਿਆਂ 'ਚ ਔਰਤ ਪੱਤਰਕਾਰਾਂ ਨਾਲ ਹੋਰ ਵੀ ਭੱਦਾ ਸਲੂਕ ਹੁੰਦਾ ਹੈ। ਅਜਿਹੇ ਗੁੰਡੇ ਟੋਲਿਆਂ ਵੱਲੋਂ ਉਹਨਾਂ ਨੂੰ ਰੇਪ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਹਨ। ਸੋਸ਼ਲ ਮੀਡੀਆ 'ਤੇ ਉਹਨਾਂ ਦੀਆਂ ਤਸਵੀਰਾਂ ਨਾਲ ਛੇੜ-ਛਾੜ ਕੀਤੀ ਜਾਂਦੀ ਹੈ। ਭੱਦੀਆਂ ਗਾਲ੍ਹਾਂ ਤੇ ਅਸ਼ਲੀਲ ਤਸਵੀਰਾਂ ਵਾਲੇ ਮੈਸੇਜ ਭੇਜੇ ਜਾਂਦੇ ਹਨ। ਰਾਣਾ ਅਯੂਬ, ਨੇਹਾ ਦੀਕਸ਼ਤ, ਬਰਖਾ ਦੱਤ ਤੇ ਮਾਜ਼ਰਤ ਜ਼ਾਹਰਾ ਇਹਨਾਂ ਹਾਲਤਾਂ 'ਚੋਂ ਗੁਜ਼ਰਨ ਵਾਲੀਆਂ ਪੱਤਰਕਾਰ ਹਨ।

ਹਮਲੇ ਤੇ ਧਮਕੀਆਂ ਦਾ ਸ਼ਿਕਾਰ ਹੋਏ ਪੱਤਰਕਾਰਾਂ 'ਚ ਕਈ ਨਾਮਵਰ ਚਿਹਰੇ ਵੀ ਹਨ ਜਿਵੇਂ ਨਿਖਿਲ ਵਾਗਲੇ, ਅਤੁਲ ਚੁਰੱਸੀਆ, ਸੀਮਾ ਮੁਸਤਫ਼ਾ, ਦੀਕਸ਼ਾ ਸ਼ਰਮਾ, ਮਾਲਿਨੀ ਸੁਬਰਾਮਨੀਅਮ, ਸਿਧਾਰਥ ਵਰਧਰਾਜਨ, ਰੋਹਿਣੀ ਸਿੰਘ, ਆਰਫ਼ਾ ਖਾਨਮ ਸ਼ੇਰਵਾਨੀ, ਵਿਨੋਦ ਦੂਆ ਤੇ ਜਾੱਨ ਦਿਆਲ। ਪਿਛਲੇ ਅੱਠ ਸਾਲਾਂ 'ਚ ਕਈ ਮੀਡੀਆ ਅਦਾਰਿਆਂ ਤੇ ਵੀ ਹਮਲੇ ਹੋਏ ਹਨ ।

ਭਾਰਤੀ ਮੀਡੀਏ ਦੀ ਅਜੋਕੀ ਹਾਲਤ ਬਾਰੇ 'ਕਾਰਵਾਂ' ਮੈਗਜ਼ੀਨ ਦੇ ਰਾਜਨੀਤਕ ਸੰਪਾਦਕ ਹਰਤੋਸ਼ ਬੱਲ ਦਾ ਕਹਿਣਾ ਹੈ, 'ਸਥਿਤੀ ਭਾਵੇਂ ਪਹਿਲਾਂ ਵੀ ਖ਼ਰਾਬ ਸੀ ਪਰ ਮੋਦੀ ਦੇ ਆਉਣ ਤੋਂ ਬਾਅਦ ਹੋਰ ਜ਼ਿਆਦਾ ਖ਼ਰਾਬ ਹੋ ਗਈ। ਛੋਟੇ ਸ਼ਹਿਰਾਂ 'ਚ ਜੋ ਇੱਕ ਮਾਫੀਆ ਖ਼ਬਰਾਂ ਤੇ ਅਸਰ ਪਾਉਂਦਾ ਹੈ, ਓਹੀ ਅਸਰ ਅੱਜ ਪੂਰੇ ਮੁਲਕ 'ਤੇ ਇੱਕ ਆਦਮੀ ਪਾ ਰਿਹਾ ਹੈ' 'ਰਾਸ਼ਟਰ ਵਿਰੋਧੀ' ਤੇ 'ਦੇਸ਼ ਧ੍ਰੋਹੀ' ਦੇ ਫਤਵਿਆਂ ਵਾਲੇ ਦੌਰ 'ਚ ਜਿਥੇ ਸਰਕਾਰ ਤੇ ਸਰਕਾਰੀ ਤਰਜ਼ ਦੀਆਂ ਮੀਡੀਆ ਸੰਸਥਾਵਾਂ ਤੋਂ ਮੀਡੀਆ ਦੀ ਆਜ਼ਾਦੀ ਦੀ ਆਸ ਰੱਖਣੀ ਨਾਮੁਮਕਿਨ ਜਾਪਦੀ ਹੈ। ਉਥੇ ਲੋੜ ਹੈ ਦੇਸ਼ ਪੱਧਰੀ ਇੱਕ ਅਜਿਹੀ ਸੰਸਥਾ ਦੀ ਜੋ ਮੀਡੀਆ ਦੀ ਆਜ਼ਾਦੀ ਤੇ ਹੋ ਰਹੇ ਹਮਲਿਆਂ ਵਿਰੁੱਧ ਆਵਾਜ਼ ਉਠਾਵੇ ਨਾਲ ਹੀ ਪੱਤਰਕਾਰਾਂ ਦੀ ਲੋਕ -ਪੱਖੀ ਸੰਗਠਨਾਂ ਨਾਲ ਸਾਂਝ ਪਾਉਣੀ ਵੀ ਸਮੇਂ ਦੀ ਮੰਗ ਹੈ।

+91 99154 11894

## ਡਾ. ਹਰਦੀਪ ਸਿੰਘ (ਕੈਨੇਡਾ) ਅੰਤਰਰਾਸ਼ਟਰੀ ਜਥੇਬੰਦੀ "ਐਨ.ਆਰ.ਆਈ. ਇਨਕਲਾਬੀ ਮੰਚ' ਦੇ ਸਲਾਹਕਾਰ ਬਣੇ

ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਈ ਅੰਤਰਰਾਸ਼ਟਰੀ ਜਥੇਬੰਦੀ ਐਨ. ਆਰ. ਆਈ. ਇਨਕਲਾਬੀ ਮੰਚ ਵਲੋਂ ਡਾ. ਹਰਦੀਪ ਸਿੰਘ ਕੈਨੇਡਾ ਨੂੰ ਮੈਂਬਰ ਸਲਾਹਕਾਰ ਕਮੇਟੀ ਨਿਯੁਕਤ ਕੀਤਾ ਗਿਆ। ਮੰਚ ਦੇ ਪ੍ਰੈਸ ਸਕੱਤਰ ਰੋਮੀ ਘੜਾਮੇਂ ਵਾਲਾ ਨੇ ਲਿਖਤੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਕੱਲ੍ਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ ਰਹਿ ਰਹੇ ਡਾਕਟਰ ਹਰਦੀਪ ਜੱਦੀ ਤੌਰ 'ਤੇ ਲੁਧਿਆਣਾ ਦੇ ਰਹਿਣ ਵਾਲੇ ਹਨ। ਪੰਜਾਬ ਵਿਚ ਪੀ.ਸੀ.ਐਮ.ਐਸ. ਡਾਕਟਰਸ ਐਸੋਸੀਏਸ਼ਨ ਦੇ ਸਾਬਕਾ ਸੂਬਾ ਪ੍ਰਧਾਨ, ਪੰਜਾਬ ਸਿਹਤ ਵਿਭਾਗ ਦੇ ਸਾਬਕਾ ਅਸਿਸਟੈਂਟ ਸਿਵਲ ਸਰਜਨ, ਸ਼ਹੀਦ ਸੁਖਦੇਵ ਯਾਦਗਾਰੀ ਕਮੇਟੀ ਲੁਧਿਆਣਾ ਦੇ ਫਾਉਂਡਰ ਕਨਵੀਨਰ ਅਤੇ ਹੁਣ ਕੈਨੇਡਾ ਵਿਖੇ ਛਪਣ ਵਾਲੇ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਸਬ-ਐਡੀਟਰ ਡਾਕਟਰ ਸਾਹਿਬ ਕੈਨੇਡਾ ਅਤੇ ਭਾਰਤ ਵਿਚ ਹੁੰਦੀਆਂ ਸਮਾਜਿਕ ਗਤੀਵਿਧੀਆਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਇਸ



ਨਿਯੁਕਤੀ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਮੰਚ ਦੇ ਚੇਅਰਪਰਸਨ ਰਣਬੀਰ ਕੌਰ ਬੱਲ ਯੂ.ਐਸ.ਏ., ਵਾਇਸ ਚੇਅਰਮੈਨ ਬਲਿਹਾਰ ਸੰਧੂ ਅਸਟ੍ਰੇਲੀਆ, ਸਰਪ੍ਰਸਤ ਪ੍ਰਦੀਪ ਜੋਧਾਂ ਕੈਨੈਡਾ, ਪ੍ਰਧਾਨ ਦਵਿੰਦਰ ਸਿੰਘ ਪੱਪੂ ਬੈਲਜ਼ੀਅਮ, ਸੀਨੀਅਰ ਮੀਤ ਪ੍ਰਧਾਨ ਮਲਕੀਤ ਸਿੰਘ ਇੰਗਲੈਂਡ, ਮੀਤ ਪ੍ਰਧਾਨ ਬਿੰਦਰ ਜਾਨ-ਏ-ਸਾਹਿਤ ਇਟਲੀ, ਜਨਰਲ ਸਕੱਤਰ ਰੁਪਿੰਦਰ ਜੋਧਾਂ ਜਾਪਾਨ, ਜਾਇੰਟ ਸਕੱਤਰ ਬਿੰਦਰ ਭੋਗਪੁਰੀ ਇੰਗਲੈਂਡ, ਵਿੱਤ ਸਕੱਤਰ ਮਨਦੀਪ ਸਿੰਘ ਟੋਰਾਂਟੋ ਕੈਨੇਡਾ, ਮੀਡੀਆ ਸਕੱਤਰ ਰਣਜੀਤ ਸਿੰਘ ਪਤਿਾਲਾ, ਉਪ ਖਜ਼ਾਨਚੀ ਹਰਨੇਕ ਸਿੰਘ ਗੁੱਜਰਵਾਲ, ਆਡੀਟਰ ਰਵਿੰਦਰ ਲਾਲੀ ਕੈਲਫੋਰਨੀਆ, ਕਾਨੂੰਨੀ ਸਲਾਹਕਾਰ ਐਡਵੋਕੇਟ ਸਤਨਾਮ ਸਿੰਘ, ਸੋਸ਼ਲ ਮੀਡੀਆ ਇੰਚਾਰਜ ਸੁਪਿੰਦਰ ਸਿੰਘ ਸੰਨੀ ਜਾਪਾਨ, ਪ੍ਰਾਪੇਗੰਡਾ ਸਕੱਤਰ ਨਵਦੀਪ ਵਿਕਰ ਜਾਪਾਨ, ਸਭਿਆਚਾਰਕ ਮਾਮਲੇ ਇੰਚਾਰਜ ਜਗਸੀਰ ਜੀਦਾ, ਕੈਨੈਡਾ ਤੋਂ ਸਕੱਤਰ ਮਨਧੀਰ ਕੌਰ ਮਨੂ, ਡੈਨਮਾਰਕ ਤੋਂ ਸਕੱਤਰ ਕੁਲਦੀਪ ਸਿੰਘ, ਇਟਲੀ ਤੋਂ ਸਕੱਤਰ ਸਤਵਿੰਦਰ ਮਿਆਣੀ, ਜਰਮਨ ਤੋਂ ਸਕੱਤਰ ਪਵਨ ਪ੍ਰਵਾਸੀ ਅਤੇ ਮੁੱਖ ਬੁਲਾਰੇ ਨਵਦੀਪ ਜੋਧਾਂ ਨੇ ਵਿਸ਼ੇਸ਼ 'ਤੇ ਜੀ ਆਇਆਂ ਨੂੰ ਆਖਦਿਆਂ ਮੁਬਾਰਕਬਾਦ ਦਿੱਤੀ।

# ਕੀ ਅਸੀਂ ਕਦੇ ਜੂਨ 84 ਦੀਆਂ ਘਟਨਾਵਾਂ ਦਾ ਨਿਰਪੱਖਤਾ ਨਾਲ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋਵਾਂਗੇ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com



ਜੂਨ 3-6, 1984 ਨੂੰ ਭਾਰਤੀ ਫੌਜ ਵਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਜੋ ਕਾਰਵਾਈ ਕੀਤੀ ਗਈ, ਉਸਨੂੰ ਉਨ੍ਹਾਂ ਵਲੋਂ 'ਉਪਰੇਸ਼ਨ ਬਲੂ ਸਟਾਰ' ਦਾ ਨਾਮ ਦਿੱਤਾ ਗਿਆ। ਸਿੱਖ ਇਤਿਹਾਸ ਵਿੱਚ 18ਵੀਂ ਸਦੀ ਵਿੱਚ ਮੁਗਲ ਤੇ ਪਠਾਣ ਵਿਦੇਸ਼ੀ ਹਮਲਾਵਰਾਂ ਦੀਆਂ ਸਿੱਖਾਂ ਖਿਲਾਫ ਕਾਰਵਾਈਆਂ ਤੋਂ ਤਕਰੀਬਨ 2 ਸੌ ਸਾਲ ਬਾਅਦ ਇਹ ਇੱਕ ਅਜਿਹੀ ਘਟਨਾ ਵਾਪਰੀ ਸੀ, ਜਿਸ ਬਾਰੇ ਨਾ ਤੇ ਸਰਕਾਰ ਨੇ ਸਿੱਖਾਂ ਵਲੋਂ ਕੀਤੇ ਗਏ ਪ੍ਰਤੀਕਰਮ ਬਾਰੇ ਅੰਦਾਜ਼ਾ ਲਗਾਇਆ ਗਿਆ ਸੀ ਤੇ ਨਾ ਹੀ ਸਿੱਖਾਂ ਵਲੋਂ ਕਦੇ ਇਹ ਆਸ ਕੀਤੀ ਗਈ ਸੀ ਕਿ ਭਾਰਤ ਸਰਕਾਰ ਵਲੋਂ ਟੈਂਕਾਂ ਤੋਪਾਂ ਨਾਲ ਫੌਜ ਰਾਹੀਂ ਅਜਿਹੀ ਕਾਰਵਾਈ ਦਰਬਾਰ ਸਾਹਿਬ ਵਿੱਚ ਕੀਤੀ ਜਾਵੇਗੀ। ਇਹ ਇੱਕ ਅਜਿਹੀ ਘਟਨਾ ਸੀ, ਜਿਸਨੇ ਸਿੱਖਾਂ ਦੇ ਮਨਾਂ ਵਿੱਚ ਭਾਰਤੀ ਸਟੇਟ, ਭਾਰਤੀ ਫੌਜ, ਬਹੁ ਗਿਣਤੀ ਹਿੰਦੂ ਭਾਈਚਾਰੇ ਤੇ ਭਾਰਤੀ ਸਟੇਟ ਨਾਲ ਕੰਮ ਕਰਦੀਆਂ ਰਾਜਨੀਤਕ ਧਿਰਾਂ ਬਾਰੇ ਸੋਚ ਹੀ ਬਦਲ ਦਿੱਤੀ ਸੀ। ਇਸੇ ਤਰ੍ਹਾਂ 1984 ਤੋਂ ਬਾਅਦ ਦੇਸ਼-ਵਿਦੇਸ਼ ਵਿੱਚ ਸਿੱਖਾਂ ਵਲੋਂ ਦਿਖਾਏ ਪ੍ਰਤੀਕਰਮ ਤੋਂ ਬਾਅਦ ਭਾਰਤੀ ਸਟੇਟ ਤੇ ਏਜੰਸੀਆਂ ਦਾ ਰਵੱਈਆ ਵੀ ਸਿੱਖਾਂ ਪ੍ਰਤੀ ਹੋਰ ਹਮਲਾਵਰ ਰੁੱਖ ਅਖਤਿਆਰ ਕਰ ਗਿਆ। ਇਸ ਘਟਨਾ ਤੋਂ ਸਿੱਖ ਅਜੇ ਸੰਭਲੇ ਵੀ ਨਹੀਂ ਸਨ ਕਿ ਨਵੰਬਰ '84 ਵਿੱਚ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਦੋ ਸਿੱਖ ਬਾਡੀਗਾਰਡਾਂ ਵਲੋਂ ਕਤਲ ਕੀਤੇ ਜਾਣ ਤੋਂ ਬਾਅਦ, ਜਿਸ ਤਰ੍ਹਾਂ ਕਾਂਗਰਸੀ ਸਰਕਾਰ ਵਲੋਂ ਯੋਜਨਬੱਧ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਸਨੇ ਬਲਦੀ ਤੇ ਤੇਲ ਵਾਲਾ ਕੰਮ ਕੀਤਾ। ਅਪਰੈਲ 13, 1978 ਦੇ ਸਿੱਖ ਨਿਰੰਕਾਰੀ ਕਾਂਡ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਬੱਬਰ ਖਾਲਸਾ ਤੇ ਦੱਲ ਖਾਲਸਾ ਵਲੋਂ ਚਲਾਈ ਜਾ ਰਹੀ ਖਾੜਕੂ ਲਹਿਰ ਨੂੰ ਇੱਕਦਮ ਹੁਲਾਰਾ ਮਿਲਿਆ ਤੇ ਆਮ ਸਿੱਖ ਨੌਜਵਾਨ (ਖਾਸਕਰ ਜੱਟਾਂ ਦੇ ਅੱਲੜ੍ਹ ਮੁੰਡੇ) ਪਿੰਡਾਂ ਵਿੱਚੋਂ ਉਠ ਕੇ ਹਥਿਆਰਬੰਦ ਲਹਿਰ ਵਿੱਚ ਕੁਦ ਪਏ। ਜਿਨ੍ਹਾਂ ਕੋਲ ਕੋਈ ਲੀਡਰਸ਼ਿਪ ਨਹੀਂ ਸੀ, ਕੋਈ ਜਥੇਬੰਦੀ ਨਹੀਂ ਸੀ, ਕੋਈ ਵਿਜ਼ਨ ਨਹੀਂ ਸੀ, ਸਿਰਫ ਇੱਕੋ ਗੱਲ ਸੀ ਕਿ ਭਾਰਤੀ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਹੈ ਤੇ ਅਸੀਂ ਉਸਦਾ ਬਦਲਾ ਲੈਣਾ ਹੈ। ਭਾਰਤੀ ਸਟੇਟ ਦੀਆਂ ਏਜੰਸੀਆਂ ਤੇ ਸਿੱਖਾਂ ਦੇ ਸ਼ਾਤਰ ਲੀਡਰਾਂ ਵਲੋਂ ਸਿੱਖ ਨੌਜਵਾਨਾਂ ਨੂੰ ਬਦਲੇ ਹਾਲਾਤਾਂ ਵਿੱਚ ਸਹੀ ਸੇਧ ਦੇਣ ਦੀ ਥਾਂ ਸੰਤ ਭਿੰਡਰਾਂਵਾਲੇ ਦੀ ਕਿਸੇ ਸਪੀਚ ਵਿੱਚੋਂ ਦੋ ਲਾਈਨਾਂ ਮਿਸ਼ਨ ਦੇ ਤੌਰ 'ਤੇ ਫੜਾ ਦਿੱਤੀਆਂ: 'ਜੇ ਭਾਰਤੀ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ'। ਪਰ ਭਾਰਤ ਸਰਕਾਰ ਸਿੱਖਾਂ ਨੂੰ ਸਬਕ ਸਿਖਾਉਣ ਲਈ ਲੰਬੀ ਵਿਉਂਤਬੰਦੀ ਕਰ ਰਹੀ ਸੀ, ਜਿਸਨੂੰ ਸਿੱਖਾਂ ਦੀ ਨਰਮ ਦਲ ਜਾਂ ਗਰਮ ਦਲ ਲੀਡਰਸ਼ਿਪ ਸਮਝ ਨਾ ਸਕੀ ਤੇ ਉਸ ਵਹਿਣ ਵਿੱਚ ਨੌਜਵਾਨੀ ਨੂੰ ਵਹਿਣ ਦਿੱਤਾ, ਜਿਸਦਾ ਨਤੀਜਾ ਜਿਥੇ ਖਾੜਕੂਆਂ ਹੱਥੋਂ ਹਜਾਰਾਂ ਬੇਗੁਨਾਹ ਲੋਕਾਂ ਦੇ ਕਤਲੇਆਮ ਵਿੱਚ ਨਿਕਲਿਆ, ਉਥੇ ਪੁਲਿਸ ਵਲੋਂ ਅੰਨ੍ਹੇਵਾਹ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਹਜ਼ਾਰਾਂ ਨੌਜਵਾਨ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਬੇਸ਼ੱਕ 84 ਦੀਆਂ ਘਟਨਾਵਾਂ ਵੇਲੇ ਮੈਨੂੰ ਕੋਈ ਧਰਮ, ਰਾਜਨੀਤੀ ਆਦਿ ਬਾਰੇ ਕੋਈ ਸੋਝੀ ਨਹੀਂ ਸੀ। ਪਰ ਸਾਡੇ ਸਾਹਮਣੇ ਹੀ ਇਹ ਕੁਝ ਵਾਪਰਿਆ ਸੀ, ਇਸ ਦੌਰ ਵਿੱਚ ਹੀ ਅਸੀਂ ਜਵਾਨ ਹੋਏ ਤੇ ਬਹੁਤ ਕੁਝ ਆਪਣੇ ਪਿੰਡੇ ਤੇ ਵੀ ਹੰਢਾਇਆ। ਉਸ ਤੋਂ ਬਾਅਦ ਸਿੱਧੇ ਅਸਿੱਧੇ ਢੰਗ ਨਾਲ ਇਸ ਸਿੱਖ ਸੰਘਰਸ਼ ਵਿੱਚ ਵਿਚਰਦੇ ਰਹੇ, ਪਰ ਇੱਕ ਗੱਲ ਇਨ੍ਹਾਂ 36 ਸਾਲਾਂ ਵਿੱਚ ਜਰੂਰ ਮਹਿਸੂਸ ਕੀਤੀ ਕਿ 1984 ਵਿੱਚ ਹੀ ਵਾਪਰੇ ਦੋ ਵੱਡੇ ਘੱਲੂਘਾਰਿਆਂ ਬਾਰੇ ਸਿੱਖ ਗੁਰਦੁਆਰਿਆਂ, ਸਿੱਖ ਜਥੇਬੰਦੀਆਂ, ਸਿੱਖ ਵਿਦਵਾਨਾਂ ਵਿੱਚ ਕਦੇ ਸਾਰਥਿਕ ਵਿਚਾਰ ਨਹੀਂ ਹੋਈ। 1984 ਤੋਂ 1994 ਤੱਕ ਚੱਲੀ ਜਜ਼ਬਾਤੀ ਤੇ ਬੇਮੁਹਾਰੀ ਖਾੜਕੂ ਲਹਿਰ ਬਾਰੇ ਕਦੇ ਕਿਸੇ ਨੇ ਨਿਰਪੱਖਤਾ ਨਾਲ ਵਿਸ਼ਲੇਸ਼ਣ ਨਹੀਂ ਕੀਤਾ। ਵੈਸੇ ਤਾਂ ਪੰਜਾਬੀ ਸਿੱਖ ਸੁਭਾਅ ਪੱਖੋਂ ਜਜ਼ਬਾਤੀ ਤੇ ਉਲਾਰ ਬਿਰਤੀ ਵਾਲੇ ਲੋਕ ਹਨ ਤੇ ਇਨ੍ਹਾਂ ਨੂੰ ਸ਼ਾਤਰ ਲੀਡਰ ਹਮੇਸ਼ਾਂ ਗਰਮ ਤੇ ਜਜ਼ਬਾਤੀ ਨਾਹਰਿਆਂ ਰਾਹੀਂ ਵਰਤ ਜਾਂਦੇ ਰਹੇ ਹਨ, ਪਰ ਪਿਛਲੇ 36 ਸਾਲਾਂ ਦੇ ਵੱਡੇ ਨੁਕਸਾਨਾਂ ਤੋਂ ਬਾਅਦ ਕੋਈ ਸਬਕ ਸਿੱਖਣ, ਜਥੇਬੰਧਕ ਢੰਗ ਨਾਲ ਕੰਮ ਕਰਨ, ਲਹਿਰ ਦਾ ਵਿਸ਼ਲੇਸ਼ਣ ਕਰਨ ਦੀ ਥਾਂ ਅਜੇ ਤੱਕ ਵੀ ਸਭ ਪਾਸੇ ਜਜ਼ਬਾਤੀ ਤੇ ਸ਼ਾਤਰ ਲੋਕ ਹੀ ਭਾਰੂ ਹਨ ਤੇ ਉਹ ਇਤਨੇ ਹਮਲਾਵਰ ਹਨ ਕਿ ਜੇ ਕੋਈ ਸੁਹਿਰਦ ਯਤਨ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਗਦਾਰ, ਡਰਪੋਕ, ਏਜੰਸੀਆਂ ਦੇ ਬੰਦੇ ਆਦਿ ਦੇ ਇਲਜਾਮ ਲਗਾ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਇਸ ਸੰਘਰਸ਼ ਨਾਲ ਜੁੜੇ ਬਹੁਤ ਲੋਕ ਅਜਿਹੇ ਵੀ ਹਨ, ਜਿਨ੍ਹਾਂ ਦੀ ਲੀਡਰਸ਼ਿਪ ਇਨ੍ਹਾਂ ਘਟਨਾਵਾਂ ਤੇ ਕਾਬਿਜ ਧਿਰਾਂ ਨਾਲ ਹੀ ਜੁੜੀ ਹੋਈ ਹੈ ਤੇ ਉਹ ਨਾ ਕੁਝ ਆਪ ਕਰਦੇ ਹਨ ਤੇ ਨਾ ਹੀ ਕਿਸੇ ਨੂੰ ਕੁਝ ਕਰਨ ਦਿੰਦੇ ਹਨ। ਉਹ ਲੋਕ ਹੀ ਗੁਰਦੁਆਰਿਆਂ (ਖਾਸਕਰ ਵਿਦੇਸ਼ਾਂ ਵਿੱਚ) ਤੇ ਕਾਬਿਜ ਹਨ ਤੇ ਉਹ ਕੁਝ ਵੀ ਠੀਕ ਹੋਣ ਨਹੀਂ ਦੇਣਾ ਚਾਹੁੰਦੇ ਤਾਂ ਕਿ ਉਨ੍ਹਾਂ ਦੀ ਸਰਦਾਰੀ ਬਣੀ ਰਹੇ। ਇਸ ਲੇਖ ਨੂੰ ਲਿਖਣ ਦਾ ਮੇਰਾ ਮਕਸਦ, ਜਿਥੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਨੀਆਂ ਹੈ, ਉਥੇ ਸੁਹਿਰਦ ਵਿਦਵਾਨਾਂ ਤੇ ਸੂਝਵਾਨ ਲੀਡਰਾਂ ਨੂੰ ਸੁਨੇਹਾ ਦੇਣਾ ਹੈ ਕਿ ਪਿਛਲੇ 36 ਸਾਲਾਂ ਵਿੱਚ ਜ਼ਜ਼ਬਾਤੀ ਵਹਿਣ ਵਿੱਚ ਬੈਠ ਕੇ ਤੇ ਨਾ-ਅਹਿਲ ਲੀਡਰਸ਼ਿਪ ਕਰਕੇ ਸਿੱਖਾਂ, ਪੰਜਾਬੀਆਂ ਤੇ ਪੰਜਾਬ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ, ਹੁਣ ਸਿੱਖ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ ਹਨ, ਸਗੋਂ ਸਾਰੀ ਦੁਨੀਆਂ ਵਿੱਚ ਫੈਲ ਚੁੱਕੇ ਹਨ। ਸਾਡੇ ਸਾਰੇ ਮੁੱਦੇ ਹੁਣ ਉਹ ਨਹੀਂ ਰਹੇ, ਜਦੋਂ ਅਸੀਂ ਸਿਰਫ ਪੰਜਾਬ ਜਾਂ ਭਾਰਤ ਤੱਕ ਸੀਮਤ ਸਾਂ। ਸਾਡੀ ਵੱਡੀ ਗਿਣਤੀ ਵਿਦੇਸ਼ਾਂ ਵਿੱਚ ਵਸਦੀ ਹੈ। 1984 ਤੋਂ ਬਾਅਦ ਦੇਸ਼-ਵਿਦੇਸ਼ ਵਿੱਚ ਪੈਦਾ ਹੋਈ ਨਵੀਂ ਜਨਰੇਸ਼ਨ ਦੀ ਇੱਕ ਆਪਣੀ ਸੋਚ ਹੈ, ਉਨ੍ਹਾਂ ਦੇ ਆਪਣੇ ਮਸਲੇ ਹਨ, ਉਨ੍ਹਾਂ ਨੂੰ ਵੱਖਰੇ ਚੈਲਿੰਜ ਹਨ, ਇਸ ਲਈ ਸਾਨੂੰ ਹੁਣ ਸਿਰਫ ਪੰਜਾਬ ਦੇ ਪੱਖ ਤੋਂ ਹੀ ਨਹੀਂ, ਸੰਸਾਰ ਪੱਧਰ ਤੇ ਵੱਸਦੇ ਸਿੱਖਾਂ ਦੇ ਪੱਖ ਤੋਂ ਵੀ ਵਿਚਾਰਨ ਦੀ ਲੋੜ ਹੈ। ਮੈਂ ਇਨ੍ਹਾਂ 36 ਸਾਲਾਂ ਵਿੱਚ ਜੋ ਦੇਖਿਆ, ਸਮਝਿਆ ਤੇ ਅਨੁਭਵ ਕੀਤਾ, ਉਸ ਬਾਰੇ ਇਤਿਹਾਸਕ ਪੱਖ ਤੋਂ ਆਪਣੇ ਵਿਚਾਰ ਇਸ ਮਕਸਦ ਨਾਲ ਲਿਖ ਰਿਹਾ ਹਾਂ ਤਾਂ ਕਿ ਪੰਜਾਬੀ ਸਿੱਖਾਂ ਵਿੱਚ 84 ਤੋਂ ਵਾਪਰ ਰਹੀਆਂ ਘਟਨਾਵਾਂ ਨੂੰ ਜਜ਼ਬਾਤੀ ਤੇ ਉਲਾਰ ਪਹੁੰਚ ਦੀ ਥਾਂ ਸੁਹਿਰਦਤਾ ਨਾਲ ਵਿਚਾਰਨ ਦੀ ਗੱਲ ਤੁਰ ਸਕੇ।

ਮੇਰਾ ਇਹ ਮੰਨਣਾ ਹੈ ਕਿ ਦਸ ਗੁਰੂ ਸਾਹਿਬਾਨ ਵਲੋਂ ਗੁਰਬਾਣੀ ਰਾਹੀਂ ਜੋ ਵਿਚਾਰਧਾਰਾ ਮਨੁੱਖਤਾ ਨੂੰ ਦਿੱਤੀ ਗਈ ਸੀ, ਉਹ ਪੁਜਾਰੀਆਂ ਅਧਾਰਿਤ ਪ੍ਰਚਲਤ ਜਥੇਬੰਦਕ ਧਾਰਮਿਕ ਦੇ ਖਿਲਾਫ ਸੀ, ਉਨ੍ਹਾਂ ਦਾ ਮਕਸਦ ਦੂਜੇ ਫਿਰਕਿਆਂ ਨੂੰ ਰੱਦ ਕਰਕੇ ਕੋਈ ਨਵਾਂ ਫਿਰਕਾ ਬਣਾਉਣਾ ਨਹੀਂ ਸੀ, ਜਿਸ ਤਰ੍ਹਾਂ ਦਾ ਅੱਜ ਬਣਾ ਦਿੱਤਾ ਗਿਆ ਹੈ ਅਤੇ ਨਾ ਹੀ ਦੂਜਿਆਂ ਦੇ ਕਰਮਕਾਂਡਾਂ ਨੂੰ ਰੱਦ ਕਰਕੇ ਆਪਣੇ ਨਵੇਂ ਕਰਮਕਾਂਡ ਸ਼ੁਰੂ ਕਰਨਾ ਸੀ। ਗੁਰੂਆਂ ਦੀ ਲਹਿਰ ਧਰਮਾਂ, ਫਿਰਕਿਆਂ ਦੇ ਪੁਜਾਰੀਆਂ ਵਲੋਂ ਸਮੇਂ ਦੇ ਹਾਕਮਾਂ ਤੇ ਸਰਮਾਏਦਾਰਾਂ ਨਾਲ ਰਲ਼ ਕੇ ਕੀਤੀ ਜਾ ਰਹੀ ਲੁੱਟ ਖਿਲਾਫ ਮਨੁੱਖਤਾਵਾਦੀ ਇਨਕਲਾਬੀ ਲਹਿਰ ਸੀ ਤੇ ਅਜਿਹੇ ਸਮਾਜ ਦੀ ਸਿਰਜਣਾ ਸੀ, ਜਿਥੇ ਸਾਰੇ ਲੋਕ ਧਰਮਾਂ, ਕੌਮਾਂ, ਜਾਤਾਂ, ਨਸਲਾਂ ਦੇ ਝਗੜਿਆਂ ਤੋਂ ਉਪਰ ਉਠ ਕੇ ਮਨੁੱਖ ਦੇ ਤੌਰ ਤੇ ਭਾਈ-ਭਾਈ ਬਣ ਕੇ ਰਹਿ ਸਕਣ। ਉਨ੍ਹਾਂ ਦਾ ਸੰਘਰਸ਼ ਸਮਾਜ ਤੇ ਕਾਬਿਜ ਧਾਰਮਿਕ ਪੁਜਾਰੀਆਂ, ਸਿਆਸੀ ਹਾਕਮਾਂ ਤੇ ਸਰਮਾਏਦਾਰ ਲੁਟੇਰਿਆਂ ਖਿਲਾਫ ਸੀ। ਪਰ ਗੁਰੂਆਂ ਦੇ ਸਮੇਂ ਹੀ ਉਨ੍ਹਾਂ ਦੇ ਵਿਰੋਧੀਆਂ ਨੇ ਸਿੱਖ ਲਹਿਰ ਨੂੰ ਕੁਰਾਹੇ ਪਾਉਣ ਲਈ ਬਾਨਣੂੰ ਬੰਨ੍ਹ ਲਏ ਸਨ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਗੁਰੂ ਘਰ ਵਿਰੋਧੀ ਤਾਕਤਾਂ ਸਿੱਖੀ ਤੇ ਕਾਬਿਜ ਹੋ ਗਈਆਂ ਸਨ। 18ਵੀਂ ਸਦੀ ਵਿੱਚ ਗੁਰੂਆਂ ਦੀ ਵਿਚਾਰਧਾਰਾ ਦੀਆਂ ਅਸਲੀ ਵਾਰਿਸ ਧਿਰਾਂ ਮੌਕੇ ਦੀਆਂ ਮੁਗਲੀਆਂ ਹਕੂਮਤਾਂ ਖਿਲਾਫ ਲੜਦੀਆਂ ਰਹੀਆਂ ਤੇ ਜਦੋਂ ਉਨ੍ਹਾਂ ਦੇ ਸੰਘਰਸ਼ ਨਾਲ ਰਾਜ ਪ੍ਰਬੰਧ ਦੇ ਹਾਲਾਤ ਬਣੇ ਤਾਂ ਮਹਾਰਾਜਾ ਰਣਜੀਤ ਸਿੰਘ ਰਾਹੀਂ ਉਹੀ ਵਿਰੋਧੀ ਤਾਕਤਾਂ ਫਿਰ ਆ ਕਾਬਿਜ ਹੋਈਆਂ। ਇਸ ਸਮੇਂ ਦੌਰਾਨ ਹੀ ਸਿੱਖ ਲਹਿਰ ਨੂੰ ਹੋਰ ਫਿਰਕਿਆਂ ਵਰਗਾ ਪੁਜਾਰੀ ਅਧਾਰਿਤ ਧਾਰਮਿਕ ਫਿਰਕਾ ਬਣਾਉਣ ਲਈ ਭਰਪੂਰ ਯਤਨ ਕੀਤੇ ਗਏ। ਅੰਗਰੇਜ਼ਾਂ ਵਲੋਂ ਸਾਜਿਸ਼ਾਂ ਤੇ ਲੜਾਈਆਂ ਨਾਲ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਕਰਨ ਤੋਂ ਬਾਅਦ ਇਨ੍ਹਾਂ ਵਿਰੋਧੀ ਤਾਕਤਾਂ ਨੂੰ ਅੰਗਰੇਜਾਂ ਵਲੋਂ ਆਪਣੇ ਹਿੱਤਾਂ ਲਈ ਯੋਜਨਾਬੱਧ ਢੰਗ ਨਾਲ ਕਾਬਿਜ ਕਰਾਇਆ ਗਿਆ। 18ਵੀਂ ਸਦੀ ਵਾਂਗ 19ਵੀਂ ਤੇ 20ਵੀਂ ਸਦੀ ਵਿੱਚ ਵੀ ਇਨਕਲਾਬੀ ਸਿੱਖ ਵੱਖ-ਵੱਖ ਢੰਗਾਂ ਨਾਲ ਅੰਗਰੇਜ਼ਾਂ ਖਿਲਾਫ ਲੜਦੇ ਰਹੇ। ਪਰ ਸਿੱਖੀ ਤੇ ਕਾਬਿਜ ਧਿਰਾਂ ਗੁਰੂ ਦੇ ਵਾਰਿਸਾਂ ਖਿਲਾਫ ਸਾਜ਼ਿਸ਼ਾਂ ਕਰਦੀਆਂ ਰਹੀਆਂ ਤੇ ਅੰਗਰੇਜਾਂ ਨਾਲ ਰਲ਼ ਕੇ ਚੱਲਦੀਆਂ ਰਹੀਆਂ। ਜਦੋਂ ਅੰਗਰੇਜ ਭਾਰਤ ਛੱਡ ਕੇ ਗਏ ਤਾਂ ਇਹੀ ਵਿਰੋਧੀ ਤਾਕਤਾਂ ਨਵੇਂ ਬਣੇ ਦੇਸੀ ਹਾਕਮਾਂ ਨਾਲ ਰਲ਼ ਕੇ ਸਰਕਾਰੀ ਮੌਜਾਂ ਮਾਨਣ ਲੱਗੀਆਂ। ਪਰ ਇਸ ਸਾਰੇ ਵਰਤਾਰੇ ਵਿੱਚੋਂ ਇੱਕ ਗੱਲ ਗੱਲ ਹੋਰ ਸਮਝਣ ਵਾਲੀ ਹੈ ਕਿ ਗੁਰੂਆਂ ਵਲੋਂ ਆਪਣੇ 239 ਸਾਲਾਂ ਦੇ ਸਮੇਂ ਵਿੱਚ ਪੁਜਾਰੀਆਂ ਵਾਲੇ ਧਾਰਮਿਕ ਫਿਰਕਿਆਂ ਵਲੋਂ ਮੌਕੇ ਦੇ ਹਾਕਮਾਂ ਨਾਲ ਰਲ਼ ਕੇ ਧਰਮ ਦੇ ਨਾਮ ਤੇ ਲੋਕਾਂ ਨੂੰ ਕਰਮਕਾਂਡਾਂ, ਵਹਿਮਾਂ-ਭਰਮਾਂ, ਪੂਜਾ-ਪਾਠਾਂ ਰਾਹੀਂ ਮਚਾਈ ਲੁੱਟ ਦੇ ਖਿਲਾਫ ਜੋ ਮਨੁੱਖਤਾਵਾਦੀ ਪੈਂਤੜੇ ਤੋਂ ਲਹਿਰ ਖੜੀ ਕੀਤੀ ਸੀ, ਉਹ ਸਿੱਖਾਂ ਵਿੱਚੋਂ ਕਦੇ ਖਤਮ ਨਹੀਂ ਹੋਈ, ਬੇਸ਼ਕ ਗੁਰੂਆਂ ਦੇ ਸਮੇਂ ਤੋਂ ਵਿਰੋਧੀ ਪਹਿਲਾਂ ਗੁਰੂਆਂ ਖਿਲਾਫ ਤੇ ਫਿਰ ਇਸ ਵਿਚਾਰਧਾਰਾ ਦੇ ਵਾਰਿਸਾਂ ਖਿਲਾਫ ਹਮਲਾਵਰ ਹੋ ਗਏ ਸਨ ਤੇ ਅਖੀਰ ਸਿੱਖੀ ਤੇ ਕਾਬਿਜ ਹੋ ਕੇ ਇਸ ਲਹਿਰ ਨੂੰ ਇੱਕ ਛੋਟਾ ਜਿਹਾ ਧਾਰਮਿਕ ਫਿਰਕਾ ਬਣਾ ਦਿੱਤਾ ਸੀ, ਪਰ ਗੁਰੂ ਦੇ ਅਸਲੀ ਸਿੱਖ ਮੁਗਲਾਂ ਦੇ ਸਮੇਂ ਵੀ, ਅੰਗਰੇਜਾਂ ਦੇ ਸਮੇਂ ਵੀ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਹੱਕ ਸੱਚ ਇਨਸਾਫ ਲਈ ਮਨੁੱਖਤਾਵਾਦੀ ਨਜ਼ਰੀਏ ਤੋਂ ਲੜਦੇ ਰਹੇ ਸਨ। ਅੰਗਰੇਜਾਂ ਨੇ ਜਿਥੇ ਸਿੱਖਾਂ ਨੂੰ ਜਥੇਬੰਧਕ ਧਾਰਮਿਕ ਫਿਰਕਾ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ, ਉਥੇ ਸਿੱਖਾਂ ਦੇ ਇਨਕਲਾਬੀ ਤੱਤ ਨੂੰ ਵਰਤਣ ਲਈ ਆਪਣੀਆਂ ਫੌਜਾਂ ਵਿੱਚ ਭਰਤੀ ਕਰਕੇ ਸਰਕਾਰ ਭਗਤ ਬਣਾਉਣ ਦੇ ਸੁਚੇਤ ਯਤਨ ਕੀਤੇ, ਜੋ ਕਿ ਬਾਅਦ ਵਿੱਚ ਮੌਜੂਦਾ ਭਾਰਤੀ ਹਾਕਮਾਂ ਦੇ ਕੰਮ ਆਏ। ਅੰਗਰੇਜਾਂ ਦੇ ਜਾਣ ਤੋਂ ਬਾਅਦ ਜਿਥੇ ਨਵੇਂ ਹਿੰਦੂ ਹਾਕਮਾਂ ਨੇ ਨਹਿਰੂ ਦੇ ਜਮਾਨੇ ਤੋਂ ਹੀ ਸਿੱਖਾਂ ਨੂੰ ਬ੍ਰਾਹਮਣਵਾਦੀ ਰੰਗ ਵਿੱਚ ਰੰਗਣ ਦੇ ਯੋਜਨਬੱਧ ਯਤਨ ਆਰੰਭ ਦਿੱਤੇ ਸਨ, ਉਥੇ ਬੜੇ ਸਾਜ਼ਿਸ਼ੀ ਢੰਗ ਨਾਲ ਗਰਮ ਖਿਆਲੀ ਜਾਂ ਇਨਕਲਾਬੀ ਹਲਕਿਆਂ ਨੂੰ ਗੁਰੂਆਂ ਦੇ ਮਨੁੱਖਤਾਵਾਦੀ ਪੱਖ ਤੋਂ ਸੋਚਣ ਜਾਂ ਕੁਝ ਕਰਨ ਦੀ ਥਾਂ ਫਿਰਕਾਵਾਦੀ ਨਜ਼ਰੀਏ ਤੋਂ ਕੁਝ ਕਰਨ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ ਤਾਂ ਕਿ ਸਮਾਂ ਆਉਣ ਤੇ ਆਪਣੇ ਹਿੱਤਾਂ ਲਈ ਵਰਤ ਕੇ ਹਿੰਦੂ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਅੱਤਵਾਦ ਦਾ ਰੂਪ ਦਿੱਤਾ ਜਾ ਸਕੇ। ਇਸ ਕੰਮ ਲਈ ਪਹਿਲਾਂ ਨਹਿਰੂ ਸਰਕਾਰ ਨੇ ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ ਆਦਿ ਵਰਗੇ ਸਿੱਖ ਲੀਡਰਾਂ ਰਾਹੀਂ ਤੇ ਬਾਅਦ ਵਿੱਚ ਇੰਦਰਾ ਗਾਂਧੀ ਨੇ ਗਿਆਨੀ ਜੈਲ ਸਿੰਘ ਤੇ ਦਰਬਾਰਾ ਸਿੰਘ ਵਰਗੇ ਸਿੱਖ ਲੀਡਰਾਂ ਰਾਹੀਂ ਸਿੱਖਾਂ ਵਿੱਚ ਅੱਤਵਾਦ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਸਨ। ਉਸ ਵਕਤ ਤੱਕ ਸਿੱਖ ਵੀ ਗੁਰੂਆਂ ਦੀ ਮਨੁੱਖਤਾਵਾਦੀ ਪਹੁੰਚ ਛੱਡ ਕੇ ਸਿੱਖ ਫਿਰਕੇ ਦੇ ਨਜ਼ਰੀਏ ਤੋਂ ਸੋਚਣ ਲੱਗ ਪਏ ਸਨ ਤੇ ਵੈਸੇ ਵੀ ਸਿੱਖ ਧਰਮ ਵੀ ਹੋਰ ਫਿਰਕਿਆਂ ਵਰਗਾ ਇੱਕ ਛੋਟਾ ਜਿਹਾ ਧਾਰਮਿਕ ਫਿਰਕਾ ਬਣ ਗਿਆ ਸੀ, ਜਿਸਨੂੰ ਉਨ੍ਹਾਂ 'ਵੱਖਰੀ ਕੌਮ' ਤੇ 'ਵੱਖਰਾ ਧਰਮ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਪਹਿਲਾਂ ਨਹਿਰੂ ਤੇ ਬਾਅਦ ਵਿੱਚ ਇੰਦਰਾ ਦੇ ਸਮੇਂ ਹੀ ਭਾਰਤੀ ਸਟੇਟ ਨੇ ਬੇਸ਼ਕ ਬਾਹਰੋਂ ਧਰਮ ਨਿਰਪੱਖਤਾ (ਸੈਕੂਲਰਿਜ਼ਮ) ਦਾ ਬੁਰਕਾ ਪਾ ਲਿਆ ਸੀ, ਪਰ ਅੰਦਰੋਂ ਬਹੁ ਗਿਣਤੀ ਹਿੰਦੂ ਭਾਈਚਾਰੇ ਨੂੰ ਇਹ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੱਤਾ ਸੀ ਕਿ ਹੁਣ ਹਜਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਉਨ੍ਹਾਂ ਦਾ ਰਾਮ ਰਾਜ ਆ ਗਿਆ ਹੈ। ਇਸ ਲਈ ਉਨ੍ਹਾਂ ਅਜਿਹੀਆਂ ਨੀਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਸ ਨਾਲ ਬਹੁ ਗਿਣਤੀ ਨੂੰ ਖੁਸ਼ ਕਰਨ ਲਈ ਘੱਟ ਗਿਣਤੀਆਂ ਤੇ ਦਬਾਅ ਬਣਾ ਕੇ ਰੱਖਿਆ ਜਾ ਸਕੇ ਤਾਂ ਕਿ ਇੱਕ ਤਾਂ ਉਹ ਆਪਣੇ ਆਪ ਨੂੰ ਅੁਰੱਖਿਅਤ ਸਮਝ ਕੇ ਕਾਂਗਰਸ ਨਾਲ ਜੁੜੀਆਂ ਰਹਿਣ ਤੇ ਦੂਜਾ ਅਜਿਹੇ ਗਰਮ ਖਿਆਲੀ ਤੱਤਾਂ ਨੂੰ ਉਭਾਰਿਆ ਜਾਂਦਾ ਰਿਹਾ, ਜਿਨ੍ਹਾਂ ਰਾਹੀਂ ਕਿਸੇ ਵੇਲੇ ਵੀ ਘੱਟ ਗਿਣਤੀਆਂ ਤੇ ਅੱਤਵਾਦ ਦਾ ਠੱਪਾ ਲਾ ਕੇ ਦੇਸ਼ ਦੀ ਏਕਤਾ ਅਖੰਡਤਾ ਨੂੰ ਖਤਰਾ ਦੱਸ ਕੇ ਉਨ੍ਹਾਂ ਨੂੰ ਦਬਾਇਆ ਜਾਵੇ ਤੇ ਬਹੁ ਗਿਣਤੀ ਨੂੰ ਖੁਸ਼ ਕਰਕੇ, ਇਹ ਅਹਿਸਾਸ ਦਿਵਾਇਆ ਜਾਵੇ ਕਿ ਹੁਣ ਹਿੰਦੂਆਂ ਦਾ ਰਾਜ ਹੈ, ਘੱਟ ਗਿਣਤੀਆਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਤੇ ਰਹਿਣਾ ਪਵੇਗਾ।ਪੰਜਾਬ ਵਿੱਚ ਇਸਦਾ ਸਫਲ ਤਜੁਰਬਾ ਸਿੱਖਾਂ ਤੇ ਕੀਤਾ ਗਿਆ। ਇਸ ਲਈ ਸਿੱਖਾਂ ਵਿੱਚ ਕੱਟੜ ਧਾਰਮਿਕ ਗਰੁੱਪ ਟਕਸਾਲ (ਜਥਾ ਭਿੰਡਰਾਂ) ਤੇ ਅਖੰਡ ਕੀਰਤਨੀ ਜਥੇ (ਬੱਬਰ ਖਾਲਸਾ) ਨੂੰ ਚੁਣਿਆ ਗਿਆ। ਇੱਕ ਪਾਸੇ ਸਿੱਖਾਂ ਵਿਚੋਂ ਨਿਕਲੇ ਨਵੇਂ ਫਿਰਕੇ ਨਿਰੰਕਾਰੀ ਮਿਸ਼ਨ, ਰਾਧਾ ਸਵਾਮੀ ਮੱਤ (ਬਾਅਦ ਵਿੱਚ ਸਰਸੇ ਵਾਲਾ ਸੱਚਾ ਸੌਦਾ, ਭਨਿਆਰੇ ਵਾਲਾ, ਅਸ਼ੂਤੋਸ਼ ਆਦਿ) ਨੂੰ ਸ਼ਹਿ ਦਿੱਤੀ ਗਈ ਤੇ ਦੂਜੇ ਪਾਸੇ ਟਕਸਾਲ ਤੇ ਅਖੰਡ ਕੀਰਤਨੀ ਜਥੇ ਨੂੰ ਹਥਿਆਬੰਦ ਹੋ ਕੇ ਨਿਰੰਕਾਰੀ ਮਿਸ਼ਨ ਖਿਲਾਫ ਕਾਰਵਾਈਆਂ ਲਈ ਉਕਸਾਇਆ ਗਿਆ। ਜਿਸਦਾ ਨਤੀਜਾ 1978 ਦਾ ਅੰਮ੍ਰਿਤਸਰ ਦਾ ਖੂਨੀ ਕਾਂਡ ਬਣਿਆ, ਜਿਸ ਵਿੱਚ 13 ਸਿੱਖ ਸ਼ਹੀਦ ਹੋਏ। ਇਥੇ ਇਹ ਵੀ ਵਰਨਣਯੋਗ ਹੈ ਕਿ ਜਦੋਂ ਤੱਕ ਤਾਂ ਪੰਜਾਬ ਇਕੱਠਾ ਸੀ, ਉਸ ਵਕਤ ਤੱਕ ਤਾਂ ਪੰਜਾਬ ਵਿੱਚ ਹਿੰਦੂ ਬਹੁ ਗਿਣਤੀ ਸੀ ਤੇ ਉਨ੍ਹਾਂ ਦਾ ਹੀ ਰਾਜ ਸੀ, ਪਰ ਜਦੋਂ ਸਿੱਖਾਂ ਖਿਲਾਫ ਨਹਿਰੂ ਨੇ ਆਪਣੀ ਨਵੀਂ ਨੀਤੀ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਸੀ ਤਾਂ ਅਕਾਲੀਆਂ ਨੂੰ ਇਹ ਲੱਗਣਾ ਸ਼ੁਰੂ ਹੋ ਗਿਆ ਕਿ ਅਸੀਂ ਬਹੁਗਿਣਤੀ ਦੇ ਦਬਾਅ ਹੇਠ ਦਬ ਕੇ ਰਹਿ ਜਾਵਾਂਗੇ ਤੇ ਸਾਨੂੰ ਰਾਜ ਕਰਨ ਦਾ ਕਦੇ ਮੌਕਾ ਨਹੀਂ ਮਿਲੇਗਾ। ਇਸ ਲਈ ਜੇ ਪੰਜਾਬ ਵਿੱਚ ਸਿੱਖਾਂ (ਅਕਾਲੀਆਂ) ਨੇ ਰਾਜ ਕਰਨਾ ਹੈ ਤਾਂ ਜੇ ਸਿੱਖ ਰਾਜ ਦਾ ਨਾਹਰਾ ਦਿੱਤਾ ਤਾਂ ਸਟੇਟ ਨੇ ਸਾਨੂੰ ਵੱਖਵਾਦੀ ਕਹਿ ਕੇ ਭੰਡਣਾ ਹੈ ਤੇ ਅਸੀਂ ਭਾਰਤੀ ਸਟੇਟ ਖਿਲਾਫ ਲੜਨ ਯੋਗੇ ਨਹੀਂ ਹਾਂ, ਪਰ ਜੇ ਪੰਜਾਬ ਵਿੱਚ ਸਿੱਖਾਂ ਦੀ ਬਹੁ ਗਿਣਤੀ ਬਣਾਉਣ ਲਈ ਪੰਜਾਬੀ ਸੂਬੇ ਦੀ ਮੰਗ ਰੱਖੀ ਜਾਵੇ ਤਾਂ ਸਾਡੇ ਦੋਨੋਂ ਮਸਲੇ ਹੱਲ ਹੋ ਸਕਦੇ ਹਨ, ਵੈਸੇ ਵੀ ਇਹ ਮੰਗ ਵਾਜਿਬ ਸੀ ਕਿਉਂਕਿ ਭਾਰਤ ਵਿੱਚ ਅਨੇਕਾਂ ਸੂਬੇ ਭਾਸ਼ਾ ਦੇ ਅਧਾਰ ਤੇ ਬਣਾਏ ਜਾ ਚੁੱਕੇ ਸਨ।ਕਾਂਗਰਸ ਤੇ ਹਿੰਦੂ ਲੀਡਰਸ਼ਿਪ ਇਹ ਸਭ ਸਮਝਦੀ ਸੀ, ਇਸ ਲਈ ਉਸ ਸਮੇਂ ਤੋਂ ਹੀ ਉਨ੍ਹਾਂ ਨੇ ਇੱਕ ਪਾਸੇ ਪੰਜਾਬ ਦੇ ਹਿੰਦੂਆਂ ਨੂੰ ਸਿੱਖਾਂ ਖਿਲਾਫ ਖੜਾ ਕਰ ਲਿਆ (ਪੰਜਾਬੀ ਨੂੰ ਮਾਂ ਬੋਲੀ ਲਿਖਵਾਉਣ ਤੋਂ ਵੀ ਮੁਕਰਾ ਲਿਆ) ਤੇ ਦੂਜੇ ਪਾਸੇ ਸੈਕੂਲਰਿਜ਼ਮ ਦੀ ਆੜ ਹੇਠ ਜੋੜੀਆਂ ਹੋਈਆਂ ਕਮਿਊਨਿਸਟ ਪਾਰਟੀਆਂ ਤੇ ਕਮਿਊਨਿਸਟ ਵਿਦਵਾਨਾਂ (ਯਾਦ ਰਹੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਤੇ ਕਮਿਊਨਿਸਟ ਵਿਦਵਾਨਾਂ ਵਿੱਚ ਬਹੁ-ਗਿਣਤੀ ਜੱਟ ਸਿੱਖਾਂ ਦੀ ਹੀ ਹੈ) ਨੂੰ ਵੀ ਦੇਸ਼ ਦੀ ਏਕਤਾ ਤੇ

(ਸ਼ਫਾ ਸ਼ਫਾ 16 'ਤੇ)

# ਪੱਤਰਕਾਰਾਂ ਵਿਰੁੱਧ ਪਰਚੇ : ਨਿਸ਼ਾਨਾ ਪੱਤਰਕਾਰ ਨਹੀਂ ਪੱਤਰਕਾਰੀ ਹੈ



ਬੂਟਾ ਸਿੰਘ ਨਵਾਂਸ਼ਹਿਰ
94634-74342







ਕਸ਼ਮੀਰ ਘਾਟੀ ਵਿਚ ਦੋ ਦਿਨਾਂ ਦੇ ਅੰਦਰ ਤਿੰਨ ਪੱਤਰਕਾਰਾਂ ਉੱਪਰ ਸੰਗੀਨ ਇਲਜ਼ਾਮਾਂ ਤਹਿਤ ਕੇਸ ਦਰਜ ਕਰਨ ਦਾ ਵਰਤਾਰਾ ਭਾਰਤੀ ਰਾਜ ਵਿਚ ਸੱਚੀ ਪੱਤਰਕਾਰੀ ਨੂੰ ਦਰਪੇਸ਼ ਖ਼ਤਰਿਆਂ ਦਾ ਮੂੰਹ ਬੋਲਦਾ ਸਬੂਤ ਹੈ। ਇਸ ਤੋਂ ਤਿੱਖਾ ਵਿਅੰਗ ਕੀ ਹੋ ਸਕਦਾ ਹੈ ਕਿ ਜਿਹੜਾ ਸਟੇਟ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਹੋਣ ਦੇ ਦਾਅਵਾ ਕਰਦਾ ਹੈ ਉਸ ਵਿਚ ਸੋਸ਼ਲ ਮੀਡੀਆ ਪੋਸਟਾਂ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਮੰਨਿਆ ਜਾ ਰਿਹਾ ਹੈ। ਕਸ਼ਮੀਰ ਵਿਚ ਸੋਸ਼ਲ ਮੀਡੀਆ ਦੀ 'ਦੁਰਵਰਤੋਂ' ਨੂੰ ਲੈ ਕੇ 13 ਪਰਚੇ ਦਰਜ ਕੀਤੇ ਜਾ ਚੁੱਕੇ ਹਨ। ਦਿੱਲੀ ਦਰਬਾਰ ਅਤੇ ਇਸ ਦੇ ਹੁਕਮਾਂ ਨੂੰ ਸਤਿ-ਬਚਨ ਕਹਿ ਕੇ ਮੰਨ ਰਹੇ ਸਥਾਨਕ ਸਰਕਾਰੀਤੰਤਰ ਲਈ ਪੱਤਰਕਾਰੀ ਅਤੇ ਸਾਈਬਰ ਕ੍ਰਾਈਮ ਇੱਕੋ ਸਿੱਕੇ ਦੇ ਦੋ ਪਾਸੇ ਹਨ। ਕਿਸੇ ਵੀ ਨਿਊਜ਼ ਰਿਪੋਰਟ ਨੂੰ ਸਾਈਬਰ ਕ੍ਰਾਈਮ ਕਰਾਰ ਦਿੱਤਾ ਜਾ ਸਕਦਾ ਹੈ। ਪੁਲਿਸ ਨੂੰ ਦਿੱਤੀ ਬੇਲਗਾਮ ਖੁੱਲ੍ਹ ਦਾ ਆਲਮ ਇਹ ਹੈ ਕਿ ਸਾਈਬਰ ਕ੍ਰਾਈਮ ਥਾਣੇ ਦੇ ਅਧਿਕਾਰੀ ਯੂਏਪੀਏ ਦੇ ਪਰਚੇ ਦਰਜ ਕਰ ਰਹੇ ਹਨ, ਜਿਹਨਾਂ ਦਾ ਇਹ ਅਧਿਕਾਰ-ਖੇਤਰ ਹੀ ਨਹੀਂ ਹੈ। ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂਏਪੀਏ) ਦੇ ਕੇਸਾਂ ਵਿਚ ਪੱਤਰਕਾਰਾਂ ਨੂੰ ਫਸਾਉਣਾ ਦਰਸਾਉਂਦਾ ਹੈ ਕਿ ਇਹ ਸਮੂਹ ਪੱਤਰਕਾਰਾਂ ਲਈ ਇਕ ਸੰਦੇਸ਼ ਹੈ। ਸਟੇਟ ਦੀ ਮਨਸ਼ਾ ਈਮਾਨਦਾਰੀ ਨਾਲ ਪ੍ਰੋਫੈਸ਼ਨਲ ਡਿਊਟੀ ਨਿਭਾ ਰਹੇ ਪੱਤਰਕਾਰਾਂ ਨੂੰ ਸਥਾਪਤੀ ਦੇ ਤੋਤੇ ਬਣਾਉਣ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰਕੇ ਹਾਲਾਤ ਦੀ ਪੇਸ਼ਕਾਰੀ ਸੱਤਾ ਦੀ ਇੱਛਾ ਅਨੁਸਾਰ ਕਰਵਾਉਣ ਦੀ ਹੈ।

ਫ਼ੋਟੋ ਜਰਨਲਿਸਟ ਮਸਰਤ ਜ਼ਹਰਾ (26) ਦੇ ਖ਼ਿਲਾਫ਼ ਯੂ.ਏ.ਪੀ.ਏ.) ਅਤੇ ਆਈਪੀਸੀ ਦੀ ਧਾਰਾ-505 ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਹੈ। ਉਸ ਨੂੰ 18 ਅਪ੍ਰੈਲ ਨੂੰ ਸਾਈਬਰ ਪੁਲਿਸ ਸਟੇਸ਼ਨ ਸ੍ਰੀਨਗਰ ਵੱਲੋਂ ਪੇਸ਼ ਹੋਣ ਲਈ ਕਿਹਾ ਗਿਆ। ਕਸ਼ਮੀਰ ਪ੍ਰੈੱਸ ਕਲੱਬ ਦੀ ਦਖ਼ਲਅੰਦਾਜ਼ੀ ਕਾਰਨ ਉਸ ਨੂੰ ਥਾਣੇ ਪੇਸ਼ ਹੋਣ ਤੋਂ ਆਰਜ਼ੀ ਛੋਟ ਮਿਲ ਗਈ। ਬਾਦ ਵਿਚ ਪਤਾ ਲੱਗਿਆ ਕਿ ਉਸ ਉੱਪਰ ਯੂ.ਏ.ਪੀ.ਏ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁੱਖ ਤੌਰ 'ਤੇ ਹਿੰਸਾ ਤੋਂ ਪੀੜਤ ਔਰਤਾਂ ਅਤੇ ਬੱਚਿਆਂ ਦੇ ਸੰਤਾਪ ਨੂੰ ਕੈਮਰਾਬੰਦ ਕਰਨ ਵਾਲੀ ਇਸ ਹੋਣਹਾਰ ਫ਼ੋਟੋਗ੍ਰਾਫ਼ਰ ਵੱਲੋਂ ਖਿੱਚੀਆਂ ਤਸਵੀਰਾਂ ਵਾਸ਼ਿੰਗਟਨ ਪੋਸਟ, ਅਲ-ਜਜ਼ੀਰਾ, ਦੀ ਕਵਿੰਟ ਅਤੇ ਕੈਰਵਾਂ ਮੈਗ਼ਜੀਨ ਵਿਚ ਛਪ ਚੁੱਕੀਆਂ ਹਨ। ਕੌਮਾਂਤਰੀ ਪਛਾਣ ਵਾਲੀ ਇਸ ਫ਼ੋਟੋ ਜਰਨਲਿਸਟ ਦੀਆਂ ਖਿੱਚੀਆਂ ਤਸਵੀਰਾਂ ਦੀਆਂ ਨੁਮਾਇਸ਼ਾਂ ਦਿੱਲੀ ਅਤੇ ਨਿਊਯਾਰਕ ਵਿਚ ਲੱਗ ਚੁੱਕੀਆਂ ਹਨ। ਉਸ ਉੱਪਰ 'ਨੌਜਵਾਨਾਂ ਨੂੰ ਭੜਕਾਉਣ ਅਤੇ ਪਬਲਿਕ ਅਮਨ-ਅਮਾਨ ਦੇ ਖ਼ਿਲਾਫ਼ ਜੁਰਮਾਂ ਨੂੰ ਉਤਸ਼ਾਹਤ ਕਰਨ' ਦਾ ਇਲਜ਼ਾਮ ਲਗਾਇਆ ਗਿਆ ਹੈ। ਪੁਲਿਸ ਦੀ ਪ੍ਰੈੱਸ ਰਿਲੀਜ਼ ਕਹਿੰਦੀ ਹੈ, 'ਅਕਾਊਂਟ ਯੂਜ਼ਰ ਐਸੀਆਂ ਪੋਸਟਾਂ ਵੀ ਅੱਪਲੋਡ ਕਰ ਰਹੀ ਹੈ ਜੋ ਦੇਸ਼ ਵਿਰੋਧੀ ਕਾਰਵਾਈਆਂ ਦੀ ਤਾਰੀਫ਼ ਕਰਨ ਅਤੇ ਦੇਸ਼ ਦੇ ਖ਼ਿਲਾਫ਼ ਅਸਹਿਮਤੀ ਪੈਦਾ ਕਰਨ ਤੋਂ ਇਲਾਵਾ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਅਕਸ ਵਿਗਾੜਦੀਆਂ ਹਨ।' ਜਦਕਿ ਤੱਥ ਇਹ ਹੈ ਕਿ ਉਸ ਦੀਆਂ ਜ਼ਿਆਦਾਤਰ ਤਸਵੀਰਾਂ ਪਹਿਲਾਂ ਹੀ ਪ੍ਰਿੰਟ ਮੀਡੀਆ ਵਿਚ ਛਪ ਚੁੱਕੀਆਂ ਹਨ। ਆਖ਼ਿਰਕਾਰ ਉਹਨਾਂ ਵਿਚ ਐਸਾ ਕੀ ਹੈ ਕਿ ਮਾਮੂਲੀ ਤਸਵੀਰਾਂ ਵੀ ਦੁਨੀਆ ਦੀ ਮਹਾਂਸ਼ਕਤੀ ਬਣਨ ਦੇ ਸੁਪਨੇ ਲੈਣ ਵਾਲੇ ਸਟੇਟ ਦੀ ਅੱਖ ਦਾ ਰੋੜ ਬਣ ਗਈਆਂ ਅਤੇ ਯੂਏਪੀਏ ਦੀ ਧਾਰਾ 13 ਲਗਾਉਣੀ ਪੈ ਗਈ। ਯਾਦ ਰਹੇ ਇਸ ਕਾਨੂੰਨ ਤਹਿਤ ਕਥਿਤ ਗ਼ੈਰਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਹੋਣ ਜਾਂ ਹਿੰਸਾ ਲੈਣ ਦੇ ਜੁਰਮ 'ਚ 7 ਸਾਲ ਦੀ ਕੈਦ ਦੀ ਵਿਵਸਥਾ ਹੈ ਅਤੇ ਇਹ ਕਿਸੇ ਬਿਨਾਂ ਕਿਸੇ ਸਬੂਤ ਤੋਂ ਕਿਸੇ ਵਿਅਕਤੀ ਨੂੰ ਛੇ ਮਹੀਨੇ ਤਕ ਪੁੱਛਗਿੱਛ ਲਈ ਹਿਰਾਸਤ ਵਿਚ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਦਰਅਸਲ, ਉਸ ਦੀਆਂ ਤਸਵੀਰਾਂ ਕਸ਼ਮੀਰ ਵਿਚ ਸਟੇਟ ਦੇ ਜਬਰ ਦਾ ਦਸਤਾਵੇਜ਼ ਹਨ। ਮਿਸਾਲ ਵਜੋਂ, ਉਹਨਾਂ ਪਰਿਵਾਰਾਂ ਦੀਆਂ ਤਸਵੀਰਾਂ ਜਿਹਨਾਂ ਦੇ ਜੀਅ ਪੁਲਿਸ-ਫ਼ੌਜ ਦੀ ਗੋਲੀਬਾਰੀ ਦੌਰਾਨ ਮਾਰੇ ਗਏ। 6 ਅਪ੍ਰੈਲ ਨੂੰ ਪਾਈ ਇਕ ਤਸਵੀਰ ਵਿਚ ਆਪਣੇ ਘਰ ਦੇ ਸਾਹਮਣੇ ਖੜੀ ਇਕ ਔਰਤ ਨਜ਼ਰ ਆ ਰਹੀ ਹੈ, ਇਸ ਦੀ ਕੈਪਸ਼ਨ ਸੀ: 'ਕਵੀ ਮਾਧੋ ਬਲਹਾਮੀ, ਜਿਸ ਦੀਆਂ ਲਿਖੀਆਂ ਨਜ਼ਮਾਂ ਸਲਾਮਤੀ ਦਸਤਿਆਂ ਦੀ ਗੋਲੀਬਾਰੀ ਦੌਰਾਨ ਤਬਾਹ ਹੋ ਚੁੱਕੇ ਉਸ ਦੇ ਘਰ ਵਿਚ ਹੀ ਗੁੰਮ ਹੋ ਗਈਆਂ, ਕਹਿੰਦੀ ਹੈ - ਪਹਿਲਾਂ ਇਹ ਘਰ ਮੇਰੇ ਲਈ ਬਸ ਇਕ ਮਕਾਨ ਸੀ ਹੁਣ ਇਹ ਜਗ੍ਹਾ ਮੇਰੇ ਲਈ ਆਸਤਾਨ (ਤੀਰਥ) ਹੈ।' 18 ਅਪ੍ਰੈਲ ਨੂੰ ਪਾਈ ਇਕ ਤਸਵੀਰ ਵਿਚ ਕੱਪੜੇ ਦਾ ਇਕ ਟੁਕੜਾ, ਕੁਛ ਦਸਤਾਵੇਜ਼ ਅਤੇ ਕੁਛ ਨੋਟ ਨਜ਼ਰ ਆ ਰਹੇ ਹਨ। ਜ਼ਹਰਾ ਨੇ ਇਸ ਨੂੰ ਕੈਪਸ਼ਨ ਦਿੱਤੀ: 'ਆਰਿਫ਼ਾ ਜਾਨ ਅਖ਼ਬਾਰ ਦੀਆਂ ਕਾਤਰਾਂ ਅਤੇ ਆਪਣੇ ਸ਼ੌਹਰ ਅਬਦੁਲ ਕਾਦਿਰ ਸ਼ੇਖ ਦੇ ਲਹੂ ਨਾਲ ਲਿੱਬੜੇ ਨੋਟਾਂ ਨੂੰ ਸੰਭਾਲਦੀ ਹੋਈ। ਉਸ ਨੂੰ ਭਾਰਤੀ ਫ਼ੌਜ ਨੇ ਦਹਿਸ਼ਤਗਰਦ ਹੋਣ ਦੇ ਸ਼ੱਕ 'ਚ ਗੋਲੀ ਮਾਰੀ ਸੀ। ਮੈਂ ਇਸ ਦੁੱਖ ਵਿੱਚੋਂ ਨਿਕਲ ਨਹੀਂ ਸਕੀ ਹਾਂ।'


ਇਸ ਐੱਫਆਈਆਰ ਨਾਲ ਮੱਚੀ ਹਾਹਾਕਾਰ ਅਜੇ ਮੱਠੀ ਨਹੀਂ ਪਈ ਸੀ ਕਿ ਅਗਲੇ ਦਿਨ 19 ਅਪ੍ਰੈਲ ਨੂੰ ਪੁਲਿਸ ਨੇ ਇਕ ਸੀਨੀਅਰ ਜਰਨਲਿਸਟ ਪੀਰਜ਼ਾਦਾ ਆਸ਼ਿਕ ਨੂੰ ਤਲਬ ਕਰ ਲਿਆ। ਉਹ ਮੁਲਕ ਦੇ ਮਸ਼ਹੂਰ ਅਖ਼ਬਾਰ ਦੀ ਹਿੰਦੂ ਲਈ ਕੰਮ ਕਰਦੇ ਹਨ। ਉਸ ਉੱਪਰ ਉਸੇ ਦਿਨ ਛਪੀ ਇਕ ਰਿਪੋਰਟ ਵਿਚ ਤੱਥਾਂ ਨੂੰ ਗ਼ਲਤ ਪੇਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ। ਉਸ ਨੇ ਆਪਣਾ ਪੱਖ ਪੇਸ਼ ਕਰ ਦਿੱਤਾ। ਮਾਮਲਾ ਇੱਥੇ ਖ਼ਤਮ ਹੋਣ ਵਾਲਾ ਨਹੀਂ ਸੀ, ਸਟੇਟ ਦਾ ਇਰਾਦਾ ਕੁਛ ਹੋਰ ਸੀ। ਉਸੇ ਦਿਨ ਉਸ ਨੂੰ ਸ਼ਾਮ ਨੂੰ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਇਕ ਪੁਲਿਸ ਅਫ਼ਸਰ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਜੋ ਕਿ ਚਾਲੀ ਕਿਲੋਮੀਟਰ ਦੂਰ ਹੈ। ਉਹ ਬੜੀ ਮੁਸ਼ਕਿਲ ਨਾਲ ਅੱਧੀ ਰਾਤ ਨੂੰ ਘਰ ਪਰਤ ਸਕਿਆ। ਇਸ ਦੌਰਾਨ ਉਸ ਦਾ ਪਰਿਵਾਰ ਉਸ ਦੀ ਸੁਰੱਖਿਆ ਨੂੰ ਲੈ ਕੇ ਕਿੰਨਾ ਖ਼ੌਫ਼ ਵਿੱਚੋਂ ਗੁਜ਼ਰਿਆ ਹੋਵੇਗਾ ਇਸ ਦਾ ਅੰਦਾਜ਼ਾ ਉੱਥੋਂ ਦੇ ਹਾਲਾਤ ਅਨੁਸਾਰ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਇਸੇ ਤਰ੍ਹਾਂ ਇਕ ਹੋਰ ਮਸ਼ਹੂਰ ਕਸ਼ਮੀਰੀ ਪੱਤਰਕਾਰ ਅਤੇ ਲੇਖਕ ਗੌਹਰ ਗੀਲਾਨੀ, ਜਿਹਨਾਂ ਨੇ ਕਸ਼ਮੀਰ ਦੇ ਹਾਲਾਤ ਬਾਰੇ ਪਿੱਛੇ ਜਹੇ ਬਹੁਤ ਹੀ ਮਹੱਤਵਪੂਰਨ ਕਿਤਾਬ Rage and Reason ਲਿਖੀ ਹੈ, ਦੇ ਖਿਲਾਫ਼ ਵੀ ਪਰਚਾ ਦਰਜ ਕਰ ਲਿਆ ਗਿਆ। ਉਹੀ ਘਸਿਆ ਪਿਟਿਆ ਇਲਜ਼ਾਮ: ਪੁਲਿਸ ਨੂੰ ਭਰੋਸੇਯੋਗ ਸੂਤਰਾਂ ਤੋਂ ਸੂਚਨਾ ਮਿਲੀ ਹੈ ਕਿ ਗੌਹਰ ਗੀਲਾਨੀ ਨਾਂ ਦਾ ਵਿਅਕਤੀ ਸੋਸ਼ਲ ਮੀਡੀਆ ਉੱਪਰ ਪੋਸਟਾਂ ਪਾ ਰਿਹਾ ਹੈ ਅਤੇ ਇਹਨਾਂ ਪੋਸਟਾਂ ਜ਼ਰੀਏ ਉਹ ਗ਼ੈਰਕਾਨੂੰਨੀ ਕਾਰਵਾਈਆਂ ਵਿਚ ਲੱਗਿਆ ਹੋਇਆ ਹੈ। ਉਹ 'ਝੂਠੀਆਂ ਖ਼ਬਰਾਂ' ਬਣਾਉਂਦਾ ਹੈ ਜੋ ਭਾਰਤ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਲਈ ਖ਼ਤਰਾ ਹਨ। ਗੌਹਰ ਗੀਲਾਨੀ ਦੀ ਸੋਚ ਜੱਗ ਜ਼ਾਹਰ ਹੈ, ਉਹ ਰਾਜਕੀ ਹਿੰਸਾ ਦਾ ਹੀ ਨਹੀਂ ਸਗੋਂ ਖਾੜਕੂ ਗਰੁੱਪਾਂ ਦੀ ਹਿੰਸਾ ਦਾ ਵੀ ਬਰਾਬਰ ਆਲੋਚਕ ਹੈ। ਪੁਲਿਸ ਦੀ ਪ੍ਰੈੱਸ ਰਿਲੀਜ ਤੋਂ ਅਸਲ ਮਨਸ਼ਾ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ, ਜਿਸ ਵਿਚ ਕਿਹਾ ਗਿਆ ਕਿ ਉਸ ਵੱਲੋਂ ਜੋ ਖ਼ਬਰ ਛਪਵਾਈ ਗਈ 'ਉਸ ਦੇ ਤੱਥਾਂ ਦੀ ਤਸਦੀਕ ਜ਼ਿਲ੍ਹਾ ਅਥਾਰਟੀਜ਼ ਤੋਂ ਨਹੀਂ ਕਰਵਾਈ'। ਮਾਮਲਾ ਸਿਰਫ਼ ਇੰਨਾ ਕੁ ਸੀ ਕਿ ਉਸ ਨੇ ਬਾਰਾਮੂਲਾ ਵਿਚ ਖਾੜਕੂਆਂ ਦੀਆਂ ਲਾਸ਼ਾਂ ਨੂੰ ਕਬਰਾਂ ਵਿੱਚੋਂ ਬਾਹਰ ਕੱਢਣ ਬਾਰੇ ਇਕ ਖ਼ਬਰ ਦਿੱਤੀ ਸੀ ਜੋ ਇਕ ਖਾੜਕੂ ਦੇ ਪਰਿਵਾਰ ਮੈਂਬਰ ਦੇ ਹਵਾਲੇ ਨਾਲ ਸੀ। ਪਰਿਵਾਰ ਮੈਂਬਰਾਂ ਨੂੰ ਇਹ ਭੁਲੇਖਾ ਪੈ ਗਿਆ ਕਿ ਉਹਨਾਂ ਨੂੰ ਜੋ ਕਰਫ਼ਿਊ ਪਾਸ ਜਾਰੀ ਕੀਤਾ ਗਿਆ ਹੈ ਉਹ ਦਫ਼ਨਾਈ ਲਾਸ਼ ਨੂੰ ਬਾਹਰ ਕੱਢਣ ਦੀ ਪ੍ਰਸ਼ਾਸਨਿਕ ਮਨਜ਼ੂਰੀ ਹੈ।

ਅਦਾਲਤਾਂ ਵੀ ਪ੍ਰੈੱਸ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਿਆਂ ਨੂੰ ਗੰਭੀਰਤਾ ਨਾਲ ਲੈਣ ਨਹੀਂ ਤਿਆਰ ਨਹੀਂ। ਜਦ ਗੌਹਰ ਗੀਲਾਨੀ ਵੱਲੋਂ ਵਕੀਲ ਜ਼ਰੀਏ ਜੰਮੂ-ਕਸ਼ਮੀਰ ਹਾਈਕੋਰਟ ਤੱਕ ਪਹੁੰਚ ਕੀਤੀ ਗਈ ਤਾਂ ਉੱਚ ਅਦਾਲਤ ਨੇ ਪੱਤਰਕਾਰ ਨੂੰ ਗਿਰਫ਼ਤਾਰੀ ਤੋਂ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ। ਬਸ ਜੰਮੂ ਕਸ਼ਮੀਰ ਯੂ.ਟੀ. ਸਰਕਾਰ ਨੂੰ ਇਕ ਨੋਟਿਸ ਜਾਰੀ ਕਰ ਦਿੱਤਾ ਗਿਆ ਅਤੇ ਮਾਮਲੇ ਦੀ ਅਗਲੀ ਸੁਣਵਾਈ 20 ਮਈ 'ਤੇ ਪਾ ਦਿੱਤੀ ਗਈ। ਲਿਹਾਜ਼ਾ, ਅਦਾਲਤੀ ਪ੍ਰਣਾਲੀ ਵੀ ਸੱਤਾਧਾਰੀ ਧਿਰ ਦੇ ਏਜੰਡੇ ਨੂੰ ਸਹਿਲ ਬਣਾ ਰਹੀ ਹੈ।

ਇਸ ਮਾਮਲੇ ਦੀ ਤੁਲਨਾ ਮੋਦੀ ਅਤੇ ਆਰਐੱਸਐੱਸ ਦੇ ਹੱਥਠੋਕੇ ਅਰਨਬ ਗੋਸਵਾਮੀ ਦੇ ਮਾਮਲੇ ਨਾਲ ਕਰੋ ਜਿਸ ਉੱਪਰ ਘੱਟਗਿਣਤੀ ਮੁਸਲਿਮ ਫਿਰਕੇ ਦੇ ਖਿਲਾਫ਼ ਆਪਣੇ ਟੀਵੀ ਚੈਨਲ ਉੱਪਰ ਹਿੰਸਾ ਅਤੇ ਨਫ਼ਰਤ ਭੜਕਾਉਣ, ਮੀਡੀਆ ਸ਼ੋਅ ਦੇ ਨਾਂਅ ਹੇਠ ਦਿਨ-ਰਾਤ ਜ਼ਹਿਰੀਲੀਆਂ ਟਿੱਪਣੀਆਂ ਕਰਨ ਦੇ 100 ਤੋਂ ਉੱਪਰ ਮਾਮਲੇ ਦਰਜ ਹੋ ਚੁੱਕੇ ਹਨ। ਹਾਲ ਹੀ ਵਿਚ ਇਕ ਮਾਣਹਾਨੀ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਉਸ ਨੂੰ ਗ੍ਰਿਫ਼ਤਾਰੀ ਤੋਂ ਤਿੰਨ ਹਫ਼ਤੇ ਦੀ ਸੁਰੱਖਿਆ ਦੇ ਦਿੱਤੀ ਗਈ। ਅਦਾਲਤ ਨੇ ਉਸ ਦੀ ਸਹੂਲਤ ਲਈ ਉਸ ਦਾ ਕੇਸ ਨਾਗਪੁਰ ਤੋਂ ਮੁੰਬਈ ਸ਼ਿਫਟ ਕਰ ਦੇਣ ਦੀ ਇਜਾਜ਼ਤ ਵੀ ਦੇ ਦਿੱਤੀ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੇਦਕਰ ਨੇ ਅਰਨਬ ਵਿਰੁੱਧ ਦਰਜ ਮਾਮਲਿਆਂ ਨੂੰ ਗ਼ੈਰਜਮਹੂਰੀ ਦੱਸ ਕੇ ਤੁਰੰਤ ਨਿਖੇਧੀ ਕੀਤੀ, ਇਹ ਦਲੀਲ ਦੇ ਕੇ ਪੱਤਰਕਾਰਾਂ ਦੀ ਆਜ਼ਾਦੀ ਉੱਪਰ ਹਮਲੇ ਨਹੀਂ ਹੋਣੇ ਚਾਹੀਦੇ, ਉਹਨਾਂ ਨੂੰ ਆਪਣਾ ਨੁਕਤਾ-ਨਜ਼ਰ ਪੇਸ਼ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਜਦ ਕਿ ਇਸੇ ਦੌਰਾਨ ਬਾਕੀ ਪੱਤਰਕਾਰਾਂ ਦੇ ਖ਼ਿਲਾਫ਼ ਦਰਜ ਸੰਗੀਨ ਕੇਸ ਉਸ ਨੂੰ ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲਾ ਨਹੀਂ ਲੱਗਦੇ।

ਇਹ ਸਥਾਪਤੀ ਨੂੰ ਨਾਪਸੰਦ ਵਿਚਾਰਾਂ ਦੀ ਸੰਘੀ ਘੁੱਟਣ ਲਈ ਸਟੇਟ ਦੀ ਤਾਕਤ ਦੀ ਦੁਸ਼ਟ ਵਰਤੋਂ ਹੈ ਜਿਸ ਦੇ ਖ਼ਿਲਾਫ਼ ਹਰ ਸੰਭਵ ਤਰੀਕੇ ਨਾਲ ਜ਼ੋਰਦਾਰ ਆਵਾਜ਼ ਉੱਠਣੀ ਚਾਹੀਦੀ ਹੈ। ਵਿਆਪਕ ਲੋਕ ਰਾਇ ਹੀ ਸੱਤਾ ਦੇ ਖ਼ੂਨੀ ਹੱਥ ਰੋਕ ਸਕਦੀ ਹੈ।







IQBAL SIDHU INSURANCE ADVISOR

FINANCIAL SERVICES

- Life Insurance; - Term Life - Universal Life
- Critical Illness Insurance • Segregated Funds
- RRSP

ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Tel: (403) 615-0957

Email: isidhu@sidhuaccounting.ca

SIDHU ACCOUNTING & TAX SERVICES

ACCOUNTING SERVICES

- Personal Tax Returns • Corporate Tax Returns
- Computerized Book Keeping
- Payroll • T4's • Record of Employment


ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Iqbal Sidhu

Tel: (403) 568-2667 Fax: (403) 568-2676

Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)



Al Karim TRAVEL & TOURS

ALKARIM TRAVEL & TOURS

Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

403-454-8011

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com



CARE Inc.
Home Health Solutions

403-605-6300
ਗਰਚਾ ਮੀਟ ਸ਼ਾਪ ਦੇ ਨੇੜੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਨਜ਼ਰ ਚੈਕ ਕਰਵਾਉਣ ਅਤੇ ਐਨਕਾਂ ਦਾ ਵਿਸ਼ੇਸ਼ ਪ੍ਰਬੰਧ

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca



BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇਂਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

PROFESSIONAL CONSTRUCTION LTD.

Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP HMP CUSTOM CABINETS LTD.

Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph.: 403-719-4947



Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070


PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# HALL FOR RENT IN NE


For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com




## SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



## PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੇ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9



## Amandeep Gill
Financial Security Advisor offering Life, Health, Group Insurance and Investments
Desjardins Financial Security Independent Network

FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS REALTOR REAL ESTATE BOARD



Taranjit "T. J." Mand
Real Estate Associate
## Max Value Reality Ltd.

## McKnight
Dental Clinic
- Serving NE Community for over 30 years
- We follow Alberta Dental Fee Guide
- Open some evenings and Saturdays



Tel. 403-280-0880
Fax : 403-293-8852
www.mcknightdental.ca
McKnight Village,
5432 Falsbridge Dr NE,
Calgary, Alberta, T3J 3E9
(All services provided by General Dentists)



## Mega Sanjha Punjab
GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

## Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਪੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange Decoration Party Rentals*

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

*Special Packages Available For All Occasions*

## ESTATEVIEW®
(Real Estater & Property Management)

## Baljinder Bath
Real Estate Associate



Baljinder Bath

Our Brokerage provides Following Services :
All Kind of Real Estate Services

**REAL ESTATE**
- Help Buyer / Seller
- Free Home Evaluations
- Commercial Buy / Sell / Lease
- Builders / Developers / Investors

**PROPERTY MANAGEMENT**
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com

Brokerage Office : 403-400-0000
# 601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.

# SUPER VISA INSURANCE
# ਸੁਪਰ ਵੀਜ਼ਾ ਇੰਸ਼ੋਰੈਂਸ

## With all the BENEFITS & REQUIREMENTS

**Super Visa Insurance Rates**

Age 40-54 ($1038) Age 55-59 ($1116) Age 60-64 ($1317)
Age 65-69 ($1606) Age 70-74 ($2210) Age 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
**HARCHARAN SINGH PARHAR**
**403-681-8689**

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੋਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY
It's all about "U"
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com


MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
#208, 4656 Westwinds Dr. NE Calgary AB (UPSTAIRS)
For quotation please Call: 403-681-8689


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
Satvachan Lal
B.Sc.Pharm
#1150, 4818 Westwindus Drive NE. Calgary
403-293-9360


'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant
& Public Notary
T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca


Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LETER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼ਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ਼)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
Call us now @
403-668-4800
www.Tripsbooker.ca
3650 Westwinds Drive NE,
Suite #105, Calgary AB T3J 0W9
Email:reservation@Tripsbooker.ca

# ਵੈਂਟੀਲੇਂਟਰ 'ਤੇ ਪਈ ਸੰਵੇਦਨਾ ਬਨਾਮ ਸਨਸਨੀ ਦਾ ਫ਼ਲਸਫ਼ਾ

-ਕੁਲਦੀਪ ਸਿੰਘ ਦੀਪ (ਡਾ.)



ਕੋਈ "ਆਈਆਂ, ਅੱਟਣਾਂ ਤੇ ਛਾਲਿਆਂ ਨਾਲ ਭਰੇ ਗ਼ਰੀਬਾਂ ਦੇ ਪੈਰਾਂ ਨੇ ਛਪੰਜਾ ਇੰਚ ਦੇ ਸੀਨਿਆਂ ਦੀ ਪਰਕਰਮਾ ਕਰਕੇ ਦੱਸ ਦਿੱਤਾ ਹੈ ਕਿ ਇਹ ਸੀਨੇ ਜਦ ਟੀਵੀ ਦੀ ਨੀਲੀ ਸਕਰੀਨ ਤੇ ਹੁੰਦੇ ਹਨ, ਤਾਂ ਅਸਮਾਨ ਵਿਚ ਉਡਦੇ ਗੁਬਾਰਿਆਂ ਵਾਂਗ ਫੁੱਲੇ ਹੁੰਦੇ ਹਨ ਤੇ ਜਦ ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਮਰਨ ਲਈ ਮਜ਼ਬੂਰ ਹੁੰਦੇ ਹਨ ਤਾਂ ਇਹ ਸੀਨੇ ਹਵਾ ਨਿਕਲੇ ਗੁਬਾਰਿਆਂ ਵਾਂਗ ਪਿਚਕ ਜਾਂਦੇ ਹਨ।

ਦੋਸਤੋ!

• ਜਿਸ ਤ੍ਰਾਸਦਕ ਕਥਾ ਨੂੰ ਅੱਜ ਅਸੀਂ ਆਪਣੇ ਅੱਖੀਂ ਵਾਪਰਦਾ ਦੇਖ ਰਹੇ ਹਾਂ ਇਹ ਕਥਾ ਬੰਦੇ 'ਚੋਂ ਬੰਦੇ ਦੇ ਮਰ ਜਾਣ ਦੀ ਕਥਾ ਹੈ..

• ਇਹ ਕਥਾ ਉਹਨਾਂ ਕਿਰਤੀਆਂ ਦੁਆਰਾ ਆਪਣੇ ਸਾਹਾਂ ਦੀ ਕਲਮ ਨਾਲ ਸੜਕ ਦੇ ਸਫੇ ਤੇ ਲਿਖਿਆ ਸੁਪਨਿਆਂ ਦੀ ਮੌਤ ਦਾ ਸਫ਼ਰਨਾਮਾ ਹੈ ਜਿੰਨ੍ਹਾਂ ਨੇ ਕਦੇ ਰੀਝ ਨਾਲ ਇਹਨਾਂ ਸੜਕਾਂ ਨੂੰ ਬਣਾਇਆ ਸੀ।

• ਇਹ ਕਥਾ ਕਰੋਨਾ ਕਾਲ ਦੀ ਕਥਾ ਨਹੀਂ ਹੈ, ਬਲਕਿ ਕਰੋਨਾ ਕਾਲ ਵਿਚ ਪੜ੍ਹੀ ਜਾਣ ਵਾਲੀ ਕਥਾ ਹੈ।

• ਇਹ ਕਥਾ ਸਿਰਫ਼ ਅੱਜ ਦੀ ਸਦੀ ਦੀ ਕਥਾ ਵੀ ਨਹੀਂ ਹੈ, ਬਲਕਿ ਇਸ ਦਾ ਆਗਾਜ਼ ਸਦੀਆਂ ਦੇ ਮੁਢਲੇ ਸਸਰੇ ਤੇ ਜ਼ਿੰਦਗੀਆਂ ਨੂੰ ਢੋਹੰਦੇ ਉਹਨਾਂ ਗੁਲਾਮਾਂ ਦੇ ਦੁਖਦੇ ਤੇ ਧੁਖਦੇ ਹੱਡਾਂ ਤੋਂ ਹੁੰਦਾ ਹੈ, ਜਿਨ੍ਹਾਂ ਨੇ ਆਪਣੇ ਮਾਲਕਾਂ ਦੇ ਕੋੜੇ ਬਰਦਾਸ਼ਤ ਕਰਕੇ ਸ਼ੋਸ਼ਣ ਦਾ ਪਹਿਲਾ ਇਤਿਹਾਸ ਆਪਣੇ ਪਿੰਡਿਆਂ 'ਤੇ ਲਿਖਵਾਇਆ ਸੀ।

ਸਾਨੂੰ ਆਪਣੇ ਇਤਿਹਾਸ, ਵਿਰਸੇ, ਵਿਰਾਸਤ ਦਾ ਸਿਰਫ਼ ਗੁਣਗਾਣ ਕਰਨ ਦੀ ਆਦਤ ਹੈ, ਉਸ ਦਾ ਹੀਜ-ਪਿਆਜ ਫੋਲਣ ਦੀ ਆਦਤ ਨਹੀਂ ਹੈ। ਚਲਦੇ-ਚਲਦੇ ਕਿਸੇ ਬਾਹਰਲੇ ਵੱਲ ਉਂਗਲ ਕਰਕੇ ਉਸ ਨੂੰ ਨਲਾਇਕ ਜਾਂ ਖਲਨਾਇਕ ਕਹਿ ਦੇਣਾ ਉਨ੍ਹਾਂ ਹੀ ਸੌਖਾ ਹੈ, ਜਿਸ ਤਰ੍ਹਾਂ ਹਵਾ ਵਿਚ ਲਕੀਰਾਂ ਵਾਹ ਕੇ ਰੋਟੀ, ਕੱਪੜੇ 'ਤੇ ਮਕਾਨ ਦੀ ਕਲਪਨਾ ਕਰ ਲੈਣਾ। ਪਰ ਸਾਹਮਣੇ ਦਿਸਦੇ ਸੱਚ ਤੋਂ ਅੱਖਾਂ ਮੀਟ ਲੈਣਾ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਬੇਹੂਦਗੀ ਹੈ। ਅਸੀਂ ਸਦੀਆਂ ਤੋਂ ਕਿਰਤ ਤੇ ਕਿਰਤੀਆਂ ਨੂੰ ਮਰਨ ਲਈ ਛੱਡਿਆ ਹੋਇਆ ਹੈ। ਸਮਾਂ ਕੋਈ ਵੀ ਹੋਵੇ, ਸੱਤਾ ਕਿਸੇ ਦੀ ਹੋਵੇ, ਬਹਾਨਾ ਕੋਈ ਵੀ ਹੋਵੇ, ਮਰਨਾ ਇਹਨਾਂ ਦੀਆਂ ਕਿਸਮਤਾਂ ਵਿਚ ਹੀ ਲਿਖਿਆ ਜਾਂਦਾ ਹੈ।

ਅਸੀਂ ਬਹੁਤ ਭੁਲੱਕੜ ਹਾਂ ਜਾਂ ਸ਼ਤਿਰ ਹਾਂ..ਬਹੁਤ ਜਲਦੀ ਹਾਦਸਿਆਂ ਨੂੰ ਭੁੱਲ ਜਾਂਦੇ ਹਾਂ। ਹੋਣਾ ਤਾਂ ਇਹ ਚਾਹੀਦਾ ਹੁੰਦਾ ਹੈ ਕਿ ਇਕ ਹਾਦਸੇ ਨੂੰ ਉਸ ਸਮੇਂ ਤਕ ਤੱਕ ਯਾਦ ਰੱਖਿਆ ਜਾਵੇ ਜਦ ਤਕ ਉਸ ਤੋਂ ਮਿਲੀ ਪੀੜ ਨੂੰ ਧੁਰ ਅੰਦਰ ਤੱਕ ਮਹਿਸੂਸ ਕਰਕੇ ਹਾਲਾਤਾਂ ਦੀ ਮੁੜ ਉਸਾਰੀ ਲਈ ਨਾ ਕਰ ਲਈ ਜਾਵੇ। ਹਾਦਸਿਆਂ ਤੋਂ ਬਾਅਦ ਹੋਣ ਵਾਲੇ ਅਗਲੇ ਹਾਦਸਿਆਂ ਨੂੰ ਰੋਕਣਾ ਤੇ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਦੇ ਜ਼ਖ਼ਮਾਂ 'ਤੇ ਹਮਦਰਦੀ ਦੀ ਮਲਹਮ ਲਾਉਣਾ ਇਸ ਦਾ ਸਹੀ ਟਰੀਟਮੈਂਟ ਹੁੰਦਾ ਹੈ। ਇਸ ਟਰੀਟਮੈਂਟ ਨਾਲ ਹਾਦਸੇ ਮੁੜ ਨਾ ਵਾਪਰਨ ਦੇ ਵਾਅਦੇ ਨਾਲ ਹੌਲੀ ਹੌਲੀ ਭੁੱਲ ਜਾਂਦੇ ਹਨ। ਪਰ ਇਹ ਪੋਸਟ ਮਾਡਰਨ ਦੌਰ ਦਾ ਸ਼ਾਕ ਟਰੀਟਮੈਂਟ (Shock Treatment) ਹੈ ਕਿ ਅਸੀਂ ਇਕ ਸ਼ਾਕ (Shock) ਨੂੰ ਭੁਲਾਉਣ ਲਈ ਉਸ ਤੋਂ ਵੱਡਾ ਸ਼ਾਕ ਦਿੰਦੇ ਹਾਂ ਤਾਂ ਜੋ ਪਿਛਲਾ ਸ਼ਾਕ ਉਸ ਤੋਂ ਛੋਟਾ ਲੱਗਣ ਲੱਗ ਜਾਵੇ। ਇਹ ਸੱਤਾ ਨੂੰ ਬਰਕਰਾਰ ਰੱਖਣ ਲਈ ਸੱਤਾਪਰਸਤ ਤਾਕਤਾਂ ਦਾ ਅਲਟਰਾ ਮਾਡਰਨ ਟਰੀਟਮੈਂਟ ਹੈ ਕਿ ਇਸ ਵਿਚ ਹਾਦਸਿਆਂ ਨੂੰ ਭੁਲਾਉਣ ਲਈ ਹਾਦਸੇ ਦਰ ਹਾਦਸੇ ਕੀਤੇ ਜਾਣ ਤਾਂ ਜੋ ਕਿਸੇ ਨੂੰ ਵੀ ਪਿਛਲੇ ਹਾਦਸੇ ਯਾਦ ਕਰਨ ਦਾ ਵਕਤ ਨਾ ਮਿਲੇ ਤੇ ਬੰਦੇ ਦੀ ਸੰਵੇਦਨਾ ਨੂੰ ਪਰਮਾਨੈਂਟ ਤੌਰ 'ਤੇ ਹਾਈਜੈਕ ਕਰਕੇ ਵੈਂਟੀਲੇਟਰ ਤੇ ਲਗਾ ਦਿੱਤਾ ਜਾਵੇ। ਵਿਕਾਸ ਦੇ ਚਮਕਦੇ ਮਾਡਲਾਂ ਦੀ ਚਕਾਚੌਂਧ ਵਿਚ ਵਿਕਾਊ ਮੀਡੀਆ ਨੇ ਸਾਨੂੰ ਸਨਸਨੀ ਦੀ ਚਾਟ ਤੇ ਲਾ ਦਿੱਤਾ ਹੈ। ਭਾਵ ਹੁਣ ਉਹੀ ਖ਼ਬਰ ਸਾਨੂੰ ਖ਼ਬਰ ਲਗਦੀ ਹੈ ਜਿਹੜੀ ਸਨਸਨੀ ਬਣਦੀ ਹੈ। ਸਨਸਨੀ ਦਾ ਮੁੱਖ ਫੰਡਾ ਇਹ ਹੁੰਦਾ ਹੈ ਕਿ ਇਹ ਧਿਆਨ ਤਾਂ ਖਿੱਚਦੀ ਹੈ ਤਾਂ ਪਰ ਇਸ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਹੈ। ਕੁਝ ਦੇਰ ਬਾਅਦ ਅਸੀਂ ਉਸ ਸਨਸਨੀ ਵਿੱਚੋਂ ਨਿਕਲੀ ਪੀੜ ਤੋਂ ਸੈਂਸੇਟਾਈਜ ਹੋਣੋ ਹੱਟ ਜਾਂਦੇ ਹਨ ਤਾਂ ਉਸ ਵੇਲੇ ਇਸ ਮੀਡੀਆ ਅਤੇ ਇਸ ਦੇ ਪਿੱਛੇ ਕੰਮ ਕਰਦੀ ਸੱਤਾ ਨੂੰ ਕਿਸੇ ਹੋਰ ਸਨਸਨੀ ਦੀ ਜ਼ਰੂਰਤ ਹੁੰਦੀ ਹੈ। ਜ਼ੁਮਲੇ ਅਤੇ ਨਾਹਰੇ ਕੁਝ ਦੇਰ ਲਈ ਸਨਸਨੀ ਪੈਦਾ ਕਰਦੇ ਹਨ ਤੇ ਸਫ਼ਰ ਕਿਸੇ ਨਵੇਂ ਜ਼ੁਮਲੇ ਦੀ ਉਡੀਕ ਹੋਣ ਲਗਦੀ ਹੈ। ਯਾਦ ਕਰੋ ਜਿਨ੍ਹਾਂ ਲੋਕਾਂ ਦੇ ਨੋਟਬੰਦੀ ਵੇਲੇ ਨੱਕ ਵਿਚ ਦਮ ਹੋਇਆ ਸੀ, ਕੀ ਨੋਕਬੰਦੀ ਵੇਲੇ ਸੜਕਾਂ ਤੇ ਮਰਨ ਵਾਲੇ ਲੋਕ ਉਹੀ ਨਹੀਂ ਹਨ? ਜਿਨ੍ਹਾਂ ਲੋਕਾਂ ਨੂੰ ਹੁਣ ਨਾ ਰਾਸ਼ਨ ਦੀ ਸਮੱਸਿਆ ਆਈ ਹੈ, ਨਾ ਰੁਜ਼ਗਾਰ ਦੀ, ਨਾ ਘਰ ਦੀ, ਨਾ ਮਕਾਨ ਦੀ, ਨਾ ਵੈਂਟੀਲੇਸ਼ਨ ਦੀ..ਉਹਨਾਂ ਨੂੰ ਉਦੋਂ ਵੀ ਨੋਟਾਂ ਦੀ ਕੋਈ ਸਮੱਸਿਆ ਨਹੀਂ ਆਈ ਸੀ..ਮੈਨੇ ਜਰ ਆਪ ਉਹਨਾਂ ਦੇ ਘਰ ਨੋਟ ਲੈ ਕੇ ਗਏ ਸੀ, ਕਿ ਲਊ ਜਨਾਬ ਕਾਲਾ ਧਨ ਦੇ ਦਿਓ ਅਸੀਂ ਚਿੱਟਾ ਕਰ ਲਿਆਉਂਦੇ ਹਾਂ। ਹਰ ਦੌਰ ਵਿਚ ਚਿੱਟਿਆਂ ਤੇ ਕਾਲਿਆਂ ਦੀਆਂ ਨਸਲਾਂ ਉਹੀ ਹੁੰਦੀਆਂ ਹਨ, ਬਸ ਸਮਾਂ, ਹਾਲਾਤ ਤੇ ਬਹਾਨੇ ਬਦਲਦੇ ਹਨ। ਜਿਹੜੇ ਉਸ ਵਕਤ ਮਰੇ, ਖਪੇ, ਬਦੀਨ ਹੋਏ, ਬੈਂਕਾਂ ਅਤੇ ਏਟੀਐਮ ਮਸ਼ੀਨਾਂ ਮੂਹਰੇ ਰਾਤਾਂ ਕਟਦੇ ਹੋਏ ਪਿੱਟ-ਸਿਆਪਾ ਕਰਦੇ ਰਹੇ, ਨਾ ਉਹਨਾਂ ਨੂੰ ਦੱਸਿਆ ਗਿਆ ਤੇ ਨਾ ਉਹਨਾਂ ਨੇ ਪੁੱਛਿਆ ਕਿ ਛੇ ਮਹੀਨੇ ਲੋਕਾਂ ਦੀ ਜਾਨ ਫਾਹੇ ਟੰਗਣ ਵਾਲੀ ਨੋਟਬੰਦੀ ਦਾ ਆਖਿਰ ਉਹਨਾਂ ਨੂੰ ਕੀ ਫਾਇਦਾ ਹੋਇਆ?

ਜੇ ਉਸ ਵਕਤ ਦੇਸ਼ ਏਨਾ ਖ਼ੁਸ਼ਹਾਲ ਹੋ ਗਿਆ ਸੀ ਤਾਂ ਹੁਣ ਭੁੱਖਮਰੀ ਕਿਉਂ ਫੈਲੀ ਹੈ? ਜੇ ਉਹ ਲੋਕਾਂ ਦੀ ਦੇਸ਼ ਲਈ ਆਖਰੀ ਕੁਰਬਾਨੀ ਸੀ ਤਾਂ ਹੁਣ ਵੀ ਉਹੀ ਵਰਗ ਸੜਕਾਂ ਤੇ ਕਿਉਂ ਮਰ ਰਿਹਾ ਹੈ। ਸਦਮੇ ਨੂੰ ਰਾਹਤ ਨਾਲ ਟਰੀਟ ਕਰਨ ਦੀ ਬਜਾਏ ਸਦਮੇ ਨੂੰ ਸਦਮੇ ਨਾਲ ਟਰੀਟ ਕਰਨ ਦੀ ਇਹ ਗਲੋਬਲੀ ਪੈਥੀ ਸਾਡੇ ਸਮਿਆਂ ਦੀ ਹੀ ਦੇਣ ਹੈ। ਵੈਸੇ ਤਾਂ ਇਸ ਕਰੋਨਾ ਦੌਰ ਦੇ ਸਦਮੇ ਨੇ ਤੁਹਾਨੂੰ ਪਿਛਲਾ ਸਭ ਕੁਝ ਭੁਲਾ ਦਿੱਤਾ ਹੋਣਾ, ਪਰ ਜੇ ਧੁੰਦਲਾ-ਧੁੰਦਲਾ ਕੁਝ ਯਾਦ ਹੈ ਤਾਂ ਪਿਛਲੇ ਸਾਲ-ਡੇਢ ਸਾਲ ਦੀਆਂ ਘਟਨਾਵਾਂ 'ਤੇ ਨਜ਼ਰ ਮਾਰ ਕੇ ਇਮਾਨਦਾਰੀ ਨਾਲ ਦੱਸਣਾ ਕਿ ਉਹਨਾਂ ਸਾਰੀਆਂ ਘਟਨਾਵਾਂ ਨੂੰ ਦੇਖਕੇ ਤੁਹਾਨੂੰ ਇਹ ਨਹੀਂ ਲਗਦਾ ਸੀ ਕਿ ਦੇਸ਼ ਹਰ ਪਲ ਇਕ ਵੱਡਾ ਯੁੱਧ ਲੜ ਰਿਹਾ ਸੀ ਤੇ ਅਸੀਂ ਲਗਾਤਾਰ ਇਕ ਸਨਸਨੀ ਤੋਂ ਦੂਜੀ ਸਨਸਨੀ ਵਿਚ ਪਰਵੇਸ਼ ਕਰ ਰਹੇ ਸੀ। ਲਵ ਜ਼ਿਹਾਦ, ਮੌਬ ਲਿੰਚਿੰਗ, ਨੋਟਬੰਦੀ, ਜੀਐਸਟੀ, ਸਰਜੀਕਲ ਸਟਰਾਈਕ, ਬਾਲਾਕੋਟ, ਕਸ਼ਮੀਰ ਦੀ ਨਜ਼ਰਬੰਦੀ. ਰਾਮ ਜਨਮ ਭੂਮੀ, ਸੀਏਏ, ਐਨਆਰਸੀ, ਚਾਰ ਹਜ਼ਾਰ ਕਰੋੜ ਦੀ ਮੂਰਤੀ, ਟਰੰਪ ਦਾ ਚੋਣ ਅਭਿਆਨ, ਸਰਕਾਰਾਂ ਨੂੰ ਬਣਾਉਣ ਅਤੇ ਡੇਗਣ ਦੇ ਜੁਗਾੜ ਤੇ ਹੁਣ ਕਰੋਨਾ ਤੱਕ ਇੰਜ ਨਹੀਂ ਲਗਦਾ ਕਿ ਇਹ ਸਾਰੇ ਪਲ ਸੂਲੀ ਤੇ ਟੰਗੇ ਹੋਏ ਪਲ ਸੀ ਤੇ ਇਹਨਾਂ ਵਿੱਚੋਂ ਕਿਸੇ ਦਾ ਵੀ ਸਬੰਧ ਆਮ ਬੰਦੇ ਦੇ ਮਸਲਿਆਂ ਨਾਲ ਨਹੀਂ ਸੀ। ਜਿਹੜੇ ਲੋਕ ਘਰਾਂ ਵਿਚ ਕੈਦ ਹਨ, ਜਿਹੜੇ ਸੜਕਾਂ ਤੇ ਮਰ ਰਹੇ ਹਨ, ਜਿੰਨਾਂ ਦੇ ਵਪਾਰ, ਰੁਜ਼ਗਾਰ ਤੇ ਕਾਰੋਬਾਰ ਤੇ ਵੱਡੀ ਮਾਰ ਪੈਣੀ ਹੈ, ਜਿੰਨਾ ਦੇ ਅੱਗੇ ਮਹਿੰਗਾਈ ਦਾ ਸੱਪ ਫਣ ਚੁੱਕੀ ਖੜ੍ਹਾ ਹੈ, ਉਹਨਾਂ ਨੂੰ ਇਹਨਾਂ ਵਿੱਚੋਂ ਕਿਸੇ ਨਾਲ ਕੁਝ ਫਾਇਦਾ ਹੋਇਆ ਹੈ? ਜਾਂ ਹੋ ਸਕਦਾ ਹੈ?

ਕੀ ਨੋਟਬੰਦੀ ਨੇ ਕਿਸੇ ਦੇ ਸਿਰ ਨੂੰ ਛੱਤ ਦਿੱਤੀ ਹੈ?

ਕੀ ਰਾਮ ਜਨਮ ਭੂਮੀ ਬਾਬਰੀ ਮਸਜਿਦ ਦੇ ਹੱਲ ਹੋਣ ਤੋਂ ਬਾਅਦ ਕਰੋਨਾ ਕਰੋਪੀ ਟਲ ਗਈ ਹੈ?

ਕੀ ਕਸ਼ਮੀਰ ਦੀ ਨਜ਼ਰਬੰਦੀ ਨਾਲ ਉਥੇ ਮਹਾਂਮਾਰੀ ਨਹੀਂ ਪਹੁੰਚੀ ਹੈ?

ਕੀ ਹੁਣ ਵਾਲੇ ਕੁਆਰੰਟੀਨ ਸੈਂਟਰਾਂ ਨੂੰ ਦੇਖ ਕੇ ਐਨਆਰਸੀ ਦੇ ਤਹਿਤ ਬਣਨ ਵਾਲੇ ਡਿਟੈਂਸ਼ਨ ਸੈਂਟਰਾਂ ਤੁਹਾਨੂੰ ਯਾਦ ਨਹੀਂ ਆਏ?

ਕੀ ਸੀਏਏ ਨਾਲ ਕਿਸੇ ਮਜ਼ਦੂਰ ਨੂੰ ਇਕ ਰਾਜ ਤੋਂ ਦੂਸਰੇ ਰਾਜ ਦੀ ਸਰਹੱਦ ਪਾਰ ਕਰਨ ਵਿਚ ਕੋਈ ਦਿੱਕਤ ਨਹੀਂ ਆਈ ਹੈ?

ਕੀ ਕਿਸੇ ਸਰਕਾਰ ਨੂੰ ਬਣਾਉਣ ਜਾਂ ਡੇਗਣ ਨਾਲ ਲੋਕਾਂ ਦਾ ਉਜਾੜਾ ਰੁਕ ਗਿਆ ਹੈ?

ਕੀ ਲਵ ਜ਼ਿਹਾਦ ਤਬਲੀਗੀ ਜਮਾਤ ਰਾਹੀਂ ਮੁਸਲਮਾਨਾਂ ਨੂੰ ਬਦਨਾਮ ਕਰਨ ਦੇ ਰੂਪ ਵਿਚ ਮੁੜ ਤਾਂ ਨਹੀ ਆਇਆ ਹੈ?

ਜੇ ਇਹਨਾਂ ਸਭ ਨਾਲ ਸਾਡਾ ਕੋਈ ਫਾਇਦਾ ਨਹੀਂ ਹੋਇਆ ਤੇ ਫੇਰ ਪਿਛਲੇ ਦੋ ਸਾਲਾਂ ਤੋਂ ਦੇਸ਼ ਨੂੰ ਟਿੰਡੀ ਦੇ ਬੀਅ ਤੇ ਚੜ੍ਹਾਉਣ ਦਾ ਕੀ ਅਰਥ ਸੀ?

ਉਹ ਸਾਰੇ ਗੈਰ ਕਨੂੰਨੀ, ਦੇਸ਼ ਧਰੋਹੀ ਤੇ ਬਾਗੀ ਲੋਕ ਕਿੱਧਰ ਗਏ ਜਿਨ੍ਹਾਂ ਲਈ ਐਨਆਰਸੀ ਤੇ ਸੀਏਏ ਲਿਆਉਣ ਲਈ ਉੱਧਮੂਲ ਚੁੱਕਿਆ ਗਿਆ ਸੀ? ਇਹ ਲਾਕਡਾਉਨ ਸੱਤਾ ਦੀ ਸੰਜੀਵਨੀ ਹੈ..ਸਰਕਾਰਾਂ ਨੇ ਆਪਣੀ ਸਾਰੀਆਂ ਬੇਹੂਦਗੀਆਂ ਤੇ ਅਸਫ਼ਲਤਾਵਾਂ ਕਰੋਨਾ ਦੇ ਖਾਤੇ ਪਾ ਦੇਣੀਆਂ ਹਨ ਤੇ ਹੋਰ ਕਿੰਨਾ ਕੁਝ ਇਹਨਾਂ ਕਿਰਤੀਆਂ ਦੀਆਂ ਪਹਿਲਾਂ ਤੋਂ ਹੀ ਕੁੱਬੀਆਂ ਹੋ ਚੁੱਕੀਆਂ ਪਿੱਠਾਂ 'ਤੇ ਲੱਦ ਦੇਣਾ ਹੈ। ਸਾਰੇ ਪਿਛਲੇ ਏਜੰਡੇ ਖੂਹ ਵਿਚ ਸੁੱਟੇ ਜਾਣੇ ਹਨ ਤੇ ਨਵੇਂ ਸਦਮੇ ਦੇਣ ਦੀਆਂ ਪਲਾਨਿੰਗਾਂ ਕੀਤੀਆਂ ਜਾ ਰਹੀਆਂ ਹਨ। ਰੁਜ਼ਗਾਰ ਦੇ ਮਸਲੇ ਅਤੇ ਲੇਬਰ ਕਨੂੰਨਾਂ ਨੂੰ ਨਕਾਰਾ ਕਰਨ ਵਰਗੇ ਹਜ਼ਾਰਾਂ ਮੁੱਦੇ ਹੋਰ ਹਨ ਜਿਹੜੇ ਕਿੰਨੇ ਹੀ ਲੋਕਾਂ ਨੂੰ ਜ਼ਿੰਦਗੀ ਦੀ ਦੌੜ ਵਿੱਚੋਂ ਬਾਹਰ ਕੱਢ ਦੇਣਗੇ ਅਤੇ ਇਹਨਾਂ ਲਈ ਲੜਨ-ਬੋਲਣ ਵਾਲਿਆਂ ਨੂੰ ਦੇਸ਼ ਧਰੋਹੀ ਬਣਾ ਦੇਣਗੇ।

ਪਿਛਲਾ ਇਕ ਸਾਲ ਅਸੀਂ ਮਲਿਕ ਭਾਗੋ ਨੂੰ ਰੱਦ ਕਰਕੇ ਭਾਈ ਲਾਲੋ ਵਰਗੇ ਕਿਰਤੀ ਨੂੰ ਨਾਇਕ ਦਾ ਰੁਤਬਾ ਦੇਣ ਵਾਲੇ ਬਾਬਾ ਨਾਨਕ ਜੀ ਦਾ ਸਾਢੇ ਪੰਜ ਸੌ ਸਾਲਾ ਦਿਵਸ ਮਨਾ ਕੇ ਹਟੇ ਹਾਂ। ਇਸੇ ਲਾਕਡਾਉਨ ਦੌਰਾਨ 5 ਮਈ ਨੂੰ ਦੁਨੀਆਂ ਦੀਆਂ ਮਜ਼ਦੂਰ ਕਰਾਂਤੀਆਂ ਦੇ ਜਨਮਦਾਤਾ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾ ਕੇ ਹਟੇ ਹਾਂ..ਉਸ ਤੋਂ ਕੁਝ ਸਦਨ ਪਹਿਲਾਂ 14 ਅਪ੍ਰੈਲ ਨੂੰ ਕਿਰਤੀਆਂ ਦੀ ਪੀੜ ਨੂੰ ਪਿੰਡੇ 'ਤੇ ਹੰਢਾਉਣ ਵਾਲੇ ਤੇ ਉਸ ਨੂੰ ਕਨੂੰਨ ਰਾਹੀਂ ਸੁਰੱਖਿਆ ਦੇਣ ਵਾਲੇ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਯਾਦ ਕਰਕੇ ਹਟੇ ਹਾਂ। ਇਹਨਾਂ ਤੋਂ ਇਕ ਸਦਨ ਪਹਿਲਾਂ ਕਿਰਤੀਆਂ ਵਿਚ ਨਵੀਂ ਸ਼ਕਤੀ ਦਾ ਸੰਚਾਰ ਕਰਕੇ ਖਾਲਸਾ ਪੰਥ ਸਾਜਨ ਵਾਲੇ ਸੰਤ ਸਿਪਾਹੀ ਗੁਰੂ ਗਬਿੰਦ ਸਿੰਘ ਜੀ ਅੱਗੇ ਨਤਮਸਤਕ ਹੋ ਕੇ ਹਟੇ ਹਾਂ ਅਤੇ ਇਹਨਾਂ ਸਾਰਿਆਂ ਦੇ ਵਿਚਕਾਰ ਕਿਰਤੀਆਂ ਲਈ ਆਪਣੀਆਂ ਜਾਨਾਂ ਵਾਰ ਕੇ ਕਿਰਤ ਦੇ ਅੱਠ ਘੰਟੇ ਫਿਕਸ ਕਰਾਉਣ ਵਾਲੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਰਧਾਂਜਲੀ ਦੇ ਕੇ ਹਟੇ ਹਾਂ, ਪਰ ਸਫਰ ਵੀ ਸਾਡੇ ਮੱਥਿਆਂ ਤੇ ਕਿਰਤੀਆਂ ਨਾਲ ਹੋਏ ਸਭ ਤੋਂ ਭੈੜੇ ਮਜ਼ਾਕ ਦੀ ਕਰੂਰਤਾ ਦਾ ਕਲੰਕ ਕਿਉਂ ਲੱਗ ਰਿਹਾ ਹੈ? ਕਿਉਂਕਿ ਅਸੀਂ ਨਾ ਆਪਣੀਆਂ ਗ਼ਲਤੀਆਂ ਤੋਂ ਕੋਈ ਸਬਕ ਸਿੱਖਿਆ ਹੈ ਤਾਂ ਨਾ ਸੁਨਹਿਰੇ ਇਤਿਹਾਸ ਤੋਂ ਕੋਈ ਪ੍ਰੇਰਨਾ ਲਈ ਹੈ।

ਤੁਸੀਂ ਕਦੇ ਸੋਚਿਆ ਹੈ ਕਿ ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਮਹਾਨਗਰਾਂ ਵੱਲ ਅਤੇ ਇਕ ਸਟੇਟ ਤੋਂ ਦੂਜੀ ਸਟੇਟ ਵੱਲ ਆਉਣ ਵਾਲੀ ਇਸ ਲੇਬਰ ਦੇ ਦਿਮਾਗ਼ ਦਾ ਕੋਈ ਪੁਰਜਾ ਢਿੱਲਾ ਹੈ ਜਾਂ ਲੱਤਾਂ ਨੂੰ ਕੋਈ ਸਰਾਪ ਮਿਲਿਆ ਹੈ ਕਿ ਉਹਨਾਂ ਨੇ ਹਰ ਸਾਲ ਰੋਟੀ ਦੀ ਤਲਾਸ਼ ਵਿਚ ਆਉਣਾ ਹੈ ਤੇ ਸਫ਼ਰ ਮੁੜ ਪਰਤਣਾ ਹੈ? ਕੀ ਇੰਗਲੈਂਡ, ਕਨੇਡਾ, ਆਸਟਰੇਲੀਆ, ਨਿਊਜੀਲੈਂਡ ਵਿਚ ਵਸਦੇ ਭਾਰਤੀ ਏਦਾਂ ਹੀ ਹਰ ਸੀਜ਼ਨ ਤੋਂ ਬਾਅਦ ਘਰਾਂ ਨੂੰ ਦੌੜਦੇ ਹਨ? ਨਹੀਂ ਦੌੜਦੇ ਨਾ? ਤਾਂ ਸਫਰ ਇਹ ਮਜ਼ਦੂਰ ਕਿਉਂ ਦੌੜਦੇ ਹਨ? ਉਹਨਾਂ ਮੁਲਕਾਂ ਨੇ ਸਾਡੇ ਮਜ਼ਦੂਰਾਂ ਨੂੰ ਰੁਜ਼ਗਾਰ ਵੀ ਦਿੱਤਾ, ਸਤਿਕਾਰ ਵੀ ਦਿੱਤਾ ਅਤੇ ਬਰਾਬਰ ਦਾ ਅਸਧਕਾਰ ਵੀ ਦਿੱਤਾ। ਪਰ ਅਸੀਂ ਕੰਮ ਲੈਣ ਵੇਲੇ ਤਾਂ ਉਹਨਾਂ ਦਾ ਖ਼ੂਨ ਪੀਣ ਤੱਕ ਜਾਂਦੇ ਹਾਂ, ਉਸ ਤੋਂ ਬਾਅਦ ਸਾਨੂੰ ਇਹਨਾਂ ਵਿੱਚੋਂ ਮੁਸ਼ਕ ਮਾਰਨ ਲੱਗ ਜਾਂਦੀ ਹੈ। ਸਾਰੇ ਪੰਜਾਬੀ 'ਭਈਆ-ਭਈਆ' ਕੂਕ ਕੇ ਉਹਨਾਂ ਨੂੰ ਦੁਰਕਾਰਨ ਲਗ ਜਾਂਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਸਕ ਅਸੀਂ ਵੀ ਇਸ ਧਰਤੀ ਦਾ ਪਟਾ ਕਰਾ ਕੇ ਨਾਲ ਨਹੀਂ ਲੈ ਕੇ ਆਏ ਸੀ। ਸਾਡੇ ਤੋਂ ਪਹਿਲਾਂ ਵੀ ਇਥੇ ਕੋਈ ਹੋਰ ਵਸਦਾ ਸੀ। ਧਰਤੀ ਤੇ ਪਹਿਲਾ ਹੱਕ ਕਿਰਤ ਕਰਨ ਵਾਲੇ ਉਸ ਕਿਰਤੀ ਦਾ ਹੁੰਦਾ ਹੈ ਜਿਹੜਾ ਕਿਸੇ ਵੀ ਰੂਪ ਸਵਚ ਧਰਤੀ ਨੂੰ ਆਬਾਦ ਕਰਨ ਲਈ ਕੰਮ ਕਰਦਾ ਹੈ। ਮਹਾਰਾਸ਼ਟਰ ਵਿਚ ਮਰਾਠਵਾੜਾ ਦਾ ਅਲਾਪ ਸ਼ੁਰੂ ਹੋ ਜਾਂਦਾ ਹੈ। ਅਤੇ ਇਸੇ ਤਰ੍ਹਾਂ ਦੂਸਰੇ ਰਾਜ ਆਪਣੇ ਖੇਤਾਂ ਤੇ ਕਾਰਖਾਨਿਆਂ ਵਿਚ ਇਹਨਾਂ ਨੂੰ ਭੱਠੀਆਂ ਦੇ ਬਾਲਣ ਵਾਂਗ ਤਾਂ ਝੋਕ ਦਿੰਦੇ ਹਨ, ਪਰ ਇਹ ਕਦੇ ਵੀ ਨਹੀਂ ਚਾਹੁੰਦੇ ਕਿ ਉਹ ਇਥੇ ਪੱਕੇ ਤੌਰ 'ਤੇ ਰਹਿਣ।

ਇਸ ਕਰਕੇ ਇਹਨਾਂ ਲਈ ਸਾਰੇ ਪ੍ਰਬੰਧ ਆਰਜੀ ਕੀਤੇ ਜਾਂਦੇ ਹਨ। ਜੇ ਅਸੀਂ ਇਹਨਾਂ ਨੂੰ ਕੰਮ ਕਰਾਉਣ ਦੇ ਬਦਲੇ ਸਤਿਕਾਰ, ਪਿਆਰ ਅਤੇ ਬਰਾਬਰ ਦੇ ਅਧਿਕਾਰ ਦਿੱਤੇ ਹੁੰਦੇ, ਜਿਸ ਤਰ੍ਹਾਂ ਅਸੀਂ ਆਪਣਿਆਂ ਲਈ ਵਿਦੇਸ਼ਾਂ ਵਿਚ ਚਾਹੁੰਦੇ ਹਾਂ ਤਾਂ ਇਹਨਾਂ ਕੋਲ ਵੀ ਆਪਣੇ ਸਥਾਈ ਘਰ ਹੁੰਦੇ, ਇਹਨਾਂ ਦੀਆਂ ਵੋਟਾਂ, ਆਧਾਰ ਕਾਰਡ ਤੇ ਰਾਸ਼ਨ ਕਾਰਡ ਬਣੇ ਹੁੰਦੇ। ਕਰੋਨਾ ਦੇ ਦੌਰ ਵਿਚ 20 ਹਜ਼ਾਰ ਕਰੋੜ ਦੇ ਪੈਕਜ ਦੇ ਦਮਗਜ਼ੇ ਮਾਰਨ ਵਾਲੀ ਸਰਕਾਰ ਇਹਨਾਂ ਦੀ ਇਕ ਮਹੀਨੇ ਜਿੰਨੀ ਕਮਾਈ ਦੇ ਪੈਸੇ ਸ਼ੁਰੂ ਵਿਚ ਹੀ ਜੇਕਰ ਇਹਨਾਂ ਦੇ ਖਾਤੇ ਵਿਚ ਪਾ ਦਿੰਦੀ ਤਾਂ ਮਤਲਬ ਹੀ ਨਹੀਂ ਸੀ ਕਿ ਏਨੇ ਵੱਡੇ ਪੱਧਰ 'ਤੇ ਫਿਟਿੰਗ ਹੁੰਦੀ।

ਇਹ ਪਲਾਇਨ ਬੰਦਿਆਂ ਦਾ ਪਲਾਇਨ ਨਹੀਂ, ਵਿਸ਼ਵਾਸ ਦਾ ਪਲਾਇਨ ਹੈ ਜੋ ਇਹ ਦੇਸ਼ 72 ਸਾਲਾਂ ਵਿਚ ਵੀ ਨਹੀਂ ਬਣਾ ਸਕਿਆ। ਜਦ ਇਕ ਚਾਰੇ ਪਾਸਿਓਂ ਬੰਦ ਕੰਨਟੇਨਰ ਵਿਚ ਪੰਜਾਹ-ਸੱਠ ਬੰਦੇ ਇਸ ਡਰ ਤੋਂ 24 ਘੰਟੇ ਸਾਹ ਰੋਕ ਕੇ ਬੈਠੇ ਰਹਿੰਦੇ ਹਨ ਕਿ ਕਿਤੇ ਸਰਕਾਰ ਨਾ ਦੇਖ ਲਏ ਤਾਂ ਉਥੇ ਸੋਸਲ ਡਿਸਟੈਂਸਿੰਗ ਨਹੀਂ, ਸਮਾਜ ਦਾ ਮਰਨ ਹੋਣਾ ਚਾਹੀਦਾ ਹੈ।

ਅੱਜ ਤੋਂ 4 ਸਾਲ ਪਹਿਲਾਂ ਜਦ ਉੜੀਸਾ ਦੇ ਕਾਲਾਹਾਂਡੀ ਜ਼ਿਲ੍ਹੇ ਦਾ ਬਦਨਸੀਬ ਦਾਨਾ ਮਾਝੀ ਆਪਣੀ 12 ਸਾਲਾ ਧੀ ਦੀ ਉਂਗਲ ਫੜ੍ਹਕੇ ਆਪਣੀ ਪਤਨੀ ਦੀ ਲਾਸ਼ ਨੂੰ ਮੋਢੇ 'ਤੇ ਚੁੱਕ ਕੇ 10 ਕਿਲੋਮੀਟਰ ਪੈਦਲ ਤੁਰਿਆ ਸੀ ਤਾਂ ਇਹ ਸਨਸਨੀ ਭਰਪੂਰ ਖ਼ਬਰ ਸੀ..ਪਰ ਹੁਣ ਹਜ਼ਾਰਾਂ ਲੋਕ ਆਪਣੀਆਂ ਹੀ ਲਾਸ਼ਾਂ ਨੂੰ ਆਪਣਿਆਂ ਹੀ ਮੋਢਿਆਂ 'ਤੇ ਚੁੱਕ ਕੇ ਹਜ਼ਾਰਾਂ ਕਿਲੋਮੀਟਰ ਪੈਦਲ ਤੁਰੇ ਜਾ ਰਹੇ ਹਨ ਪਰ ਕਿਸੇ ਹਾਕਮ ਦੇ ਕੰਨ ਤੇ ਜੂੰ ਨਹੀਂ ਸਰਕਦੀ। ਜਦ 'ਬੜੇ ਸਾਹਿਬ' ਦੇਸ਼ ਦੇ ਨਾਂ ਸੰਦੇਸ਼ ਵਿਚ ਹਰ ਵਾਰ ਨਵਾਂ ਸੂਟ, ਨਵੀਂ ਜੈਕਟ ਤੇ ਹੁਣ ਨਵਾਂ ਮੈਚਿੰਗ ਜਾਂ ਕੰਟਰਾਸਟ ਬਣਾ ਕੇ ਪਹਿਨਿਆ ਮਾਸਕ ਲਾ ਕੇ ਆਉਂਦੇ ਹੋਣ ਤੇ ਨਵਾਂ ਜ਼ੁਮਲਾ ਦੇ ਕੇ ਤੁਰ ਜਾਂਦੇ ਹੋਣ, ਤਾਂ ਉਥੇ ਕਿਸੇ ਮਜ਼ਦੂਰ ਦੀ ਰੋਟੀ ਏਜੰਡਾ ਬਣ ਜਾਏ, ਇਹ ਸੰਭਵ ਹੀ ਨਹੀਂ ਹੈ। ਇਹਨਾਂ ਬਦਨਸੀਬ ਰੋਟੀਆਂ ਨੂੰ ਤਾਂ ਟਰੇਨ ਦੀਆਂ ਪਟੜੀਆਂ 'ਤੇ ਖਿਲਰਨਾ ਹੀ ਨਸੀਬ ਹੁੰਦਾ ਹੈ ਤੇ ਪਟੜੀਆਂ ਬਣਾਉਣ ਵਾਲਿਆਂ ਨੂੰ ਪਟੜੀਆਂ 'ਤੇ ਹੀ ਕਟ ਜਾਣਾ। ਹੁਣ ਤਾਂ ਫਟਾਫਟ ਲੇਬਰ ਕਨੂੰਨ ਮਨਸੂਖ ਕੀਤੇ ਜਾ ਰਹੇ ਹਨ, ਆਉਣ ਵਾਲੇ ਸਦਨਾਂ ਵਿਚ ਤੁਸੀਂ ਪੂਰੀ ਤਰ੍ਹਾਂ ਫੈਕਟਰੀ ਮਾਲਕਾਂ ਦੇ ਹਵਾਲੇ ਹੋਵੋਗੇ..ਉਹ ਤੁਹਾਡੇ ਤੋਂ ਅੱਠ ਘੰਟਿਆਂ ਦੀ ਬਜਾਇ 12-12 ਘੰਟੇ ਕੰਮ ਕਰਵਾ ਕੇ ਤੁਹਾਡੀ ਹਾਜ਼ਰੀ ਲਾਉਣ ਜਾਂ ਨਾ..ਤੁਹਾਨੂੰ ਸਮੇਂ ਸਿਰ ਪੈਸੇ ਦੇਣ ਜਾਂ ਨਾ..ਤੁਸੀਂ ਕੋਈ ਉਜਰ ਨਹੀਂ ਕਰ ਸਕੋਗੇ। ਇਹ ਹੈ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਾਡਾ ਲਾਲ ਸਲਾਮ। ਹੁਣ ਤਾਂ ਤੁਸੀਂ ਸੱਤਾ ਦਾ ਖਚਰਾ ਕਿਰਦਾਰ ਵੀ ਨਹੀਂ ਦੇਖ ਸਕੋਗੇ..ਹੁਣ ਉਹਨਾਂ ਨੇ ਚਿਹਰੇ ਆਪਣੇ ਪਾਰਟੀ ਦੇ ਰੰਗ ਦੇ ਮਾਸਕਾਂ ਜਾਂ ਸਫਰ ਹਰ ਰੋਜ਼ ਮਾਡਲਾਂ ਵਾਂਗੂ ਚੇਂਜ ਹੋ ਰਹੇ ਫੈਸ਼ਨੇ ਬਲ ਗਮਛਿਆਂ ਹੇਠ ਛੁਪਾ ਲਏ ਹਨ..ਤੁਸੀਂ ਹੁਣ ਉਹਨਾਂ ਦੇ ਮੂੰਹਾਂ ਦੀ ਬਜਾਇ ਜਾਂ ਉਹਨਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਦੇ ਅੰਦਾਜ਼ ਜਾਂ ਸਫਰ ਮਾਸਕਾਂ ਰਾਹੀਂ ਹੁੰਦੀ ਮਾਡਲਿੰਗ ਦੇਖ ਸਕਦੇ ਹੋ।

ਅਗਲੇ ਸਦਨਾਂ ਵਿਚ ਮਾਸਕਾਂ ਦੇ ਪ੍ਰਦਰਸ਼ਨਾਂ ਲਈ ਪੂਰਾ ਦੇਸ਼ ਰੈਂਪ ਬਣ ਚੁੱਕਿਆ ਹੋਵੇਗਾ ਜਿਸ ਉਤੇ ਹੁਣ ਸੱਤਾ ਅਤੇ ਉਹਨਾਂ ਦੀ ਜਮੂਰਾ ਬਣਿਆ ਮੀਡੀਆ ਕੈਟਵਾਕ ਕਰ ਰਿਹਾ ਹੋਵੇਗਾ ਅਤੇ ਤੁਸੀਂ ਉਹਨਾਂ ਦੀ ਮੈਚਿੰਗ ਦੇਖ ਕੇ ਨਿਹਾਲ ਹੋ ਰਹੇ ਹੋਵੋਗੇ, ਜਾਂ ਸਫਰ ਟੀਵੀ ਤੇ ਆ ਰਿਹਾ ਕ੍ਰਿਸ਼ਨਾ ਦੇਖ ਕੇ ਠੁਮਕੇ ਲੈਣ ਦਾ ਅਨੰਦ ਮਾਣ ਰਹੇ ਹੋਵੋਗੇ। ਪਰ ਰਾਮਇਣ ਵਿਚ ਸੀਤਾ ਦੁਆਰਾ ਧਰਤੀ ਵਿਚ ਸਮਾ ਜਾਣ ਅਤੇ ਮਹਾਂਭਾਰਤ ਵਿਚ ਏਕਲਵਿਆ ਦੇ ਅੰਗੂਠਾ ਕੱਟਣ ਦੇ ਦ੍ਰਿਸ਼ ਆਉਣ ਤੱਕ ਲਾਕਡਾਉਨ ਖੁੱਲ੍ਹ ਚੁੱਕਾ ਹੋਵੇਗਾ..ਤੇ ਤੁਹਾਨੂੰ ਇਹ ਸਦਮਾ ਭੁਲਣ ਲਈ ਕੋਈ ਇਸ ਤੋਂ ਵੱਡਾ ਸਦਮਾ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹੋਣਗੀਆਂ..

ਸ਼ਹਿਰ ਭਰ ਮੇਂ ਮਜ਼ਦੂਰ ਜੈਸੇ,
ਦਰ-ਬਦਰ ਕੋਈ ਨ ਥਾ
ਜਿਸ ਨੇ ਸਬਕਾ ਘਰ ਬਨਾਇਆ,
ਉਸਕਾ ਘਰ ਕੋਈ ਨ ਥਾ

(9876820600)

# ਗਾਇਕ ਰਣਜੀਤ ਬਾਵੇ ਦਾ ਕਸੂਰ, ਪਿਛੋਕੜ ਅਕਾਲੀ-ਭਾਜਪਾ ਸਾਰੀ



ਬੇਅੰਤ ਸਿੰਘ
94635 05435

ਅਡੋਰਨੋ ਦਾ ਇਹ ਮੰਨਣਾ ਹੈ ਕਿ ਸਭਿਆਚਾਰਕ ਉਦਯੋਗ ਜਿਸ ਪ੍ਰਕਿਰਿਆ ਰਾਹੀਂ ਵਿਅਕਤੀ ਨੂੰ ਗੁਲਾਮ ਅਤੇ ਨਿਸੱਲ/ਨਿਸ਼ਕ੍ਰਿਆ ਬਣਾਉਂਦਾ ਹੈ, ਉਸ ਨੂੰ ਸਮਝਣਾ ਅਤੇ ਰੋਕਣਾ ਵਿਅਕਤੀ ਲਈ ਸੰਭਵ ਨਹੀਂ ਹੈ। ਨਵੀਂ ਤਕਨੀਕ ਦੇ ਆਧਾਰ 'ਤੇ ਆਧਾਰਿਤ ਸਭਿਆਚਾਰਕ ਉਦਯੋਗ ਦੀ ਬਣਤਰ ਕੁਝ ਇਸ ਕਿਸਮ ਦੀ ਹੈ ਕਿ ਸਾਰੀ ਤਾਕਤ ਇਸ ਦੇ ਆਪਣੇ ਕੋਲ ਰਹਿੰਦੀ ਹੈ, ਲੋਕ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਨਿਤਾਣੇ ਹਨ। ਸਭਿਆਚਾਰਕ ਉਦਯੋਗ ਨਾ ਕੇਵਲ ਸਰਮਾਏਦਾਰੀ/ਬੁਰਜ਼ੂਆ ਵਰਗ ਦੇ ਕਬਜ਼ੇ ਨੂੰ ਕਾਇਮ ਕਰਦਾ ਹੈ, ਸਗੋਂ ਉਹ ਸਮਾਨਾਂਤਰ ਰੂਪ ਵਿਚ ਆਪਣਾ ਗਾਲਬਾ ਵੀ ਕਾਇਮ ਕਰਦਾ ਹੈ।

ਹੁਣ ਇਹ ਗੱਲ ਸਭ ਮੰਨਦੇ ਹਨ ਕਿ ਸਮਕਾਲੀ ਪੰਜਾਬੀ ਸੱਭਿਆਚਾਰ ਗੰਭੀਰ ਸੰਕਟ ਦਾ ਸ਼ਿਕਾਰ ਹੈ। ਇਸ ਸੰਕਟ ਦੀ ਪ੍ਰਭਾਵੀ ਤੰਦ ਸੰਗੀਤ ਉਦਯੋਗ ਨਾਲ ਜੁੜੀ ਹੋਈ ਹੈ। ਕੁਝ ਇੱਕ ਗੀਤਾਂ ਦੀਆਂ/ਉਦਾਹਰਣਾਂ ਨੂੰ ਛੱਡ ਕੇ ਪੰਜਾਬੀ ਸੰਗੀਤ ਉਦਯੋਗ ਨੇ ਪੰਜਾਬੀ ਲੋਕ ਮਨ (ਖਾਸਕਰ ਪੰਜਾਬ ਦੀ ਜਵਾਨੀ) ਨੂੰ ਇਕ ਵਿਸ਼ੇਸ਼ ਢਾਂਚੇ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ ਹੈ ਨਾਲ ਹੀ ਉਸਨੂੰ ਆਪਣੇ ਹਿੱਤ ਅਨੁਸਾਰ ਦਿਸ਼ਾਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।ਸਮਕਾਲੀ ਸੰਗੀਤ ਉਦਯੋਗ ਕਿਸੇ ਵੀ ਸੱਤਾ ਵਿਰੋਧੀ ਅਤੇ ਬੌਧਿਕ ਸਰਗਰਮੀ ਤੋਂ ਇਨਕਾਰੀ ਹੈ। ਪੰਜਾਬੀ ਸੰਗੀਤ ਉਦਯੋਗ ਦਾ ਕੇਂਦਰੀ ਬਿੰਦੂ ਨਸ਼ਾ, ਹਿੰਸਾ, ਔਰਤ ਨੂੰ ਕਾਮ ਵਸਤੂ ਸਿਰਜਣਾ ਹੈ। ਪੰਜਾਬੀ ਲੋਕ ਮਨ ਨੇ ਜਿੰਨਾ ਹੁੰਗਾਰਾ ਇਸ ਧਿਰ ਨੂੰ ਦਿੱਤਾ ਹੈ ਸ਼ਾਇਦ ਹੀ ਕਿਸੇ ਹੋਰ ਧਿਰ ਨੂੰ ਦਿੱਤਾ ਹੋਵੇ ਅਤੇ ਹੁਣ ਇਹ ਸੰਗੀਤ ਉਦਯੋਗ ਫਿਲਮ ਉਦਯੋਗ ਵੀ ਹੋ ਗਿਆ ਹੈ। ਇਸ ਹੁੰਗਾਰੇ ਦਾ ਮੁੱਖ ਕਾਰਨ ਪੰਜਾਬੀ ਮਨ ਵਿੱਚ ਮੁੱਢ ਕਦੀਮੀ ਸੰਗੀਤ ਦੀ ਚਾਹਤ ਵੀ ਹੈ। ਪੂੰਜੀਵਾਦੀ ਖਾਸੇ ਦੀ ਇਹ ਧਿਰ ਪੰਜਾਬੀ ਮਨ ਦੀ ਚਾਹਤ ਨੂੰ ਆਪਣੇ ਪੈਸੇ/ਲਾਭ ਕਮਾਉਣ ਲਈ ਵਰਤਿਆ ਹੈ। ਇਸ ਲਈ ਇਹ ਸੰਗੀਤ ਉਦਯੋਗ ਪੰਜਾਬੀ ਮਨ ਦੀਆਂ ਚਾਹਤਾਂ/ਉਮੰਗਾਂ/ਖਾਹਿਸ਼ਾਂ ਅਤੇ ਪੰਜਾਬੀ ਸਮਾਜ ਦੇ ਪ੍ਰਚੱਲਤ ਵਰਤਾਰਿਆਂ ਉੱਤੇ ਤਿੱਖੀ ਨਜ਼ਰ ਰੱਖਦਾ ਹੈ ਅਤੇ ਲੋਕਾਂ ਦੇ ਮਨ ਦੀ ਸੱਭਿਆਚਾਰਕ ਲੋੜ/ਭੁੱਖ ਨੂੰ ਮਿਟਾਉਣ ਲਈ ਉਵੇਂ ਹੀ ਗੀਤ/ਸੰਗੀਤ/ਫਿਲਮਾਂਕਣ ਦਾ ਨਿਰਮਾਣ ਕਰਦਾ ਹੈ ਅਤੇ ਮੰਡੀ ਵਿੱਚ ਵੇਚਦਾ ਹੈ। ਕਦੇ-ਕਦੇ ਕੋਈ ਸੱਤਾ ਵਿਰੋਧੀ ਗੀਤ ਆਉਂਦਾ ਹੈ ਲੋਕਾਂ ਨੂੰ ਲੱਗਦਾ ਹੈ ਕਿ ਇਹ ਲੋਕ ਪੱਖੀ ਗੀਤ ਹੈ ਪ੍ਰੰਤੂ ਗਹਿਰ ਗੰਭੀਰ ਨਜ਼ਰੀਏ ਤੋਂ ਦੇਖਦੇ ਹਾਂ ਤਾਂ ਸਹਿਜੇ ਸਮਝ ਆ ਜਾਂਦੀ ਹੈ ਕਿ ਇਹ ਵੀ ਇੱਕ ਹਿੱਸੇ ਵਿੱਚ ਗਾਇਕ/ਗੀਤਕਾਰ ਆਪਣੀ ਪੈਂਠ ਜਮਾਉਣ ਅਤੇ ਆਪਣੇ ਸਰੋਤਿਆਂ/ਗਾਹਕਾਂ ਦਾ ਘੇਰਾ ਵਧਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ ਜਦੋਂ ਕਿ ਉਸ ਗਾਇਕ/ਗੀਤਕਾਰ ਦਾ ਲੋਕ ਪੱਖੀ ਮਸਲਿਆਂ ਨਾਲ ਦੂਰ-ਦੂਰ ਤੱਕ ਵੀ ਕੋਈ ਵਾਹ ਵਾਸਤਾ ਨਹੀਂ ਹੁੰਦਾ।"

**ਬੀਰ ਸਿੰਘ ਬਨਾਮ ਰਣਜੀਤ ਬਾਵਾ** : ਇੱਥੇ ਆਪਾਂ ਹੁਣੇ ਬੀਰ ਸਿੰਘ ਦੇ ਲਿਖੇ ਅਤੇ ਰਣਜੀਤ ਬਾਵਾ ਦੇ ਗਾਏ ਗੀਤ ਮੇਰਾ ਕੀ ਕਸੂਰ ਬਾਰੇ ਚਰਚਾ ਕਰਦੇ ਹਾਂ ਜਿਸ ਉੱਤੇ ਕੁਝ ਇੱਕ ਅਖੌਤੀ ਹਿੰਦੂ ਸੰਗਠਨਾਂ ਨੇ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਗਾਇਕ ਰਣਜੀਤ ਬਾਵਾ, ਗੀਤਕਾਰ ਬੀਰ ਸਿੰਘ, ਵੀਡੀਓ ਡਾਇਰੈਕਟਰ ਧੀਮਾਨ ਅਤੇ ਸੰਗੀਤ ਨਿਰਮਾਤਾ ਗੁਰਮੋਹ ਤੇ ਪੁਲੀਸ ਕੇਸ ਦਰਜ ਕਰਵਾ ਦਿੱਤਾ ਜਿਸ ਤੋਂ ਬਾਅਦ ਗੀਤ ਯੂ-ਟਿਊਬ ਤੋਂ ਹਟਾ ਲਿਆ ਜਾਂਦਾ ਹੈ। ਰਣਜੀਤ ਬਾਵਾ ਪਹਿਲਾਂ ਟਵਿੱਟਰ ਤੇ ਅਤੇ ਬਾਅਦ ਚ ਵੀਡੀਓ ਬਣਾ ਕੇ ਇਹ ਕਹਿ ਕੇ ਮੁਆਫ਼ੀ ਮੰਗ ਲੈਂਦਾ ਹੈ ਕਿ ਜੇ ਕਿਸੇ ਵੀ ਧਰਮ ਜਾਂ ਧਾਰਮਿਕ ਬੰਦੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਮੁਆਫੀ ਮੰਗਦਾ ਹਾਂ। ਰਣਜੀਤ ਬਾਵਾ ਇਹ ਵੀ ਨਹੀਂ ਸੋਚਦਾ ਕਿ ਇਸ ਗੀਤ ਦਾ ਅਸਲੀ ਰਚੇਤਾ ਗੀਤਕਾਰ ਬੀਰ ਸਿੰਘ ਦਾ ਇਸ ਸਾਰੇ ਮਸਲੇਬਾਰੇ ਕੀ ਸਟੈਂਡ ਹੈ ਅਤੇ ਮੈਦਾਨ ਛੱਡ ਕੇ ਭੱਜ ਜਾਂਦਾ ਹੈ।



ਪਹਿਲੀ ਗੱਲ ਤਾਂ ਇਹ ਕਿ ਕੁਝ ਇੱਕ ਅਖੌਤੀ ਹਿੰਦੂ ਸੰਗਠਨਾਂ ਦੁਆਰਾ ਤੱਥਾਂ ਨੂੰ ਤੋੜ ਮਰੋੜ ਕੇ ਧਾਰਮਿਕ ਭਾਵਨਾਵਾਂ ਦਾ ਮੁੱਦਾ ਬਣਾ ਕੇ ਫਿਰਕਾਪ੍ਰਸਤੀ ਦਾ ਮੁਜ਼ਾਹਰਾ ਕੀਤਾ ਅਤੇ ਇਸ ਗੀਤ ਨਾਲ ਜੋੜ ਕੇ ਮਾਹੌਲ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਵਰਤਾਰਾ ਪੂਰੇ ਹਿੰਦੁਸਤਾਨ ਵਿੱਚ ਭਾਜਪਾ ਦੁਆਰਾ ਲਾਗੂ ਕੀਤੀ ਜਾ ਰਹੀ ਫ਼ਿਰਕਾਪ੍ਰਸਤੀ ਅਤੇ ਫਾਸ਼ੀਵਾਦੀ ਏਜੰਡੇ ਦੀ ਨਿਤੀ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ। ਜਿਸ ਨਾਲ ਹਰੇਕ ਸਵਾਲ ਉਠਾਉਣ ਵਾਲੇ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਇਸ ਸਿਲਸਿਲੇ ਨੂੰ ਕੁਲਬਰਗੀ, ਗੋਵਿੰਦ ਪਨਸਾਰੇ, ਗੌਰੀ ਲੰਕੇਸ਼ ਦੀ ਹੱਤਿਆ ਲੇਖਕ ਗੌਤਮ ਨਵਲੱਖਾ, ਵਰਵਰਾ ਰਾਓ, ਅਨੰਦ ਤੇਲਤੂੰਬੜੇ ਸਮੇਤ ਕਈ ਕਾਰਕੁੰਨ ਅਤੇ ਪੱਤਰਕਾਰਾਂ ਤੇ ਝੂਠੇ ਪਰਚੇ ਪਾਉਣੇ ਆਦਿ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ ਅਤੇ ਇਸ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਇਸ ਗੀਤ ਵਿੱਚ ਧਰਮ ਦੇ ਨਾਮ ਤੇ ਸਮਾਜ ਵਿੱਚ ਫੈਲਾਏ ਜਾ ਰਹੇ ਕਰਮਕਾਂਡਾਂ ਫਾਲਤੂ ਦੇ ਅਡੰਬਰਾਂ ਅਤੇ ਦਿਖਾਵੇ ਉੱਤੇ ਸਵਾਲ ਚੁੱਕੇ ਗਏ ਹਨ ਨਾ ਕਿ ਕਿਸੇ ਧਰਮ ਵਿਸ਼ੇਸ਼ ਦਾ ਵਿਰੋਧ ਕੀਤਾ ਹੈ। ਫੇਰ ਤਾਂ ਇਹ ਪਰਚਾ ਭਗਤ ਨਾਮਦੇਵ ਜੀ ਤੇ ਵੀ ਬਣਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਆਸਾ ਵਿੱਚ ਲਿਖਦੇ ਹਨ:

**ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨ॥**
**ਬਾਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥**

ਉਹ ਬ੍ਰਾਹਮਣਾਂ ਨੂੰ ਕਹਿੰਦੇ ਹਨ ਕਿ ਜਿਸ ਪਾਣੀ ਨਾਲ ਭਰੇ ਘੜੇ ਨਾਲ ਤੁਸੀਂ ਜਿਸ ਠਾਕੁਰ/ਈਸ਼ਵਰ ਦਾ ਇਸ਼ਨਾਨ ਕਰਵਾਉਣ ਲੱਗੇ ਹੋ ਉਸ ਪਾਣੀ ਵਿੱਚ ਬਿਆਲੀ ਲੱਖ ਜੀਵ ਜੰਤੂ ਹਨ ਉਹ ਸ਼ੁੱਧ ਕਿਵੇਂ ਹੋ ਗਿਆ।

ਫਿਰ ਭਗਤ ਕਬੀਰ ਜੀ ਦਾ ਕੀ ਬਣੇਗਾ ਉਹ ਤਾਂ ਕਹਿੰਦੇ ਹਨ

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ॥੨॥**

ਕਿ ਹੇ ਬ੍ਰਾਹਮਣ ਜਿਸ ਜਨਣ ਅੰਗ ਵਿੱਚੋਂ ਤੁਸੀਂ ਜਨਮੇ ਉੱਥੋਂ ਮੈਂ ਮੇਰਾ ਜਨਮ ਹੋਇਆ ਫਿਰ ਇਹ ਊਚ-ਨੀਚ ਕਿਵੇਂ ਹੋਈ।

ਗੱਲ ਕੀ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੱਗਭੱਗ ਹਰੇਕ ਪੰਨੇ ਉੱਤੇ ਕਰਮ ਕਾਂਡ ਅਤੇ ਧਾਰਮਿਕ ਅਡੰਬਰ/ਦਿਖਾਵੇ ਦਾ ਵਿਰੋਧ ਦਰਜ ਹੈ।ਸਵਾਲਾਂ ਤੋਂ ਬਾਅਦ ਸਿੱਖ ਲਹਿਰ ਛੇਵੇਂ ਗੁਰੂ ਰਾਹੀਂ ਸੱਤਾ ਨਾਲ ਸਿੱਧੀ ਟਕਰਾ ਜਾਂਦੀ ਹੈ।

ਪਰ ਰਣਜੀਤ ਬਾਵੇ ਦੀਆਂ ਲੱਤਾਂ ਸੱਤਾ ਨਾਲ ਟਕਰਾਅ ਦਾ ਇਹ ਭਾਰ ਨਹੀਂ ਝੱਲ ਸਕੀਆਂ ਤੇ ਉਹ ਪਿੱਛੇ ਹੱਟ ਗਿਆ ਕਿਉਂਕਿ ਉਹਨੇ ਤਾਂ ਪੰਜ ਮਹੀਨੇ ਪਹਿਲਾਂ ਗਾਏ ਗੀਤ ਵਿੱਚੋਂ ਹੁਣ ਕੋਈ ਹੋਰ ਗੀਤ ਨਾ ਹੋਣ ਦੀ ਸੂਰਤ ਵਿੱਚ ਪੈਸੇ ਕਮਾਉਣ ਦੀ ਸੋਚੀ ਸੀ ਪਰ ਸਕੀਮ ਉਲਟੀ ਪੈ ਗਈ।

**ਬਾਵੇ ਦਾ ਪਿਛੋਕੜ ਬਾਵਾ:** ਬਾਵਾ ਉਨ੍ਹਾਂ ਧਾਰਮਿਕ/ਫਾਸੀਵਾਦੀ(ਅਕਾਲੀ-ਭਾਜਪਾ ਗਠਜੋੜ) ਤਾਕਤਾਂ ਦਾ ਹਿਸਾ ਰਿਹਾ ਹੈ ਜਿਹੜੀ ਧਾਰਮਿਕ ਕੱਟੜਪੁਣੇ ਦੀ ਫਸਲ ਅਕਾਲੀ ਭਾਜਪਾ ਗੱਠਜੋੜ ਨੇ ਪੰਜਾਬ/ਭਾਰਤ ਵਿੱਚ ਬਿਜੀ ਹੈ। ਉਹੀ ਫਿਰਕੂ ਸਿਆਸਤ ਜਦੋਂ ਬਾਵੇ ਦੇ ਗਲ਼ ਪਈ ਤਾਂ ਗਿੱਦੜਾਂ ਦੇ ਗਰੁੱਪ ਮਾਰਨ ਵਾਲਾ ਸ਼ੇਰ ਮੂਤ ਗਿਆ। ਕੌਣ ਨਹੀਂ ਜਾਣਦਾ ਕਿ ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਇਹ ਅਕਾਲੀਆਂ ਦੀ ਗੁੰਡਾ ਵਿਦਿਆਰਥੀ ਜਥੇਬੰਦੀ ਐੱਸਓਆਈ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪ੍ਰਧਾਨ ਰਿਹਾ ਹੈ। ਕਿਸੇ ਨੂੰ ਭੁੱਲਿਆ ਯੂਨੀਵਰਸਿਟੀ ਦੇ ਗੇਟ ਦੇ ਸਾਹਮਣਿਓਂ ਨਿਕਲ ਦੇ ਮੱਥੇ ਵੱਜਦਾ ਐੱਸਓਆਈ ਦਾ ਦਫ਼ਤਰ ਜਿੱਥੇ ਅੰਮ੍ਰਿਤਸਰ ਦੇ ਲੰਡੇ, ਲੁੱਚੇ, ਲਫੰਗੇ, ਗੁੰਡੇ ਮਹਿਫ਼ਲਾਂ ਲਾਉਂਦੇ ਸੀ। ਕੌਣ ਭੁੱਲ ਸਕਦਾ ਪੰਜਾਬ ਨੂੰ ਚਿੱਟੇ ਚ ਡੋਬ ਕੇ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਕਰਨ ਵਾਲੇ ਅਤੇ ਵਿਹੜਿਆਂ ਵਿੱਚ ਮਾਤਮੀ ਸੱਥਰ ਵਿਛਾਉਣ ਵਾਲੇ ਬਿਕਰਮ ਮਜੀਠੀਏ ਨੂੰ ਇਹ ਮਾਝੇ ਦਾ ਜਰਨੈਲ ਜ਼ਿੰਦਾਬਾਦ ਕਹਿੰਦਾ ਸੀ। ਅਕਾਲੀਆਂ ਦੀਆਂ ਰੈਲੀਆਂ ਵਿੱਚ ਮੁੰਡਿਆਂ ਦੇ ਇਕੱਠ ਕਰਦਾ ਰਿਹਾ ਅਤੇ ਸਟੇਜਾਂ ਤੋਂ ਗਾਉਂਦਾ ਰਿਹਾ॥ ਸਭ ਜਾਣਦੇ ਨੇ ਕਿ ਅਕਾਲੀਆਂ ਦੀਆਂ ਰੈਲੀਆਂ ਵਿਚ ਨੌਜਵਾਨ ਮੁੰਡਿਆਂ ਨੂੰ ਕਿਹੜਾ ਨਸ਼ਾ ਵਰਤਾਇਆ ਜਾਂਦਾ ਹੈ।ਕੌਣ ਨਹੀਂ ਜਾਣਦਾ ਕਿ ਜਦੋਂ ਯੂਨੀਵਰਸਿਟੀ ਵਿੱਚੋਂ ਠੇਕੇ ਤੇ ਕੰਮ ਕਰਦੇ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਨੇ ਅੰਦੋਲਨ ਕੀਤਾ ਅਤੇ ਉਸ ਅੰਦੋਲਨ ਨੂੰ ਸੰਗਠਿਤ ਕਰਨ ਵਾਲੇ ਨਾਨ ਟੀਚਿੰਗ ਇੰਪਲਾਈਜ ਯੂਨੀਅਨ ਦਾ ਇੱਕ ਹਿੱਸਾ, ਡੈਮੋਕ੍ਰੇਟਿਕ ਇੰਪਲਾਈਜ਼ ਫੈੱਡਰੇਸ਼ਨ ਅਤੇ ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਉਸ ਵੇਲੇ ਦੇ ਆਗੂਆਂ ਨੂੰ ਇਹ ਵੀ ਸੀ ਬਰਾੜ ਅਤੇ ਸਕਿਉਰਿਟੀ ਇੰਚਾਰਜ ਦੇ ਇਸ਼ਾਰੇ ਤੇ ਆਪਣੀ ਲੰਗੋਟ਼ ਲੈ ਕੇ ਧਮਕੀਆਂ ਦਿੰਦਾ ਸੀ। ਕੌਣ ਨਹੀਂ ਜਾਣਦਾ ਮਾਝੇ ਵਿੱਚ ਇਨਕਲਾਬੀ ਕਿਸਾਨ ਲਹਿਰ ਦੀ ਜੜ੍ਹ ਲਾਉਣ ਗਏ ਮਾਸਟਰ ਸਾਧੂ ਸਿੰਘ ਤਖਤੂਪੁਰੇ ਦਾ ਕਾਤਲ ਗਰੋਹ ਵੀਰ ਸਿੰਘ ਲੋਪੋਕੇ ਦਾ ਮੁੰਡਾ ਰਾਣਾ ਰਣਵੀਰ ਲੋਪੋਕੇ ਇਹਦਾ ਯਾਰ ਹੈ ਅਤੇ ਉਨ੍ਹਾਂ ਦੀਆਂ ਗੁੰਡਾ ਸਰਗਰਮੀਆਂ ਉਸੇ ਦਫ਼ਤਰ ਵਿੱਚੋਂ ਚੱਲਦੀਆਂ ਸੀ।

ਸੋ ਬਾਵੇ ਨੇ ਤਾਂ ਮੈਦਾਨ ਛੱਡਣਾ ਹੀ ਸੀ ਇਹਦੇ ਵਿੱਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਪਰ ਉਨ੍ਹਾਂ ਤੇ ਹੈਰਾਨੀ ਜ਼ਰੂਰ ਹੈ ਜਿਨ੍ਹਾਂ ਨੇ ਸੋਸ਼ਲ ਮੀਡੀਏ ਤੇ ਇੱਕ ਮੁਆਫ਼ੀ ਮੰਗਣ ਵਾਲੇ ਅਤੇ ਗੁੰਡਾ ਫ਼ਿਰਕਾਪ੍ਰਸਤ ਸਿਆਸੀ ਟੋਲੇ ਦੇ ਸਰਗਣੇ ਰਹੇ ਕਮਰਸ਼ੀਅਲ ਗਾਇਕ ਨੂੰ ਅਤੇ ਇੱਕ ਅੱਧ ਚੱਜ ਦਾ ਗੀਤ ਗਾਉਣ ਤੋਂ ਬਾਅਦ ਉਸੇ ਗੱਲ ਤੋਂ ਭਗੌੜੇ ਹੋਏ ਦੇ ਕਸੀਦੇ ਕੱਢ ਮਾਰੇ ਤੇ ਲੋਕ ਗਾਇਕ ਕਹਿਣ ਤੱਕ ਚਲੇ ਗਏ।

ਮੇਰਾ ਮੰਨਣਾ ਹੈ ਕਿ ਬਹੁਤੇ ਲੋਕ ਅਣਜਾਣ ਪੁਣੇ ਵਿੱਚ ਕਰ ਰਹੇ ਹਨ ਦੂਜੀ ਆਮ ਲੋਕਾਈ ਨੂੰ ਪਾਪੂਲਰ ਗਾਇਕੀ/ਸੰਗੀਤ ਉਦਯੋਗ ਦੀ ਸਮਝ ਦੀ ਘਾਟ ਹੈ ਕਿਉਂਕਿ ਆਮ ਲੋਕਾਂ ਨੂੰ ਇਹ ਗਾਇਕ ਉਨ੍ਹਾਂ ਦੀਆਂ ਸੱਭਿਆਚਾਰਕ ਖਵਾਹਿਸ਼ਾਂ ਦੀ ਤ੍ਰਿਪਤੀ ਕਰਵਾਉਂਦੇ ਪ੍ਰਤੀਤ ਹੁੰਦੇ ਹਨ ਅਤੇ ਅਛੋਪਲੇ ਹੀ ਉਹ ਇਨ੍ਹਾਂ ਸੂਖਮ ਵਿਚਾਰਧਾਰਕ ਹਮਲਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲੜਾਈ ਵਿੱਚ ਜੇਕਰ ਕੋਈ ਅਸਲੀ ਨਾਇਕ ਹੈ ਤਾਂ ਉਹ ਗੀਤਕਾਰ ਅਤੇ ਗਾਇਕ ਬੀਰ ਸਿੰਘ ਹੈ ਜਿਸ ਨੇ ਹਿੱਕ ਡਾਹ ਕੇ ਸਟੈਂਡ ਲਿਆ ਹੈ ਉਸ ਨੇ ਪੰਜਾਬ ਦੀ ਭਗਤੀ ਕਾਵਿ ਧਾਰਾ ਜੋ ਅੱਗੇ ਜਾ ਕੇ ਸਿੱਖ ਲਹਿਰ ਦਾ ਰੂਪ ਬਣੀ, ਸੂਫੀ ਅਤੇ ਨਾਬਰੀ ਕਾਵਿ ਪਰੰਪਰਾ ਦੀ ਲਾਜ ਰੱਖੀ ਹੈ।ਉਸ ਦੇ ਨਾਲ ਖੜ੍ਹਨਾ ਹਰ ਲੇਖਕ, ਕਲਾਕਾਰ,ਫਿਲਮ ਜਗਤ ਆਮ ਲੋਕਾਈ ਦਾ ਫ਼ਰਜ਼ ਬਣਦਾ ਹੈ।

**ਪ੍ਰੋਫੈਸਰ ਪਾਲੀ ਭੁਪਿੰਦਰ ਦੀ ਪੋਸਟ** : ਨਾਟਕਕਾਰ ਹੁਣ ਫ਼ਿਲਮਕਾਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਪਾਲੀ ਭੁਪਿੰਦਰ ਦੀ ਪੋਸਟ ਦਾ ਨੋਟਿਸ ਲੈਣਾ ਜ਼ਰੂਰੀ ਹੈ। ਜਿਸ ਵਿੱਚ ਉਨ੍ਹਾਂ ਲਿਖਿਆ ਜਦੋਂ ਗਲੀ ਵਿੱਚ ਤਿੰਨ ਸਾਨ੍ਹ ਭੂਸਰੇ ਹੋਣ ਤਾਂ ਲਲਕਾਰਾ ਨਹੀਂ ਮਾਰੀ ਦਾ। ਯਾਨੀਕਿ ਉਨ੍ਹਾਂ ਨੇ ਬਾਵੇ ਦੀ ਮੁਆਫੀ ਨੂੰ ਸਹੀ ਮੰਨਿਆ ਕਿ ਉਸ ਨੇ ਮੁਆਫੀ ਮੰਗ ਕੇ ਠੀਕ ਕੀਤਾ। ਇਹ ਬਿਆਨ ਪਾਲੀ ਭੁਪਿੰਦਰ ਅਤੇ ਪੰਜਾਬ ਦੇ ਮੱਧ ਵਰਗ/ਪੈਟੀ ਬੁਰਜੁਆ ਦੀ ਵਿਚਾਰਧਾਰਕ ਪ੍ਰਤੀਨਿਧਤਾ ਕਰਦਾ ਹੈ ਜਿਸ ਬਾਰੇ ਪਾਸ਼ ਨੇ ਆਪਣੀ ਕਵਿਤਾ ਵਿੱਚ ਲਿਖਿਆ ਸੀ ਕਿ,

**"ਮੱਧ ਵਰਗ ਸ਼ੁਰੂ ਤੋਂ ਹੀ ਭਗੌੜਾ ਹੈ"**

ਅਤੇ ਇੱਕ ਹੋਰ ਥਾਂ ਉਹ ਲਿਖਦਾ ਹੈ ਕਿ,

**ਪਿਆਰ ਕਰਨਾ ਅਤੇ ਜੀਣਾ**
**ਉਨ੍ਹਾਂ ਨੂੰ ਕਦੇ ਨਹੀਂ ਆਉਣਾ**
**ਜਿਨ੍ਹਾਂ ਨੂੰ ਜ਼ਿੰਦਗੀ ਨੇ**
**ਬਾਣੀਏ ਬਣਾ ਦਿੱਤਾ ਹੈ।**

ਪਾਲੀ ਜੀ ਅਜਿਹੇ ਭੂਸਰੇ ਸਾਨ੍ਹਾਂ ਨੂੰ ਜੇ ਸਿੰਗਾਂ ਤੋਂ ਨਾ ਫੜਿਆ ਜਾਵੇ ਤਾਂ ਇਹ ਗਲੀ ਵਿੱਚ ਕਿਸੇ ਨੂੰ ਵੀ ਟੱਕਰ ਮਾਰ ਸਕਦੇ ਹਨ। ਇਹੀ ਕੁਝ ਭਾਜਪਾ ਅਤੇ ਹਾਕਮ ਜਮਾਤਾਂ ਕਰਦੀਆਂ ਫਿਰਦੀਆਂ ਹਨ। ਤੁਹਾਡੇ ਅਨੁਸਾਰ ਤਾਂ ਫੇਰ ਛੋਟੇ ਸਾਹਿਬਜ਼ਾਦਿਆਂ ਨੂੰ ਵੀ ਸੂਬਾ ਸਰਹਿੰਦ ਦੀ ਈਨ ਮੰਨ ਲੈਣੀ ਚਾਹੀਦੀ ਸੀ।ਤੁਹਾਡਾ ਨਾਟਕ ਹੈ ਮੈਂ ਭਗਤ ਸਿੰਘ ਉਸ ਦਾ ਆਖਰੀ ਦ੍ਰਿਸ਼ ਹੈ ਜਿਸ ਵਿੱਚ ਇੱਕ ਬੱਚਾ ਕਹਿ ਰਿਹਾ ਹੈ ਕਿ,ਹੁਣ ਭਗਤ ਸਿੰਘ ਨਹੀਂ ਆਵੇਗਾ ਸਾਨੂੰ ਖੁਦ ਹੀ ਭਗਤ ਸਿੰਘ ਬਣਨਾ ਪਵੇਗਾ ਤੁਸੀਂ ਆਪਣੇ ਲਿਖੇ ਨਾਟਕਾਂ ਤੇ ਕਾਲਖ ਪੋਤ ਦਿੱਤੀ ਹੈ ਤੁਹਾਡੇ ਲਈ ਬੱਸ ਇੰਨਾ ਹੀ ਮੈਂ ਤੁਹਾਨੂੰ ਜਿਆਦਾ ਤਵੱਜੋਂ ਨਹੀਂ ਦੇਣੀ।

**ਡਾ. ਹਰ ਗੁਰਪ੍ਰਤਾਪ ਦੀ ਦਰਖ਼ਾਸਤ ਬਾਰੇ:** ਇਸ ਦੇ ਚੱਲਦੇ ਨਿਹਾਲ ਸਿੰਘ ਵਾਲਾ ਤੋਂ ਡਾ ਹਰਗੁਰਪ੍ਰਤਾਪ ਨੇ ਉਸ ਵਕੀਲ ਤੇ ਕਰਾਸ ਦਰਖਾਸਤ ਦੇ ਦਿੱਤੀ। ਜਿਸ ਵਿੱਚ ਉਸ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਵੇਖੋ ਇਸ ਵੇਲੇ ਡਾਕਟਰਾਂ ਨੂੰ ਕਰੋਨਾ ਵਾਇਰਸ ਦੀ ਸਮਝ ਨਹੀਂ ਆ ਰਹੀ ਸਭ ਦੀਆਂ ਨਜ਼ਰਾਂ ਭਗਵਾਨ/ਰੱਬ ਉੱਤੇ ਨੇ ਇਸ ਵੇਲੇ ਕਿਸੇ ਦੇ ਭਗਵਾਨ ਤੇ ਉਂਗਲ ਚੁੱਕਣੀ ਗੁਨਾਹ ਹੈ ਅਤੇ ਉਸ ਸੰਘੀ ਵਕੀਲ ਦੇ ਇਸ ਬਿਆਨ ਇਸ ਨਾਲ ਕਿਸੇ ਦੀ ਵੀ ਅਸਹਿਮਤੀ ਹੋ ਸਕਦੀ ਹੈ ਪਰ ਇਸ ਨਾਲ ਡਾਕਟਰਾਂ ਦੀਆਂ ਭਾਵਨਾਵਾਂ ਆਹਤ ਹੋ ਗਈਆਂ। ਕਈਆਂ ਨੇ ਉਹ ਦਰਖਾਸਤ ਫੇਸਬੁੱਕ ਤੇ ਸ਼ੇਅਰ ਕੀਤੀ। ਮੇਰਾ ਸਵਾਲ ਹੈ ਕਿ ਇਹੀ ਹੈ ਤੁਹਾਡੀ ਵਿਚਾਰਾਂ ਦੀ ਆਜ਼ਾਦੀ ਦਾ ਪੈਰਾਮੀਟਰ। ਇਨ੍ਹਾਂ ਗੱਲਾਂ ਲਈ ਤਾਂ ਅਸੀਂ ਲੜ ਰਹੇ ਹਾਂ ਕਿ ਵਾਦ-ਵਿਵਾਦ ਅਤੇ ਸੰਵਾਦ ਹੋਵੇ ਲੋਕਾਂ ਨੂੰ ਜੋ ਸਹੀ ਲੱਗੂ ਉਹ ਆਪਣਾ ਫੈਸਲਾ ਲੈਣਗੇ ਨਾਲੇ ਪੁਲੀਸ ਨੂੰ ਸ਼ਿਕਾਇਤ ਦੇਣੀ ਵਧ ਰਹੇ ਫਾਸੀਵਾਦੀ ਰੁਝਾਨ ਨੂੰ ਹੋਰ ਖੁੱਲ ? ਦੇਣਾ ਹੈ। ਜਦੋਂ ਜਮਹੂਰੀਅਤ ਅਤੇ ਗੱਲ ਕਹਿਣ ਦੀ ਆਜ਼ਾਦੀ ਸੁੰਗੜ ਰਹੀ ਹੈ ਮੈਂ ਇਸ ਦਰਖਾਸਤ ਦੀ ਵੀ ਨਿਖੇਧੀ ਕਰਦਾ ਹਾਂ ਤਾਂ ਜੋ ਬੋਲਣ ਦੀ ਆਜ਼ਾਦੀ ਉੱਤੇ ਹਮਲਾ ਨਾ ਹੋਵੇ।

**ਅੰਤਿਮ ਸ਼ਬਦ:**

ਸੰਗੀਤ ਉਦਯੋਗ ਦਾ ਮੁੱਖ ਕੰਮ ਲਾਭ ਕਮਾਉਣਾ ਹੈ ਕੋਈ ਇੱਕ ਅੱਧ ਗਾਇਕ/ਗੀਤਕਾਰ ਅਪਵਾਦ ਹੋ ਸਕਦੇ ਹਨ। ਉਂਜ ਬੀਰ ਸਿੰਘ ਵੀ ਫ਼ਿਲਮਾਂ ਲਈ ਲਿਖਦਾ ਅਤੇ ਗਾਉਂਦਾ ਹੈ ਫੇਰ ਵੀ ਉਸ ਦੇ ਗੀਤ ਉਵੇਂ ਦੇ ਵਿਸ਼ੈਲੇ ਨਹੀਂ। ਲੋਕ ਗਾਇਕੀ ਦੇ ਨੇੜੇ-ਤੇੜੇ ਵਿਚਰਦੇ ਹਨ। ਇਸ ਸਭ ਦੇ ਬਾਵਜੂਦ ਬੀਰ ਸਿੰਘ ਵੱਲੋਂ ਇਸ ਗੀਤ ਬਾਬਤ ਲਏ ਸਟੈਂਡ ਨਾਲ ਖੜ੍ਹਨਾ ਚਾਹੀਦਾ ਹੈ ਤਾਂ ਜੋ ਹੋਰ ਵੀ ਲੇਖਕ/ ਕਲਾਕਾਰ ਨਿੱਡਰ ਹੋ ਕੇ ਲੁੱਟ, ਕਰਮਾਂ ਕਾਂਡਾਂ ਖ਼ਿਲਾਫ਼, ਲੋਕ ਹਿੱਤ ਵਿੱਚ ਲਿਖ ਸਕਣ। ਸੱਤਾ ਦੇ ਫਾਸੀਵਾਦੀ ਆਰਐੱਸਐੱਸ ਦੇ ਘੱਟ ਗਿਣਤੀਆਂ, ਦਲਿਤਾਂ, ਲੇਖਕਾਂ ਖ਼ਿਲਾਫ਼ ਹਮਲੇ ਨੂੰ ਪਛਾੜਨ ਲਈ ਲੋਕ ਲਹਿਰ ਉਸਾਰਨੀ ਚਾਹੀਦੀ ਹੈ ਅਤੇ ਹਰੇਕ ਨੂੰ ਵਿੱਤ ਮੁਜਬ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਵੇਲੇ ਬੀਰ ਸਿੰਘ ਨੂੰ ਸਿਰਫ ਇਨ੍ਹਾਂ ਹੀ ਕਹਿਣਾ ਹੈ

ਜਿੱਥੇ ਮਾਰੇਂਗਾ ਮਾਰੂੰਗੀ ਨਾਲ ਤੇਰੇ ਟਿਕਟਾਂ ਦੋ ਲੈ ਲਈਂ...

Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373
Logistics Ltd Calgary Alberta
Warehousing / Distribution

# ਸਰਮਾਏਦਾਰੀ ਦੇ ਇੰਜਣ ਨੂੰ ਸਦਾ ਲਈ ਬੰਦ ਕਰਨਾ ਹੋਵੇਗਾ - ਅਰੁੰਧਤੀ ਰਾਏ

**-ਅਨੁਵਾਦ: ਬੂਟਾ ਸਿੰਘ**

ਅੱਜ ਜਦ ਸਮੁੱਚੀ ਮਨੁੱਖੀ ਨਸਲ ਥੋੜ੍ਹੇ ਸਮੇਂ ਲਈ ਆਪਣੇ ਘਰਾਂ ਵਿਚ ਕੈਦ ਹੈ, ਤਾਂ ਧਰਤੀ ਨੇ ਖ਼ੁਦ ਹੀ ਆਪਣੇ ਜ਼ਖ਼ਮ ਭਰਨ ਦੀ ਸਮਰੱਥਾ ਸਾਨੂੰ ਦਿਖਾ ਦਿੱਤੀ ਹੈ। ਅਸੀਂ ਜੋ ਬਿਮਾਰ ਹਾਂ, ਬੀਮਾਰੀ ਅਤੇ ਨੁਕਸਾਨ ਦੀ ਇਸ ਹਾਲਤ ਵਿਚ ਕੋਈ ਓਹੜ-ਪੋਹੜ ਕਰਨ ਤੋਂ ਅਸਮਰੱਥ ਹਾਂ। ਬਸ ਡੌਰ-ਭੌਰ ਹੋਏ ਕੁਦਰਤ ਨੂੰ ਇੰਞ ਕਰਦਿਆਂ ਦੇਖ ਸਕਦੇ ਹਾਂ।

ਲੇਕਿਨ ਇਸ ਦਾ ਖ਼ਾਤਮਾ ਕਿਵੇਂ ਕੀਤਾ ਜਾਵੇ, ਇਸ ਨੂੰ ਲੈ ਕੇ ਵਿਉਂਤਬੰਦੀ ਜ਼ੋਰਾਂ 'ਤੇ ਹੈ। ਮਿਸਾਲ ਵਜੋਂ ਭਾਰਤ ਵਿਚ ਪਿਛਲੇ ਥੋੜ੍ਹੇ ਦਿਨਾਂ ਦੇ ਵਿਚ ਹੀ ਟਾਈਗਰ ਰਿਜ਼ਰਵ ਦੇ ਇਕ ਰਾਖਵੇਂ ਖੇਤਰ ਦੇ ਵੱਡੇ ਹਿੱਸੇ ਨੂੰ ਵਿਸ਼ਾਲ ਧਾਰਮਿਕ ਇਕੱਠ 'ਕੁੰਭ ਮੇਲੇ' ਲਈ ਤਕਰੀਬਨ ਤਿਆਰ ਕਰ ਲਿਆ ਗਿਆ ਹੈ। ਜਿਸ ਵਿਚ ਕਰੋੜਾਂ ਦੀ ਤਾਦਾਦ 'ਚ ਹਿੰਦੂ ਤੀਰਥ ਯਾਤਰੀ ਸ਼ਾਮਲ ਹੁੰਦੇ ਹਨ। ਅਸਾਮ ਦੇ ਇਕ ਹਾਥੀਆਂ ਲਈ ਰਾਖਵੇਂ ਜੰਗਲੀ ਇਲਾਕੇ ਨੂੰ ਕੋਲਾ ਖਾਣ ਸ਼ੁਰੂ ਕਰਨ ਲਈ ਚੁਣ ਲਿਆ ਗਿਆ ਹੈ। ਇਸੇ ਤਰ੍ਹਾਂ, ਅਰੁਣਾਚਲ ਪ੍ਰਦੇਸ਼ ਵਿਚ ਹਿਮਾਲਿਆ ਦੇ ਪੁਰਾਤਨ ਜੰਗਲਾਂ ਦੀ ਹਜ਼ਾਰਾਂ ਏਕੜ ਜ਼ਮੀਨ ਹਾਈਡਰੋਲਿਕ ਡੈਮ ਬਣਾਉਣ ਲਈ ਚੁਣ ਲਈ ਗਈ ਹੈ ਜਿਸ ਨਾਲ ਇਹ ਇਲਾਕਾ ਪਾਣੀ ਵਿਚ ਡੁੱਬ ਜਾਵੇਗਾ। ਫਿਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਕਿਉਂ ਪਿੱਛੇ ਰਹੇ, ਉਸ ਨੇ ਚੰਦ ਉੱਪਰ ਖਾਣਾਂ ਖੋਦਣ ਦੀ ਇਜਾਜ਼ਤ ਦੇਣ ਦੇ ਪ੍ਰਸ਼ਾਸਨਿਕ ਹੁਕਮਾਂ ਉੱਪਰ ਸਹੀ ਪਾ ਦਿੱਤੀ ਹੈ।

ਜਿਵੇਂ ਕਰੋਨਾ ਵਾਇਰਸ ਮਨੁੱਖੀ ਦੇਹਾਂ ਵਿਚ ਘੁਸ ਕੇ ਉਹਨਾਂ ਦੀਆਂ ਪਹਿਲੀਆਂ ਬਿਮਾਰੀਆਂ ਨੂੰ ਜ਼ਰਬਾਂ ਦੇ ਦਿੰਦਾ ਹੈ, ਐਨ ਉਸੇ ਤਰ੍ਹਾਂ ਇਸ ਵਾਇਰਸ ਨੇ ਵੱਖ ਵੱਖ ਮੁਲਕਾਂ ਤੇ ਸਮਾਜਾਂ ਵਿਚ ਘਰ ਕਰਕੇ ਉਨ੍ਹਾਂ ਦੀਆਂ ਢਾਂਚਾਗਤ ਕਮਜ਼ੋਰੀਆਂ ਤੇ ਬਿਮਾਰੀਆਂ ਨੂੰ ਜ਼ਰਬਾਂ ਦੇ ਦਿੱਤੀਆਂ ਹਨ। ਇਸ ਨੇ ਅਨਿਆਂ, ਫਿਰਕਾਪ੍ਰਸਤੀ, ਨਸਲਵਾਦ, ਜਾਤੀਵਾਦ ਅਤੇ ਇਹਨਾਂ ਸਾਰਿਆਂ ਤੋਂ ਜ਼ਿਆਦਾ ਨਾਬਰਾਬਰੀ ਨੂੰ ਹੋਰ ਵਧਾ ਦਿੱਤਾ ਹੈ।

ਸੱਤਾ ਦੀਆਂ ਉਹ ਤਮਾਮ ਸੰਸਥਾਵਾਂ, ਜਿਹਨਾਂ ਦਾ ਗ਼ਰੀਬਾਂ ਦੇ ਦੁੱਖ-ਤਕਲੀਫ਼ਾਂ ਪ੍ਰਤੀ ਵਤੀਰਾ ਬੇਪ੍ਰਵਾਹੀ ਵਾਲਾ ਰਿਹਾ ਹੈ ਜੋ ਦਰਅਸਲ ਉਹਨਾਂ ਦੇ ਸੰਤਾਪ ਨੂੰ ਵਧਾਉਣ ਲਈ ਹੀ ਕੰਮ ਕਰਦੀਆਂ ਰਹੀਆਂ ਹਨ, ਹੁਣ ਇਸ ਸੋਚ ਨਾਲ ਹਾਲਤ ਨੂੰ ਕਾਬੂ ਕਰਨ ਵਿਚ ਜੁੱਟੀਆਂ ਹੋਈਆਂ ਹਨ ਕਿ ਜੇ ਗ਼ਰੀਬਾਂ ਵਿਚ ਬਿਮਾਰੀ ਫੈਲ ਗਈ ਤਾਂ ਇਹ ਅਮੀਰਾਂ ਲਈ ਖ਼ਤਰਾ ਬਣ ਜਾਵੇਗੀ।

ਹਾਲੇ ਤਕ ਇਸ ਬਿਮਾਰੀ ਤੋਂ ਬਚਾਓ ਕਰਨ ਲਈ ਕੋਈ ਸੁਰੱਖਿਆ ਦੀਵਾਰ ਨਹੀਂ ਹੈ, ਲੇਕਿਨ ਛੇਤੀ ਹੀ ਕੋਈ ਨਾ ਕੋਈ ਬਣਾ ਲਈ ਜਾਵੇਗੀ, ਸ਼ਾਇਦ ਇਹ ਕਿਸੇ ਵੈਕਸੀਨ ਦੀ ਸ਼ਕਲ ਵਿਚ ਹੋਵੇ। ਹਮੇਸ਼ਾ ਵਾਂਗ ਡਾਢੇ ਲੋਕ ਬਾਕੀਆਂ ਨੂੰ ਪਾਸੇ ਧੱਕ ਕੇ ਇਸ ਉੱਪਰ ਸਭ ਤੋਂ ਪਹਿਲਾ ਕਬਜ਼ਾ ਕਰ ਲੈਣਗੇ। ਮੁੜ ਉਹੀ ਪੁਰਾਣੀ ਖੇਡ ਸ਼ੁਰੂ ਹੋ ਜਾਵੇਗੀ ਕਿ ਜੋ ਸਭ ਤੋਂ ਅਮੀਰ ਹੈ, ਉਸ ਦੇ ਜ਼ਿੰਦਾ ਰਹਿਣ ਦੀ ਗੁੰਜਾਇਸ਼ ਵੀ ਸਭ ਤੋਂ ਵਧੇਰੇ ਹੋਵੇਗੀ। ਇਹ ਮੈਂ ਕੌਮਾਂਤਰੀ ਕਿਰਤ ਦਿਹਾੜੇ ਉੱਪਰ ਲਿਖ ਰਹੀ ਹਾਂ, ਅੱਠ ਘੰਟੇ ਦੀ ਕੰਮ ਦਿਹਾੜੀ ਲਈ



ਕਿਰਤੀਆਂ ਦੇ ਸੰਘਰਸ਼ ਦੌਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਹੋਏ ਕਤਲੇਆਮ ਤੋਂ ਇਕ ਸੌ ਇਕੱਤੀ ਸਾਲ ਬਾਦ। ਹੁਣ ਭਾਰਤੀ ਸਨਅਤੀ ਕਾਰੋਬਾਰੀ ਸਰਕਾਰ ਉੱਪਰ ਦਬਾਓ ਪਾ ਰਹੇ ਹਨ ਕਿ ਕਿਰਤੀਆਂ ਦੇ ਹੱਕਾਂ ਦੀ ਜੋ ਵੀ ਰਹਿੰਦ-ਖੂੰਹਦ ਬਚੀ ਹੈ ਉਸ ਦਾ ਟੈਂਟਾ ਮੁਕਾ ਦਿੱਤਾ ਜਾਵੇ ਅਤੇ ਬਾਰਾਂ ਘੰਟੇ ਕੰਮ ਕਰਵਾਉਣ ਦੀ ਖੁੱਲ੍ਹ ਦੇ ਦਿੱਤੀ ਜਾਵੇ।

ਸੱਤਾ ਦੇ ਅੰਗ, ਜੋ ਸਦਾ ਮਨੁੱਖ ਦੇ ਵਿਨਾਸ਼ ਨੂੰ ਹੀ ਤਰੱਕੀ ਤੇ ਤਹਿਜ਼ੀਬ ਮੰਨ ਕੇ ਚੱਲਦੇ ਰਹੇ ਹਨ, ਉਹ ਦੇਖ ਲਓ ਇਸ ਵਕਤ ਕਿੰਞ ਵਾਇਰਸ ਵਲੋਂ ਮਚਾਈ ਤਬਾਹੀ ਨੂੰ ਰੋਕਣ ਦੀ ਕਵਾਇਦ ਵਿਚ ਜੁੱਟੇ ਹੋਏ ਹਨ। ਪ੍ਰਮਾਣੂ, ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਅੰਬਾਰ ਲਾਉਣ ਪਿੱਛੇ ਉਹਨਾਂ ਦੀ ਇਹੀ ਤਬਾਹੀ ਦੀ ਸੋਚ ਕੰਮ ਕਰਦੀ ਰਹੀ ਹੈ। ਤਬਾਹੀ ਦੇ ਇਸ ਰੂਪ ਨੂੰ ਉਹ ਉਸੇ ਤਰ੍ਹਾਂ ਸਹਿਜੇ ਹੀ ਅੰਜਾਮ ਦਿੰਦੇ ਰਹੇ ਹਨ ਜਿਵੇਂ ਉਹ ਅਣਚਾਹੇ ਨਿਜ਼ਾਮਾਂ ਵਾਲੇ ਮੁਲਕਾਂ ਵਿਰੁੱਧ ਆਰਥਕ ਪਾਬੰਦੀਆਂ ਲਗਾ ਕੇ ਉੱਥੋਂ ਦੀ ਪੂਰੀ ਵਸੋਂ ਨੂੰ ਹੀ ਜੀਵਨ-ਰੱਖਿਅਕ ਦਵਾਈਆਂ ਤੋਂ ਵਿਰਵੇ ਕਰ ਦਿੰਦੇ ਹਨ। ਇਸ ਧਰਤੀ ਨੂੰ ਤਬਾਹ ਅਤੇ ਬਰਬਾਦ ਕਰਨ ਦੇ ਅਮਲ ਨੂੰ ਜ਼ਰਬਾਂ ਦੇਣ ਸਮੇਂ ਵੀ ਉਹ ਇਹ ਸੋਚ ਅਪਣਾ ਕੇ ਚੱਲਦੇ ਹਨ। ਇਸ ਤਬਾਹੀ ਨੂੰ ਦੇਖਦਿਆਂ ਕੋਵਿਡ-19 ਵਲੋਂ ਦੁਨੀਆ ਭਰ ਵਿਚ ਜੋ ਤਬਾਹੀ ਮਚਾਈ ਜਾਣ ਵਾਲੀ ਹੈ ਉਹ ਤਾਂ ਮਹਿਜ਼ ਬੱਚਿਆਂ ਦੀ ਖੇਡ ਹੀ ਹੋਵੇਗੀ। (ਸੱਚ ਤਾਂ ਇਹ ਹੈ ਕਿ ਉਹ ਤਬਾਹੀ ਪਹਿਲਾਂ ਹੀ ਹੋ ਚੁੱਕੀ ਹੈ, ਭਾਵੇਂ ਟੈਲੀਵਿਜ਼ਨ ਉੱਪਰ ਉਸ ਨੂੰ ਦਿਖਾਇਆ ਨਹੀਂ ਗਿਆ।)

ਹੁਣ ਜਦ ਅਸੀਂ ਲੌਕਡਾਊਨ ਤਹਿਤ ਘਰਾਂ ਵਿਚ ਕੈਦ ਹਾਂ ਤਾਂ ਉਹ ਆਪਣੀਆਂ ਸ਼ਤਰੰਜੀ ਚਾਲਾਂ ਨੂੰ ਬਹੁਤ ਤੇਜ਼ੀ ਨਾਲ ਅੰਜਾਮ ਦੇ ਰਹੇ ਹਨ। ਕਰੋਨਾ ਵਾਇਰਸ ਤਾਂ ਤਾਨਾਸ਼ਾਹ ਸਰਕਾਰਾਂ ਲਈ ਤੋਹਫ਼ਾ ਬਣ ਕੇ ਆਇਆ ਹੈ। ਮਹਾਮਾਰੀ ਫੈਲਣਾ ਕੋਈ ਨਵੀਂ ਗੱਲ ਨਹੀਂ ਹੈ, ਲੇਕਿਨ ਡਿਜੀਟਲ ਯੁਗ ਵਿਚ ਇਹ ਪਹਿਲੀ ਵਾਰ ਹੋਇਆ ਹੈ। ਅਸੀਂ ਕੌਮੀ ਪੱਧਰ ਦੇ ਤਾਨਾਸ਼ਾਹ ਹਿਤਾਂ ਅਤੇ ਕੌਮਾਂਤਰੀ ਪੱਧਰ 'ਤੇ ਆਫ਼ਤਾਂ ਤੋਂ ਮੁਨਾਫ਼ੇ ਬਟੋਰਨ ਵਾਲੇ ਹਿਤਾਂ ਅਤੇ ਡੇਟਾ ਸੰਗ੍ਰਹਿ ਕਰਨ ਵਾਲਿਆਂ ਨੂੰ ਜੋਟੀ ਪਾ ਕੇ ਕੰਮ ਕਰਦੇ ਦੇਖ ਰਹੇ ਹਾਂ। ਭਾਰਤ ਵਿਚ ਇਹ ਅਮਲ ਹੋਰ ਵੀ ਤੇਜ਼ੀ ਨਾਲ ਵਾਪਰ ਰਿਹਾ ਹੈ। ਫੇਸਬੁੱਕ ਨੇ ਭਾਰਤ ਦੇ ਸਭ ਤੋਂ ਵੱਡੇ ਫ਼ੋਨ ਨੈੱਟਵਰਕ ਜੀਓ ਨਾਲ ਸਮਝੌਤਾ ਕੀਤਾ ਹੈ, ਜਿਸ ਜ਼ਰੀਏ ਇਹ ਆਪਣੇ 40 ਕਰੋੜ ਵਟਸਐਪ ਵਰਤੋਂਕਾਰਾਂ ਦੇ ਬੇਸ ਨੂੰ ਉਹਨਾਂ ਨਾਲ ਸਾਂਝਾ ਕਰੇਗਾ। ਬਿਲ ਗੇਟਸ ਵੀ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ੇ ਬਟੋਰਨ ਦੀ ਆਸ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਉਂਦਾ ਨਹੀਂ ਥੱਕਦਾ।


ਨਰਿੰਦਰ ਮੋਦੀ ਦੀ ਸਿਫ਼ਾਰਸ਼ 'ਤੇ ਨਿਗਰਾਨੀ/ਸਿਹਤ ਸਬੰਧੀ ਐਪ ਆਰੋਗਯ ਸੇਤੂ ਨੂੰ ਹੁਣ ਤੱਕ 6 ਕਰੋੜ ਤੋਂ ਜ਼ਿਆਦਾ ਲੋਕ ਡਾਊਨਲੋਡ ਕਰ ਚੁੱਕੇ ਹਨ। ਸਰਕਾਰੀ ਮੁਲਾਜ਼ਮਾਂ ਲਈ ਇਸ ਐਪ ਨੂੰ ਡਾਊਨਲੋਡ ਕਰਨਾ ਲਾਜ਼ਮੀ ਬਣਾ ਦਿੱਤਾ ਗਿਆ ਹੈ। ਸਰਕਾਰੀ ਮੁਲਾਜ਼ਮਾਂ ਲਈ ਇਹ ਵੀ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਉਹ ਪੀ.ਐਮ. ਕੇਅਰ ਫੰਡ ਵਿਚ ਆਪਣੀ ਇਕ ਦਿਨ ਦੀ ਤਨਖ਼ਾਹ ਦਾ ਯੋਗਦਾਨ ਪਾਉਣਗੇ ਜਿਸ ਬੁਝਾਰਤ ਦਾ ਕਦੇ ਕੋਈ ਜਨਤਕ ਲੇਖਾ-ਜੋਖਾ ਨਹੀਂ ਹੋਵੇਗਾ।

ਕਰੋਨਾ ਤੋਂ ਪਹਿਲਾਂ ਅਸੀਂ ਬਿਨਾਂ ਸੋਚੇ-ਸਮਝੇ ਨਿਗਰਾਨੀ ਸਟੇਟ ਦੀ ਜਕੜ ਵਿਚ ਫਸਦੇ ਜਾਂਦੇ ਸੀ, ਹੁਣ ਅਸੀਂ ਮਹਾਮਾਰੀ ਤੋਂ ਸਹਿਮ ਕੇ ਸੁਪਰ ਸਰਵੇਲੈਂਸ ਸਟੇਟ ਦੇ ਸ਼ਿਕੰਜੇ ਵਿਚ ਫਸਣ ਲਈ ਵਾਹੋਦਾਹੀ ਭੱਜੇ ਜਾ ਰਹੇ ਹਾਂ, ਜਿੱਥੇ ਸਾਨੂੰ ਆਪਣਾ ਸਭ ਕੁਛ ਸਟੇਟ ਦੇ ਹਵਾਲੇ ਕਰ ਦੇਣ ਲਈ ਕਿਹਾ ਜਾ ਰਿਹਾ ਹੈ, ਸਾਡੀ ਨਿੱਜਤਾ, ਸਾਡਾ ਮਾਣ-ਸਨਮਾਨ, ਸਾਡੀ ਆਜ਼ਾਦੀ ਅਤੇ ਸਾਡੇ ਸਵੈ ਨੂੰ ਕੰਟਰੋਲ ਕਰ ਲੈਣ ਅਤੇ ਬਾਰੀਕੀ ਨਾਲ ਸੱਤਾ ਦੀ ਮਰਜ਼ੀ ਅਨੁਸਾਰ ਸਾਡੀਆਂ ਜ਼ਿੰਦਗੀਆਂ ਦਾ ਸੰਚਾਲਨ ਕਰਨ ਦੀ ਸਹਿਮਤੀ ਦੇਣ ਸਮੇਤ ਸਭ ਕੁਛ। ਲੌਕਡਾਊਨ ਹਟਾਏ ਜਾਣ ਤੋਂ ਬਾਦ ਵੀ ਜੇ ਅਸੀਂ ਇਸ ਵਿੱਚੋਂ ਨਿਕਲਣ ਲਈ ਹੰਭਲਾ ਨਾ ਮਾਰਿਆ ਤਾਂ ਸਮਝ ਲਓ ਅਸੀਂ ਸਦਾ ਲਈ ਕੈਦ ਹੋ ਜਾਵਾਂਗੇ।

ਇਸ ਇੰਜਣ ਨੂੰ ਅਸੀਂ ਸਦਾ ਲਈ ਬੰਦ ਕਿਵੇਂ ਕਰੀਏ? ਇਹੋ ਸਾਡੇ ਸਾਹਮਣੇ ਅਸਲ ਕਾਰਜ ਹੈ।

[ਮੌਲਿਕ ਰੂਪ 'ਚ ਪ੍ਰਾਗਰੈੱਸ.ਇੰਟਰਨੈਸ਼ਨਲ ਬਲਾਗ ਵਿਚ ਛਪਿਆ ਲੇਖ।]

## ਮਜ਼ਦੂਰਾਂ ਲਈ ਖਾਸ ਰੇਲਗੱਡੀ 'ਚ ਯਾਤਰਾ ਦੌਰਾਨ ਹੋ ਰਹੀਆ ਮੌਤਾਂ ਸਰਕਾਰੀ ਪ੍ਰਬੰਧਾਂ ਦੇ ਮੂੰਹ 'ਤੇ ਧੱਬਾ



ਸ਼ੋਸ਼ਲ ਮੀਡੀਆ 'ਤੇ ਮੁਜ਼ੱਫ਼ਰਨਗਰ ਸਟੇਸ਼ਨ ਦੀ ਇੱਕ ਵੀਡੀਓ ਵਾਇਰਲ ਹੋਈ ਜਿਸ ਵਿੱਚ ਇੱਕ ਬੱਚਾ ਆਪਣੀ ਸੁੱਤੀ ਪਈ ਮਾਂ ਉੱਪਰੋਂ ਚਾਦਰ ਖਿੱਚ ਕੇ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਮਾਂ ਨਾ ਹਿੱਲਦੀ ਹੈ ਨਾ ਬੋਲਦੀ ਹੈ। ਉਹ ਮਰ ਚੁੱਕੀ ਹੈ। 23 ਸਾਲ ਦੀ ਇਹ ਔਰਤ ਜੋ ਕਰੋਨਾ ਆਫ਼ਤ ਸਮੇਂ ਲੰਬੀ ਉਡੀਕ ਤੋਂ ਬਾਅਦ ਪਤਾ ਨਹੀਂ ਕਿੰਨੀਆਂ ਔਕੜਾਂ ਨਾਲ਼ ਜੂਝਦੀ ਆਖਰ ਆਪਣੇ ਘਰ ਜਾ ਰਹੀ ਸੀ। ਪਰ ਰਸਤੇ 'ਚ ਹੀ ਲਾਸ਼ ਬਣ ਗਈ।

ਚਾਰ ਸਾਲਾਂ ਦਾ ਮਾਸੂਮ ਬੱਚਾ ਮੁਹੰਮਦ ਇਰਸ਼ਾਦ ਆਪਣੇ ਪਿਤਾ ਨਾਲ਼ ਘਰ ਜਾਣ ਲਈ ਰਵਾਨਾ ਹੋਇਆ ਪਰ ਰੇਲ ਨੇ ਦਿੱਲੀ ਤੋਂ ਪਟਨਾ ਪਹੁੰਚਣ ਲਈ 39 ਘੰਟੇ ਲਾ ਦਿੱਤੇ। ਇਰਸ਼ਾਦ 40 ਡਿਗਰੀ ਤਾਪਮਾਨ ਅਤੇ ਭੁੱਖ ਨਾ ਸਹਾਰ ਸਕਿਆ। ਉਹ ਰੋਟੀ ਲਈ ਰੋਂਦਾ ਰਿਹਾ, ਚੀਕਦਾ ਰਿਹਾ ਤੇ ਆਖਰ ਸਦਾ ਲਈ ਚੁੱਪ ਹੋ ਗਿਆ। ਇਰਸ਼ਾਦ ਨੂੰ ਈਦ ਦੇ ਇੱਕ ਦਿਨ ਬਾਅਦ ਉਨ੍ਹਾਂ ਦੇ ਪਿੰਡ ਤੁਲਾਰਾਮ ਘਾਟ ਵਿੱਚ ਦਫ਼ਨਾਇਆ ਗਿਆ।

ਉਨ੍ਹਾਂ ਨੇ ਸਾਡੇ ਵੱਡੇ ਪੁੱਤ ਨੂੰ ਸਾਡੇ ਤੋਂ ਖੋਹ ਲਿਆ, ਉਹ ਵੀ ਈਦ ਵਾਲੇ ਦਿਨ। ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਇਹ ਤਿਉਹਾਰ ਨਹੀਂ ਮਨਾ ਸਕਾਂਗਾ, ਅਤੇ ਨਾ ਹੀ ਮੈਂ ਇਸ ਮਾੜੇ ਪ੍ਰਬੰਧ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਕਦੇ ਮੁਆਫ਼ ਕਰਾਂਗਾ। ਉਸਦੇ ਪਿਤਾ ਨੇ ਕਿਹਾ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ, ਇੱਕ 46 ਸਾਲਾ ਪ੍ਰਵਾਸੀ ਮਜ਼ਦੂਰ ਦੀ 60 ਘੰਟਿਆਂ ਤੋਂ ਪਾਣੀ ਜਾਂ ਭੋਜਨ ਨਾ ਮਿਲਣ 'ਤੇ, ਜੌਨਪੁਰ ਦੀ ਯਾਤਰਾ ਦੌਰਾਨ ਰੇਲ ਗੱਡੀ ਵਿੱਚ ਮੌਤ ਹੋ ਗਈ ਸੀ। ਗੋਰਖਪੁਰ ਜਾਣ ਵਾਲੀ ਇੱਕ ਹੋਰ ਰੇਲ ਗੱਡੀ ਵਿੱਚ ਸੋਮਵਾਰ ਨੂੰ ਇੱਕ ਮਹੀਨੇ ਦੇ ਬੱਚੇ ਦੀ ਗਰਮੀ ਅਤੇ ਪਾਣੀ ਨਾ ਮਿਲਣ ਕਾਰਨ ਮੌਤ ਹੋ ਗਈ।

ਬੁੱਧਵਾਰ ਨੂੰ, ਰੇਲਵੇ ਸਟਾਫ਼ ਦੁਆਰਾ ਇੱਕ ਹੋਰ ਰੇਲਗੱਡੀ ਤੇ ਦੋ ਯਾਤਰੀ 20 ਸਾਲਾ ਦਸ਼ਰਥ ਪ੍ਰਜਾਪਤੀ ਅਤੇ 63 ਸਾਲਾ ਰਾਮ ਰਤਨ ਗੌਡ ਮ੍ਰਿਤਕ ਪਾਏ ਗਏ, ਜੋ ਮੁੰਬਈ ਤੋਂ ਜੌਨਪੁਰ ਜਾ ਰਹੇ ਸਨ। ਇਹ ਲਾਸ਼ਾਂ ਉਦੋਂ ਮਿਲੀਆਂ ਜਦ ਸਾਰੇ ਯਾਤਰੀ ਉਤਰ ਗਏ ਸੀ ਤੇ ਰੇਲ-ਗੱਡੀ ਨੂੰ ਸਾਫ਼-ਸਫ਼ਾਈ ਲਈ ਲਿਜਾਇਆ ਜਾ ਰਿਹਾ ਸੀ।

45 ਸਾਲਾ, ਰਾਮ ਅਵਧ, ਮੰਗਲਵਾਰ ਨੂੰ ਗੋਰਖਪੁਰ ਜਾਣ ਵਾਲੀ ਇੱਕ ਵਿਸ਼ੇਸ਼ ਰੇਲ ਗੱਡੀ ਵਿੱਚ ਆਪਣੇ ਜੱਦੀ ਸਥਾਨ ਆਜ਼ਮਗੜ੍ਹ ਲਈ ਸਵਾਰ ਹੋਏ। ਯਾਤਰਾ ਦੇ ਦੌਰਾਨ, ਰਾਮ ਅਵਧ ਸ਼ੂਗਰ ਕਾਰਨ ਬੇਚੈਨੀ ਮਹਿਸੂਸ ਕਰਨ ਲੱਗੇ। ਕਨ੍ਹਈਆ ਚੌਹਾਨ ਨੇ ਦੱਸਿਆ- ਕਿ ਉਸਦੇ ਪਿਤਾ ਚਾਹੁੰਦੇ ਸਨ ਰੇਲ ਰੁਕੇ। ਉਨ੍ਹਾਂ ਨੇ ਚੇਨ ਖਿੱਚੀ, ਪਰ ਰੇਲ ਨਹੀਂ ਰੁਕੀ। ਉਨ੍ਹਾਂ ਨੇ ਰੇਲਵੇ ਸਹਾਇਤਾ ਨੰਬਰ 'ਤੇ ਵੀ ਸੰਪਰਕ ਕੀਤਾ, ਪਰ ਕੋਈ ਮਦਦ ਨਹੀਂ ਮਿਲੀ। ਉਸਨੇ ਦੱਸਿਆ- ਪਿਤਾ ਜੀ ਨੇ ਆਪਣੇ ਕੱਪੜੇ ਉਤਾਰ ਦਿੱਤੇ ਸਨ ਕਿਉਂਕਿ ਉਨ੍ਹਾਂ ਦਾ ਸਰੀਰ ਤਪ ਰਿਹਾ ਸੀ, ਨੱਕ ਵਿੱਚੋਂ ਖ਼ੂਨ ਵਗ ਰਿਹਾ ਸੀ 10 ਮਿੰਟ ਬਾਅਦ ਉਨ੍ਹਾਂ ਦੀ ਮੌਤ ਹੋ ਗਈ।

ਘਟਨਾਵਾਂ ਸਰਕਾਰੀ ਪ੍ਰਬੰਧਾਂ ਦਾ ਅਸਲ ਚਿਹਰਾ ਨੰਗਾ ਕਰ ਰਹੀਆਂ ਹਨ। ਪੀਣ ਵਾਲੇ ਪਾਣੀ, ਖਾਣਾ ਅਤੇ ਡਾਕਟਰੀ ਸਹਾਇਤਾ ਜਿਹੀਆਂ ਮੁੱਢਲੀਆਂ ਸਹੂਲਤਾਂ ਅਤੇ ਸਹੀ ਯੋਜਨਾ ਦੇ ਬਗੈਰ ਸਰਕਾਰ ਨੇ ਮਜ਼ਦੂਰਾਂ ਨਾਲ਼ ਪਸ਼ੂਆਂ ਨਾਲੋਂ ਵੀ ਮਾੜਾ ਸਲੂਕ ਕੀਤਾ, ਜਿਸਨੂੰ ਕਦੇ ਭੁੱਲਿਆ ਨਹੀਂ ਜਾ ਸਕੇਗਾ।

**- ਬਲਜੀਤ ਕੌਰ**

## (W.H.O. ਨੇ ਲਾਈ ਪਾਬੰਦੀ, ਲਿਖਤ ਸਾਡੀ ਗੱਲ ਸੱਚ ਸਾਬਤ ਹੋਈ)

# ਹਾਈਡਰੌਕਸੀਕਲੋਰੋਕਵੀਨ: ਕਥਾ ਇੱਕ ਰਾਮਬਾਣ ਦਵਾਈ ਦੀ

ਹੁਣ ਤੱਕ ਘੱਟੋ-ਘੱਟ ਭਾਰਤ ਵਿੱਚ ਹਰ ਵਿਅਕਤੀ ਇਸ ਗੱਲ ਤੋਂ ਜਾਣੂ ਹੋ ਗਿਆ ਹੋਵੇਗਾ ਕਿ ਕੋਰੋਨਾ ਵਾਇਰਸ ਤੋਂ ਜਨਮੇ ਕੋਵਿਡ-19 ਦੀ ਰਾਮਬਾਣ ਦਵਾ ਖੋਜ ਲਈ ਗਈ ਹੈ। ਇਹ ਦਵਾਈ ਹੈ - ਹਾਈਡਰੋਕਲੋਰੋਕਵੀਨ, ਜੋ ਸਾਰੀ ਦੁਨੀਆ ਸਮੇਤ ਭਾਰਤ ਵਿੱਚ ਮਲੇਰੀਏ ਦੇ ਇਲਾਜ ਲਈ ਵਰਤੀ ਜਾਂਦੀ ਹੈ। ਲੋਕ ਇਹ ਵੀ ਜਾਣ ਗਏ ਹੋਣਗੇ ਕਿ ਇਹ ਸਿਰਫ਼ ਭਾਰਤ ਵਿੱਚ ਬਣਦੀ ਹੈ ਅਤੇ ਕੁੱਲ ਦੁਨੀਆ ਵਿੱਚ ਇਸਦੀ ਲੁੱਟ ਪੈ ਗਈ ਹੈ। ਵਿਚਾਰਾ ਟਰੰਪ ਵੀ ਇਹਨੂੰ ਪਾਉਣ ਲਈ ਬੇਤਾਬ ਸਨ ਅਤੇ ਹਤਾਸ਼ਾ 'ਚ ਉਹਨੇ ਤਾਂ ਧਮਕੀ ਵੀ ਦੇ ਦਿੱਤੀ। ਖੈਰ ਅੰਤ ਭਲੇ ਦਾ ਭਲਾ! ਸਾਰਾ ਮਾਮਲਾ ਸੁੱਖੀਂ-ਸਾਂਦੀਂ ਨਿੱਬੜ ਗਿਆ ਅਤੇ ਭਾਰਤ ਪੂਰੀ ਸੁਹਿਰਦਤਾ ਅਤੇ 'ਵਸੁਦੈਵ ਕੁਟੁੰਭਮ' ਦਾ ਸਬੂਤ ਦਿੰਦੇ ਹੋਏ ਸਾਰੀ ਦੁਨੀਆ ਨੂੰ ਇਹ ਦਵਾਈ ਦੇਣ ਲਈ ਰਾਜ਼ੀ ਹੋ ਗਿਆ। ਨਾਨੀ ਦੀ ਇਹ ਕਹਾਣੀ ਬਹੁਤ ਵਧੀਆ ਹੈ ਅਤੇ ਰਾਸ਼ਟਰੀ ਹੀਣ ਭਾਵਨਾ ਨਾਲ ਓਤਪੋਤ ਹਿੰਦੂ-ਫਾਸ਼ੀਵਾਦੀਆਂ ਨੂੰ ਬੜੀ ਸੋਹਣੀ ਲੱਗੀ। ਉਹ ਤੇ ਉਨ੍ਹਾਂ ਦਾ ਪ੍ਰਚਾਰ ਤੰਤਰ ਇਸ 'ਤੇ ਕਈ ਦਿਨ ਕੱਛਾਂ ਵਜਾਉਂਦਾ ਰਿਹਾ।

ਪਰ ਸੱਚਾਈ ਕੀ ਹੈ? ਸੱਚਾਈ ਉਨੀਂ ਹੀ ਕੌੜੀ ਹੈ ਜਿੰਨੀ ਮਿੱਠੀ ਨਾਨੀ ਦੀ ਕਹਾਣੀ!

ਹੋਇਆ ਇਹ ਕਿ ਫਰਾਂਸ ਦੇ ਮੂਰੇਈ ਸਥਿੱਤ ਇੱਕ ਹਸਪਤਾਲ ਵਿੱਚ ਕੁੱਝ ਡਾਕਟਰਾਂ ਨੇ ਕੋਵਿਡ-19 ਦੇ ਇਲਾਜ ਦੇ ਸਬੰਧ 'ਚ ਹਾਈਡਰੋਕਲੋਰੋਕਵੀਨ ਦੀ ਉਪਯੋਗਤਾ ਨੂੰ ਲੈ ਕੇ ਇੱਕ ਤਜ਼ਰਬਾ ਕੀਤਾ। ਇਹਦੇ ਲਈ 42 ਮਰੀਜ਼ਾਂ ਦੇ ਇੱਕ ਛੋਟੇ ਜਿਹੇ ਗਰੁੱਪ ਨੂੰ ਚੁਣਿਆ ਗਿਆ ਜਿਸ ਵਿੱਚੋਂ ਅੱਧਿਆਂ ਨੂੰ ਇਹ ਦਵਾਈ ਦਿੱਤੀ ਗਈ ਅਤੇ ਦੂਜਿਆਂ ਨੂੰ ਨਹੀਂ ਦਿੱਤੀ। ਡਾਕਟਰ ਖੁਦ ਇਹ ਦਵਾ ਦੇ ਰਹੇ ਸਨ ਅਤੇ ਇਹਦਾ ਅਸਰ ਨੋਟ ਕਰ ਰਹੇ ਸਨ। 42 ਵਿੱਚੋਂ 2 ਨੇ ਅੱਧ 'ਚ ਇਲਾਜ ਬੰਦ ਕਰ ਦਿੱਤਾ। 3 ਆਈਸੀਯੂ ਵਿੱਚ ਪਹੁੰਚ ਗਏ ਅਤੇ ਇੱਕ ਦੀ ਮੌਤ ਹੋ ਗਈ। ਬਾਕੀ ਬਚੇ 36 ਵਿੱਚ ਇਹ ਪਾਇਆ ਗਿਆ ਕਿ ਜਿਨ੍ਹਾਂ ਨੂੰ ਇਹ ਦਵਾਈ ਦਿੱਤੀ ਗਈ ਸੀ ਉਨ੍ਹਾਂ ਵਿੱਚ ਕੋਰੋਨਾ ਵਾਇਰਸ ਦਾ ਪ੍ਰਭਾਵ ਥੋੜ੍ਹਾ ਜਲਦੀ ਖਤਮ ਹੋ ਗਿਆ। ਮਜ਼ੇ ਦੀ ਗੱਲ ਹੈ ਕਿ ਜਿਹੜੇ 3 ਆਈਸੀਯੂ 'ਚ ਗਏ ਅਤੇ ਇੱਕ ਦੀ ਮੌਤ ਹੋਈ ਉਹ ਇਹ ਦਵਾਈ ਖਾਣ ਵਾਲੇ ਹੀ ਸਨ।

ਇਹੋ ਉਹ ਛੋਟਾ ਜਿਹਾ ਤਜ਼ਰਬਾ ਸੀ ਜੀਹਨੇ ਕੋਵਿਡ-19 ਦੀ ਦਵਾਈ ਦੇ ਤੌਰ 'ਤੇ ਹਾਈਡ੍ਰੌਕਸੀਕਲੋਰੋਕਵੀਨ ਨੂੰ ਕੁੱਲ ਦੁਨੀਆ ਵਿੱਚ ਮਸ਼ਹੂਰ ਕਰ ਦਿੱਤਾ। ਅਹਿਮ ਗੱਲ ਇਹ ਹੈ ਕਿ ਇਸ ਤਜ਼ਰਬੇ ਵਿੱਚ ਆਮ ਵਿਗਿਆਨਕ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ (ਇਹਦੇ ਤਹਿਤ ਡਾਕਟਰ ਅਤੇ ਮਰੀਜ਼ ਦੋਵਾਂ ਨੂੰ ਪਤਾ ਨਹੀਂ ਹੁੰਦਾ ਕਿ ਕਿਸ ਨੂੰ ਦਵਾਈ ਦਿੱਤੀ ਜਾ ਰਹੀ ਹੈ ਤੇ ਕਿਸ ਨੂੰ ਨਹੀਂ)। ਫਿਰ ਇਹਨੂੰ ਪ੍ਰਸਿੱਧੀ ਮਿਲੀ ਕਿਵੇਂ?

ਹੋਇਆ ਇਹ ਕਿ ਇਸ ਤਜ਼ਰਬੇ ਦੇ ਬਾਰੇ 'ਚ ਟਰੰਪ ਦੇ ਇੱਕ ਭਗਤ ਨੇ ਅਮਰੀਕਾ ਦੇ ਫੌਕਸ ਨਿਊਜ਼ ਚੈਨਲ 'ਤੇ ਬਿਆਨ ਦੇ ਦਿੱਤਾ। ਫੇਰ ਇਲਾ ਮਸਕ ਵਰਗੀ ਪ੍ਰਸਿੱਧ ਹਸਤੀ ਨੇ ਵੀ ਇਹਦੇ ਹੱਕ 'ਚ ਟਵੀਟ ਕਰ ਦਿੱਤਾ। ਅੰਤ 'ਚ ਖ਼ੁਦ ਟਰੰਪ ਤੇ ਉਨ੍ਹਾਂ ਦੇ ਮੰਤਰੀ ਵੀ ਇਹਦੇ ਹੱਕ 'ਚ ਨਿੱਤਰ ਪਏ। ਤੇ ਫਿਰ ਦੇਖਦੇ ਹੀ ਦੇਖਦੇ ਹਾਈਡਰੌਕਸੀਕਲੋਰੋਕਵੀਨ ਅਸਮਾਨ 'ਚ ਉਡਾਰੀਆਂ ਮਾਰਨ ਲੱਗੀ।

ਇਸ ਦੌਰਾਨ ਦੁਨੀਆ ਭਰ ਦੇ ਮੰਨੇ ਪ੍ਰਮੰਨੇ ਮਾਹਿਰ, ਵਿਸ਼ਵ ਸਿਹਤ ਸੰਗਠਨ ਅਤੇ ਖੁਦ ਅਮਰੀਕਾ ਦੇ ਮਹਾਂਮਾਰੀ ਵਿਭਾਗ ਦੇ ਮੁਖੀ ਤੱਕ ਇਹ ਕਹਿੰਦੇ ਰਹੇ ਕਿ ਹਾਈਡਰੌਕਸੀਕਲੋਰੋਕਵੀਨਨ ਦੇ ਬਾਰੇ 'ਚ ਇਹ ਦਾਅਵਾ ਬੇਬੁਨਿਆਦ ਹੈ, ਇਹਦੇ ਨਾਲ ਕੋਵਿਡ-19 ਨਾਲ ਲੜਨ 'ਚ ਸਮੱਸਿਆ ਹੀ ਪੈਦਾ ਹੋਵੇਗੀ। ਪਰ ਜਦੋਂ ਦੁਨੀਆ ਦਾ ਸਰਬਸ਼ਕਤੀਮਾਨ ਵਿਅਕਤੀ ਟਰੰਪ ਹੀ ਕਿਸੇ ਦਵਾਈ ਦੀ ਵਕਾਲਤ ਕਰ ਰਿਹਾ ਹੋਵੇ ਤਾਂ ਭਲਾਂ ਉਸ ਦਵਾਈ ਨੂੰ ਕਾਰਗਰ ਕਿਉਂ ਨਹੀਂ ਮੰਨਿਆ ਜਾਵੇਗਾ? ਟਰੰਪ ਵੱਲੋਂ ਇੰਞ ਹਾਈਡਰੌਕਸੀਕਲੋਰੋਕਵੀਨ ਦੀ ਵਕਾਲਤ ਤੋਂ ਕੁੱਝ ਲੋਕਾਂ ਦਾ ਮੱਥਾ ਠਨਕਿਆ। ਆਖਿਰ ਟਰੰਪ ਵਪਾਰੀ ਜੋ ਹੋਇਆ। ਇਸ ਲਈ ਲੋਕਾਂ ਨੇ ਇਹਨੂੰ ਮਹਿਜ਼ ਸਨਕ ਮੰਨਣ ਤੋਂ ਅਗਾਂਹ ਕੁੱਝ ਹੋਰ ਫਰੋਲਣ ਦੀ ਕੋਸ਼ਿਸ਼ ਕੀਤੀ। ਤੇ ਫੇਰ ਜਾ ਕੇ ਉਨ੍ਹਾਂ ਨੂੰ ਪਤਾ ਚੱਲਿਆ ਕਿ ਟਰੰਪ ਮਹਾਰਾਜ ਦੇ ਫਰਾਂਸ ਦੀ ਸੈਨੋਫੀ ਨਾਂ ਦੀ ਕੰਪਨੀ ਵਿੱਚ ਸ਼ੇਅਰ ਨੇ ਜਿਹੜੀ ਹਾਈਡਰੌਕਸੀਕਲੋਰੋਕੁਈਨ ਬਣਾਉਂਦੀ ਹੈ। ਇਹੋ ਨਹੀਂ, ਟਰੰਪ ਦੇ ਨੇੜਲਿਆਂ ਦੇ ਵੀ ਇਸ ਕੰਪਨੀ ਵਿੱਚ ਸ਼ੇਅਰ ਹਨ। ਸਪਸ਼ਟ ਸੀ ਕਿ ਟਰੰਪ ਦੇ ਨੇੜੂਆਂ ਨੇ ਫਰਾਂਸ ਦੇ ਇੱਕ ਸ਼ੱਕੀ ਤਜ਼ਰਬੇ ਨੂੰ ਆਪਣੇ ਲਈ ਵਰਤਣ ਦਾ ਚੰਗਾ ਮੌਕਾ ਸਮਝਿਆ।


ਸਿਰਫ਼ ਇਹੋ ਨਹੀਂ; ਹਾਈਡਰੌਕਸੀਕਲੋਰੋਕਵੀਨ ਅੱਜ ਦੀ ਤਾਰੀਖ਼ ਵਿੱਚ ਇੱਕ ਪੇਟੈਂਟ ਮੁਕਤ ਦਵਾਈ ਹੈ। ਇਸ ਲਈ ਕੋਈ ਵੀ ਕੰਪਨੀ ਇਸਨੂੰ ਬਣਾ ਸਕਦੀ ਹੈ। ਇਹਨੂੰ ਬਣਾਉਣਾ ਕੋਈ ਔਖਾ ਵੀ ਨਹੀਂ। ਅਜਿਹੇ ਵਿੱਚ ਇਹਨੂੰ ਦੁਨੀਆ ਦੀਆਂ ਨਾਮੀਂ ਕੰਪਨੀਆਂ ਆਪੋ ਆਪਣੇ ਬਰਾਂਡ ਨਾਂ ਹੇਠ ਬਣਾ ਕੇ ਮੋਟੇ ਮੁਨਾਫ਼ੇ ਕਮਾ ਸਕਦੀਆਂ ਹਨ। ਬਸ ਬਾਜ਼ਾਰ ਹੋਣਾ ਚਾਹੀਦਾ। ਟਰੰਪ ਅਤੇ ਕੰਪਨੀ ਦੇ ਇਸ ਪ੍ਰਚਾਰ ਨਾਲ ਇਸ ਦਵਾਈ ਦਾ ਅੱਛਾ ਖਾਸਾ ਪ੍ਰਚਾਰ ਹੋ ਚੁੱਕਾ ਹੈ। ਪੂਰੀ ਦੁਨੀਆ ਵਿੱਚ ਇਸ ਮਹਾਂਮਾਰੀ ਦਾ ਜਿੰਨਾ ਪ੍ਰਕੋਪ ਹੈ ਉਹਦੇ 'ਚ ਕਿਸੇ ਵੀ ਦਵਾਈ ਦਾ ਵੱਡਾ ਬਾਜ਼ਾਰ ਬਣ ਹੀ ਜਾਵੇਗਾ ਜੇਕਰ ਪਤਾ ਚੱਲੇ ਕਿ ਇਹ ਦਵਾਈ ਕਾਰਗਰ ਹੈ। ਭਾਰਤ ਵਿੱਚ ਤਾਂ ਦੁਕਾਨਾਂ 'ਤੇ ਇਸ ਦਵਾਈ ਨੂੰ ਖਰੀਦਣ ਦੀ ਦੌੜ ਲੱਗ ਗਈ ਕਿਉਂ ਜੋ ਇਹ ਦਵਾਈ ਡਾਕਟਰ ਦੀ ਪਰਚੀ ਤੋਂ ਬਿਨਾਂ ਵੀ ਖਰੀਦੀ ਜਾ ਸਕਦੀ ਹੈ। ਕੋਈ ਹੈਰਾਨੀ ਨਹੀਂ ਹੋਵੇਗੀ ਜੇ ਬਾਅਦ 'ਚ ਪਤਾ ਚੱਲੇ ਕਿ ਟਰੰਪ ਤੇ ਮੋਦੀ ਨੇ ਇਸ ਦਵਾਈ ਬਾਰੇ ਰਲ ਮਿਲ ਕੇ ਨਾਟਕ ਕਰਿਆ ਸੀ। ਆਖਿਰ ਦੋਵੇਂ 'ਦੋਸਤ' ਜੋ ਹੋਏ!

ਇਹ ਕਿੱਸਾ ਅੱਜ ਦੇ ਜ਼ਮਾਨੇ ਦੀਆਂ ਅਨੇਕਾਂ ਚੀਜ਼ਾਂ ਦੇ ਬਾਰੇ 'ਚ ਬਹੁਤ ਕੁੱਝ ਕਹਿ ਜਾਂਦਾ ਹੈ। ਇਸ ਵਿੱਚ ਰਾਸ਼ਟਰੀ ਹੀਣ ਭਾਵਨਾ ਦੇ ਸਤਾਏ ਹੋਏ ਲੋਕ, ਮਹਾਂਮਾਰੀ ਤੋਂ ਭੈਅਭੀਤ ਲੋਕ, ਘਾਗ ਸਿਆਸਤਦਾਨ ਤੇ ਕਾਰੋਬਾਰੀ, ਸਰਮਾਏਦਾਰਾ ਪ੍ਰਚਾਰ ਤੰਤਰ ਅਤੇ ਸ਼ੱਕੀ ਕਿਰਦਾਰ ਦੇ ਮਾਲਕ ਡਾਕਟਰ ਸਭ ਸ਼ਾਮਲ ਹਨ। ਇਨ੍ਹਾਂ ਸਾਰਿਆਂ ਤੋਂ ਬਿਨਾਂ ਕੋਈ ਦਵਾਈ ਵਗੈਰ ਕਿਸੇ ਠੋਸ ਆਧਾਰ ਤੋਂ ਰਾਮਬਾਣ ਦਵਾ ਦੇ ਰੂਪ 'ਚ ਸਥਾਪਤ ਨਹੀਂ ਹੋ ਸਕਦੀ। ਵਕਤ ਨਾਲ ਇਹ ਸਾਰਾ ਘਪਲਾ ਉਜਾਗਰ ਹੋ ਜਾਵੇਗਾ ਪਰ ਉਦੋਂ ਤੱਕ ਆਰਥਕ ਤੇ ਰਾਜਨੀਤਕ ਫਾਇਦਾ ਉਠਾਉਣ ਵਾਲੇ ਘਾਗ ਲੋਕ ਆਪਣੇ ਅਗਲੇ ਘਪਲੇ ਵੱਲ ਵਧ ਚੁੱਕੇ ਹੋਣਗੇ।

**(ਧੰਨਵਾਦ ਸਹਿਤ 'ਨਾਗਰਿਕ' 'ਚੋਂ, ਅਨੁਵਾਦ: ਰਣਜੀਤ ਲਹਿਰਾ)**

# ਵਰਣ ਵਿਵਸਥਾ ਜਾਤ-ਪਾਤ ਅਤੇ ਵਿਗਿਆਨਕ ਵਿਕਾਸ

-ਡਾ ਬਲਜਿੰਦਰ



ਵਰਨਾਸ਼ਰਮ ਧਰਮ ਵਿਚਲੇ ਉਪਰਲੇ ਤਿੰਨ ਵਰਨਾ ਨੂੰ ਹੱਥੀਂ ਕੰਮ ਕਰਨ ਤੋਂ ਵਰਜਿਆ ਗਿਆ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕਰੜੇ ਹੱਥੀਂ ਲਿਆ ਗਿਆ । ਮਨੂੰ ਵਰਗੇ ਕੋਡ ਘਾੜਿਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇਕਰ ਲੋਕ ਅਜਿਹੀ ਸਮਝ ਅਪਨਾ ਕੇ ਜ਼ਿੰਦਗੀ ਜਿਉਣ ਲੱਗੇ ਤਾਂ ਖੁਦ ਉਨ੍ਹਾਂ ਦੇ ਆਪਣੇ ਰਚਾਏ ਵਰਨਾਸ਼ਰਮ ਧਰਮ ਦਾ ਪਰਦਾ ਚਾਕ ਹੁੰਦਿਆਂ ਕੋਈ ਦੇਰ ਨਹੀਂ ਲੱਗਣੀ ਸੀ ।

ਜਾਤਪਾਤੀ ਵਿਵਸਥਾ ਦਾ ਘਿਨਾਉਣਾ ਸਮਾਜਿਕ ਵਿਹਾਰ ਸਾਡੇ ਸਾਹਮਣੇ ਨਜ਼ਰੀਂ ਪੈਂਦਾ ਹੈ, ਜਿਸ ਨੂੰ ਬਦਲਣ ਲਈ ਹਰ ਇਨਸਾਫਪਸੰਦ ਵਿਅਕਤੀ ਨੇ ਆਪਣਾ ਯੋਗਦਾਨ ਪਾਇਆ ਹੈ ਅਤੇ ਅੱਜ ਵੀ ਪਾ ਰਿਹਾ ਹੈ। ਪਰ ਇਸ ਪ੍ਰਥਾ ਦਾ ਆਧਾਰ ਬਣਨ ਵਾਲੀ ਵਰਣ-ਵਿਵਸਥਾ ਦੇ ਦੂਰ ਰਸ ਮਾਰੂ ਪ੍ਰਭਾਵ ਭਾਰਤੀ ਸਮਾਜ 'ਤੇ ਜੋ ਪਏ ਉਨ੍ਹਾਂ ਦੀ ਚਰਚਾ ਬਹੁਤੀ ਨਹੀਂ ਹੋਈ। ਪਰ ਇਹ ਕਰਨੀ ਜ਼ਰੂਰੀ ਹੈ ਜਿਸ ਤੋਂ ਸਾਨੂੰ ਇਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਤਾਂ ਸਹਾਇਤਾ ਮਿਲੇਗੀ ਇਹ ਬਹੁਤ ਜ਼ਰੂਰੀ ਹੈ।

ਇਕ ਸਥਾਪਿਤ ਸੱਚਾਈ ਹੈ ਕਿ ਅਕਸਰ ਦੱਬੇ ਜਾਣ ਵਾਲੇ ਸਮਾਜ ਦੇ ਵੱਡੇ ਹਿੱਸੇ ਤੇ ਲਗਾਤਾਰ ਜਬਰ ਢਾਹਿਆ ਜਾਂਦਾ ਰਿਹਾ ਹੋਵੇ ਅਤੇ ਜੇਕਰ ਉਸ ਨੂੰ ਅੱਗੇ ਵਧਣ ਨੂੰ ਕੋਈ ਮੂਹਾਂ ਨਾ ਮਿਲੇ ਤਾਂ ਉਸ ਦੀ ਜ਼ਰੂਰਤ ਸਿਰਫ਼ ਆਪਣੀਆਂ ਫੌਰੀ ਲੋੜਾਂ ਦੀ ਪੂਰਤੀ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ ਅਤੇ ਉਹ ਉਨ੍ਹਾਂ ਫੌਰੀ ਆਸ਼ਿਆਂ ਤੋਂ ਬਾਹਰ ਦੇਖ ਸਕਣ ਚ ਅਸਮਰੱਥਾ ਦੀ ਹਾਲਤ 'ਚ ਹੀ ਗ੍ਰਸਤ ਰਹਿੰਦਾ ਹੈ। ਅਜਿਹਾ ਹੀ ਵਾਪਰਿਆ ਹੈ ਭਾਰਤੀ ਸਮਾਜਿਕ ਵਿਵਸਥਾ ਦੇ ਪ੍ਰਾਚੀਨ ਕਾਲ ਅੰਦਰ ਜੋ ਅੱਜ ਤੱਕ ਚਾਲੂ ਹੈ।

ਇਸ ਸੰਦਰਭ 'ਚ ਸਾਨੂੰ ਜਾਤਪਾਤੀ ਵਿਵਸਥਾ ਨੂੰ ਵੇਖਣ ਦੀ ਲੋੜ ਹੈ ਕਿ ਉਹ ਹਾਲਤਾਂ ਕਿਵੇਂ ਸਿਰਜੀਆਂ ਗਈਆਂ ਅਤੇ ਕਿਹੜੀਆਂ ਸਮਾਜਿਕ ਆਰਥਿਕ ਹਾਲਤਾਂ ਇਸ ਲਈ ਜ਼ਿੰਮੇਵਾਰ ਸਨ। ਪ੍ਰਾਚੀਨ ਕਾਲ 'ਚ ਪਿਛਲ ਝਾਤ ਮਾਰਿਆਂ ਇਸ ਦਾ ਪਿੱਛਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਵਰਣ ਵਿਵਸਥਾ ਚ ਚੱਲਿਆ ਜਾਂਦਾ ਹੈ। ਮੁੱਢਲੇ ਸਮਾਜਿਕ ਢਾਂਚਿਆਂ ਦੇ ਪ੍ਰਾਚੀਨ ਕਾਲ ਅੰਦਰ ਕੰਮ ਵੰਡ ਦੀ ਗੱਲ ਤੁਰਦੀ ਹੈ, ਤਾਂ ਆਲਮੀ ਇਤਿਹਾਸ ਦੇ ਪ੍ਰਸੰਗ 'ਚ ਵੀ ਦੇਖਣ ਨੂੰ ਮਿਲਦਾ ਹੈ ਕਿ ਸਭਿਅਕ ਸਮਾਜ ਦੇ ਮੁੱਢਲੇ ਪੜਾਅ ਤੇ ਸਮਾਜ ਦੇ ਵੱਖੋ ਵੱਖ ਵਿਅਕਤੀਆਂ ਦਰਮਿਆਨ ਕੰਮ ਵੰਡ ਦਾ ਸਿਲਸਿਲਾ ਨਜ਼ਰੀਂ ਪੈਂਦਾ ਹੈ। ਭਾਰਤੀ ਸਮਾਜ ਲਈ ਇਹ ਕੋਈ ਅਲੋਕਾਰੀ ਸ਼ੈਅ ਨਹੀਂ ਸੀ। ਉਨ੍ਹਾਂ ਸਮਾਜਾਂ ਅੰਦਰ ਵੀ ਅਲੱਗ ਅਲੱਗ ਕੰਮ ਕਰਨ ਵਾਲੇ ਵਿਅਕਤੀਆਂ ਦੇ ਗਰੁੱਪਾਂ ਨੂੰ ਉਨ੍ਹਾਂ ਦੇ ਉਨ੍ਹਾਂ ਕੰਮਾਂ ਦੇ ਅਨੁਸਾਰ ਹੀ ਪੁਕਾਰਿਆ ਜਾਂਦਾ ਰਿਹਾ ਹੈ।

ਹੋਰਨਾਂ ਮੁਲਕਾਂ ਵਿਚਲੇ ਕਿੱਤਿਆਂ ਅਤੇ ਸਮਾਜਿਕ ਰੁਤਬੇ ਤੇ ਆਧਾਰਤ ਦਰਜਾਬੰਦੀ ਵਾਲੀਆਂ ਹਾਲਤਾਂ ਬਦਲਦੀਆਂ ਰਹੀਆਂ ਹਨ ਅਤੇ ਬਦਲੀਆਂ ਹਨ। ਪਰ ਭਾਰਤ ਦੇ ਮਾਮਲੇ ਚ ਬ੍ਰਾਹਮਣਵਾਦੀ ਰਸਮਾਂ-ਰੀਤਾਂ ਦੀ ਬਦੌਲਤ ਕੰਮ ਵੰਡ ਅਨੁਸਾਰ ਸਮਾਜਿਕ ਢਾਂਚੇ 'ਚ ਵੱਖ ਵੱਖ ਕੰਮ ਧੰਦਿਆਂ ਅਨੁਸਾਰ ਜਨਮਜਾਤ ਦਾ ਸਿਲਸਿਲਾ ਉਨ੍ਹਾਂ ਸਮਾਜਾਂ ਅੰਦਰ ਪ੍ਰਚਲਨ 'ਚ ਨਹੀਂ ਆਇਆ ਜਿਹਾ ਕਿ ਭਾਰਤੀ ਸਮਾਜ 'ਚ ਦੇਖਿਆ ਗਿਆ ਸੀ ਅਤੇ ਅੱਜ ਕੱਲ੍ਹ ਚੱਲ ਰਿਹਾ ਹੈ। ਕੰਮ ਦੀ ਕਿਸਮ ਅਨੁਸਾਰ ਹੀ ਉਸ ਦੀ ਜਾਤ ਨਿਰਧਾਰਤ ਕਰਨ ਦਾ ਸਿਲਸਿਲਾ ਚੱਲਣ 'ਚ ਆਇਆ ਅਤੇ ਕੰਮ ਅਨੁਸਾਰ ਜਾਤ ਤਹਿ ਕੀਤੀ ਜਾਣ ਲੱਗੀ। ਵਰਣ ਵਿਵਸਥਾ ਇੱਕ ਕੰਮ ਵੰਡ ਹੀ ਸੀ ਜੋ ਉਸ ਸਮਾਜ ਦੇ ਵਿਕਾਸ ਦੇ ਪੜਾਵਾਂ ਅਨੁਸਾਰ ਸੀ ਜਦੋਂ ਕਿ ਮਨੁੱਖ ਕੁਦਰਤ 'ਤੇ ਆਪਣੀ ਹਕੂਮਤ (ਮਾਸਟਰੀ) ਕਰਨ ਦੇ ਪੜਾਅ 'ਤੇ ਸੀ ਅਤੇ ਇਹ ਕਬਾਇਲੀ ਗਣਾ 'ਚ ਰਹਿੰਦਾ ਸੀ। ਪਰ ਅਗਲੇਰੇ ਵਿਕਾਸ ਅੰਦਰ ਜਿਵੇਂ ਹੀ ਮਨੁੱਖ ਮਨੁੱਖ ਤੇ ਹਕੂਮਤ ਕਰਨ ਲੱਗਿਆ ਤਾਂ ਉਸ ਨੇ ਆਪਣੀ ਸਹੂਲਤ ਲਈ ਕੁਦਰਤ ਤੇ ਹਕੂਮਤ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਵੱਲੋਂ ਮੂੰਹ ਘੁਮਾ ਕੇ ਆਪਣੀ ਤਾਕਤ ਮਨੁੱਖਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਲੇ ਢਾਂਚੇ ਦੀ ਉਸਾਰੀ ਵੱਲ ਸੇਧਤ ਕਰ ਦਿੱਤੀ।

ਛੇਵੀਂ ਤੇ ਦਸਵੀਂ ਸਦੀ ਈਸਾ ਪੂਰਵ ਦੇ ਸਮਿਆਂ ਦੌਰਾਨ ਅਪਸਤੰਬ, ਗੌਤਮ ਤੇ ਵਸ਼ਿਸ਼ਟ ਵਰਗੇ ਕੋਡ ਘਾੜਿਆਂ ਨੇ ਆਪਣੇ ਵੱਲੋਂ ਉਸਾਰੇ ਢਾਂਚੇ ਨੂੰ ਬਰਕਰਾਰ ਰੱਖਣ ਅਤੇ ਇਸਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਨਿਯੁਕਤ ਕੀਤੇ ਗਏ ਨੇਮ ਘਾੜਿਆਂ ਨੂੰ ਕੋਡ ਘਾੜਿਆਂ ਵਜੋਂ ਸੰਬੋਧਿਤ ਹੋਇਆ ਗਿਆ ਹੈ। ਇਹ ਵਿਅਕਤੀ ਵਿਸ਼ੇਸ਼ ਹਾਕਮਾਂ ਦੀ ਤਾਬਿਆ 'ਚ ਲੱਗੇ ਰਹਿੰਦੇ ਸੀ। ਇਹਨਾਂ ਨੇ ਧਰਮ ਸ਼ਾਸਤਰਾਂ ਜਾਂ ਧਰਮ ਸੂਤਰ ਗਰੰਥਾਂ ਦੀ ਰਚਨਾ ਕੀਤੀ। ਸਿਮ੍ਰਤੀਆਂ ਦੇ ਨਾਂਅ ਨਾਲ ਜਾਣੇ ਜਾਂਦੇ ਇਹ ਧਰਮ ਸ਼ਾਸਤਰ ਕਥਿੱਤ 'ਚ ਲਿਖੇ ਹੋਏ ਹਨ - ਮਨੂੰ ਸਿਮ੍ਰਤੀ ਵੀ ਇਸੇ ਕਾਲ ਦੀ ਹੀ ਰਚਨਾ ਹੈ। ਰਿਗਵੇਦਿਕ ਕਾਲ ਦੀ ਕਬਾਇਲੀ ਬਣਤਰ ਦੇ ਸਮਾਜ ਉਪਰੰਤ ਨਵੀਂ ਸਮਾਜਕ ਤਨਜ਼ੀਮ ਮੁਤਾਬਕ ਨਵੀਆਂ ਸਮਾਜਿਕ ਬਣਤਰਾਂ ਹੋਂਦ 'ਚ ਆਈਆਂ ਅਤੇ ਇਨ੍ਹਾਂ ਨੂੰ ਵਾਜਬੀਅਤ ਬਖ਼ਸ਼ਣ ਲਈ ਅਤੇ ਲੋਕਾਂ ਨੂੰ ਉਨ੍ਹਾਂ ਦੇ ਪਾਬੰਦ ਬਣਾਉਣ ਲਈ ਸ਼ਾਤਰ ਹਾਕਮ ਜਮਾਤਾਂ ਨੇ ਇਨ੍ਹਾਂ ਉੱਪਰ ਬਿਆਨ ਕੀਤੇ ਧਰਮ ਸ਼ਾਸਤਰਾਂ ਦੀ ਰਚਨਾ ਸਮੇਂ ਸਮੇਂ ਕੀਤੀ। ਇਨ੍ਹਾਂ ਧਰਮ ਸੂਤਰਾਂ ਨੇ ਵਰਣ-ਵਿਵਸਥਾ ਵਿਚਲੀ ਕੰਮ ਵੰਡ ਵਾਲੀ ਹਾਲਤ ਨੂੰ ਵਰਣਾਸ਼ਰਮ ਧਰਮ ਦਾ ਨਾਮ ਦਿੱਤਾ। ਵਰਣ-ਵੰਡ ਜਾਂ ਵਰਣ ਵਿਵਸਥਾ ਅਤੇ ਵਰਣਾਸ਼ਰਮ ਧਰਮ ਵਿਚਲੇ ਫਰਕ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਿੱਥੇ ਵਰਣ-ਵਿਵਸਥਾ ਕੰਮ ਵੰਡ ਤਕ ਸੀਮਤ ਸੀ, ਉੱਥੇ ਵਰਣਾਸ਼ਰਮ ਧਰਮ 'ਚ ਇਸ ਵੰਡ ਮੁਤਾਬਿਕ ਹਰ ਵਰਣ ਲਈ ਕੁਝ ਵਿਸ਼ੇਸ਼ ਅਧਿਕਾਰ ਅਤੇ ਕਾਰਜ ਨਿਰਧਾਰਤ ਕਰ ਦਿੱਤੇ ਗਏ, ਜਿਨ੍ਹਾਂ ਦੀ ਪਾਲਣਾ ਕਰਨ ਦੀ ਉਸ ਵਰਣ ਦੇ ਹਰ ਮੈਂਬਰ ਤੋਂ ਮੰਗ ਕੀਤੀ ਗਈ ਸੀ। ਕਹਿਣ ਦਾ ਭਾਵ ਇਸ ਵਰਣ ਵਿਵਸਥਾ ਨੂੰ ਵਰਣਸ਼ਰਮ ਧਰਮ ਦਾ ਨਾਂ ਦੇ ਦਿੱਤਾ ਗਿਆ। ਇਹ ਰੁਤਬਾ ਦੇ ਕੇ ਇਸ ਨੂੰ ਪੱਕਿਆਂ ਕਰ ਦਿੱਤਾ ਗਿਆ।

ਇਸ ਵਰਣਾਸ਼ਰਮ ਧਰਮ ਅਨੁਸਾਰ ਦਵਿੱਜਾਂ ਭਾਵ ਦੋ ਵਾਰੀ ਜਨਮ ਲੈਣ (ਪਹਿਲਾਂ ਮਾਂ ਦੇ ਪੇਟੋਂ ਜਨਮ ਲੈਣ ਅਤੇ ਬਾਅਦ ਚ ਕਬੀਲਾਈ ਪ੍ਰਥਾ ਮੁਤਾਬਕ ਕਬੀਲੇ ਚ ਸ਼ਾਮਿਲ ਕਰਨ ਲਈ ਮੁੜ ਕੇ ਜਨਮੇ ਹੋਣ ਕਰ ਕੇ, ਜਿਸ ਦੀ ਕਿ ਚੌਥੇ ਵਰਣ ਲਈ ਮਨਾਹੀ ਸੀ ਅਤੇ ਉਹ ਇੱਕ ਵਾਰ ਹੀ ਜਨਮ ਲਏ ਮੰਨੇ ਜਾਂਦੇ ਸਨ) ਵਾਲਿਆਂ ਲਈ ਹਿਕਮਤ ਭਾਵ ਮੈਡੀਕਲ ਪ੍ਰੈਕਟਿਸ ਵਾਲੇ ਪੇਸ਼ੇ ਨੂੰ ਅਪਨਾਉਣ 'ਤੇ ਵੀ ਪਾਬੰਦੀ ਲਾਈ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਬ੍ਰਾਹਮਣ ਨੂੰ ਮੈਡੀਕਲ ਦਾ ਕਿੱਤਾ ਨਹੀਂ ਅਪਨਾਉਣਾ ਚਾਹੀਦਾ। ਵਰਣ ਵਿਵਸਥਾ ਵਿਚਲੀ ਕੰਮ-ਵੰਡ ਦੇ ਬਹੁਤਾ ਵਿਸਥਾਰ 'ਚ ਨਾ ਜਾਂਦਿਆਂ ਇੱਥੇ ਇਸ ਨਾਲ ਜੁੜੇ ਇੱਕ ਅਹਿਮ ਮਸਲੇ ਨੂੰ ਵਿਚਾਰਨਾ ਜ਼ਰੂਰੀ ਹੈ। ਆਪਣੇ ਇਨ੍ਹਾਂ ਧਰਮ ਸ਼ਸਤਰਾਂ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਕਈ ਵਿਧਾਂ ਅਪਣਾਈਆਂ ਗਈਆਂ। ਜਿੱਥੇ ਡੰਡੇ ਦਾ ਜ਼ੋਰ ਵਰਤਿਆ ਜਾਂਦਾ ਸੀ ਤਾਂ ਨਾਲ ਹੀ ਨਾਲ ਇਹ ਕਿ ਆਮ ਲੋਕਾਈ ਨੂੰ ਗਿਆਨ ਤੋਂ ਵਾਂਝਾ ਰੱਖਿਆ ਜਾਂਦਾ ਸੀ। ਪਹਿਲਾਂ ਤਾਂ ਵਰਣਾਸ਼ਰਮ ਧਰਮ ਮੁਤਾਬਕ ਵੇਦਾਂ ਆਦਿ ਦੇ ਅਧਿਐਨ ਕਰਨ ਨੂੰ ਸੂਦਰਾਂ ਲਈ ਵਰਜਿਤ ਕੀਤਾ ਗਿਆ ਅਤੇ ਸੂਦਰਾਂ ਦੇ ਕੰਨ 'ਚ ਕਿਤੇ ਵੇਦ ਆਦਿ ਦੀ ਕਿਤੇ ਕੋਈ ਕੰਨ ਵਲੇਲ ਪੈ ਜਾਵੇ ਤਾਂ ਉਸ ਦੇ ਕੰਨਾਂ ਚ ਸਿੱਕਾ ਭਰਨ, ਜ਼ੁਬਾਨ ਕੱਟਣ ਆਦਿ ਦੀਆਂ ਭਾਰੀ ਜਾਬਰ ਸਜ਼ਾਵਾਂ ਨਿਰਧਾਰਤ ਕੀਤੀਆਂ।

ਦੂਜੇ ਉਹ ਸਨ ਜਿੰਨ੍ਹਾ ਨੇ ਕੁਦਰਤ ਦਾ ਥਹੁ ਪਾਉਣ ਤੇ ਇਸ ਦੇ ਨਿਯਮਾਂ ਨੂੰ ਸਮਝਣ ਅਤੇ ਇਸ ਤੇ ਕਾਬੂ ਪਾਉਣ ਲਈ ਇੱਕ ਅਜਿਹਾ ਢੰਗ ਈਜਾਦ ਕੀਤਾ ਜਿਹੜਾ ਅਜੇ ਤੱਕ ਵੀ ਬਹੁਤੇ ਵਿਦਵਾਨਾਂ ਦੀ ਸਮਝ ਤੋਂ ਬਾਹਰ ਹੈ। ਚਾਣਕਿਆ ਨੀਤੀ ਸ਼ਾਸਤਰ ਅਤੇ ਮਨੂੰ ਸਿਮ੍ਰਤੀ ਵਰਗੇ ਗ੍ਰੰਥਾਂ ਚ ਵੀ ਕੰਮ ਕਰਨ ਵਾਲੇ ਲੋਕਾਂ ਨੂੰ ਮਲੀਨ ਪਰਿਭਾਸ਼ਤਿ ਕੀਤਾ ਗਿਆ। ਉਨ੍ਹਾਂ ਨੂੰ ਤ੍ਰਿਸਕਾਰਿਆ ਗਿਆ। ਵਰਣਾਸ਼ਰਮ ਧਰਮ ਵਿਚਲੇ ਉਪਰਲੇ ਤਿੰਨ ਵਰਨਾ ਨੂੰ ਹੱਥੀਂ ਕੰਮ ਕਰਨ ਤੋਂ ਵਰਜਿਆ ਗਿਆ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕਰੜੇ ਹੱਥੀਂ ਲਿਆ ਗਿਆ। ਮਨੂੰ ਵਰਗੇ ਕੋਡ ਘਾੜਿਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇਕਰ ਲੋਕ ਅਜਿਹੀ ਸਮਝ ਅਪਣਾ ਕੇ ਜ਼ਿੰਦਗੀ ਜਿਉਣ ਲੱਗੇ ਤਾਂ ਖੁਦ ਉਨ੍ਹਾਂ ਦੇ ਆਪਣੇ ਰਚਾਏ ਵਰਣਾਸ਼ਰਮ ਧਰਮ ਦਾ ਪਰਦਾ ਚਾਕ ਹੁੰਦਿਆਂ ਕੋਈ ਦੇਰ ਨਹੀਂ ਲੱਗਣੀ ਸੀ। ਇਸ ਲਈ ਉਨ੍ਹਾਂ ਵੱਲੋਂ ਸੂਦਰਾਂ ਨੂੰ ਕਿਸੇ ਵੀ ਢੰਗ ਨਾਲ ਵੇਦਾਂ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਦੂਰ ਅਤੇ ਮਹਿਰੂਮ ਰੱਖਿਆ ਤੇ ਉਨ੍ਹਾਂ ਨੇ ਆਪਣਾ ਅਗਲਾ ਅਸਲੀ ਨਿਸ਼ਾਨਾ ਉਸ ਵਰਗ ਨੂੰ ਬਣਾਇਆ ਜਿਹੜਾ ਨੀਝ ਨਾਲ ਅਤੇ ਗਹਿਰਾਈ 'ਚ ਜਾ ਕੇ ਕੁਦਰਤ ਦੇ ਭੇਦ ਪਾਉਣ ਚ ਰੁੱਝਿਆ ਹੋਇਆ ਸੀ। ਦੋ ਵਰਗਾਂ ਦੇ ਹੀ ਵਿਅਕਤੀ ਸਨ ਜੋ ਅਜਿਹੇ ਕਾਰਜ ਵਿੱਚ ਲੱਗੇ ਹੋਏ ਸਨ। ਇੱਕ ਤਾਂ ਜਿਹੜੇ ਖੇਤੀ ਵਰਗੇ ਕੰਮ ਕਰਦੇ ਸਨ ਜਿਹੜੇ ਮੀਂਹ, ਹਨੇਰੀ, ਧੁੱਪ, ਵਰਖਾ, ਠੰਡ, ਗਰਮੀਆਂ ਆਦਿ ਰੁੱਤਾਂ ਦਾ ਹਿਸਾਬ ਕਿਤਾਬ ਲਾਉਂਦਿਆਂ ਫਸਲ ਦੀ ਉਪਜ ਤੇ ਪੈਣ ਵਾਲੇ ਚੰਗੇ ਮੰਦੇ ਅਸਰਾਂ ਨੂੰ ਸਮਝ ਕੇ ਆਪਣੇ ਅਮਲ 'ਚ ਇਸ ਦੀ ਵਰਤੋਂ ਕਰਦਿਆਂ ਠੀਕ ਜਾਂ ਗਲਤ ਗਿਆਨ ਹਾਸਿਲ ਕਰ ਰਹੇ ਸਨ ਅਤੇ ਦੂਜਾ ਇੱਕ ਵਰਗ ਪ੍ਰਾਚੀਨ ਸਮੇਂ ਤੋਂ ਹੀ ਤੁਰਿਆ ਰਿਹਾ ਸੀ ਜਿਹੜਾ ਮਨੁੱਖਾਂ ਨੂੰ ਚਿੰਬੜਨ ਵਾਲੀਆਂ ਬਿਮਾਰੀਆਂ ਦਾ ਉਹੜ ਪੋਹੜ ਕਰਨ ਦੇ ਢੰਗ ਤਰੀਕੇ ਤਲਾਸ਼ ਕਰਨ ਲਈ ਸਮਰਪਿਤ ਸੀ। ਚਿਕਿਤਸਾ ਵਿਗਿਆਨ ਸਭ ਤੋਂ ਪਹਿਲਾਂ ਹੋਂਦ ਚ ਆਇਆ ਜੀਹਦੇ 'ਚ ਜਗਿਆਸਾ ਵਸ ਤੇ ਮਜਬੂਰੀ ਵਸ ਸਰੀਰਕ ਬਣਤਰ ਤੇ ਸਰੀਰਕ ਰੋਗਾਂ ਦੇ ਇਲਾਜ ਬਾਰੇ ਜਾਨਣ ਸਮਝਣ ਦੀ ਜਾਗ ਲੱਗੀ। ਪ੍ਰਾਚੀਨ ਭਾਰਤ ਅੰਦਰ ਹਿਕਮਤ ਸਭ ਤੋਂ ਪਹਿਲਾਂ ਕੋਡ ਘਾੜਿਆਂ ਦਾ ਨਿਸ਼ਾਨਾ ਇਸ ਕਰਕੇ ਹੀ ਬਣੀ ਕਿ ਇਹ ਕੁਦਰਤ ਤੇ ਮਨੁੱਖ ਦੀ ਬਾਹਰਮੁਖੀ ਸਮਝ ਗ੍ਰਹਿਣ ਕਰਨ ਲਈ ਅਟੁੱਟ ਰੂਪ 'ਚ ਸਮਰਪਿਤ ਸੀ। ਇਸ ਦੇ ਨਾਲ ਹੀ ਬੁੱਚੜਾਂ ਅਤੇ ਸ਼ਿਕਾਰੀਆਂ ਦਾ ਐਨਾਟਮੀ (ਸਰੀਰਕ ਬਣਤਰ) ਚ ਯੋਗਦਾਨ ਬਹੁਤ ਵੱਧ ਹੈ ਕਿਉਂਕਿ ਉਨ੍ਹਾਂ ਤੇ ਕੋਈ ਵੀ ਕਿਸੇ ਕਿਸਮ ਦੀ ਪਾਬੰਦੀ ਆਇਦ ਨਹੀਂ ਸੀ ਕਿ ਉਹ ਆਪਣੇ ਸਾਹਵੇਂ ਦਿਸਦੀ ਸਰੀਰਕ ਹਕੀਕਤ ਦੀ ਕੋਈ ਗਲਤ ਬਿਆਨੀ ਕਰਨ। ਹੋਰਨਾਂ ਕੁਦਰਤੀ ਵਿਗਿਆਨਾਂ ਵਾਂਗ ਚਿਕਿਤਸਾ ਵਿਗਿਆਨ ਦੀ ਇਹ ਪੂਰਵ ਸ਼ਰਤ ਹੈ ਕਿ ਇਸ ਵੱਲੋਂ ਸੁਝਾਏ ਸ਼ਰੀਰਕ ਬਣਤਰ, ਕਾਰਜਵਿਧੀ, ਰੋਗ, ਦਵਾਈਆਂ ਆਦਿ ਦੀਆਂ ਪ੍ਰੀਭਾਸ਼ਾਵਾਂ ਅਮਲ ਦੀ ਪਰਖ ਕਸਵੱਟੀ 'ਤੇ ਪੂਰੀਆਂ ਉੱਤਰਦੀਆਂ ਹੋਣ। ਭਾਵ ਕਿ ਯੁਕਤੀ ਯੁਕਤ ਹੋਣ। ਪ੍ਰਾਚੀਨ ਵਿਗਿਆਨ ਦੇ ਇਨ੍ਹਾਂ ਚਿਕਿਤਸਾ ਵਿਗਿਆਨੀਆਂ ਦੀ ਇਹ ਸਮਝ ਪਹੁੰਚ ਬਾਹਰਮੁਖੀ ਹਕੀਕੀਤਾਂ ਨੂੰ ਸੰਬੋਧਤ ਸੀ ਨਾ ਕਿ ਇਹ ਕਿਸੇ ਹੋਰ ਦੁਨੀਆਂ ਚ ਵਸਣ ਵਾਲੀ ਆਤਮਾ-ਪ੍ਰਮਾਤਮਾ ਵਰਗੀ ਕਿਸੇ ਸ਼ੈਅ 'ਚੋਂ ਉਪਜੀ ਸੀ।

ਅਜਿਹੀ ਵਿਗਿਆਨਕ ਵਿਧੀ ਮੁਤਾਬਿਕ ਚੱਲਦਿਆਂ ਪ੍ਰਾਚੀਨ ਅਯੁਰਵੇਦਿਕ ਵੈਦਾਂ ਨੇ ਮਨੁੱਖੀ ਸਰੀਰ, ਰੋਗਾਂ ਅਤੇ ਦਵਾਈਆਂ ਦਾ ਇੱਕ ਅਜਿਹਾ ਸਿਸਟਮ ਵਿਕਸਿਤ ਕਰ ਲਿਆ ਜਿਹੜਾ ਸਵਾਰਥੀ ਹਿੱਤਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ ਸੀ। ਅਜਿਹੇ ਹਾਲਾਤੇ-ਹਾਜ਼ਰਾ 'ਚ ਮਨੂੰ ਵਰਗੇ ਕੋਡ ਘਾੜਿਆਂ ਨੇ ਇੱਕ ਸੋਚੀ ਸਮਝੀ ਤਰਕੀਬ ਮੁਜਬ ਅਜਿਹੀ ਸਮਝ-ਪਹੁੰਚ ਅਤੇ ਅਜਿਹੇ ਕਿੱਤਿਆਂ ਅਤੇ ਪ੍ਰਾਚੀਨ ਕੁਦਰਤੀ ਵਿਗਿਆਨਾਂ ਨੂੰ ਸਮਰਪਿਤ ਵਿਅਕਤੀਆਂ ਬਾਰੇ ਬਹੁਤ ਹੀ ਜ਼ਹਿਰੀਲਾ ਪ੍ਰਚਾਰ ਵਿੱਢਿਆ ਅਤੇ ਆਪਣੇ ਧਰਮ ਸ਼ਾਸਤਰਾਂ 'ਚ ਵਰਣਿਤ ਵਰਣਆਸ਼ਰਮ ਧਰਮ ਚ ਇਹ ਵੀ ਕਿਹਾ :

-ਕਿਸੇ ਵੈਦ ਕੋਲੋਂ ਖਾਧਾ ਭੋਜਨ ਪ੍ਰੂ (ਰਾਧ) ਬਰਾਬਰ ਹੈ।

-ਕਿਸੇ ਵੀ ਵਿਦਵਾਨ (ਸਨਾਤਕ) ਨੂੰ ਵੈਦ ਕੋਲੋਂ ਭੋਜਨ ਸਵੀਕਾਰ ਨਹੀਂ ਕਰਨਾ ਚਾਹੀਦਾ ਅਤੇ ਇਥੋਂ ਤੱਕ ਕਿ ਵੈਦ ਨੂੰ ਪਰੋਸਿਆ ਜਾਣ ਵਾਲਾ ਭੋਜਨ ਵੀ ਜ਼ਹਿਰ ਬਣ ਜਾਂਦਾ ਹੈ।

ਇਹ ਵੈਦ ਲੋਕ ਐਨੇ ਮਲੀਨ ਹਨ ਕਿ ਦੇਵਤਿਆਂ ਨੂੰ ਦਿੱਤੀ ਜਾਣ ਵਾਲੀ ਬਲੀ ਦੀ ਰਸਮ ਸਮੇਂ ਇਨ੍ਹਾਂ ਦੀ ਮੌਜੂਦਗੀ ਫਿਜ਼ਾ ਅੰਦਰ ਹੀ ਜ਼ਹਿਰ ਘੋਲ ਦਿੰਦੀ ਹੈ ਅਤੇ ਬਲੀ ਦੇਣ ਦਾ ਮਕਸਦ ਹੀ ਭਿੱਟਿਆ ਜਾਂਦਾ ਹੈ। ਜੇਕਰ ਕਿਸੇ ਗਲਤੀ ਨਾਲ ਤਰਖਾਣ, ਮੋਚੀ, ਬਹਿਰੂਪੀਏ, ਵੈਦ, ਸ਼ਿਕਾਰੀ ਆਦਿ ਹੱਥੋਂ ਰੋਟੀ ਖਾਧੀ ਗਈ ਹੋਵੇ ਤਾਂ ਪਸ਼ਚਾਤਾਪ ਹਿਤ ਉਸ ਨੂੰ ਤਿੰਨ ਦਿਨਾਂ ਦਾ ਵਰਤ ਰੱਖਣਾ ਨੂੰ ਪੈਂਦਾ ਹੈ। ਧਰਮ ਸ਼ਾਸਤਰਾਂ ਅਨੁਸਾਰ ਹੀ ਵਿਸ਼ਨੂੰ ਅੱਗੇ ਕਹਿੰਦਾ ਹੈ ਕਿ ਸੂਦਰਾਂ ਲਈ ਬਲੀ ਦੀਆਂ ਰਸਮਾਂ ਕਰਨ ਵਾਲਿਆਂ ਵਾਂਗ ਧਰਮ ਸ਼ਾਸਤਰਾਂ ਦੇ ਕਹੇ ਅਨੁਸਾਰ ਵੈਦਾਂ ਨੂੰ ਪਿਤਰਾਂ ਦੇ ਸ਼ਰਾਧਾਂ ਦੀਆਂ ਰਸਮਾਂ ਚ ਸ਼ਮੂਲੀਅਤ ਕਰਨ ਤੋਂ ਵਰਜਿਆ ਹੋਇਆ ਹੈ।

--ਇਸ ਦੇ ਨਾਲ ਹੀ ਮਹਾਂਭਾਰਤ ਵਰਗੇ ਪੁਰਾਣਾਂ 'ਚ ਵੀ ਸ਼ਾਂਤੀਪਰਵ ਅਧਿਆਏ ਅੰਦਰ ਭੀਸ਼ਮ ਪਿਤਾਮਾ ਕੋਡ ਘਾੜਿਆਂ ਦੀ ਰਜ਼ਾ ਮੁਜਬ ਉਹਨਾਂ ਵਿਅਕਤੀਆਂ ਦੀ ਇੱਕ ਲੰਮੀ ਸੂਚੀ ਪੜਦਾ ਹੈ , ਜਿਹਦੇ ਮੁਤਾਬਕ ਬ੍ਰਾਹਮਣਾਂ ਨੂੰ ਕਿਸੇ ਡਾਇਨ, ਲੁਹਾਰ ਤੇ ਮੋਚੀ ਸਮੇਤ ਵੈਦਾ ਤੋਂ ਵੀ ਭੋਜਨ ਲੈਣ ਦੀ ਮਨਾਹੀ ਹੈ।

--ਅੱਗੇ ਅਨੁਸ਼ਾਸਨ ਪਰਵ ਵਿੱਚ ਵੀ ਉਹੀ ਭੀਸ਼ਮ ਪਿਤਾਮਾ ਉਨ੍ਹਾਂ ਵਿਅਕਤੀਆਂ ਦੀ ਲੰਮੀ ਸੂਚੀ ਪੜ੍ਹਦਾ ਹੈ ਜਿੰਨ੍ਹਾਂ ਚ ਫਿਰ ਵੈਦ ਸ਼ਾਮਲ ਕੀਤੇ ਹੋਏ ਹਨ। ਮਨੂੰ ਦੀ ਕਹੀ ਗੱਲ ਨੂੰ ਦੁਹਰਾਉਂਦਿਆਂ ਭੀਸ਼ਮਪਿਤਾਮਾ ਫਿਰ ਵੈਦਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਵੈਦ ਨੂੰ ਭੇਟ ਕੀਤਾ ਗਿਆ ਨਜ਼ਰਾਨਾ ਵੀ ਲਹੂ-ਪਾਕ ਬਣ ਜਾਂਦਾ ਹੈ

--ਰਿਗਵੇਦ ਚ ਚਕਿਤਸਕਾਂ ਨੂੰ ਹਕਾਰਤ ਭਰੀ ਨਜ਼ਰ ਨਾਲ ਵੇਖਣ ਦਾ ਜ਼ਿਕਰ ਨਹੀਂ ਮਿਲਦਾ ਪਰ ਯਜੁਰਵੇਦ 'ਚ ਇਹ ਪੂਰੇ ਜੋਬਨ ਤੇ ਹੈ। ਯਜੁਰਵੇਦ ਦਾ ਅੰਗ ਮੰਨੇ ਜਾਂਦੇ ਸਤਪਥ ਬ੍ਰਹਮਣ ਗ੍ਰੰਥ ਮੁਤਾਬਕ ਚਯਵਨ (ਚਵਨਪ੍ਰਾਸ਼ ਵਾਲੇ) ਰਿਸ਼ੀ ਨੂੰ ਮੁੜ-ਜਵਾਂ ਕਰਨ ਦੀ ਮੁਹਾਰਤ ਰੱਖਣ ਵਰਗੇ ਅਸ਼ਵਿਨ ਜਾਂ ਅਸ਼ਵਨੀ ਨਾਂ ਦੇ ਆਪਣੇ ਕਿੱਤੇ ਕਰਕੇ ਭ੍ਰਿਸ਼ਟ ਹਨ ਕਿਉਂਕਿ ਉਨ੍ਹਾਂ ਦਾ ਕਿੱਤਾ ਉਨ੍ਹਾਂ ਨੂੰ ਹਰ ਤਰਾਂ ਦੇ ਲੋਕਾਂ ਨਾਲ ਬੇਝਿਜਕ ਰੂਪ ਚ ਰਚਣ-ਮਿਚਣ ਲਈ ਸਮਰਪਿਤ ਹੋਣ ਲਈ ਕਹਿੰਦਾ ਹੈ।

ਵੈਦਾਂ ਜਾਂ ਚਿਕਿਤਸਕਾਂ ਪ੍ਰਤੀ ਹਿਕਾਰਤ ਭਰੀ ਨਜ਼ਰ ਕੋਈ ਕੱਲੇ ਕਹਿਰੇ ਕੋਡ ਘਾੜੇ ਵਿਦਵਾਨ ਜਾਂ ਗ੍ਰੰਥ ਦਾ ਕੰਮ ਨਹੀਂ ਇਹ ਸਿਲਸਿਲੇਬੱਧ ਤਰੀਕੇ ਨਾਲ ਵੈਦਾਂ ਜਾਂ ਚਿਕਿਤਸਕਾਂ ਨੂੰ ਹੋਰ ਹੱਥੀਂ ਕੰਮ ਕਰਨ ਵਾਲੇ ਕਾਮਿਆਂ ਦੇ ਨਾਲ ਜਾਣ ਬੁੱਝ ਕੇ ਨੱਥੀ ਕੀਤਾ ਗਿਆ ਹੈ ਕੋਡ ਘਾੜਿਆਂ ਦੀਆਂ ਵਿਗਿਆਨ ਦੋਖੀ ਨਜ਼ਰਾਂ ਤੋਂ ਬਚਣ ਲਈ ਹੀ ਇਨ੍ਹਾਂ ਚਕਿਤਸਾ ਵਿਗਿਆਨੀਆਂ ਨੂੰ ਸ਼ਹਿਰਾਂ ਕਸਬਿਆਂ ਤੋਂ ਦੂਰ ਦਰਾਜ ਜੰਗਲਾਂ 'ਚ ਵਾਸ ਕਰਦਿਆਂ ਆਪਣੇ ਖੋਜਕਾਰਜ ਜਾਰੀ ਰੱਖਣ ਲਈ ਮਜਬੂਰ ਹੋਣਾ ਪਿਆ। ਇੱਥੇ ਉਹ ਵਣ ਵਾਸੀਆਂ ਨਾਲ ਮਿਲ ਕੇ ਜੰਗਲੀ ਜੜੀ ਬੂਟੀਆਂ ਦੇ ਗੁਣ ਔਗੁਣ ਪ੍ਰਖਦੇ ਸਨ ਅਤੇ ਆਪਣੇ ਹਮਰੁਤਬਾ ਵਿਦਵਾਨ ਚਕਿਤਸਾਵਾਂ ਨਾਲ ਸੰਵਾਦ ਵੀ ਰਚਾਉਂਦੇ ਸਨ ਕਿਉਂਕਿ ਦੇਖਿਆ ਜਾਵੇ ਤਾਂ ਅਪਸਤੰਬ ਤੋਂ ਲੈ ਕੇ ਮਹਾਂਭਾਰਤ ਦੇ ਆਉਂਦਿਆਂ ਆਉਂਦਿਆਂ ਇੱਕ ਹਜ਼ਾਰ ਸਾਲ ਦਾ ਅਰਸਾ ਗੁਜ਼ਰ ਜਾਂਦਾ ਹੈ। ਇਸ ਦੇ ਪਿੱਛੇ ਮਨਸ਼ਾ ਇਹੀ ਸੀ ਕਿ ਵਿਗਿਆਨਕ ਨਜ਼ਰੀਏ ਤੋਂ ਤਰਕ ਨਾਲ ਗੱਲ ਕਰਨ ਦੇ ਮਹੌਲ ਨੂੰ ਹਰ ਹੀਲੇ ਚੁੱਪ ਕਰਾਇਆ ਜਾਵੇ। ਆਪਣੇ ਸੁਆਰਥੀ ਹਿੱਤਾਂ ਨੂੰ ਸੁਰੱਖਿਤ ਰੱਖਣ ਖਾਤਰ ਅਤੇ ਆਮ ਲੋਕਾਈ ਨੂੰ ਅਜਿਹੇ ਗਿਆਨ ਤੋਂ ਵਾਂਝੇ ਰੱਖ ਕੇ ਹੀ ਉਹ ਆਪਣੀ ਲੁੱਟ ਖਸੁੱਟ ਨੂੰ ਬਰਕਰਾਰ ਰੱਖ ਸਕਦੇ ਸਨ।

ਪਰ ਵਰਣਾਸ਼ਰਮ ਧਰਮ ਦੀ ਅਜਿਹੀ ਪਹੁੰਚ ਅਤੇ ਰਣਨੀਤੀ ਨੇ ਭਾਰਤੀ ਸਮਾਜ ਦੇ ਵਿਕਾਸ ਅੰਦਰ ਜੋ ਦੂਰਗਾਮੀ ਪ੍ਰਭਾਵ ਪਏ ਹਨ ਉਹ ਨਾਪੂਰਿਆ ਜਾ ਸਕਣ ਵਾਲਾ ਘਾਟਾ ਹੈ ਅਤੇ ਇਸ ਮੁਲਕ ਦੇ ਲੋਕ ਅੱਜ ਵੀ ਭੁਗਤ ਰਹੇ ਹਨ। ਹੋਰਨਾਂ ਦੇਸ਼ਾਂ ਅੰਦਰ ਕੰਮ ਵੰਡ ਦੀ ਮੁੱਢਲੀ ਪ੍ਰਕਿਰਿਆ ਚੋਂ ਨਿਕਲ ਕੇ ਕਿਸੇ ਜਨਮ-ਜਾਤ ਨਾਲ ਨਾ ਬੱਝੇ ਹੋਣ ਨੇ ਹਰੇਕ ਨੂੰ ਪ੍ਰਦਾਨ ਕੀਤੇ ਸੋਚਣ-ਵਿਚਾਰਨ ਦੇ ਬਰਾਬਰ ਮੌਕਿਆਂ ਕਰਕੇ ਸਾਰੇ ਵਰਗਾਂ ਦੇ ਲੋਕਾਂ ਨੂੰ ਆਪਣਾ ਯੋਗਦਾਨ ਪਾ ਕੇ ਸਮਾਜਿਕ ਵਿਕਾਸ ਚ ਰੋਲ ਨਿਭਾਇਆ।

ਸਾਡੇ ਮੁਲਕ ਅੰਦਰਲੇ ਅਜਿਹੇ ਜ਼ਹਿਨੀ ਮਾਹੌਲ ਬੰਗਾਲ ਦੇ ਮਸ਼ਹੂਰ ਸਮਾਜ ਸੁਧਾਰਕ ਵਿਚਾਰਕ, ਲੇਖਕ, ਸਾਇੰਸਦਾਨ ਅਤੇ ਵਿਚਾਰਵਾਨ ਪ੍ਰੋਫੈਸਰ ਪ੍ਰਫੁੱਲ ਚੰਦਰ ਰੇਅ (ਪੀ ਸੀ ਰੇਅ) ਨੇ ਆਪਣੀ ਪ੍ਰਸਿੱਧ ਪੁਸਤਕ "ਏ


ਹਿਸਟਰੀ ਆਫ ਹਿੰਦੂ ਕੈਮਿਸਟਰੀ" ਚ 1902 'ਚ ਹੀ ਭਾਰਤ ਅੰਦਰ ਵਿਗਿਆਨ ਦੀ ਮਾੜੀ ਹਾਲਤ ਦਾ ਜ਼ਿਕਰ ਕਰਦਿਆਂ ਲਿਖਿਆ ਸੀ ਕਿ ਇਸ ਦਾ ਮੁੱਖ ਕਾਰਨ ਭਾਰਤੀ ਸਮਾਜ ਦਾ ਵਰਣਾ 'ਚ ਵੰਡਿਆ ਹੋਣਾ ਹੈ, ਜਿਸ ਅੰਦਰ ਤਕਨੀਕੀ ਮਾਹਰਾਂ, ਦਸਤਕਾਰਾਂ ਤੇ ਸਰੀਰਕ ਕੰਮ ਕਰਨ ਵਾਲਿਆਂ ਦੀ ਜ਼ਿੰਦਗੀ ਨੂੰ ਨਿਰਾਸ਼ਾਜਨਕ ਹਾਲਤ ਤੱਕ ਵਿਨਾਸ਼ਕਾਰੀ ਸਥਿਤੀ 'ਚ ਪਹੁੰਚਾ ਦਿੱਤਾ ਹੈ। ਪੀ ਸੀ ਰੇਅ ਨੇ ਅੱਗੇ ਚੱਲ ਕੇ ਲਿਖਦਿਆਂ ਦੱਸਿਆ ਕਿ:

ਵਰਣ ਵਿਵਸਥਾ 'ਚ ਜਕੜੇ ਅਤੇ ਵੇਦਾਂ, ਪੁਰਾਣਾਂ ਅਤੇ ਸਿਮ੍ਰਿਤੀਆਂ 'ਚ ਕਹੀਆਂ ਗੱਲਾਂ ਨੂੰ ਪੂਰਨ ਸੱਚ ਮੰਨਣ ਵਾਲੇ ਅਜਿਹੇ ਲੋਕਾਂ ਦਰਮਿਆਨ ਜਿਨ੍ਹਾਂ ਦੀ ਬੁੱਧੀ ਤੇ ਦਿਮਾਗ ਨੂੰ ਪੂਰਨ ਰੂਪ 'ਚ ਅਪਾਹਜ ਬਣਾ ਦਿੱਤਾ ਗਿਆ ਸੀ, ਕੋਈ ਬਾਯਲ ਵਰਗਾ ਸਾਇੰਸਦਾਨ ਜਿਹਾ ਵਿਅਕਤੀ ਜਨਮ ਹੀ ਨਹੀਂ ਲੈ ਸਕਦਾ ਸੀ,ਜਿਹੜਾ ਆਮ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਦਿਆਂ ਕੋਈ ਸਾਰਥਕ ਸਿਧਾਂਤ ਘੜ ਸਕਦਾ। ਦਸਤਕਾਰੀ ਅਤੇ ਕਲਾਵਾਂ ਨੂੰ ਹੇਠਲੀਆਂ ਜਮਾਤਾਂ ਲਈ ਰਾਖਵੇਂ ਰੱਖਣ ਅਤੇ ਕੰਮ ਧੰਦਿਆਂ ਨੂੰ ਜਨਮ-ਜਾਤ ਬਣਾ ਦਿੱਤੇ ਜਾਣ ਨੇ ਕੁਝ ਹੱਦ ਤੱਕ ਉਨ੍ਹਾਂ ਅੰਦਰ ਕਲਾਵਾਂ, ਬਰੀਕੀ ਤੇ ਕੌਸ਼ਲ ਜ਼ਰੂਰ ਪਾਇਆ ਪਰ ਅਜਿਹਾ ਆਇਆ ਬਹੁਤ ਭਾਰੀ ਕੀਮਤ ਤਾਰ ਕੇ ਹੀ। ਸਮਾਜ ਦੇ ਬੌਧਿਕ ਹਿੱਸੇ ਨੂੰ ਇਸ ਢੰਗ (ਵਰਨਾਸ਼ਰਮ ਧਰਮ) ਦਾ ਨਿਖੇੜ ਕੇ ਕੀਤੇ ਜਾਣ ਨਾਲ ਇਨ੍ਹਾਂ ਕਲਾਵਾਂ ਦੇ ਕਿਉਂ ਤੇ ਕਿਵੇਂ ਤੇ ਗਿਆਨ ਹੀ ਅਤੇ ਕਰਨ ਦੇ ਕਾਰਜ ਵਿੱਚ ਪੂਰਨ ਗਿਆਨ ਨੂੰ ਨਿਖੇੜ ਕੇ ਅਲੱਗ ਕੀਤੇ ਜਾਣ ਨਾਲ ਇਹਨਾਂ ਕਲਾਵਾਂ ਦੇ ਕਿਉਂ ਅਤੇ ਕਿਵੇਂ ਦੇ ਗਿਆਨ ਅਤੇ ਕਾਰਜ ਦੀ ਪੂਰਨ ਗਿਆਨ ਨੂੰ ਨਿਖੇੜ ਕੇ ਕੀਤੇ ਜਾਣ ਨਾਲ ਖੋਜ ਬੀਣ ਦੀ ਆਮ ਪ੍ਰਕਿਰਿਆ ਇੱਕ ਪੂਰੇ ਮੁਲਕ ਅੰਦਰੋਂ ਅਲੋਪ ਹੋ ਗਈ। ਕਿਉਂਕਿ ਇਸ ਮੁਲਕ ਦਾ ਮੁੱਖ ਰੁਝਾਨ ਅਮੂਰਤ ਚਿੰਤਨ ਅਤੇ ਅਧਿਆਤਮਵਾਦ ਵੱਲ ਸੀ ਅਤੇ ਭਾਰਤ ਸਦਾ ਲਈ ਹੀ ਅਮਲੀ ਤਜਰਬਾਕਾਰੀ ਅਤੇ ਭਵਿੱਖਮੁਖੀ ਵਿਗਿਆਨਾਂ ਤੋਂ ਸਦਾ ਲਈ ਹੱਥ ਧੋ ਬੈਠਾ। ਚਾਹੇ ਦਸਤਕਾਰੀ ਕੀਮੀਆਸਿਰੀ, ਧਾਤ ਵਿਗਿਆਨ, ਉਸਾਰੀ ਤੇ ਇਮਾਰਤਸਾਜ਼ੀ ਅੰਦਰ ਅਤੇ ਹੋਰ ਕਲਾਵਾਂ ਨੇ ਦੁਨੀਆਂ ਅੰਦਰ ਆਪਣੀ ਪਹਿਚਾਣ ਸਥਾਪਤ ਕੀਤੀ ਪਰ ਸਿਰਫ ਆਪਣੇ ਅਮਲੀ ਤਜ਼ਰਬਿਆਂ ਤੋਂ ਅਤੇ ਬਿਨਾਂ ਕਿਸੇ ਵਿਗਿਆਨਕ ਤਜਰਬਿਆਂ ਤੋਂ ਅਤੇ ਬਿਨ੍ਹਾ ਕਿਸੇ ਵਿਗਿਆਨਕ ਫਲਸਫਾਨਾ ਰਹਨੁਮਾਈ ਤੋਂ।

ਸਮਾਜਿਕ ਆਰਥਿਕ ਨਾ ਬਰਾਬਰੀਆਂ ਦੇ ਆਲਮ 'ਚ ਕਿਸੇ ਵਿਗਿਆਨਕ ਮਾਹੌਲ ਤੋਂ ਸੱਖਣੇ ਅਤੇ ਵਿਗਿਆਨਕ ਨਾਲ ਦੁਸ਼ਮਣਾਨਾ ਵਿਹਾਰ ਅਤੇ ਉਸ ਦੀ ਸੰਘੀ ਨੱਪਣ ਅਤੇ ਨੱਪੀ ਰੱਖਣ ਵਾਲੇ ਵਾਤਾਵਰਣ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਜਾਤਪਾਤੀ ਵਿਵਸਥਾ ਨੂੰ ਜਿੱਥੇ ਹੋਰ ਪੀਡਾ ਕੀਤਾ ਉੱਥੇ ਦੇਸ਼ ਅੰਦਰ ਹੋਣ ਵਾਲੇ ਵਿਗਿਆਨਕ ਵਿਕਾਸ ਨੂੰ ਵੀ ਨੱਪਿਆ। ਅਯੁਰਵੈਦਿਕ ਪ੍ਰਣਾਲੀ ਦੇ ਚਿਕਿਤਸਾ ਗ੍ਰੰਥਾਂ ਅਤੇ ਹੋਰ ਸੋਮਿਆਂ 'ਚ ਸਮੋਈ ਪਈ ਪ੍ਰਾਚੀਨ ਵਿਗਿਆਨਕ ਜਾਣਕਾਰੀ ਤੇ ਪਹੁੰਚੇ ਅਤੇ ਵਿਕਾਸ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਇੱਕ ਸਹੀ ਲੋਕ-ਪੱਖੀ ਮਾਹੌਲ ਨੇ ਵਿਗਿਆਨ ਦੀ ਤਰੱਕੀ ਨੂੰ ਇਨ੍ਹਾਂ ਬੁਲੰਦੀਆਂ ਤੇ ਲੈ ਜਾਣਾ ਸੀ। ਕੁਦਰਤੀ ਵਿਗਿਆਨਾਂ ਅੰਦਰ ਹੋਏ ਵਿਕਾਸ ਦੇ ਇਸ ਦੌਰ ਨੂੰ ਸਹੀ ਦਿਸ਼ਾ 'ਚ ਪੁੱਟੇ ਕਦਮਾਂ ਦੇ ਰੂਪ ਚ ਲਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇੱਕੀਵੀਂ ਸਦੀ ਦੀ ਪਹਿਲੀ ਚੌਥਾਈ ਦੇ ਅੰਤਲੇ ਵਰ੍ਹਿਆਂ ਵਿੱਚ ਵੀ ਕੰਮ ਵੰਡ ਦਾ ਉਹੀ ਸਿਲਸਿਲਾ ਚੱਲਿਆ ਆ ਰਿਹਾ ਹੈ ਅਤੇ ਕਿਤੇ ਬੁੱਲਟ ਟਰੇਨ ਅਤੇ ਰੈਕੇਟ ਸਾਇੰਸ ਦੇ ਸਨਮੁੱਖ ਅੱਜ ਵੀ ਸੀਵਰ ਸਾਫ਼ ਕਰਨ ਲਈ ਇੱਕ ਖਾਸ ਜਾਤ ਨੂੰ ਲਾਇਆ ਜਾਂਦਾ ਹੈ ਜੋ ਇਹ ਕੰਮ ਹੱਥੀਂ ਕਰਦਿਆਂ ਆਪਣੀਆਂ ਜਾਨਾਂ ਤੱਕ ਗੁਆ ਬਹਿੰਦੀ ਹੈ। ਵੀਹ ਤੀਹ ਸਾਲ ਪਹਿਲਾਂ ਤੱਕ ਹੀ ਸਾਰੀਆਂ ਪੁਰਾਣੇ ਉਜ਼ਾਰਾਂ ਨਾਲ ਹੀ ਹੱਥੀਂ ਮਿਹਨਤ ਕਰਨ ਵਾਲੇ ਕਾਮੇ ਹੀ ਰੋਟੀ ਰੋਜ਼ੀ ਦਾ ਜੁਗਾੜ ਕਰਦੇ ਸਨ ਅਤੇ ਅੱਜ ਵੀ ਬਹੁਤ ਸਾਰੇ ਮਾਮਲਿਆਂ 'ਚ ਹੀ ਆਰੀ, ਤੇਸੇ, ਰੰਦੇ ਦੇ ਨਾਲ ਨਾਲ ਆਰ ਰੰਬੇ ਅਤੇ ਹੱਥੀਂ ਧਾਗਾ ਸੂਤ ਕੇ ਦਸਤਕਾਰੀ ਦਾ ਕੰਮ ਕੀਤਾ ਜਾਂਦਾ ਹੈ। ਵਿਗਿਆਨ ਅਤੇ ਤਕਨੀਕ ਦੀ ਤਰੱਕੀ ਦੇ ਮਾਮਲੇ ਚ ਹਰੇਕ ਜੀ ਤੱਕ ਇਸਦੇ ਲਾਭ ਪਹੁੰਚਣ ਥਾਂ ਪਹੁੰਚਾਉਣ ਚ ਹੋਰ ਵੀ ਕਈ ਕਾਰਨ ਸ਼ਾਮਲ ਹਨ, ਪਰ ਇੱਕ ਗੱਲ ਪੱਕੀ ਹੈ ਕਿ ਵਿਗਿਆਨ ਨੂੰ ਇਕ ਖਾਸ ਦਾਇਰੇ ਤੱਕ ਸੀਮਤ ਰੱਖ ਕੇ ਜਾਤਪਾਤੀ ਵਿਵਸਥਾ ਤਹਿਤ ਹੇਠਲੇ ਦਰਜੇ ਤੇ ਖੜ੍ਹੀਆਂ ਜਾਤਾਂ ਦੀ ਜ਼ਿੰਦਗੀ ਸੁਧਾਰਨ ਨੂੰ ਪਾਸੇ ਕਰਦਿਆਂ ਉਨ੍ਹਾਂ ਨੂੰ ਨਰਕੀ ਜਾਨਵਰਾਂ ਵਾਲੀ ਜ਼ਿੰਦਗੀ ਜਿਊਣ ਤੇ ਭਾਰ ਢੋਣ ਮਜਬੂਰ ਦਿੱਤਾ ਗਿਆ ਹੈ। ਅੱਜ ਵੀ ਜਦੋਂ ਅਸੀਂ ਜਾਤਪਾਤੀ ਵਿਵਸਥਾ ਦੀਆਂ ਹੇਠਲੀਆਂ ਜਮਾਤਾਂ ਦੀ ਦਿਸ਼ਾ ਅਤੇ ਦਸ਼ਾ ਤੇ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਇਸ ਉੱਪਰਲੇ ਪ੍ਰਸੰਗ ਨੂੰ ਸਮਝਣ ਚ ਭੋਰਾਭਰ ਦੇਰ ਨਹੀਂ ਲੱਗਦੀ। ਉਨ੍ਹਾਂ ਜਾਤਾਂ/ਜਮਾਤਾਂ ਅੰਦਰ ਪਹਿਲ-ਕਦਮੀ ਦੀ ਘਾਟ, ਗੁਲਾਮੀ ਦੀ ਰੀਤ, ਕੁੱਝ ਕੁੱਝ ਨਵਾਂ ਸਿਰਜ ਸਕਣ ਦੇ ਯੋਗ ਹੋਣ ਦਾ ਹੌਸਲਾ ਹੋਣ ਅਤੇ ਆਪਣੇ ਆਪ ਨੂੰ ਹੋਰਨਾਂ ਤੋਂ ਘਟੀਆ ਹੋਣ ਅਤੇ ਕੋਈ ਕਾਰਜ ਨਾ ਕਰ ਸਕਣ ਦੀ ਧਾਰਨਾ ਦੇ ਧੁਰ ਅੰਦਰ ਤੱਕ ਰਮੇ ਹੋਣ ਦਾ ਹੀ ਕਾਰਨ ਹੈ ਕਿ ਉਨ੍ਹਾਂ ਨੂੰ ਆਪਣੀ ਗੁਲਾਮੀ ਨਜ਼ਰ ਨਹੀਂ ਆਉਂਦੀ। ਇਸ ਤਰਕਸ਼ੀਲ ਸੋਚ ਦੀ ਘਾਟ ਨੇ ਉਨ੍ਹਾਂ ਦੇ ਜਿਨ੍ਹਾਂ ਅੰਦਰ ਵਿਚਾਰਵਾਦੀ ਫਲਸਫੇ ਦੇ ਹੋਣ ਉਨ੍ਹਾਂ ਨੂੰ ਇਹ ਧੁਰੋਂ ਲਿਖਿਆ ਹੁਕਮ ਮਾਲੂਮ ਹੁੰਦਾ ਹੈ ਆਪਣੇ ਖਾਣ-ਪਾਣ,ਪਹਿਨਣ-ਪੱਚਰਨ ਦੀ ਸੁੱਧ ਤੋਂ ਅੱਗੇ ਆਪਣੀ ਜ਼ਿੰਦਗੀ ਨੂੰ ਪਿਛਲੇ ਕਰਮਾਂ ਦਾ ਲੇਖਾ ਤਾਰਨ ਲਈ ਹੀ ਇਸ ਜਨਮ ਚ ਮਨੁੱਖੀ ਚੋਲਾ ਮਿਲਣ ਦੇ ਸ਼ੁਕਰਗੁਜ਼ਾਰ ਹੋਣ ਤੋਂ ਇਲਾਵਾ ਹੋਰ ਕੁਝ ਵੀ ਸਮਝ ਨਹੀਂ ਲੱਗਦਾ ਸੋ ਬੌਧਿਕ ਗੁਲਾਮੀ ਦਾ ਜੂਲਾ ਲਾਹੁਣ ਲਈ ਹਾਕਮਾਂ ਦੇ ਅਤੇ ਹਾਕਮ ਜਮਾਤਾਂ ਦੇ ਪੱਖੀਆਂ ਵੱਲੋਂ ਘੜੇ ਵਰਣਾਸ਼ਰਮ ਧਰਮ ਨੂੰ ਠੁੰਮਣਾ ਦੇਣ ਵਾਲੇ ਅਤੇ ਬਲ ਬਖ਼ਸ਼ਣ ਵਾਲੇ ਸਾਰੇ ਸਨਾਤਨੀ ਅਤੇ ਆਧੁਨਿਕ ਸਾਜ਼ੋ ਸਾਮਾਨ ਦਾ ਪਰਦਾ ਚਾਕ ਕਰਨਾ ਜ਼ਰੂਰੀ ਹੈ।

# ਪੌਲੀਗਰ ਪੁੱਤਰ ਤੋਂ ਲੋਕ ਨਾਇਕ ਸ਼ਹੀਦ ਨਰਸਿਮਾ ਰੈਡੀ...

-ਸਰਬਜੀਤ ਸੋਹੀ, ਆਸਟਰੇਲੀਆ




*ਈਸਟ ਇੰਡੀਆ ਕੰਪਨੀ ਦੇ ਸ਼ਾਸਕਾਂ ਵੱਲੋਂ ਉਸ ਦੇ ਪੌਲੀਗਰ ਵਰਗ ਵਿੱਚੋਂ ਹੋਣ ਕਰਕੇ 11 ਰੁਪੈ ਮਹੀਨਾ ਪੈਨਸ਼ਨ ਲਾਈ ਹੋਈ ਸੀ । ਇਹ ਪੈਨਸ਼ਨ ਲੈਣ ਗਏ ਉਸਦੇ ਇਕ ਕਰਿੰਦੇ ਨੂੰ ਗੋਰਿਆਂ ਦੇ ਤਹਿਸੀਲਦਾਰ ਰਾਘਵ ਚਾਰੀ ਨੇ ਜ਼ਲੀਲ ਕੀਤਾ ਅਤੇ ਇਕ ਲੈਟਰ ਲਿਖ ਕੇ ਉਸ ਨੂੰ ਭੇਜੀ, ਜਿਸ ਵਿੱਚ ਉਸ ਨੂੰ ਮੰਗਤਾ ਲਿਖਿਆ ਹੋਇਆ ਸੀ ।*

ਭਾਰਤ ਵਿੱਚ ਬ੍ਰਿਟਿਸ਼ ਰਾਜ ਵਿਚ ਹੋਇਆ 1857 ਦਾ ਵਿਦਰੋਹ ਇਕ ਬਹੁਤ ਵੱਡੀ ਘਟਨਾ ਸੀ, ਪਰ ਇਸ ਤੋਂ ਪਹਿਲਾਂ ਵੀ ਅਨੇਕਾਂ ਯੋਧਿਆਂ ਨੇ ਆਪੋ ਆਪਣੇ ਖੇਤਰਾਂ ਖਾਸਕਰ ਦੱਖਣ ਵਿੱਚ ਗੋਰੀ ਹਕੂਮਤ ਨਾਲ ਟੱਕਰ ਲਈ ਸੀ। ਉਨ੍ਹਾਂ ਸੂਰਬੀਰ ਨਾਇਕਾਂ ਵਿੱਚ ਇਕ ਨਾਮ Uyyalawada Narasimha Reddy ਦਾ ਹੈ। ਆਧਰਾਂ ਪ੍ਰਦੇਸ਼ ਦੇ ਜ਼ਿਲ੍ਹੇ ਕਰਨੂਲ ਦੇ ਪਿੰਡ ਰੂਪਨਗੁੱਡੀ ਵਿੱਚ 24 ਨਵੰਬਰ 1806 ਨੂੰ ਜੰਮਿਆ ਨਰਸਿਮਾ ਰੈਡੀ ਇਕ ਜਗੀਰਦਾਰ ਦਾ ਪੁੱਤਰ ਸੀ। ਉਸ ਖੇਤਰ ਵਿੱਚ ਵਿਜੈਨਗਰ ਹਾਕਮਾਂ ਵੱਲੋਂ ਸ਼ੁਰੂ ਕੀਤੀ ਜਗੀਰਦਾਰੀ ਵਿਵਸਥਾ ਅਨੁਸਾਰ Polygar System ਚੱਲਦਾ ਸੀ। ਇਕ ਪੌਲੀਗਰ (ਜਾਗੀਰਦਾਰ) ਕੋਲ 100-200 ਪਿੰਡਾਂ ਦੀ ਜ਼ਮੀਨ ਦੀ ਮਾਲਕੀ ਹੁੰਦੀ ਸੀ। ਜਦੋਂ ਗੋਰਿਆਂ ਨੇ ਦੱਖਣ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਉਨ੍ਹਾਂ ਪੌਲੀਗਰ ਸਿਸਟਮ ਨੂੰ ਖਤਮ ਕਰਦਿਆਂ ਸਿੱਧਾ ਕੰਪਨੀ ਦਾ ਪ੍ਰਬੰਧ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਇਸ ਤਹਿਤ ਨੌਸਮ ਦੇ ਪੌਲੀਗਰ ਜੈ ਰਾਮ ਰੈਡੀ ਵੱਲੋਂ ਇਕ ਲੜਾਈ ਵਿੱਚ ਸ਼ਾਮਲ ਹੋਣ ਕਰਕੇ ਉਸ ਨੂੰ ਕੈਦ ਕਰ ਲਿਆ ਅਤੇ ਉਸਦੀ ਜ਼ੈਲ ਤੇ ਕਬਜ਼ਾ ਕਰ ਲਿਆ। ਰਿਹਾਈ ਬਾਅਦ ਉਸ ਦੀ ਪੈਨਸ਼ਨ ਲਾ ਦਿੱਤੀ ਗਈ। ਉਸ ਦੀ ਧੀ ਸ਼ਿੰਥਾਪਾ ਰੈਡੀ ਓਇਲਾਵਾਡਾ ਦੇ ਪੌਲੀਗਰ ਪੈਡਾ ਮੱਲਾ ਰੈਡੀ ਦੇ ਘਰ ਵਿਆਹੀ ਸੀ। ਨਰਸਿਮਾ ਰੈਡੀ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਸੀ। ਮੱਲਾ ਰੈਡੀ ਅਤੇ ਬੂਜਾ ਰੈਡੀ ਦੋ ਭਰਾ ਉਸ ਤੋਂ ਵੱਡੇ ਸਨ। ਨਰਸਿਮਾ ਰੈਡੀ ਬਚਪਨ ਤੋਂ ਹੀ ਬਾਗ਼ੀ ਤਬੀਅਤ ਦਾ ਮਾਲਕ ਸੀ। ਉਸ ਦੇ ਮਨ ਤੇ ਉਸਦੇ ਅਧਿਆਪਕ ਗੁਸਾਈ ਵੈਨਕਾਣਾ ਦਾ ਬਹੁਤ ਪ੍ਰਭਾਵ ਸੀ।

ਈਸਟ ਇੰਡੀਆ ਕੰਪਨੀ ਦੇ ਸ਼ਾਸਕਾਂ ਵੱਲੋਂ ਉਸ ਦੇ ਪੌਲੀਗਰ ਵਰਗ ਵਿੱਚੋਂ ਹੋਣ ਕਰਕੇ 11 ਰੁਪੈ ਮਹੀਨਾ ਪੈਨਸ਼ਨ ਲਾਈ ਹੋਈ ਸੀ। ਇਹ ਪੈਨਸ਼ਨ ਲੈਣ ਗਏ ਉਸਦੇ ਇਕ ਕਰਿੰਦੇ ਨੂੰ ਗੋਰਿਆਂ ਦੇ ਤਹਿਸੀਲਦਾਰ ਰਾਘਵ ਚਾਰੀ ਨੇ ਜ਼ਲੀਲ ਕੀਤਾ ਅਤੇ ਇਕ ਲੈਟਰ ਲਿਖ ਕੇ ਉਸ ਨੂੰ ਭੇਜੀ, ਜਿਸ ਵਿੱਚ ਉਸ ਨੂੰ ਮੰਗਤਾ ਲਿਖਿਆ ਹੋਇਆ ਸੀ। ਨਰਸਿਮਾ ਰੈਡੀ ਬੇਸ਼ੱਕ ਇਕ ਪੈਨਸ਼ਨ ਯਾਫ਼ਤਾ ਸੀ, ਪਰ ਉਸ ਨੇ ਅੰਦਰੋਂ ਕਦੀ ਵੀ ਬ੍ਰਿਟਿਸ਼ ਹਕੂਮਤ ਦੇ ਪ੍ਰਬੰਧ ਨੂੰ ਪ੍ਰਵਾਨ ਨਹੀਂ ਕੀਤਾ ਸੀ। ਉਹ ਸਥਾਨਿਕ ਲੋਕਾਂ ਨੂੰ ਟੈਕਸ ਜ਼ਿਆਦਾ ਹੋਣ ਕਰਕੇ ਬਗਾਵਤ ਲਈ ਤਿਆਰ ਕਰਦਾ ਰਹਿੰਦਾ ਸੀ। ਉਸ ਨੇ ਵੀ ਇਕ ਚਿੱਠੀ ਲਿਖ ਕੇ ਤਹਿਸੀਲਦਾਰ ਨੂੰ ਭੇਜ ਦਿੱਤੀ ਕਿ ਉਹ ਤੈਨੂੰ ਮਾਰ ਕੇ ਖ਼ਜ਼ਾਨਾ ਲੁੱਟ ਲਵੇਗਾ ਤੂੰ ਗੋਰਿਆਂ ਨੂੰ ਸੁਨੇਹਾ ਭੇਜ ਦੇ ਕਿ ਉਹ ਤੈਨੂੰ ਬਚਾ ਲੈਣ। ਇਸ ਤੋਂ ਪਹਿਲਾਂ ਕਿ ਸਰਕਾਰ ਉਸਦੀ ਰੱਖਿਆ ਲਈ ਆਪਣੇ ਸੈਨਿਕ ਭੇਜਦੀ ਸੂਰਬੀਰ ਨਰਸਿਮਾ ਰੈਡੀ ਨੇ 10 ਜੁਲਾਈ 1846 ਨੂੰ ਦੁਪਹਿਰੇ 12 ਵਜੇ ਕੋਇਲਾਕੁੰਤਲਾ ਵਿਖੇ ਰਾਘਵ ਚਾਰੀ ਤੇ ਹਮਲਾ ਕਰਕੇ ਉਸ ਨੂੰ ਕਤਲ ਕਰ ਦਿੱਤਾ ਅਤੇ ਸ਼ਾਹੀ ਖ਼ਜ਼ਾਨਾ ਵੀ ਲੁੱਟ ਲਿਆ। ਉਸ ਨੇ ਖ਼ਜ਼ਾਨੇ ਦੇ ਅੰਗਰੇਜ਼ ਇੰਚਾਰਜ ਥਾਮਸ ਐਡਵਰਡ ਦਾ ਸਿਰ ਵੱਢ ਕੇ ਨੇਜ਼ੇ ਤੇ ਟੰਗ ਲਿਆ ਅਤੇ ਉਸਦੇ ਮਾਤਹਿਤ ਸਿਪਾਹੀ ਵੀ ਮਾਰ ਦਿੱਤੇ। ਖ਼ਜ਼ਾਨੇ ਵਿੱਚੋਂ ਉਸ ਦੀ ਆਪਣੀ ਸਟੇਟਮੈਂਟ ਅਨੁਸਾਰ ਉਸ ਨੂੰ 804.12 ਰੁਪੈ ਮਿਲੇ ਸਨ। ਇਹ ਖ਼ਬਰ ਮਿਲਦੇ ਹੀ ਸਹਾਇਕ ਕੁਲੈਕਟਰ J H Cochrane ਦੀ ਬੇਨਤੀ ਤੇ ਬ੍ਰਿਟਿਸ਼ ਬ੍ਰਿਗੇਡੀਅਰ ਜਨਰਲ ਵਾਟਸਨ ਨੇ 13 ਜੁਲਾਈ 1846 ਨੂੰ Nossam ਦੇ ਕਿਲੇ ਤੇ ਹਮਲਾ ਕਰ ਦਿੱਤਾ, ਜਿੱਥੇ ਨਰਸਿਮਾ ਰੈਡੀ ਲੁਕਿਆ ਹੋਇਆ ਸੀ। ਪਰ ਬਹਾਦਰ ਨਰਸਿਮਾ ਰੈਡੀ ਦੀ ਅਗਵਾਈ ਵਿੱਚ ਬਾਗ਼ੀਆਂ ਨੇ ਬ੍ਰਿਟਿਸ਼ ਸੈਨਾ ਨੂੰ ਹਰਾ ਦਿੱਤਾ ਅਤੇ ਜਨਰਲ ਵਾਟਸਨ ਲੜਾਈ ਵਿੱਚ ਮਾਰਿਆ ਗਿਆ। ਇਸ ਤੋਂ ਬਾਅਦ ਵੱਡੇ ਹਮਲੇ ਨੂੰ ਭਾਂਪਦਿਆਂ ਨਰਸਿਮਾ ਰੈਡੀ ਅਤੇ ਉਸਦੇ ਸਾਥੀ ਨਾਲਾ-ਮਾਲਾ ਦੇ ਜੰਗਲਾਂ ਵੱਲ ਭੱਜ ਗਏ। ਇਸ ਜੰਗਲ ਦੇ ਕਰੀਬ ਰੁਦਰਾਪੁਰਮ ਖੇਤਰ ਵਿੱਚ ਜਬਰੀ ਟੈਕਸ ਇਕੱਠਾ ਕਰ ਰਹੇ ਅੰਗਰੇਜ਼ ਅਧਿਕਾਰੀ ਪੀਟਰ ਨੂੰ ਵੀ ਨਰਸਿਮਾ ਰੈਡੀ ਨੇ ਮਾਰ ਦਿੱਤਾ। ਪੀਟਰ ਬਹੁਤ ਹੀ ਬਦਨਾਮ ਕਲੋਨੀਅਲ ਕੁਲੈਕਟਰ ਸੀ, ਉਹ ਲੋਕਾਂ ਤੇ ਜ਼ੁਲਮ ਕਰਦਾ ਸੀ। ਇਲਾਕੇ ਵਿੱਚ ਕਈਆਂ ਔਰਤਾਂ ਨਾਲ ਉਸ ਨੇ ਤਾਕਤ ਦੇ ਬਲਬੂਤੇ ਬਲਾਤਕਾਰ ਕੀਤੇ ਸਨ।

ਇਸ ਤੋਂ ਬਾਅਦ ਉਸਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ। ਉਸ ਨੇ ਗੋਰਿਆਂ ਦੇ ਖਿਲਾਫ ਲੋਕਾਂ ਨੂੰ ਜਾਗ੍ਰਿਤ ਕਰਨਾ ਸ਼ੁਰੂ ਦਿੱਤਾ ਅਤੇ ਜਬਰੀ ਟੈਕਸ ਇਕੱਠੇ ਕਰਨ ਵਾਲੇ ਅਫਸਰਾਂ ਨੇ ਉਸ ਦੀ ਦਹਿਸ਼ਤ ਤੋਂ ਡਰਦਿਆਂ ਜੰਗਲ ਦੇ ਕਰੀਬੀ ਪਿੰਡਾਂ ਵਿੱਚ ਜਾਣਾ ਛੱਡ ਦਿੱਤਾ। ਹੁਣ ਉਹ ਇਲਾਕੇ ਵਿੱਚ ਰਾਬਿਨਹੁੱਡ ਦਾ ਦਰਜਾ ਪ੍ਰਾਪਤ ਕਰ ਚੁੱਕਾ ਸੀ। ਲੋਕਾਂ ਵਿੱਚ ਉਸਦਾ ਅਥਾਹ ਸਤਿਕਾਰ ਪੈਦਾ ਹੋਣ ਕਰਕੇ ਅੰਗਰੇਜ਼ਾਂ ਨੇ ਉਸ ਨੂੰ ਮਾਰਨ ਦੇ ਮਨਸੂਬੇ ਘੜਣੇ ਸ਼ੁਰੂ ਕਰ ਦਿੱਤੇ। ਅੰਗਰੇਜ਼ ਅਧਿਕਾਰੀਆਂ ਨੇ ਮਾਰੇ ਗਏ ਬ੍ਰਿਗੇਡੀਅਰ ਵਾਟਸਨ ਦੀ ਜਗਾ ਜਨਰਲ ਨਾਰਟਨ ਨੂੰ ਇਲਾਕੇ ਦੀ ਕਮਾਂਡ ਦੇ ਦਿੱਤੀ। ਉਸ ਨੇ ਨਰਸਿਮਾ ਰੈਡੀ ਦੀ ਗ਼ੈਰ ਹਾਜ਼ਰੀ ਵਿੱਚ ਨੌਸਮ ਦੇ ਕਿਲ੍ਹੇ ਨੂੰ ਤਬਾਹ ਕਰ ਦਿੱਤਾ ਅਤੇ ਨਰਸਿਮਾ ਰੈਡੀ ਦੀ ਗ੍ਰਿਫ਼ਤਾਰੀ ਲਈ 10000 ਰੁਪੈ ਦਾ ਇਨਾਮ ਰੱਖ ਦਿੱਤਾ, ਇਹ ਰਕਮ ਤਕਰੀਬਨ ਅੱਜ ਦੇ 10 ਕਰੋੜ ਦੇ ਬਰਾਬਰ ਹੋਵੇਗੀ। ਇਸ ਖੇਤਰ ਵਿੱਚ ਨਵੇਂ ਨਿਯੁਕਤ ਹੋਏ ਤਹਿਸੀਲਦਾਰ ਸ੍ਰੀਨਿਵਾਸ ਰੈਡੀ ਨੇ ਯੋਜਨਾ ਬਣਾਉਂਦਿਆਂ ਇਕ ਜ਼ਮੀਂਦਾਰ ਰੋਸੀ ਰੈਡੀ ਨਾਲ ਗੰਢ-ਤੁਪ ਕਰਦਿਆਂ ਉਸਦੇ ਪਿੰਡ ਹੋਣ ਵਾਲੇ Yellama Festiwal ਵਿੱਚ ਸ਼ਾਮਲ ਹੋਣ ਲਈ ਨਰਸਿਮਾ ਰੈਡੀ ਨੂੰ ਸੱਦਾ ਪੱਤਰ ਭੇਜਿਆ ਸੀ, ਪਰ ਉਹ ਰੈਡੀ ਨੂੰ ਫੜਣ ਵਿੱਚ ਨਾਕਾਮ ਰਹੇ। ਇਸ ਨਾਲ ਉਸ ਦੀ ਲੋਕ-ਪ੍ਰਿਅਤਾ ਹੋਰ ਵੱਧ ਗਈ। ਉਸਦਾ ਵੱਡਾ ਭਰਾ ਮੱਲਾ ਰੈਡੀ ਵੀ ਉਸ ਨਾਲ ਖ਼ਾਰ ਖਾਣ ਲੱਗ ਪਿਆ। ਉਹ ਅੰਗਰੇਜ਼ ਕੁਲੈਕਟਰ Cochrane ਨਾਲ ਰਲ ਗਿਆ। ਇਨਾਮ ਅਤੇ ਸਨਮਾਨ ਦੇ ਲਾਲਚ ਵਿੱਚ ਉਸ ਨੇ ਆਪਣੇ ਭਰਾ ਦੀ ਪਤਨੀ Dhorasani Subbhamma ਤੇ ਉਸ ਦੇ ਪੁੱਤਰ Dhora Subbhaiah ਨੂੰ ਗ੍ਰਿਫ਼ਤਾਰ ਕਰਕੇ Kadappa Red Fort ਵਿੱਚ ਕੈਦ ਕਰ ਲਿਆ। ਉਸ ਵੱਲੋਂ ਨਰਸਿਮਾ ਰੈਡੀ ਤੇ ਆਤਮ ਸਮਰਪਣ ਲਈ ਦਬਾਅ ਬਣਾਇਆ ਗਿਆ। ਪਰ ਇਸ ਨਾਲ ਵੀ ਉਹ ਜਾਂਬਾਜ਼ ਨਰਸਿਮਾ ਰੈਡੀ ਦਾ ਮਨੋਬਲ ਨਾ ਤੋੜ ਸਕੇ। ਆਖ਼ਰ ਅੰਗਰੇਜ਼ਾਂ ਨੇ ਇਲਾਕੇ ਵਿੱਚ ਮੌਜੂਦ ਨਰਸਿਮਾ ਰੈਡੀ ਦੇ ਸਮਰਥਕਾਂ ਅਤੇ ਬੇਕਸੂਰ ਲੋਕਾਂ ਤੇ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਇਲਾਕੇ ਵਿੱਚ ਹੋ ਰਹੇ ਅਮਾਨਵੀ ਤਸ਼ੱਦਦ ਅਤੇ ਅਬਲਾ ਔਰਤਾਂ ਨਾਲ ਹੋ ਰਹੇ ਬਲਾਤਕਾਰਾਂ ਦੀ ਖ਼ਬਰ ਜਦੋਂ ਨਰਸਿਮਾ ਰੈਡੀ ਕੋਲ ਪਹੁੰਚੀ ਤਾਂ ਉਸ ਤੋਂ ਇਹ ਜ਼ਾਲਮਾਨਾ ਕਾਰਵਾਈਆਂ ਸਹਿਣ ਨਾ ਹੋਈਆਂ। ਉਸ ਨੇ ਇਕ ਵਾਰ ਤਾਂ ਲੋਕਾਂ ਦੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਆਤਮ ਸਮਰਪਣ ਕਰਨ ਦਾ ਫੈਸਲਾ ਵੀ ਕਰ ਲਿਆ ਸੀ। ਇਸ ਕਸ਼ਮਕਸ਼ ਦੌਰਾਨ ਬਹਾਦਰ ਗੁਰੀਲਾ ਆਗੂ ਨੂੰ ਅੰਗਰੇਜ਼ਾਂ ਨੇ 6 ਅਕਤੂਬਰ 1846 ਨੂੰ ਅੰਗਰੇਜ਼ ਕੈਪਟਨ ਨਾਰਟਨ ਦੀ ਅਗਵਾਈ ਵਿੱਚ ਨਾਲਾ-ਮਾਲਾ ਦੇ ਜੰਗਲ਼ਾਂ ਵਿਚ ਘੇਰਾ ਪਾ ਲਿਆ। ਇਸ ਗਹਿਗੱਚ ਜੰਗ ਵਿੱਚ 40-50 ਦੇ ਕਰੀਬ ਬਾਗ਼ੀ ਮਾਰੇ ਗਏ ਅਤੇ ਨਰਸਿਮਾ ਰੈਡੀ ਸਮੇਤ 90 ਦੇ ਕਰੀਬ ਬਾਗ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬ੍ਰਿਟਿਸ਼ ਫੌਜ ਦੀ ਟੁਕੜੀ ਨੇ ਉਸਨੂੰ ਹੱਥ-ਘੜੀਆਂ ਨਾਲ ਬੰਨ ਕੇ ਜੰਗਲ ਵਿੱਚੋਂ ਕੱਢ ਕੇ ਜਦੋਂ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਲੋਕਾਂ ਦੀਆਂ ਅੱਖਾਂ ਆਪਣੇ ਜਰਨੈਲ ਲਈ ਸੇਜਲ ਸਨ, ਜਿਸ ਨੇ ਸਿਰਫ 4 ਮਹੀਨੇ ਦੇ ਬਾਗ਼ੀ ਜੀਵਨ ਵਿੱਚ ਗੋਰੀ ਹਕੂਮਤ ਨੂੰ ਦਿਨੇ ਤਾਰੇ ਵਿਖਾ ਦਿੱਤੇ ਸਨ।

ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਉਸ ਤੇ ਬੇਹਤਾਸ਼ਾ ਤਸ਼ੱਦਦ ਢਾਹਿਆ ਗਿਆ। ਅੰਗਰੇਜ਼ ਸਰਕਾਰ ਨੇ ਫੜੋ ਫੜਾਈ ਕਰਦਿਆਂ 1000 ਦੇ ਕਰੀਬ ਹੋਰ ਉਸ ਦੇ ਸਮਰਥਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿੱਚੋਂ 412 ਨੂੰ ਬਿਨਾ ਸਜ਼ਾਵਾਰ ਬਣਾਏ ਰਿਹਾ ਕਰ ਦਿੱਤਾ ਗਿਆ। ਤਕਰੀਬਨ 273 ਬਾਗ਼ੀਆਂ ਤੇ ਕੇਸ ਦਾਇਰ ਹੋਏ, ਪਰ ਉਨਾ ਦੀ ਜ਼ਮਾਨਤ ਮਨਜ਼ੂਰ ਕਰਕੇ ਉਹ ਵੀ ਛੱਡ ਦਿੱਤੇ ਗਏ, ਜਦਕਿ ਨਰਸਿਮਾ ਰੈਡੀ ਸਮੇਤ 112 ਨੂੰ ਅਪਰਾਧੀ ਮੰਨਦਿਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਨਰਸਿਮਾ ਰੈਡੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਆਖ਼ਰ Jurreru River ਦੇ ਕੰਢੇ ਇਕ ਉੱਚੇ ਟਿੱਲੇ ਤੇ ਉਸ ਨੂੰ ਅਤੇ ਉਸ ਦੇ ਇਕ ਸਾਥੀ ਨੂੰ 2000 ਲੋਕਾਂ ਦੇ ਜਨਤਕ ਇਕੱਠ ਵਿੱਚ 22 ਫ਼ਰਵਰੀ 1847 ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਨੂੰ ਕਤਲ ਕਰਨ ਤੋਂ ਬਾਅਦ ਉਸਦੀ ਲਾਸ਼ ਵੀ ਸਸਕਾਰ ਲਈ ਉਸਦੇ ਵਾਰਸਾਂ ਨੂੰ ਨਹੀਂ ਦਿੱਤੀ ਗਈ। ਉਸ ਦੀ ਲਾਸ਼ ਉਨ੍ਹਾਂ ਖੂਨੀ ਖੰਭਿਆਂ ਤੇ ਲਟਕਦੀ ਰਹੀ। ਹੌਲੀ ਹੌਲੀ ਬਹਾਦਰ ਤੇਲਗੂ ਸੂਰਬੀਰ ਦੀ ਲਾਸ਼ ਸਿਰਫ ਹੱਡੀਆਂ ਵਿੱਚ ਤਬਦੀਲ ਹੋ ਗਈ। ਗੋਰਿਆਂ ਨੇ ਇਲਾਕੇ ਵਿੱਚ ਬਗ਼ਾਵਤ ਕਰਨ ਵਾਲਿਆਂ ਲਈ ਇਕ ਦਹਿਸ਼ਤ ਭਰਿਆ ਸਬਕ ਉਵੇਂ ਹੀ ਪਿਆ ਰਹਿਣ ਦਿੱਤਾ। ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹ ਸ਼ਹੀਦ ਨਰਸਿਮਾ ਰੈਡੀ ਦੀ ਲਾਸ਼ ਖੰਭਿਆਂ ਤੋਂ ਲਾਹ ਕੇ ਉਸਦੀਆਂ ਅੰਤਿਮ ਰਸਮਾਂ ਪੂਰੀਆਂ ਕਰ ਸਕੇ। ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸੰਨ੍ਹ 1877 ਤੱਕ ਉਸ ਦੀ ਲਾਸ਼ ਦਾ ਬਚਿਆ-ਖੁੱਚਿਆ ਕੰਕਾਲ ਤੀਹ ਸਾਲ ਖੰਭੇ ਡਿੱਗਣ ਤੱਕ ਹਵਾ ਵਿੱਚ ਲਟਕਦਾ ਰਿਹਾ। ਉਸ ਸਿਰਲੱਥ ਤੇਲਗੂ ਯੋਧੇ ਦੀ ਕੁਰਬਾਨੀ ਭਰੀ ਗਾਥਾ ਨੂੰ ਵੱਡੇ ਪਰਦੇ ਤੇ ਪੇਸ਼ ਕਰਦਿਆਂ ਡਾਇਰੈਕਟਰ ਸੁਰਿੰਦਰ ਰੈਡੀ ਨੇ Syera Narasimha Reddy ਮੂਵੀ ਬਣਾਈ ਹੈ, ਜਿਸ ਵਿੱਚ ਦੱਖਣ ਦੇ ਪ੍ਰਸਿੱਧ ਸੁਪਰ ਸਟਾਰ ਚਿਰੰਜੀਵੀ ਨੇ ਨਰਸਿਮਾ ਰੈਡੀ ਦਾ ਕਿਰਦਾਰ ਨਿਭਾਇਆ ਹੈ। ਆਓ ਆਜ਼ਾਦੀ ਦੀ ਲੜਾਈ ਵਿੱਚ ਬ੍ਰਿਟਿਸ਼ ਸ਼ਾਸਨ ਖਿਲਾਫ਼ ਸ਼ਹਾਦਤ ਪਾਉਣ ਵਾਲੇ ਮੁੱਢਲੇ ਸੂਰਬੀਰਾਂ ਵਿੱਚੋਂ ਇਕ ਸ਼ਹੀਦ ਨਰਸਿਮਾ ਰੈਡੀ ਨੂੰ ਨਮਨ ਕਰੀਏ।

# ਕੀ ਅਸੀਂ ਕਦੇ ਜੂਨ 84 ਦੀਆਂ ਘਟਨਾਵਾਂ ਦਾ ਨਿਰਪੱਖਤਾ ਨਾਲ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋਵਾਂਗੇ ? (ਸ਼ਫ਼ਾ 5 ਦੀ ਬਾਕੀ)

ਅਖੰਡਤਾ ਅਤੇ ਧਰਮ ਨਿਰਪੱਖਤਾ ਦੇ ਨਾਮ ਹੇਠ ਸਿੱਖਾਂ ਖਿਲਾਫ ਵਰਤਣਾ ਸ਼ੁਰੂ ਕਰ ਦਿੱਤਾ। ਅਖੀਰ ਅਕਾਲੀਆਂ ਦੇ ਸੰਘਰਸ਼ ਅੱਗੇ ਝੁਕਦਿਆਂ, 1966 ਵਿੱਚ ਜੋ ਪੰਜਾਬੀ ਸੂਬਾ ਬਣਾਇਆ ਗਿਆ, ਉਹ ਇਸ ਢੰਗ ਦਾ ਸੀ ਕਿ ਸਿੱਖ (ਅਕਾਲੀ) ਕਦੇ ਵੀ ਹਿੰਦੂਆਂ ਤੋਂ ਬਿਨਾਂ ਆਪਣੀ ਬਹੁ-ਗਿਣਤੀ ਸਿੱਖ ਸਰਕਾਰ ਨਾ ਬਣਾ ਸਕਣ। ਇਨ੍ਹਾਂ ਹੀ ਸਮਿਆਂ ਵਿੱਚ ਸੰਤ ਫਤਹਿ ਸਿੰਘ, ਸੰਤ ਚੰਨਣ ਸਿੰਘ ਆਦਿ ਰਾਹੀਂ ਜੱਟ-ਭਾਪੇ (ਉਸ ਸਮੇਂ ਤੱਕ ਮਾਸਟਰ ਤਾਰਾ ਸਿੰਘ, ਜੋ ਕਿ ਸ਼ਹਿਰੀ ਹਿੰਦੂ ਪਰਿਵਾਰ ਤੋਂ ਸਿੱਖ ਬਣਿਆ ਸੀ) ਦਾ ਵਿਵਾਦ ਖੜਾ ਕਰਕੇ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ, ਮਾਸਟਰ ਤਾਰਾ ਸਿੰਘ ਨੂੰ ਸਿੱਖ ਲੀਡਰਸ਼ਿਪ ਤੋਂ ਲਾਂਭੇ ਕਰਨ ਲਈ, ਆਪਣੀ ਪਸੰਦ ਦੀ ਲੀਡਰਸ਼ਿਪ ਖੜੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚ ਉਹ ਕਾਮਯਾਬ ਵੀ ਹੋਏ ਤੇ ਮਾਸਟਰ ਤਾਰਾ ਸਿੰਘ ਵਾਲੀ ਲੀਡਰਸ਼ਿਪ ਦਾ ਭੋਗ ਪਾ ਦਿੱਤਾ ਗਿਆ। ਇਸ ਤੋਂ ਬਾਅਦ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ, ਨੂੰ ਜੱਟਾਂ ਦੀ ਪਾਰਟੀ ਬਣਾ ਦਿੱਤਾ ਗਿਆ ਅਤੇ ਬਾਕੀ ਕਮਿਊਨਿਟੀਆਂ (ਜਾਤਾਂ) ਨੂੰ ਸਿੱਖ ਸਿਆਸਤ ਵਿੱਚੋਂ ਮਨਫੀ ਕਰ ਦਿੱਤਾ ਗਿਆ ਤਾਂ ਕਿ ਉਹ ਕਾਂਗਰਸ ਦੇ ਹੱਕ ਵਿੱਚ ਭੁਗਤਣ। ਜੇ ਪੰਜਾਬ ਦੀ ਸਾਰੀ ਸਿਆਸਤ ਨੂੰ ਦੇਖੋ ਤਾਂ ਨਵੇਂ ਹਿੰਦੂ ਹਾਕਮਾਂ ਵਲੋਂ ਸਿੱਖ ਸਿਆਸਤ ਵਿੱਚ ਭਾਰੂ ਜੱਟ ਕਮਿਊਨਿਟੀ ਨੂੰ ਕਾਬੂ ਕਰਨ ਦੀ ਹੀ ਸਿਆਸਤ ਹੈ।

1978 ਦੇ ਅੰਮ੍ਰਿਤਸਰ ਵਿੱਚ ਵਾਪਰੇ ਸਿੱਖ-ਨਿਰੰਕਾਰੀ ਖੂਨੀ ਕਾਂਡ ਦੀ ਆੜ ਵਿੱਚ ਇੰਦਰਾ ਗਾਂਧੀ ਤੇ ਸਟੇਟ ਦੀਆਂ ਏਜੰਸੀਆਂ ਨੇ ਗਿਆਨੀ ਜੈਲ ਸਿੰਘ, ਦਰਬਾਰਾ ਸਿੰਘ ਤੇ ਦਿੱਲੀ ਦੇ ਸਿੱਖ ਨੇਤਾ ਸੰਤੋਖ ਸਿੰਘ (ਜਿਸਦਾ ਲੜਕਾ ਮਨਜੀਤ ਸਿੰਘ ਜੀ ਕੇ ਪਿਛਲੇ ਕਈ ਸਾਲ ਬਾਦਲ ਦਲ ਵਲੋਂ ਦਿੱਲੀ ਕਮੇਟੀ ਦਾ ਪ੍ਰਧਾਨ ਰਿਹਾ ਸੀ) ਰਾਹੀਂ ਸਿੱਖਾਂ ਵਿਚਲੇ ਗਰਮ ਖਿਆਲੀ ਧੜਿਆਂ ਖਾਸਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥੇ ਦੀ ਸਾਖ ਬੱਬਰ ਖਾਲਸਾ ਤੇ ਦਲ ਖਾਲਸਾ ਨੂੰ ਮਾਸਟਰ ਤਾਰਾ ਸਿੰਘ ਤੋਂ ਬਾਅਦ ਬਾਦਲ, ਟੌਹੜਾ, ਤੁੜ, ਤਲਵੰਡੀ, ਬਰਨਾਲਾ ਆਦਿ ਰਾਹੀਂ ਨਵੀਂ ਉਭਰੀ ਅਕਾਲੀ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਲਈ ਉਭਾਰਨਾ ਤੇ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਅਕਾਲੀਆਂ ਨੇ ਇੱਕ ਪਾਸੇ ਕਾਂਗਰਸ ਦਾ ਮੁਕਾਬਲਾ ਕਰਨ ਲਈ ਤੇ ਹਿੰਦੂਆਂ ਦੀਆਂ ਵੋਟਾਂ ਲਈ ਪਹਿਲਾਂ ਜਨ ਸੰਘ ਤੇ ਫਿਰ ਭਾਜਪਾ ਨਾਲ ਗੱਠਜੋੜ ਕਰ ਲਿਆ, ਜਿਸਦੇ ਨਤੀਜੇ ਵਜੋਂ 1975 ਦੀ ਐਮਰਜੈਂਸੀ ਤੋਂ ਬਾਅਦ 1977 ਵਿੱਚ ਬਾਦਲ ਦੀ ਅਗਵਾਈ ਵਿੱਚ ਪਹਿਲੀ ਵਾਰ ਬਣੀ ਅਕਾਲੀ ਸਰਕਾਰ (ਬੇਸ਼ਕ ਇਸ ਤੋਂ ਪਹਿਲਾਂ ਕੁਝ ਚਿਰ ਲਈ 1-2 ਵਾਰ ਅਕਾਲੀਆਂ ਦੀ ਕੁਝ ਚਿਰ ਲਈ ਗੱਠਜੋੜ ਸਰਕਾਰ ਬਣੀ ਸੀ) ਬਣਾਈ ਸੀ। ਬੇਸ਼ਕ ਇਸਨੂੰ ਇੰਦਰਾ ਨੇ ਦੁਬਾਰਾ ਸਤ੍ਹਾ ਵਿੱਚ ਆ ਕੇ 1980 ਵਿੱਚ ਭੰਗ ਕਰ ਦਿੱਤਾ ਸੀ ਤੇ ਕਾਂਗਰਸ ਨੇ ਦਰਬਾਰਾ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਬਣਾ ਲਈ ਸੀ। 1978 ਤੋਂ 1980 ਤੱਕ ਜਿਥੇ ਗਰਮ ਖਿਆਲੀ ਧੜਿਆਂ ਨੂੰ ਸਿੱਖ-ਨਿਰੰਕਾਰੀ ਟਕਰਾਅ ਨੂੰ ਵਧਾਉਣ ਵਿੱਚ ਅੰਦਰਖਾਤੇ ਮੱਦਦ ਕੀਤੀ ਗਈ, ਉਥੇ 1980 ਤੋਂ ਕਾਂਗਰਸ ਵਲੋਂ ਸਿੱਧੇ ਰੂਪ ਵਿੱਚ ਇਨ੍ਹਾਂ ਰਾਹੀਂ ਪੰਜਾਬ ਵਿੱਚ ਹਿੰਸਾ ਫੈਲਾਉਣ ਦੀ ਖੁੱਲ੍ਹ ਦੇ ਦਿੱਤੀ ਸੀ। ਅਕਾਲੀਆਂ ਨੇ ਉਸ ਵਕਤ 1980 ਵਿੱਚ ਆਪਣੀ ਸਾਖ ਬਚਾਉਣ ਤੇ ਕਾਂਗਰਸ ਨੂੰ ਸਬਕ ਸਿਖਾਉਣ ਦੇ ਪੈਂਤੜੇ ਤੋਂ ਸਰਕਾਰ ਟੁੱਟਣ ਦੇ ਗੁੱਸੇ ਵਿੱਚ 1982 ਵਿੱਚ ਪੰਜਾਬ ਤੇ ਸਿੱਖਾਂ ਦੀਆਂ ਧਾਰਮਿਕ ਮੰਗਾਂ ਨੂੰ ਲੈ ਕੇ 'ਧਰਮ ਯੁੱਧ ਮੋਰਚਾ' ਸ਼ੁਰੂ ਕਰ ਦਿੱਤਾ, ਜਿਸਨੂੰ ਜਲਦੀ ਹੀ ਬੜੀ ਵਿਉਂਤਬੰਦੀ ਨਾਲ ਟਕਸਾਲ ਤੇ ਬੱਬਰ ਖਾਲਸਾ ਨੇ ਹਾਈਜੈਕ ਕਰ ਲਿਆ ਤੇ ਬਾਅਦ ਵਿੱਚ ਸਾਰਾ ਕੰਟਰੋਲ ਸੰਤ ਭਿੰਡਰਾਂਵਾਲੇ ਕੋਲ ਚਲਾ ਗਿਆ। 1982 ਤੋਂ 1984 ਤੱਕ ਅਕਾਲੀ ਲੀਡਰਸ਼ਿਪ ਕਹਿਣ ਨੂੰ ਮੋਰਚਾ ਚਲਾਉਂਦੀ ਰਹੀ, ਪਰ ਉਹ ਬੜੀ ਨਿਪੁੰਸਕ ਸਾਬਿਤ ਹੋਈ।ਆਪਣੀ ਰਾਜਸੀ ਲਾਲਸਾ ਅਧੀਨ ਨਾ ਤੇ ਉਹ ਮੋਰਚਾ ਵਾਪਿਸ ਲੈ ਕੇ ਕਾਂਗਰਸ ਦੀ ਪੰਜਾਬ ਤੇ ਖਾਸਕਰ ਸਿੱਖਾਂ ਨੂੰ ਬਰਬਾਦ ਕਰਨ ਦੀ ਚਾਲ ਨੂੰ ਫੇਲ੍ਹ ਕਰ ਸਕੇ ਅਤੇ ਨਾ ਹੀ ਉਨ੍ਹਾਂ ਪੰਜਾਬ ਵਿੱਚ ਕਾਂਗਰਸ ਦੀ ਸ਼ਹਿ ਤੇ ਅੱਤਵਾਦ ਫੈਲਾ ਰਹੇ ਤੱਤਾਂ ਖਿਲਾਫ ਕੋਈ ਸਖਤ ਸਟੈਂਡ ਲੈ ਸਕੇ। ਅਖੀਰ ਜੂਨ 84 ਦਾ ਭਾਣਾ ਵਾਪਰਿਆ, ਜੋ ਕਿ ਵਾਪਰਨਾ ਹੀ ਸੀ ? ਮੈਨੂੰ ਅਕਾਲੀਆਂ ਤੇ ਖਾਸਕਰ ਖਾਲਿਸਤਾਨੀ ਲੀਡਰਸ਼ਿਪ ਦੀ ਇਹ ਗੱਲ ਕਦੇ ਸਮਝ ਨਹੀਂ ਆਈ, ਜਦੋਂ ਉਹ ਇਹ ਕਹਿੰਦੇ ਹਨ ਕਿ ਸਰਕਾਰ ਨੇ ਭਾਰਤੀ ਫੌਜ ਵਲੋਂ ਕੀਤੇ ਗਏ ਜੂਨ 84 ਦੇ ਹਮਲੇ ਦੀ ਲੰਬਾ ਸਮਾਂ ਪਹਿਲਾਂ ਪਲੈਨ ਕਰ ਲਈ ਸੀ, ਤਕਰੀਬਨ 1 ਸਾਲ ਪਹਿਲਾਂ ਹਿਮਾਚਲ ਦੇ ਮਿਲਟਰੀ ਬੇਸ ਵਿੱਚ ਦਰਬਾਰ ਸਾਹਿਬ ਤੇ ਅਕਾਲ ਤਖਤ ਦਾ ਮਾਡਲ ਬਣਾ ਕੇ ਕਮਾਂਡੋ ਟਰੇਨਿੰਗ ਦਿੱਤੀ ਗਈ ਸੀ ਅਤੇ ਰੂਸ ਤੇ ਇੰਗਲੈਂਡ ਤੋਂ ਵੀ ਇਸ ਲਈ ਮੱਦਦ ਲਈ ਗਈ ਸੀ। ਫਿਰ ਉਹ ਇਹ ਕਿਉਂ ਨਹੀਂ ਮੰਨਦੇ ਕਿ ਦਰਬਾਰ ਸਾਹਿਬ ਅੰਦਰ ਸਾਰੇ ਹਥਿਆਰ ਸਰਕਾਰ ਨੇ ਮਰਜੀ ਨਾਲ ਭੇਜੇ ਸਨ ਤੇ ਮਰਜੀ ਨਾਲ ਹੀ ਮੋਰਚੇ ਬਣਨ ਦਿੱਤੇ ਸਨ ? ਜੇ ਅਕਾਲੀ ਲੀਡਰ ਤੇ ਭਿੰਡਰਾਂਵਾਲਾ ਦੇ ਸਾਥੀ ਸਿੱਖਾਂ ਤੇ ਦਰਬਾਰ ਸਾਹਿਬ ਪ੍ਰਤੀ ਸੁਹਿਰਦ ਹੁੰਦੇ ਤਾਂ ਅੰਦਰ ਹਥਿਆਰ ਜਮ੍ਹਾਂ ਨਾ ਹੋਣ ਦਿੰਦੇ ਜਾਂ ਜੇ ਫੌਜ ਚੜ੍ਹ ਕੇ ਆ ਹੀ ਗਈ ਸੀ ਤਾਂ ਕਹਿ ਦਿੰਦੇ ਕਿ ਅਸੀਂ ਲੜਾਈ ਲੜ੍ਹ ਕੇ ਦਰਬਾਰ ਸਾਹਿਬ ਜਾਂ ਅਕਾਲ ਤਖਤ ਦਾ ਨੁਕਸਾਨ ਨਹੀਂ ਕਰਵਾਉਣਾ, ਅਸੀਂ ਬਾਹਰ ਆ ਜਾਂਦੇ ਹਾਂ, ਵੈਸੇ ਵੀ ਜਿਸ ਤਰ੍ਹਾਂ ਦੇ ਹਥਿਆਰ ਅੰਦਰ ਸਨ, ਉਸ ਨਾਲ ਟੈਂਕਾਂ ਤੋਪਾਂ ਨਾਲ ਲੈਸ ਫੌਜ ਦਾ ਕਿਤਾਨ ਕੁ ਚਿਰ ਮੁਕਾਬਲਾ ਹੋ ਸਕਦਾ ਸੀ ? ਸਾਡੇ ਕੋਲ ਤਾਂ ਗੁਰੂਆਂ ਦੀਆਂ ਉਦਾਹਰਣਾਂ ਵੀ ਮੌਜੂਦ ਸਨ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਚਲੇ ਗਏ ਸਨ ਤੇ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਛੱਡ ਕੇ ਚਲੇ ਗਏ ਸਨ। ਪਰ ਨਹੀਂ, ਸਿੱਖਾਂ ਦੀ ਨਰਮ ਖਿਆਲੀ ਤੇ ਗਰਮ ਖਿਆਲੀ ਲੀਡਰਸ਼ਿਪ, ਨਾ-ਅਹਿਲ, ਕਮਜ਼ੋਰ, ਮਕਾਰ, ਧੋਖੇਬਾਜ਼, ਸਿੱਖ ਵਿਰੋਧੀ ਸਾਬਿਤ ਹੋਈ। ਜਿਸ ਨਾਲ ਸਿੱਖਾਂ ਦਾ ਪਹਿਲਾਂ ਜੂਨ 84 ਵਿੱਚ ਤੇ ਫਿਰ ਨਵੰਬਰ 84 ਵਿੱਚ ਭਾਰੀ ਕਤਲੇਆਮ ਹੋਇਆ।ਇਨ੍ਹਾਂ ਦੋ ਵੱਡੇ ਘੱਲੂਘਾਰਿਆਂ ਤੋਂ ਵੀ ਲੀਡਰਸ਼ਿਪ ਨੇ ਸਬਕ ਨਹੀਂ ਸਿੱਖਿਆ, ਸਗੋਂ ਜਜਬਾਤ ਵਿੱਚ ਆ ਕੇ ਹਥਿਆਰ ਚੁੱਕੀ ਫਿਰਦੇ ਬੇਮੁਹਾਰੇ ਖਾੜਕੂਆਂ ਨੂੰ ਵੀ ਕੋਈ ਨਾ ਸੇਧ ਦੇ ਸਕੇ ਤੇ ਨਾ ਹੀ ਪਿਛੇ ਹਟ ਕੇ ਘਰ ਬੈਠੇ, ਸਗੋਂ ਨਰਮ ਖਿਆਲੀ ਸਾਰੀ ਲੀਡਰਸ਼ਿਪ ਸਰਕਾਰ ਨਾਲ ਰਲ਼ ਕੇ ਇੱਕ ਪਾਸੇ ਖਾੜਕੂਆਂ ਨੂੰ ਪੁਲਿਸ ਮੁਕਾਬਲਿਆਂ ਵਿੱਚ ਮਰਵਾਉਣ ਦੀ ਭਾਗੀਦਾਰ ਬਣੀ ਹੋਈ ਸੀ ਅਤੇ ਦੂਜੇ ਪਾਸੇ ਖਾੜਕੂਆਂ ਦੇ ਭੋਗਾਂ ਤੇ ਵੀ ਜਾ ਕੇ ਗਰਮ ਭਾਸ਼ਨ ਦਿੰਦੇ ਸਨ।ਅੱਜ ਦੀ ਬਾਦਲ ਦੀ ਅਗਵਾਈ ਵਿੱਚ ਚੱਲ ਰਹੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਕਦੇ ਕੋਈ ਫੈਸਲਾ ਮਜਬੂਤੀ ਨਾਲ ਲੈਣ ਤੋਂ ਨਾਕਾਮ ਰਹੀ ਹੈ। ਗਰਾਊਂਡ ਲੈਵਲ ਤੇ ਵਿਚਰ ਰਹੇ ਗਰਮ ਖਿਆਲੀ ਖਾਲਿਸਤਾਨੀ ਧੜੇ ਤੇ ਪੰਥਕ ਜਥੇਬੰਦੀਆਂ ਹਰ ਫਰੰਟ ਤੇ ਫੇਲ੍ਹ ਸਾਬਿਤ ਹੋਈਆਂ ਹਨ, ਪਿਛਲੇ 36 ਸਾਲਾਂ ਵਿੱਚ ਇੱਕ ਵੀ ਸੂਝਵਾਨ ਲੀਡਰ ਪੈਦਾ ਨਹੀਂ ਕਰ ਸਕੀਆਂ ? ਇਹੀ ਹਾਲ ਵਿਦੇਸ਼ਾਂ ਵਿੱਚ ਹੈ, ਇਨ੍ਹਾਂ 36 ਸਾਲਾਂ ਵਿੱਚ ਕੋਈ ਇੱਕ ਵੀ ਸਾਂਝੀ ਜਥੇਬੰਦੀ ਬਣਾ ਕੇ ਸਿੱਖਾਂ ਦਾ ਪੱਖ ਦੁਨੀਆਂ ਸਾਹਮਣੇ ਨਹੀਂ ਰੱਖਿਆ ਗਿਆ ? ਗੁਰਦੁਆਰਿਆਂ ਤੇ ਕਬਜੇ ਰੱਖਣ ਜਾਂ ਆਪਣੀ ਚੌਧਰ ਤੇ ਨਿੱਜੀ ਲਾਭਾਂ ਲਈ ਜੂਨ ਮਹੀਨੇ ਸ਼ਹੀਦੀ ਦਿਵਸ ਮਨਾ ਕੇ ਖਾਲਿਸਤਾਨ ਦੇ ਨਾਹਰੇ ਮਾਰ ਕੇ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਇਸ ਵੇਲੇ ਸਿੱਖਾਂ ਕੋਲ ਕੋਈ ਲੀਡਰਸ਼ਿਪ ਨਹੀਂ, ਕੋਈ ਜਥੇਬੰਦੀ ਨਹੀਂ, ਕੋਈ ਆਗੂ ਨਹੀਂ, ਕੋਈ ਏਜੰਡਾ ਨਹੀਂ, ਕੋਈ ਵਿਜ਼ਨ ਨਹੀਂ ? ਜਜ਼ਬਾਤੀ ਲੋਕਾਂ ਨੂੰ ਜਜ਼ਬਾਤੀ ਲੋਕ ਲੁੱਟ ਰਹੇ ਹਨ ਤੇ ਸਰਕਾਰਾਂ ਤੋਂ ਕੁੱਟ ਪਵਾਈ ਜਾਂਦੇ ਹਨ ਤੇ ਸਿੱਖਾਂ ਦੀ ਬਦਨਾਮੀ ਕਰਾਈ ਜਾਂਦੇ ਹਨ। 1984 ਤੋਂ 1994 ਤੱਕ ਚੱਲੇ ਖੂਨੀ ਹਥਿਆਰਬੰਦ ਸੰਘਰਸ਼ ਵਿੱਚ ਜਿਥੇ ਹਜਾਰਾਂ ਖਾੜਕੂ ਪੁਲਿਸ ਮੁਕਾਬਲਿਆਂ ਵਿੱਚ ਮਰੇ, ਉਥੇ ਹਜਾਰਾਂ ਬੇਗੁਨਾਹ ਲੋਕ ਖਾੜਕੂਆਂ ਵਲੋਂ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇੱਕ ਪਾਸੇ ਸਿੱਖ ਝੂਠੇ ਮੁਕਾਬਲਿਆਂ ਵਿੱਚ ਮਰੇ ਨੌਜਵਾਨਾਂ ਲਈ ਇਨਸਾਫ ਦੀ ਮੰਗ ਕਰਦੇ ਹਨ, ਦੂਜੇ ਪਾਸੇ ਖਾੜਕੂਆਂ ਵਲੋਂ ਮਾਰੇ ਬੇਗੁਨਾਹ ਲੋਕਾਂ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੁੰਦੇ, ਇਹ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕਰਦੇ ਹਨ ਕਿ ਸਰਕਾਰੀ ਏਜੰਸੀਆਂ ਨੇ ਆਪਣੇ ਬੰਦੇ ਖਾੜਕੂਆਂ ਵਿੱਚ ਵਾੜੇ ਹੋਏ ਸਨ, ਜੋ ਗਲਤ ਕੰਮ ਕਰਦੇ ਸਨ, ਪਰ ਇਸ ਗੱਲ ਲਈ ਕਦੇ ਵਿਚਾਰ ਨਹੀਂ ਕਰਦੇ ਕਿ ਕਿਹੜੇ ਖਾੜਕੂ ਅਸਲੀ ਸਨ ਤੇ ਕਿਹੜੇ ਨਕਲੀ ਸਨ ? ਜਦੋਂ ਗਿਣਤੀ ਦੱਸਣੀ ਹੁੰਦੀ ਹੈ ਤਾਂ ਸਾਰੇ ਖਾੜਕੂ ਹੁੰਦੇ ਹਨ ਤੇ ਸਾਰੇ ਕੌਮ ਲਈ ਮਰਨ ਵਾਲੇ ਸ਼ਹੀਦ ਹੁੰਦੇ ਹਨ ? ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਕੋਈ ਕੌਮ ਜਾਂ ਧਿਰ ਕਿਸੇ ਸਟੇਟ ਦੇ ਖਿਲਾਫ ਵੱਖਰਾ ਦੇਸ਼ ਬਣਾਉਣ ਲਈ ਲੜਦੀ ਹੈ ਤਾਂ ਉਸਦੇ ਕਨੂੰਨ ਨੂੰ ਵੀ ਨਹੀਂ ਮੰਨਦੀ, ਦੋਨੋਂ ਧਿਰਾਂ ਇੱਕ ਦੂਜੇ ਤੇ ਹਮਲੇ ਕਰਦੀਆਂ ਹਨ, ਤਕੜੀ ਧਿਰ ਜਿੱਤ ਜਾਂਦੀ ਹੈ। ਪਰ ਇਹ ਕਿਥੋਂ ਦਾ ਇਨਸਾਫ ਹੈ ਜਾਂ ਕਿਹੜਾ ਸੰਘਰਸ਼ ਹੈ ਕਿ ਵਿਰੋਧੀ ਧਿਰ ਤੁਹਾਡੇ ਬੰਦੇ ਮਾਰੇ ਤਾਂ ਤੁਸੀਂ ਕਹੋ ਕਿ ਸਾਨੂੰ ਕੋਰਟਾਂ ਰਾਹੀਂ ਇਨਸਾਫ ਵੀ ਦਿਉ ਤੇ ਮੁਆਵਜੇ ਵੀ ਦਿਉ ਅਤੇ ਜਿਨ੍ਹਾਂ ਨੂੰ ਤੁਸੀਂ ਮਾਰਿਆ, ਉਨ੍ਹਾਂ ਨੂੰ ਮਾਰਨਾ ਤੁਹਾਡਾ ਹੱਕ ਸੀ ? ਜਦੋਂ ਤੁਸੀਂ ਸਟੇਟ ਖਿਲਾਫ ਹਥਿਆਰ ਚੁੱਕ ਲਏ, ਕਨੂੰਨ ਤੇ ਯਕੀਨ ਨਹੀਂ ਰਿਹਾ ਤਾਂ ਫਿਰ ਉਨ੍ਹਾਂ ਤੋਂ ਇਨਸਾਫ ਕਿਉਂ ਮੰਗਦੇ ਹੋ ? ਸਿੱਖਾਂ ਦੀ ਬਦਕਿਸਮਤੀ ਇਹ ਹੈ ਕਿ ਦੂਰ ਅੰਦੇਸ਼ ਤੇ ਸਿਆਣੇ ਲੀਡਰਾਂ ਦੀ ਘਾਟ ਅਤੇ ਕਿਸੇ ਜਥੇਬੰਦਕ ਢਾਂਚੇ ਦੀ ਅਣਹੋਂਦ ਕਾਰਨ ਸਿੱਖਾਂ ਵਿੱਚ ਹਮੇਸ਼ਾਂ ਆਪੋ-ਧਾਪੀ ਰਹਿੰਦੀ ਹੈ। ਜਿਸਦਾ ਜੋਰ ਚੱਲਦਾ ਹੈ, ਚਲਾਈ ਜਾਂਦਾ ਹੈ ਜਾਂ ਜਿਹੜਾ ਵੱਧ ਸ਼ਾਤਰ ਤੇ ਕਮੀਨਾ ਹੈ, ਉਹ ਕਾਮਯਾਬ ਹੋ ਜਾਂਦਾ ਹੈ।

ਅਖੀਰ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 36 ਸਾਲਾਂ ਵਿੱਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਹੈ ਤੇ ਜਿਸ ਤਰ੍ਹਾਂ ਦੀ ਲਡਿਰਸ਼ਿਪ ਕਾਬਿਜ ਹੈ, ਜੇ ਉਸਨੂੰ ਨਹੀਂ ਰੋਕਿਆ ਗਿਆ ਤਾਂ ਅਗਲੇ 36 ਸਾਲ ਵੀ ਨੁਕਸਾਨ ਹੁੰਦਾ ਰਹਿਣਾ ਹੈ। ਦੂਸਰਾ ਸਾਨੂੰ ਪਿਛਲੇ 36 ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਨੂੰ ਹਰ ਪੱਖੋਂ ਸਮਝਣ ਤੇ ਚਿੰਤਨ ਕਰਨ ਦੀ ਲੋੜ ਹੈ। ਆਪਣੇ ਆਪ ਨੂੰ ਦੁੱਧ ਧੋਤੇ ਤੇ ਧਰਮਰਾਜ ਦੇ ਪੁੱਤਰ ਨਾ ਸਮਝੀਏ, ਜਿਥੇ ਸਾਡੇ ਤੋਂ ਗਲਤੀਆਂ ਹੋਈਆਂ ਹਨ, ਅਸੀਂ ਵਰਤੇ ਗਏ ਹਾਂ, ਉਸਨੂੰ ਸਵੀਕਾਰ ਕਰੀਏ ? ਗੁਰੂਆਂ ਦੀ ਮਨੁੱਖਤਾਵਾਦੀ ਤੇ ਸਰਬ ਸਾਂਝੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਸਰਬੱਤ ਦੇ ਭਲੇ ਵਾਲੇ ਸਮਾਜ ਦੀ ਸਿਰਜਣਾ ਲਈ, ਬੀਤੇ ਤੋਂ ਸਬਕ ਸਿੱਖੀਏ, ਇਮਾਨਦਾਰੀ ਨਾਲ ਬੀਤੇ ਦਾ ਵਿਸ਼ਲੇਸ਼ਣ ਕਰੀਏ ਤੇ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲਈਏ ? ਅੱਜ ਦੇ ਨਵੇਂ ਹਾਲਾਤਾਂ ਵਿੱਚ, ਜਿਸ ਤਰ੍ਹਾਂ ਹਿੰਦੂਤਵੀ-ਫਾਸ਼ੀਵਾਦੀ ਤਾਕਤਾਂ ਆਪਣੇ ਏਜੰਡੇ ਨਾਲ ਲੈਸ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਤੇ ਰਾਹ ਤੁਰੀਆਂ ਹੋਈਆਂ ਹਨ, ਜੇ ਅਜਿਹੇ ਹਾਲਾਤਾਂ ਵਿੱਚ ਸਿਆਣਪ ਤੇ ਦੂਰ-ਅੰਦੇਸ਼ੀ ਪਾਲਸੀਆਂ ਨਹੀਂ ਬਣਾਈਆਂ ਤਾਂ 84 ਵਰਗੇ ਹਮਲਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ ? ਕੀ ਅੱਜ ਦੇ ਬਦਲੇ ਹਾਲਾਤਾਂ ਵਿੱਚ ਧਰਮ ਅਧਾਰਿਤ ਸਟੇਟ ਸਿੱਖਾਂ ਦੇ ਹਿੱਤ ਵਿੱਚ ਹੋਵੇਗੀ ? ਜਜ਼ਬਾਤੀ, ਉਲਾਰ ਤੇ ਫੁਕਰੀਆਂ ਪਹੁੰਚਾਂ ਸਿਆਸਤ ਵਿੱਚ ਕਦੇ ਕੰਮ ਨਹੀਂ ਆਉਂਦੀਆਂ ? ਜਿਸਦਾ ਸਿੱਖ ਹਮੇਸ਼ਾਂ ਸ਼ਿਕਾਰ ਰਹਿੰਦੇ ਹਨ, ਇਸੇ ਲਈ ਵਾਰ-ਵਾਰ ਵਰਤੇ ਜਾਂਦੇ ਹਨ?

# The first female artist of Punjabi Theatre

Uma, who has died aged 92, was the first Punjabi woman to act in a play 'Raj Kumari Latika' staged in Preet Nagar on 7th June 1939. It was written and directed by her father Gurbakhsh Singh.

Even though Punjabi theatre came into existence in 1895 with the play 'Sharāb Kaur' staged at Temperance Hall Amritsar, but it got its recognition with the first one act play 'Suhāg' staged by I.C. Nanda in Lahore. Some Punjabi plays were being written and only a few were being performed, but no parents permitted their daughters to act in plays. Even when S.S. Amol set up his theatre group Punjabi Natak Sabha in Amritsar, only boys were enacting the female roles.

The journey of Punjabi theatre got a novel swing when Gurbakhsh Singh of Preet Lari established a new town Preet Nagar in 1938. He got an existing pond filled up and turned it into an open-air theatre. He wished his play 'Raj Kumari Latika' staged there, for the role of prince, his son Navtej Singh was chosen. But for the lead role of Princess, no girl was coming forward. Gurbakhsh Singh was not willing to get this role performed by a boy, so he decided that his eldest daughter Uma will take up this role. The play was performed with great success. So on 7th June 1939, with staging of this play, in first Preet Milni held at Preet Nagar, the first female artist of Punjabi theatre emerged in the person of Uma.

After that many more girls started participating in plays being staged at Preet Nagar. The ones who really got noticed were: two real sisters Agya and Sampuran (sisters of Jagjit Singh Arora, who later became Lt General in the Indian Army), and Rajinder Kaur (who later on under the cine-name of Achla Sachdev became a well known actress).

When Uma went to Lahore to join Fateh Chand College for Women, she started taking part in musical plays staged by a troupe led by opera director Shiela Bhatia, which were usually staged in open-



air theatre in Lawrence Garden. She shared the stage with Shiela Bhatia, Perin Ramesh Chandra, Sutantarta Bhagat, Sneh Lata Sanyal, Shiela Sandhu, Surjit Kaur, Litto Ghosh, Savira Mann and Puran. Once Sarojini Naidu and Princess Bamba granddaughter of M. Ranjit Singh came to see their performance. Uma also had the pleasure of sharing stage with sarod maestro Ali Akbar Khan, great sitarist Ravi Shanker and theatre artist Benoy Roy, when musical play named 'Immortal India' was staged in Lawrence Garden. She also went often went with Shiela Bhatia's troupe to perform plays in alleys and wards of Lahore.

In 1945, when she along with her six female companions was performing a musical play 'Hulle hullāre' of which more than twenty shows had already been held at places like Lahore, Amritsar, Moga, Preet Nagar etc. in a village named Chogawān, they all were arrested and lodged in Amritsar. The brave girls were Uma, Urmila, Pratima (daughters of Gurbakhsh Singh), Shiela Sandhu, Surjit Kaur, Shakuntala and another lady who was related to Balwant Gargi. Their case was successfully fought by Khushwant Singh at that time a practising lawyer in Lahore.

When in 1947, the Punjab got divided into two, Preet Nagar stood right near the border. Muslim families living there were at first given shelter in a place once used by Emperor Jahangir. Later on all were escorted safely right up to the border. In those days, Uma along with her cousin exhibiting real courage, hiding well from the Sikh rioters, used to carry food for them, till the day their evacuation to Pakistan became possible with the help of Pakistani Baluch regiment.

In the early 1950s the East Punjab branch of Indian Peoples Theatre Association (IPTA) got rejuvenated, with making Preet Nagar as its working headquarter. Uma performed in musical plays, 'Lakkar di latt' (Wooden Leg) and 'Amar Punjab' directed by Tera Singh Chann. She also participated in the musical play 'Hārhiān Saun*iān' (Winter and Summer Harvests) directed by Joginder Baharla.

In 1953 Uma participated in the 4th World Festival of Youth and Students for Peace and Friendship at Bucharest in Romania. She also visited Canada, China, Hong Kong, Austria, Switzerland and Soviet Union.

– Kewal Dhaliwal

(Translated by Hirday Paul Singh)

IMAGE: Uma, 1943. Photo by Sunil Janah

-Rajwinder Dhaliwal

# Are You Aware of Past Pandemics?

Pandemic is outbreak of a disease (infectious or contagious) that have affected large number of people across a large region like COVID-19. The pandemics mostly occurs when an infectious disease spreads from one person to other via various routes like droplets, direct contact or sexually. It spreads from one country to other and eventually impacting the whole world. The human history had several pandemics such as smallpox, tuberculosis, plague, measles, influenza, leprosy, yellow fever, HIV, and the list continues. These pandemics have appeared at different times in different countries involving more than one country at a time. Some of these infections have occurred repeatedly after some years while others became epidemic or endemic. Some of these pandemics are discussed below in much more detail, focusing on information like when they were active, which countries were most involved and number of deaths.

At the present, the global is facing the HIV and COVID-19 pandemics and the predicted future pandemics are due to resistance of antibiotics.

**Plague: - First recognized in 430 BCE**

Plague is an infectious disease caused by bacteria (Yersinia Pestis), found in small mammals and their fleas. It can be transmitted between animals or animals to humans through bite of infected mammal. It comes in two different forms, septicemic or pneumonic form. The symptoms include fever with other non-specific symptoms like head and body aches, weakness, vomiting, painful and swollen lymph nodes. It can be fatal if not treated with case-fatality ratio of 30-100%. The treatment with antibiotics and supportive therapy is effective and it can be prevented by avoiding direct contact with infected mammals. The table below shows its impacted over the time.

| *Duration* | *Most Affected Countries* | *Approximate Number of Deaths* |
|---|---|---|
| 430 – 426 BCE | Greece | Over a quarter of the population |
| 165 – 180 AD | Italy | About 5 million |
| 251 – 266 AD | Rome | 5000 people/day |
| 541-750 AD | Egypt, Mediterranean, NW Europe | Quarter to half the population of known world |
| 1346 – 1840 | Europe, Asia | 75 to 200 million |
| 1866 – 1960 | China, India, USA | 10 million |
| Recent Years | Africa: Madagascar, Democratic Republic of Congo, Peru | 200 people/year globally |

**Influenza: First recognized in 1510**

Influenza is a viral infection caused by different influenza virus variants. Its symptoms include fever, cough, sore throat, runny nose, pneumonia (life-threatening and may result in death). The treatment is not needed in most cases, but antivirals can be used for high risk groups such as elders, immunocompromised or very sick. It can be prevented by avoiding direct contact with infected person and vaccinations are also available for anyone older than 6 months, every year. One example to consider is the Spanish flu (1918) that came into 4 waves and second wave was most deadly. See the table below for more information.

| *Duration* | *Most Affected Countries* | *Approximate Number of Deaths* |
|---|---|---|
| 1889 – 90 | - | 1 Million |
| 1918 -1920 | Global | 17 – 100 Million (young population) |
| 1957 – 1958 | China, Singapore, Hong Kong, USA | 1 -- 4 Million |
| 1968 – 1969 | India, Europe, Australia, USA | 1 — 4 Million |
| 2009 – 2010 | Mexico, USA, Canada, | 0.5 Million |
| Recent: Every Year | | 290, 000 – 650, 000/ year |

**Cholera: First recognized in 1817**

Cholera is a stomach infection caused by bacteria known as Vibrio Cholerae, which contaminates foods and water. Many people do not show any symptoms whereas others are presented with severe acute watery diarrhea with severe dehydration. Its treatment includes oral rehydration solution for majority of the cases or rapid intravenous fluids and antibiotics for serious cases only. It can be prevented by using clean water, sanitation facilities, good hygiene practices, and oral cholera vaccines. Its pandemics occurs as shown in table below.

| *Duration* | *Most Affected Countries* | *Approximate Number of Deaths* |
|---|---|---|
| 1817 – 1824 | India, Bengal, China, | 10 Million |
| 1826 - 1837 | Russia, Hungary, Germany France, Canada, USA | 2 Million + 400, 000 |
| 1846 – 1860 | Russia, England, Spain, Mexico | 2 Million |
| 1863 – 1875 | Europe, Africa, Russia | 200,000 |
| 1881 – 1896 | Europe, America, Russia, Japan, Persia | 700,000 |
| 1899 – 1923 | Russia, Europe, India, Philippines | 1.5 Million |
| 1961 – 1975 | Indonesia, Bangladesh, India, Africa, South & Central America | - |
| Recent small outbreaks | South America, India, USA, | - |

**Typhus: - First recognized in 1489**

Typhus fever is an infection caused by bacteria (3-4 different bacteria). The Symptoms include fever, rash, other non-specific symptom such as vomiting, flu like. The rash begins to grow at trunk and then spread to rest of the body. It is self-eliminating infection, but many cases require antibiotics and can be fatal if left untreated. It can be prevented by good hygiene but currently there are no vaccinations. The table below gives more details about its occurrence.

| *Duration* | *Most Affected Countries* | *Approximate Number of Deaths* |
|---|---|---|
| 1489 | Spanish | 20,000 |
| 1528 | Italy, | 18,000 |
| 1542 | Turkey, Balkans (SE Europe | 30, 000 |
| 1618 – 1648 | Germans, Russia, French, | 5 million |
| 1918 – 1922 | Russia, Soviet (World War II) | 6.5 million |
| Present | Epidemics | 128,000 – 161, 000 deaths occur annually |

**Smallpox:- First recognized in 18th Century**

Smallpox is a serious infection caused by a virus known as variola. It presents with fever, rash, and other non-specific symptoms like vomiting. The rash begins on the tongue or inside mouth and spreads to face, arms and legs followed by hands and feet. It tends to involve all body parts within 24 hours and then rash becomes filled with fluid, which shed off in four weeks and its no longer contagious, but it does leave permanent scars. The vaccination campaigns were started world-wide in 19th century and WHO certified the eradication of smallpox in December 1980. The below chart shows its affect during 18 to 20th century.

| *Duration* | *Most Affected Countries* | *Approximate Number of Deaths* |
|---|---|---|
| Late 18th century | Europe | 400,000 per year |
| 20th century | World-Wide | 300 – 500 Million |

**Measles:- First recognized in 1957**

Measles an infection caused by virus. Its symptoms and signs include fever, cough, runny nose, red and watery eyes and a rash. The rash lasts for 5 -6 days and death occurs due to its complications such as encephalitis (brain swelling), severe dehydration or respiratory infections. There is no specific treatment available. However, there is an effective vaccination. The measles has become endemic, but it is still dangerous where its being exposed for this the first time. The table below provides more details.

| *Duration* | *Most Affected Countries* | *Approximate Number of Deaths* |
|---|---|---|
| In last 150 years | Worldwide | 200 Million |
| 2000 | Worldwide | 536,000 |
| 2018 | Worldwide | 140,000 |
| Recent Times | Major problem in developing Countries: India, Pakistan, Nigeria | |

**Tuberculosis: First recognized in 19th Century**

Tuberculosis an infection caused by Mycobacterium tuberculosis. It presents as fever, night sweats, cough with sputum, chest pain and weight loss. It is treatable with a standard 6-month course of 4 different antibiotics. It is preventable by avoiding contact with infected person and over-crowding, vaccination, and screenings before involving into new situation, for example new job. It is still a biggest challenge in developing world like India, China, Indonesia, and Bangladesh.

HIV/AIDS: First recognized in 1980

Human Immunodeficiency Virus (HIV) is an infection, one of many major challenges faced globally these days. It affects immune system and weakness the body's defense against infection and some cancers. The symptoms may or may not be present; it includes fever, rash, sore throat, weight loss. If not treated, the patients can become vulnerable to other diseases such as TB, bacterial infections, and cancers. The treatment is available, but it is not curable. Its risk can be reduced with educating population about safer sexual practices and bloodborne precautions. Currently, it has an infection rate of 25% and have a great impact world-wide, especially in southern and eastern Africa. In 2018, 770,000 people died from HIV and more than 2 million people are infected.


| *Duration* | *Most Affected Countries* | *Approximate Number of Deaths* |
|---|---|---|
| 19th century | Europe | 25% of adult population |
| 1918 | France | Every 1 in 6 deaths |
| 20th century | Worldwide | 100 Million |
| Recent | World; developing countries | 2 Million, annually |

**COVID-19: First recognized in December ,2019**

The corona infection is caused by a virus. It presents with symptoms like fever, cough, or flu like symptoms. It is self-limiting but some cases may require supportive treatment like IV fluids or ventilation. To the date, it has killed more than 339,026 people and the number of confirmed cases is 5,252,452. The USA and Western Europe are most affected countries. The COVID-19 has probability of becoming more dangerous in near future.

**Source: WHO, CDC (Centers for Disease Control and Prevention)**

SHAHEED BHAGAT SINGH BOOK CENTRE

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote
New Readership & Encourage New Writers!
Book Exhibition & Sale!
Contact: Master Bhajan Singh at 403-455-4220

## Ontario Health Coalition

# Fact Check & Briefing Note on Inspections in Ontario's Long-Term Care Homes

Toronto – The Ontario Health Coalition, which has advocated for more than two decades for annual unannounced full resident quality inspections of all long-term care homes, issued a fact checker to clarify what has happened with the homes' inspection and enforcement regimen. The following are the facts as released today by the Ontario Health Coalition:

**"Types of Inspections:**

"There are multiple different types and intensity of inspections. Following the CBC investigative report here: https://www.cbc.ca/news/canada/seniors-homes-inspections-1.5532585 on the Ford government's failure to conduct annual unannounced comprehensive inspections on all homes since it took office, Merrilee Fullerton, Minister of Long-Term Care, has declared that the province has performed thousands of inspections. The fact is that the government only conducted 9 comprehensive inspections s in 2019.

"The annual unannounced inspections that the Ontario Health Coalition, the Advocacy Centre for the Elderly, Concerned Friends of Ontario Citizens in Care Facilities, unions and other public interest advocates have been advocating for are currently called Resident Quality Inspections (RQIs). As per the CBC report, most of the province's 626 long-term care homes received full RQIs in 2015, 2016 and 2017, but that number dropped to half in 2018 and only 9 were done in 2019. The provincial election was half-way through 2018 (June 7, 2018). Since the election of the Ford government RQI inspections slowed to a trickle.

"When the Long-Term Care Homes Act (2007) was enacted in July 2010, the Liberal government promised that an RQI would be performed annually on every long-term care home. The RQI required interviews with 40 residents, as well as family, staff and family and resident councils, and had mandatory areas of review. In 2016, the RQI was split into two tiers of inspections: intensive and not (the latter colloquially called RQI Lite). The Intensive RQIs were the original full inspections. The RQI Lite inspections interviewed fewer people and only inspected in areas that were "triggered". Under this new scheme, every home was to have an "intensive" RQI at least every 3 years, with those homes identified by the Ministry as being at risk having them more frequently.

"Other inspections are not the same thing. They are based on complaints (usually made by residents or relatives of residents), or critical incident reports (which are reports required by the Act when certain incidents occur and which are supposed to be reported to the Ministry by the home). These inspections look at specific issues, and do not look at the conditions throughout the home and do not require interviews with residents, families, and staff as well as management, except insofar as these are needed to investigate the specific complaint or critical incident. They do not provide a comprehensive view of the home as occurs in a full RQI.

"However, since 2018, the Government has indicated that any type of inspection done by the Ministry qualifies as an "annual" Inspection under the Act. To count complaint- and criticial incident-based inspections as being equivalent to comprehensive annual RQI inspections is misleading.

**"The Long-Term Care Industry Lobby for Deregulation:**

"The long-term care homes industry has lobbied against the full inspection regime. They have called for an end to the annual surprise comprehensive RQI inspections and enforcement. They have a set of language to cover for this, calling it "quality based" or "risk based" approach versus a "punitive" "inspection and enforcement driven" approach. They have also pushed for the removal of regulations that require homes to have at least one Registered Nurse 24/7, advocated to hire untrained aides and other workers instead of being required to hire trained PSWs, pushed for less annual training requirements, and recommended deregulation of existing requirements for admissions, use of funds, built facility, reporting and more. They call this "flexibility"."

**"The History of Regulation/Deregulation of Inspections in Ontario:**

"1990 – 1994: NDP Rae government passed Long-Term Care Homes Statute Amendment Act to amend all three types of facilities – nursing homes (for-profit and non-profit), homes for the aged (public – municipally owned) and charitable homes (non-profit)– under the umbrella of the Ministry of Health, and under one administrative system and put into place stricter oversight. Among the most important features of this new regime were the Residents' Bill of Rights and the mandatory establishment of Residents' Councils in all long-term care facilities. These Councils had the power to advise residents of their rights, file complaints, monitor the operation of the facility, review inspection reports and financial statements including the allocation of government funds. Under the Long-Term Care Facility Program Manual annual inspections were required for every long-term care home.

The Conservative Harris government was elected in 1995. In the spring of 2000, NDP Health Critic Frances Lankin, who had been the Minister of Health previously, discovered that many nursing homes hadn't been inspected in two years, even though their licenses were renewed. For months, Lankin hammered the government in the Legislature and in the media to explain the gap in inspections and reinstate annual inspections. The Ontario Health Coalition and other public interest advocates supported the call for the reinstatement of annual inspections. In the fall of 2000, the Canadian Press reported that documents obtained through a Freedom of Information request revealed that regular inspections had dropped close to 40% between 1996 and 1999. In some instances, facilities were not inspected for three years, a clear violation of government policy. When inspections did actually take place, they were not the three- to seven-day examinations mandated by the Ministry. Instead they were quick and often cursory reviews. By 2001 Ernie Eves was the Conservative Premier and his government reinstated annual inspections.

The Liberal McGuinty government was elected in 2003. In 2007 they passed the Long-Term Care Homes Act rolling the three existing Acts (Nursing Homes, Homes for the Aged and Charitable Homes) into one, set up a system of Family Councils and created a new regulatory regime. The new Act required annual inspections the Ontario Health Coalition, Concerned Friends and other public interest groups advocated for residents, families and staff to be interviewed by inspectors, not only facility management. The new RQI system was born and annual inspections continued until 2012 when Health Minister Deb Matthews attempted to stop the annual RQI inspections. The Advocacy Centre for the Elderly (ACE) was instrumental in getting the inspections reinstated. Jane Meadus, a lawyer with ACE and a specialist in long-term care, brought the documents from the passage of the 2007 Act to the government, forcing them to acknowledge that the legislated requirement for an annual inspection was meant to require an RQI. OPSEU also intervened actively pushing for the hiring of

Health Coalition also campaigned actively on this issue: see http://www.ontariohealthcoalition.ca/wp-content/uploads/ltcjune132012.pdf . Annual inspections were reinstated. Under Health Minister Eric Hoskins, new fines were created as penalties for homes that were not compliant with inspection orders. The legislation, The Strengthening Quality and Accountability for Patients Act (2017), was passed in late 2017 but was not enacted before the Liberals lost power and has not been enacted by the Ford government.

When the Ford government took power in 2018 the comprehensive annual unannounced inspections were ended.

--

We rely on donations & memberships from people who care about protecting public health care for all according to principles of compassion, equity and the public interest.

** If you can, please CLICK HERE to donate or become a member.**

The most helpful way to donate is direct monthly withdrawal for the Health Coalition's work. CLICK HERE.

To peruse our store (filled with cool stuff!) please CLICK HERE.

~ Protecting Public Medicare for All ~

Ontario Health Coalition
15 Gervais Drive, Suite 201
Toronto, ON M3C 1Y8
ohc@sympatico.ca
www.ontariohealthcoalition.ca
416-441-2502







# ਪਰ ਸਭ ਕੁਝ ਗਰੀਬ ਦੀ ਸੋਚ ਅਨੁਸਾਰ ਥੋੜ੍ਹਾ ਚੱਲਦਾ ਹੈ.. ?

-ਅਮਨਦੀਪ ਹਾਂਸ

**ਪੰਜਾਬ ਤੇ ਬਿਹਾਰ ਦੀ ਗਲਵੱਕੜੀ ਨਹੀਂ ਟੁੱਟ ਸਕਦੀ...**

ਸੁਧਾ..
ਸੁਧਾ ਤੇਰਾ ਲਹੂ ਮੁੜ੍ਹਕਾ ਬਣ
ਪੰਜਾਬ ਦੀ ਹਿੱਕੜੀ ਚ ਸਮਾਇਆ
ਪੰਜਾਬ ਦੀਆਂ ਲਹਿਰਾਂ ਬਹਿਰਾਂ
ਪੰਜਾਬ ਦੇ ਮੁਖੜੇ ਤੇ ਦੀਂਹਦੀ ਲਾਲੀ
ਤੇਰੇ ਲਹੂ ਦੀ ਰੰਗਤ ਦਾ ਅਸਰ ਵੀ ਹੈ

ਕੁਝ ਚਿਰ ਤੋਂ
ਫਿੱਕੀ ਪੈ ਰਹੀ ਸੀ ਰੰਗਤ
ਲਾਲੀ ਦੀ ਭਾਅ ਤਾਂ ਬੱਸ
ਕਿਤੇ ਕਿਤੇ ਈ ਸੀ
ਅੱਜ ਮਹਿਸੂਸ ਹੋਈ
ਰੰਗਤ ਉੱਡਣ ਦੀ ਵਜਾ
ਸੁਧਾ ਤੇਰਾ ਲਹੂ-ਮੁੜ੍ਹਕਾ ਹੀ ਨਹੀਂ
ਤੇਰੇ ਅੱਥਰੂ ਵੀ ਡੁੱਲੇ
ਪੰਜਾਬ ਦੀ ਹਿੱਕ ਤੇ
ਖਾਰੇਪਣ ਦੀ ਕਾਟ ਤੋਂ
ਬਚੀ ਹੈ ਕਿਹੜੀ ਲਾਲੀ ਭਲਾ..?
ਸੁਧਾ..
ਤੇਰੇ ਤਾਂ ਲਹੂ-ਮੁੜ੍ਹਕੇ ਦਾ ਕਰਜ਼ ਬੜਾ ਸੀ
ਤੇਰੇ ਅੱਥਰੂਆਂ ਦਾ ਕਰਜ਼
ਪੰਜਾਬ ਕਿਵੇਂ ਲਾਹੂ..





ਕਪੂਰਥਲਾ ਦੇ ਬੱਸ ਅੱਡੇ ਦੇ ਬਾਹਰ ਪਰਸ਼ਾਸਨ ਦੇ ਨਾਕਸ ਪਰਬੰਧਾਂ ਅਤੇ ਸਿਰਫ ਚੌਧਰਪੁਣੇ ਤੱਕ ਸੀਮਤ ਰਹਿਣ ਵਾਲੇ ਕੁਝ ਮੀਡੀਆ ਹਲਕਿਆਂ ਦੀ ਨਲਾਇਕੀ ਕਰਕੇ ਦਰਜਨਾਂ ਕਿਰਤੀ ਰੋਂਦੇ ਵਿਲਕਦੇ ਰਹੇ।

ਕਪੂਰਥਲਾ ਜ਼ਿਲੇ ਚ ਹੋਰ ਸੂਬਿਆਂ ਵਾਂਗ ਬਿਹਾਰ ਤੋਂ ਵੀ ਸੈਂਕੜੇ ਕਿਰਤੀ ਰੁਜ਼ਗਾਰ ਖਾਤਰ ਆਉਂਦੇ ਨੇ। ਇਹਨਾਂ ਵਿਚੋਂ ਕਈ ਖੇਤੀ ਦਾ ਕੰਮ ਕਰਦੇ ਨੇ, ਕਈ ਦਿਹਾੜੀਦਾਰ ਨੇ, ਕਈ ਆਈ ਟੀ ਸੀ ਕੰਪਨੀ ਚ ਕੰਮ ਕਰਦੇ ਨੇ।

ਲੌਕਡਾਊਨ ਕਾਰਨ ਸਾਰੇ ਹੀ ਬੇਰੁਜ਼ਗਾਰ ਹੋ ਗਏ, ਸਾਹਾਂ ਨੂੰ ਛੱਡ ਕੇ ਇਹਨਾਂ ਦਾ ਸਭ ਕੁਝ ਲੌਕ ਹੋ ਗਿਆ। ਜੋ ਪੈਸੇ ਸਨ ਹਫਤੇ ਦਸ ਦਿਨ ਚ ਹੀ ਮੁੱਕ ਗਏ, ਖਾਣ ਦੇ ਲਾਲੇ ਪੈ ਗਏ, ਪ੍ਰਸ਼ਾਸਨ ਨੇ ਦਸ ਕੁ ਦਿਨ ਰਾਸ਼ਨ ਦਿੱਤਾ, ਪਰ ਫੇਰ ਸਾਰ ਨਾ ਲਈ। ਇਹ ਕਿਰਤੀ ਲੋਕ ਨੇ, ਪਰ ਕਰੋਨਾ ਸੰਕਟ ਦੇ ਨਾਮ ਹੇਠ ਮੜ੍ਹ ਦਿੱਤੀ ਗਈ ਮਜਬੂਰੀ ਨੇ ਇਹਨਾਂ ਨੂੰ ਹੱਥ ਅੱਡਣ ਲਾ ਦਿੱਤਾ, ਆਈ ਟੀ ਸੀ ਕੰਪਨੀ ਨੇ ਤਾਂ ਆਪਣੇ ਮਜ਼ਦੂਰਾਂ ਨੂੰ ਹਫਤੇ ਦਾ ਪੰਜ ਪੰਜ ਸੌ ਰੁਪਿਆ ਖਰਚ ਲਈ ਦਿੱਤਾ, ਪਰ ਲੌਕਡਾਊਨ ਤੋਂ ਪਹਿਲਾਂ ਦੀ ਵੀਹ ਪੱਚੀ ਦਿਨ ਦੀ ਤਨਖਾਹ ਨਹੀਂ ਦਿੱਤੀ।

ਖੇਤੀ ਤੇ ਹੋਰ ਕਿੱਤਿਆਂ ਨਾਲ ਜੁੜੇ ਕਿਰਤੀਆਂ ਲਈ ਮਾਲਕਾਂ ਨੇ, ਜ਼ਿਮੀਦਾਰਾਂ ਨੇ ਦਰ ਭੇੜ ਲਏ... ਕਿਰਤੀਆਂ ਵਿਚੋਂ ਕੁਝ ਨੇ ਆਪਣੇ ਘਰੋਂ ਪੈਸੇ ਮੰਗਵਾਏ, ਬਹੁਤਿਆਂ ਨੇ ਸੜਕਾਂ ਕਿਨਾਰੇ ਖੜ੍ਹ ਕੇ ਲੰਗਰ ਦੀ ਉਡੀਕ ਕੀਤੀ ਤੇ ਸਿਰਫ ਲੰਗਰ ਦੇ ਆਸਰੇ ਵਕਤ ਟਪਾਇਆ.. ਕੀ ਸਿਰਫ ਲੰਗਰ ਜਿਉਣ ਲਈ ਕਾਫੀ ਹੈ?

ਪਰ ਫੇਰ ਵੀ ਹਰ ਹਾਲ ਕਿਸੇ ਸੁੱਖ-ਸਨੇਹੇ ਦੀ ਸੂਹ ਦੀ ਆਸ ਚ ਇਹ ਕਿਰਤੀ ਪੰਜਾਬ ਦੀ ਹਿੱਕ ਨਾਲ ਲੱਗੇ ਰਹੇ।

ਕੁਝ ਦਿਨ ਪਹਿਲਾਂ ਗੱਲ ਤੁਰੀ ਕਿ ਲੌਕਡਾਊਨ ਚ ਢਿੱਲ ਮਿਲੇਗੀ, ਕੰਮਕਾਰ ਕੁਝ ਖੁਲਣਗੇ, ਪਰ ਨਾਲ ਹੀ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਗਿਆ ਕਿ ਸਰਕਾਰਾਂ ਆਪਣੇ ਹੀ ਮੁਲਕ ਚ ਪਰਵਾਸੀ ਗਰਦਾਨ ਦਿੱਤੇ ਗਏ ਕਿਰਤੀਆਂ ਨੂੰ ਉਹਨਾਂ ਦੇ ਘਰੀਂ ਭੇਜਣ ਦਾ ਬੰਦੋਬਸਤ ਕਰ ਰਹੀਆਂ ਨੇ.. ਇਹ ਸ਼ੋਰ ਕੰਮਕਾਰ ਖੁੱਲਣ ਵਾਲੀ ਮੱਧਮ ਜਿਹੀ ਅਵਾਜ਼ ਨੂੰ ਨੱਪ ਬੈਠਾ..

ਕਿਰਤੀਆਂ ਨੇ ਬੋਰੀਆ ਬਿਸਤਰਾ ਬੰਨ ਲਿਆ।

ਕਪੂਰਥਲਾ ਦੇ ਵੀ ਦਰਜਨਾਂ ਕਿਰਤੀਆਂ ਨੂੰ 18 ਮਈ ਨੂੰ ਸੁਨੇਹਾ ਮਿਲਿਆ ਕਿ ਰੇਲ ਗੱਡੀ ਚ ਬਿਹਾਰ ਭੇਜ ਰਹੇ ਹਾਂ, ਬੱਸ ਅੱਡੇ ਪੁੱਜੋ, ਜੋ ਵੀ ਪੈਸੇ ਸੀ, ਜਾਂ ਇਧਰੋਂ ਓਧਰੋਂ ਜੁਗਾੜ ਕਰਕੇ ਕਿਰਾਏ ਤੇ ਆਟੋ ਲੈ ਕੇ ਸਮਾਨ ਲੱਦ ਕੇ ਕਿਰਤੀ ਬੱਸ ਅੱਡੇ ਤੇ ਆ ਪੁੱਜੇ, ਸਭ ਦਾ ਮੈਡੀਕਲ ਹੋਇਆ, ਬੌਡੀ ਟੈਂਪਰੇਚਰ ਚੈੱਕ ਕਰਕੇ ਫਿੱਟ ਦੀ ਸਲਿੱਪ ਦੇ ਦਿੱਤੀ ਗਈ, ਰਾਤ ਸ਼ਾਲਾਮਾਰ ਬਾਗ ਦੇ ਰੈਣਬਸੇਰੇ ਚ ਠਹਿਰਾਇਆ ਗਿਆ, ਖਾਣ ਲਈ ਰੋਟੀ, ਸੌਣ ਲਈ ਬਿਸਤਰੇ, ਚੰਗਾ ਪ੍ਰਬੰਧ ਕੀਤਾ ਗਿਆ।

19 ਮਈ ਨੂੰ ਸਾਰੇ ਕਿਰਤੀ ਸਾਰਾ ਸਮਾਨ ਸਿਰ, ਮੋਢਿਆਂ ਤੇ ਲੱਦ ਕੇ ਫੇਰ ਬੱਸ ਅੱਡੇ ਆ ਪੁੱਜੇ, ਸਭ ਨੂੰ ਬੱਸ ਅੱਡੇ ਦੇ ਅੰਦਰ ਬਿਠਾ ਕੇ ਸੁਆਰ ਕੇ ਖਾਣਾ ਖਵਾਇਆ ਗਿਆ, ਖਾਸਮਖਾਸ ਮੀਡੀਆ ਹਲਕੇ ਸੱਦ ਕੇ ਫੋਟੋਆਂ, ਵੀਡੀਓ ਬਣਾ ਕੇ ਸੁਨੇਹਾ ਦੇਣ ਦੀ ਰਸਮ ਪੂਰੀ ਕੀਤੀ ਗਈ ਕਿ ਪ੍ਰਸ਼ਾਸਨ ਬੜਾ ਮਿਹਰਬਾਨ ਹੈ..

ਫੇਰ ਇਹਨਾਂ ਵਿਚੋਂ ਸੱਤਰ ਦੇ ਕਰੀਬ ਕਿਰਤੀਆਂ ਨੂੰ ਦੋ ਸਰਕਾਰੀ ਬੱਸਾਂ ਚ ਬਿਠਾ ਕੇ ਜਲੰਧਰ ਲੈ ਜਾਇਆ ਗਿਆ, ਤੇ ਬਾਕੀਆਂ ਨੂੰ ਮੀਡੀਆ ਦੇ ਜਾਣ ਮਗਰੋਂ ਪੁਲਸ ਵਲੋਂ ਜੁੱਲੀ-ਤੱਪੜ ਚੁਕਵਾ ਕੇ ਬੱਸ ਅੱਡੇ ਤੋਂ ਬਾਹਰ ਕਢ ਦਿੱਤਾ ਗਿਆ। ਸਵੇਰ ਤੋਂ ਦੁਪਹਿਰ 12 ਵਜੇ ਦੇ ਕਰੀਬ ਤੱਕ ਇਹ ਕਿਰਤੀ ਸਮਾਨ ਦੇ ਢੇਰ ਕੋਲ ਰੋਂਦੇ ਵਿਲਕਦੇ ਰਹੇ, ਜਿਹਨਾਂ ਚ ਔਰਤਾਂ, ਬੱਚੇ ਬੱਚੀਆਂ, ਬਜ਼ੁਰਗ ਵੀ ਸ਼ਾਮਲ ਹਨ, ਇਹਨਾਂ ਨੂੰ ਪਤਾ ਨਹੀਂ ਕਿ ਹੁਣ ਕੀ ਹੋਣਾ ਹੈ, ਕੋਈ ਸੁਣਵਾਈ ਨਹੀਂ। ਪੇਸ਼ਾਬ ਕਰਨ ਲਈ ਬੱਸ ਅੱਡੇ ਦੇ ਪਖਾਨੇ ਗਏ ਤਾਂ ਪ੍ਰਤੀ ਜੀਅ ਦਸ ਦਸ ਰੁਪਏ ਵਸੂਲੇ ਗਏ, ਜੇਬ ਖਾਲੀ .. ਕਿਰਤੀ ਇਕ ਦੂਜੇ ਤੋਂ ਮੰਗ ਕੇ ਪੈਸੇ ਦਿੰਦੇ, ਤੇ ਕਈਆਂ ਨੇ ਤਾਂ ਪੈਸੇ ਨਾ ਹੋਣ ਕਰਕੇ ਪੇਸ਼ਾਬ ਹੀ ਰੋਕੀ ਰੱਖਿਆ..

ਏਦੂੰ ਵਧ ਹਰਡ-ਅਮਿਊਨਿਟੀ ਹੋਰ ਕੀ ਹੋਊ ਭਲਾ ਸਾਹੇਬ..?

ਇਥੇ ਇਕ ਭੱਦਰਪੁਰਸ਼ ਦੀ ਮਦਦ ਨਾਲ ਸਰਕਾਰੀ ਤੰਤਰ ਤੱਕ ਪਹੁੰਚ ਕੀਤੀ, ਪਤਾ ਲਗਿਆ ਕਿ ਜਲੰਧਰ ਵੱਲ ਗਏ ਸੱਤਰ ਕਿਰਤੀਆਂ ਚੋਂ ਕਈ ਵਾਪਸ ਆ ਗਏ, ਰੇਲ ਗੱਡੀ ਚ ਸ਼ਾਇਦ ਜਗਾ ਨਹੀ ਸੀ, ਬਾਕੀਆਂ ਨੂੰ ਕੱਲ ਜਾਂ ਪਰਸੋਂ ਭੇਜਿਆ ਜਾਵੇਗਾ। ਫੇਰ ਦੋ ਆਟੋ ਰਿਕਸ਼ਾ ਕਿਰਾਏ ਤੇ ਕਰਕੇ ਸਾਰਾ ਸਮਾਨ ਲਦਾਅ ਕੇ ਸ਼ਾਲਾਮਾਰ ਬਾਗ ਦੇ ਰੈਣਬਸੇਰੇ ਚ ਛੱਡਵਾ ਕੇ ਆਏ, ਰੋਟੀ ਦਾ ਇੰਤਜ਼ਾਮ ਕੀਤਾ ਹੈ, ਇਹਨਾਂ ਦੇ ਵਾਪਸ ਘਰ ਪੁੱਜਣ ਤੱਕ ਇਹਨਾਂ ਨਾਲ ਸੰਪਰਕ ਰੱਖਿਆ ਜਾਵੇਗਾ। ਜੋ ਵੀ ਮਦਦ ਹੋਈ ਕਰਾਂਗੇ।

ਬੱਸ ਅੱਡੇ ਤੇ ਖੜ੍ਹਿਆਂ ਜਦ ਇਹਨਾਂ ਕਿਰਤੀਆਂ ਨਾਲ ਗੱਲ ਕੀਤੀ ਤਾਂ ਓਥੇ ਭਾਗਲਪੁਰ ਬਿਹਾਰ ਦੀ ਸੁਧਾ ਭੁੱਬਾਂ ਮਾਰ ਕੇ ਰੋ ਰਹੀ ਸੀ, ਉਹ ਪਹਿਲੀ ਵਾਰ ਫਰਵਰੀ ਮਹੀਨੇ ਆਪਣੇ ਘਰਵਾਲੇ ਨਾਲ ਆਲੂਆਂ ਦਾ ਸੀਜ਼ਨ ਲਾਉਣ ਆਈ ਸੀ, ਪਿੱਛੇ ਤਿੰਨ ਛੋਟੇ ਬੱਚੇ, ਬਜ਼ੁਰਗ ਸੱਸ ਸਹੁਰੇ ਕੋਲ ਛੱਡ ਆਈ, ਕਿ ਚਾਰ ਹੱਥ ਰਲ ਕੇ ਕੁਝ ਵੱਧ ਕਮਾਈ ਕਰ ਲੈਣਗੇ..

ਸੁਧਾ ਨੇ ਰੋਂਦਿਆਂ ਕਿਹਾ-ਹਮਰਾ ਕਸੂਰ ਕਿਆ ਹੈ, ਹਮਰਾ ਕੌਨ ਸਾ ਦੇਸ ਹੈ, ਹਮੇਂ ਬੋਲਤੇ ਹੈਂ ਅਪਨੇ ਦੇਸ ਜਾਓ,

ਹਮੇਂ ਜੋ ਭੀ ਕਾਮ ਦੋ ਹਮ ਕਰਤੇ ਹੈਂ, ਜ਼ਿਮੀਦਾਰ ਕੋ ਪੱਠਾ ਉੱਠਾ ਭੀ ਕਾਟਾ ਕੇ ਦੀਆ, ਸਾਫ ਸਫਾਈ ਭੀ ਕਰਕੇ ਦੀ, ਹੁਸੈਨਪੁਰ ਆਲੂ ਕਾ ਸੀਜ਼ਨ ਲਗਾਇਆ, ਆਲੂ ਤੋ ਆਪ ਭੀ ਖਾਤੇ ਹੋਂਗੇ.. ਆਪ ਲੋਗੋਂ ਨੇ ਹਮੇਂ ਧਕੇਲ ਦੀਆ.. ਅਬ ਹਮ ਕਭੀ ਨਹੀਂ ਪੰਜਾਬ ਆਏਂਗੇ....

ਉਹ ਹੁਬਕੀਂ ਰੋ ਪਈ, ਬਾਕੀ ਕਿਰਤੀ ਵੀ ਰੋ ਰਹੇ ਸਨ, ਮੈਂ ਸੁਧਾ ਨੂੰ ਗਲਵੱਕੜੀ ਚ ਲੈ ਲਿਆ, ਓਹਦੇ ਅੱਥਰੂ ਪੂੰਝੇ, ਮੇਰਾ ਵੀ ਮਨ ਭਰ ਆਇਆ, ਸਿਰਫ ਏਨਾ ਹੀ ਕਹਿ ਸਕੀ- ਸੁਧਾ ਤੁਹਾਡੇ ਬਿਨਾਂ ਪੰਜਾਬ ਅਧੂਰਾ ਹੈ...ਸਿਰਫ ਏਨਾ ਹੀ ਕਿਹਾ ਸੀ ਮੈਂ, ਸੁਧਾ ਤੇ ਸਾਥੀ ਸਾਥਣਾਂ ਝੱਟ ਮੁੱਕਰ ਗਏ ਆਪਣੀ ਪਹਿਲੀ ਗੱਲ ਤੋਂ, ਕਹਿੰਦੇ- ਦੀਦੀ ਸਭ ਠੀਕ ਹੋ ਜਾਏ, ਤੋ ਹਮ ਫਿਰ ਸੇ ਆ ਜਾਏਂਗੇ.. ਹੁਣ ਸੁਧਾ ਦੀ ਗਲਵੱਕੜੀ ਚ ਮੈਂ ਸੀ..

ਇਹ ਗਲਵਕੜੀ ਪੰਜਾਬ-ਬਿਹਾਰ ਦੀ ਹੈ, ਕੌਣ ਤੋੜੂ ਏਸ ਸਾਂਝ ਨੂੰ..?

---- ---

ਸਥਾਨਕ ਮੀਡੀਆ ਕਰਮੀਆਂ ਨਾਲ ਗਿਲਾ ਹੈ, ਕਿ ਪ੍ਰਸ਼ਾਸਨ ਦੇ ਸੱਦੇ ਤੇ ਤਾਂ ਓਥੇ ਜਾ ਅੱਪੜੇ, ਬਾਅਦ 'ਚ ਕਿਸੇ ਨੇ ਇਹਨਾਂ ਕਿਰਤੀਆਂ ਦੀ ਸਾਰ ਨਾ ਲਈ। ਜਦ ਇਹ ਸਭ ਲਿਖ ਰਹੀ ਹਾਂ ਤਾਂ ਇਥੇ ਕਪੂਰਥਲੇ ਚ ਜ਼ੋਰ ਦੀ ਮੀਂਹ ਪੈ ਰਿਹਾ ਹੈ, ਜੇ ਅਸੀਂ ਕਿਰਤੀਆਂ ਨੂੰ ਰੈਣਬਸੇਰੇ ਵਾਪਸ ਭੇਜਣ ਲਈ ਮਦਦ ਨਾ ਕਰਦੇ ਤਾਂ ਕੀ ਬਣਦਾ?

ਕਿਰਤੀਆਂ ਦੇ ਬੇਮੁਖ ਹੋਣ ਦੀ ਮਾਰ ਪੰਜਾਬ ਝੱਲ ਨਹੀਂ ਸਕੇਗਾ...

ਬਾਕੀ ਸਭ ਸਿਆਣੇ ਨੇ..

ਬਹੁਤਾ ਬੋਲਿਆ, ਲਿਖਿਆ ਗਿਆ ਹੋਵੇ ਤਾਂ ਮਾਫੀ...

# ਲੋਕਤੰਤਰ ਹੀ ਨਹੀਂ ਅਸੀਂ ਸਭ ਮਰ ਗਏ ਹਾਂ

ਚੰਦ ਫਤਿਹਪੁਰੀ

ਬੀਤੇ ਸ਼ੁਕਰਵਾਰ ਮਹਾਂਰਾਸ਼ਟਰ ਤੋਂ ਮੱਧ ਪ੍ਰਦੇਸ਼ ਆਪਣੇ ਘਰਾਂ ਨੂੰ ਪੈਦਲ ਜਾ ਰਹੇ 20 ਮਜ਼ਦੂਰਾਂ ਵਿੱਚੋਂ 16 ਮਜ਼ਦੂਰ ਇੱਕ ਮਾਲ ਗੱਡੀ ਹੇਠਾਂ ਕੱਟ ਕੇ ਮਾਰੇ ਗਏ। ਇਸ ਹਾਦਸੇ ਦੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਰੇਲਵੇ ਲਾਈਨ ਵਿੱਚ ਮ੍ਰਿਤ ਸਰੀਰਾਂ ਦੇ ਲੋਥੜੇ ਤੇ ਭੁੱਖ ਮਿਟਾਉਣ ਲਈ ਲਿਆਂਦੀਆਂ ਰੋਟੀਆਂ ਖਿਲਰੀਆਂ ਪਈਆਂ ਹਨ।

ਇਸ ਹਾਦਸੇ ਸੰਬੰਧੀ ਅੰਗਰੇਜ਼ੀ ਅਖ਼ਬਾਰ ਟੈਲੀਗਰਾਫ ਦੀ ਮੁੱਖ ਸੁਰਖੀ ਹੈ, "ਇਹ ਹਾਦਸਾ ਬਿਲਕੁੱਲ ਨਹੀਂ...।" ਇਹ ਅਧੂਰਾ ਵਾਕ ਇਸ ਤਰ੍ਹਾਂ ਪੂਰਾ ਹੋ ਸਕਦਾ ਹੈ। "ਇਹ ਹਾਦਸਾ ਬਿਲਕੁੱਲ ਨਹੀਂ, ਇੱਕ ਹੱਤਿਆ ਹੈ।" ਇਸ ਹਾਦਸੇ ਬਾਰੇ ਸਵਰਾਜ ਇੰਡੀਆ ਦੇ ਯੋਗਿੰਦਰ ਯਾਦਵ ਦਾ ਇਹ ਕਥਨ ਬਿਲਕੁੱਲ ਸੱਚ ਹੈ ਕਿ, "ਜਿਨ੍ਹਾਂ ਨੂੰ ਰੇਲ ਗੱਡੀ 'ਤੇ ਸਵਾਰ ਹੋਣਾ ਚਾਹੀਦਾ ਸੀ, ਜਦੋਂ ਉਹ ਰੇਲ ਗੱਡੀ ਹੇਠਾਂ ਆ ਕੇ ਮਾਰੇ ਜਾਂਦੇ ਹਨ ਤਾਂ ਇਹ ਸਿਰਫ਼ ਉਨ੍ਹਾਂ ਬੇਚਾਰਿਆਂ ਦੀ ਹੀ ਮੌਤ ਨਹੀਂ ਸਾਡੀ ਸਭ ਦੀ ਮੌਤ ਹੈ।" ਰੇਲਵੇ ਵਿਭਾਗ ਨੇ ਇਸ ਘਟਨਾ ਉੱਤੇ ਕੋਈ ਅਫਸੋਸ ਪ੍ਰਗਟ ਨਹੀਂ ਕੀਤਾ। ਕਿਉਂਕਿ ਰੇਲਵੇ ਦਾ ਮੰਨਣਾ ਹੈ ਕਿ ਮਾਰੇ ਗਏ ਲੋਕਾਂ ਨੇ ਰੇਲਵੇ ਦੇ ਕਾਨੂੰਨਾਂ ਦੀ ਉਲੰਘਣਾ ਕੀਤੀ ਸੀ। ਰੇਲਵੇ ਲਾਈਨਾਂ ਉੱਤੇ ਤੁਰਨਾ ਗੈਰਕਾਨੂੰਨੀ ਹੈ, ਇਸ ਲਈ ਮਰਨ ਵਾਲਿਆਂ ਨੂੰ ਰੇਲਵੇ ਕੋਈ ਮੁਆਵਜ਼ਾ ਨਹੀਂ ਦੇਵੇਗਾ।

ਪਰ ਕਿਸੇ ਨੇ ਇਹ ਸੋਚਣ ਦੀ ਲੋੜ ਨਹੀਂ ਸਮਝੀ ਕਿ ਆਖਰ ਕਿਉਂ ਇਹ ਮਜ਼ਦੂਰ ਰੇਲ ਪਟੜੀ ਉੱਤੇ ਤੁਰਨ ਨੂੰ ਮਜਬੂਰ ਹੋਏ। ਆਮ ਕੱਚੇ ਰਾਹ ਜਾਂ ਸੜਕ 'ਤੇ ਤੁਰਨ ਨਾਲੋਂ ਰੇਲ ਪਟੜੀ 'ਤੇ ਜਾਂ ਨਾਲ-ਨਾਲ ਤੁਰਨਾ ਮੁਸ਼ਕਲ ਹੁੰਦਾ ਹੈ ਕਿਉਂਕਿ ਉੱਥੇ ਛੋਟੇ-ਛੋਟੇ ਪੱਥਰ ਦੇ ਟੁਕੜੇ ਖਿਲਰੇ ਹੁੰਦੇ ਹਨ। ਉਨ੍ਹਾਂ ਦੀ ਮਜਬੂਰੀ ਇਹ ਸੀ ਕਿ ਸਰਕਾਰ ਨੇ ਉਨ੍ਹਾਂ ਲਈ ਬਾਕੀ ਸਾਰੇ ਰਾਹ ਬੰਦ ਕਰ ਦਿੱਤੇ ਸਨ। ਪਹਿਲਾਂ ਰੇਲ ਗੱਡੀਆਂ ਬੰਦ ਕਰ ਦਿੱਤੀਆਂ, ਫਿਰ ਬੱਸਾਂ ਬੰਦ ਕਰ ਦਿੱਤੀਆਂ ਤੇ ਫਿਰ ਪੁਲਸ ਦੇ ਨਾਕੇ ਲਾ ਕੇ ਸੜਕਾਂ ਵੀ ਬੰਦ ਕਰ ਦਿੱਤੀਆਂ, ਘਰਾਂ ਨੂੰ ਇਨ੍ਹਾਂ ਮਜ਼ਦੂਰਾਂ ਲਈ ਸਿਰਫ਼ ਰੇਲ ਪਟੜੀਆਂ ਤੇ ਜੰਗਲਾਂ ਵਿੱਚੋਂ ਲੰਘਣ ਵਾਲੇ ਰਾਹ ਹੀ ਰਹਿ ਗਏ ਸਨ।

ਇਨ੍ਹਾਂ 16 ਤੇ ਇਨ੍ਹਾਂ ਵਰਗੇ ਅਨੇਕਾਂ ਰਾਹ ਵਿੱਚ ਦਮ ਤੋੜ ਗਏ ਮਜ਼ਦੂਰਾਂ ਦੀ ਮੌਤ ਨੂੰ ਲੋਕ ਇੱਕ ਆਮ ਹਾਦਸਾ ਸਮਝ ਕੇ ਭੁੱਲ ਜਾਣਗੇ, ਪਰ ਉਨ੍ਹਾਂ ਵਰਗੇ ਲੰਮੇ ਸਫ਼ਰ ਉੱਤੇ ਨਿਕਲੇ ਲੱਖਾਂ ਮਜ਼ਦੂਰ ਕਦੇ ਵੀ ਨਹੀਂ ਭੁਲਾ ਸਕਣਗੇ। ਅਸਲ ਵਿੱਚ ਰੇਲ ਲਾਈਨਾਂ ਵਿਚਕਾਰ ਪਏ ਮਨੁੱਖੀ ਮਾਸ ਦੇ ਟੁਕੜੇ ਮਜ਼ਦੂਰਾਂ ਦੇ ਨਹੀਂ ਸਾਡੀਆਂ ਆਪਣੀਆਂ ਲਾਸ਼ਾਂ ਦੇ ਸਨ, ਸਾਡੇ ਲੋਕਤੰਤਰ ਦੇ ਸਨ। ਪੂਰਬੀ ਵਰਧਮਾਨ ਦੇ ਰਾਜੇਸ਼ ਦੇਵਨਾਥ ਨੇ 'ਟੈਲੀਗਰਾਫ' ਨੂੰ ਦਸਿਆ ਕਿ ਜਦੋਂ ਮੈਂ ਰੇਲ ਲਾਈਨਾਂ ਵਿੱਚ ਪਈਆਂ ਲਾਸ਼ਾਂ ਦੀ ਤਸਵੀਰ ਦੇਖੀ ਤਾਂ ਮੈਂ ਕੰਬ ਗਿਆ। ਇਹ ਸਾਡੇ ਨਾਲ ਵੀ ਹੋ ਸਕਦਾ ਸੀ, ਜਦੋਂ ਅਸੀਂ ਬਿਹਾਰ ਦੇ ਰਕਸੌਲ ਤੋਂ ਝਾਝਾ ਤੱਕ 8 ਦਿਨ ਰੇਲ ਲਾਈਨ ਦੇ ਕਿਨਾਰੇ ਤੁਰੇ ਸੀ। ਜਦੋਂ ਮੇਰੇ ਭਰਾ ਨੇ ਮੈਨੂੰ ਟੀ ਵੀ ਦੇਖਦੇ ਨੂੰ ਤੱਕਿਆ ਤਾਂ ਉਸ ਨੇ ਝੱਟ ਟੀ ਵੀ ਬੰਦ ਕਰ ਦਿੱਤਾ। ਘਰ ਦੀਆਂ ਔਰਤਾਂ, ਜੋ ਮੇਰੇ ਆਉਣ ਉੱਤੇ ਖੁਸ਼ ਸਨ, ਰੋਣ ਲੱਗ ਪਈਆਂ। ਜਦੋਂ ਮੈਂ ਬਿਖਰੀਆਂ ਰੋਟੀਆਂ ਦੇਖੀਆਂ ਤਾਂ ਕਾਲਜੇ ਵਿੱਚੋਂ ਹੂਕ ਜਿਹੀ ਉੱਠੀ, ਮਧੂਬਨੀ ਵਿੱਚੋਂ ਅਸੀਂ ਵੀ ਜਿਹੜੀਆਂ ਰੋਟੀਆਂ ਬੰਨ੍ਹਕੇ ਲਿਆਏ ਸੀ, ਉਨ੍ਹਾਂ ਨਾਲ ਹੀ ਅਸੀਂ ਰਾਹ ਦੇ ਦਿਨ ਕੱਟੇ ਸਨ।"

ਦੇਵਨਾਥ ਨੇ ਕਿਹਾ, "ਮੈਂ ਸਮਝ ਸਕਦਾਂ ਕਿ ਉਨ੍ਹਾਂ ਨੇ ਕਿਉਂ ਰੇਲ ਲਾਈਨ ਉੱਤੇ ਸਿਰ ਰੱਖਿਆ ਹੋਵੇਗਾ, ਇਹ ਥਕਾਵਟ ਦੀ ਇੰਤਹਾ ਸੀ, ਜਿਸ ਨਾਲ ਦੇਹ ਬੇਵੱਸ ਹੋ ਜਾਂਦੀ ਹੈ। ਲੋਹੇ ਦੀ ਪਟੜੀ ਉੱਤੇ ਸਿਰ ਰੱਖਣਾ ਕੋਈ ਅਰਾਮਦੇਹ ਨਹੀਂ ਹੁੰਦਾ ਪਰ ਇਹ ਸਾਨੂੰ ਸਾਡੇ ਘਰ ਦਾ ਰਸਤਾ ਦਿਖਾਉਂਦੀ ਰਹਿੰਦੀ ਹੈ।" ਰਾਜੇਸ਼ ਨੇ ਆਪਣੀ ਯਾਤਰਾ ਨੂੰ ਯਾਦ ਕਰਦਿਆਂ ਦੱਸਿਆ ਕਿ ਦੋ ਮਈ ਨੂੰ 200 ਕਿਲੋਮੀਟਰ ਤੁਰ ਚੁੱਕਣ ਤੋਂ ਬਾਅਦ ਉਹ ਇਸੇ ਤਰ੍ਹਾਂ ਕੁਝ ਮਿੰਟਾਂ ਲਈ ਅਰਾਮ ਕਰਨ ਵਾਸਤੇ ਰੇਲਵੇ ਲਾਈਨਾਂ ਵਿਚਕਾਰ ਬੈਠੇ ਸਨ। ਸਾਨੂੰ ਪਤਾ ਹੀ ਨਾ ਲੱਗਾ ਕਦੋਂ ਸਾਡੀ ਅੱਖ ਲੱਗ ਗਈ।

ਲਾਕਡਾਊਨ ਦੇ ਤੁਰੰਤ ਬਾਅਦ ਸ਼ੁਰੂ ਹੋਇਆ ਮਜ਼ਦੂਰਾਂ ਦਾ ਇਹ 'ਲੌਂਗ ਮਾਰਚ' ਹਾਲੇ ਹੋਰ ਕਦੋਂ ਤੱਕ ਚਲਦਾ ਰਹੇਗਾ ਤੇ ਕਿੰਨੇ ਹੋਰ ਇਸ ਦੀ ਬਲੀ ਚੜ੍ਹ ਜਾਣਗੇ, ਕਿਹਾ ਨਹੀਂ ਜਾ ਸਕਦਾ। ਹਾਕਮ 85% ਤੇ 15% ਦੇ ਚੱਕਰ ਵਿੱਚ ਉਲਝਿਆ ਹੋਇਆ ਹੈ। ਮੋਦੀ ਨੇ ਇੱਕ ਵਾਰ ਠੀਕ ਹੀ ਕਿਹਾ ਸੀ ਕਿ ਵਪਾਰ ਮੇਰੇ ਖ਼ੂਨ ਵਿੱਚ ਹੈ। ਅੱਜ ਜਦੋਂ ਲਾਸ਼ਾਂ 'ਤੇ ਵੀ ਪੈਸੇ ਕਮਾਉਣ ਦੀ ਘਿਨੌਣੀ ਖੇਡ ਖੇਡੀ ਜਾ ਰਹੀ ਹੈ ਤਾਂ ਉਹ ਆਪਣੇ ਕਹੇ ਨੂੰ ਹੀ ਅਮਲੀਜਾਮਾ ਪਹਿਨਾ ਰਿਹਾ ਹੈ।

ਪਹਿਲਾ 'ਲੌਂਗ ਮਾਰਚ' 16 ਅਕਤੂਬਰ 1934 ਤੋਂ 20 ਅਕਤੂਬਰ 1935 ਤੱਕ ਮਾਓ ਦੀ ਅਗਵਾਈ ਵਿੱਚ ਚੀਨ ਵਿੱਚ ਚੱਲਿਆ ਸੀ। ਇਸ ਮਾਰਚ ਵਿੱਚ ਇੱਕ ਲੱਖ ਲੋਕ ਤੁਰੇ ਸਨ ਤੇ ਅੰਤ ਨੂੰ ਮੰਜ਼ਲ ਉੱਤੇ 20 ਹਜ਼ਾਰ ਹੀ ਪਹੁੰਚ ਸਕੇ ਸਨ। ਉਹ ਮਾਰਚ ਸਮਾਜਿਕ ਬਦਲਾਅ ਲਈ ਸੀ। ਪਰ ਅੱਜ ਦਾ ਮਜ਼ਦੂਰਾਂ ਦਾ 'ਲੌਂਗ ਮਾਰਚ' ਮਜਬੂਰ ਤੇ ਭੁੱਖ ਨਾਲ ਲੜ ਰਹੇ ਲੋਕਾਂ ਦਾ ਮਾਰਚ ਹੈ। ਇਸ ਲੌਂਗ ਮਾਰਚ ਦੌਰਾਨ ਕਿੰਨੇ ਲੋਕ ਰਾਹਾਂ ਵਿੱਚ ਖ਼ਤਮ ਹੋ ਜਾਣਗੇ, ਇਸ ਦਾ ਹਿਸਾਬ ਕੋਈ ਨਹੀਂ ਰੱਖੇਗਾ। ਸ਼ੁਕਰਵਾਰ ਦੀ ਸਵੇਰ ਨੂੰ 16 ਮਜ਼ਦੂਰਾਂ ਦੇ ਮਾਰੇ ਜਾਣ ਦੀ ਖ਼ਬਰ ਆਈ। ਸ਼ਾਮ ਨੂੰ ਲਖਨਊ ਤੋਂ ਛੱਤੀਸਗੜ੍ਹ ਲਈ ਸਾਈਕਲ ਉੱਤੇ ਨਿਕਲੇ ਪਰਵਾਰ ਨੂੰ ਕੋਈ ਵਾਹਨ ਕੁਚਲ ਗਿਆ। ਮਾਂ-ਬਾਪ ਮੌਕੇ ਉੱਤੇ ਮਰ ਗਏ, ਦੋ ਬੱਚੇ ਗੰਭੀਰ ਜ਼ਖ਼ਮੀ ਹਨ।

ਉੱਤਰ ਪ੍ਰਦੇਸ਼ ਦੇ ਮਹਿਰਾਜ ਗੰਜ ਦੇ ਦੋ ਮਜ਼ਦੂਰ ਤਬਾਰਕ ਅੰਸਾਰੀ ਤੇ ਰਮੇਸ਼ ਗੌੜ ਮਹਾਂਰਾਸ਼ਟਰ ਦੇ ਭਿਵੰਡੀ ਵਿੱਚ ਕੰਮ ਕਰਦੇ ਸਨ। ਇਸ ਆਸ ਨਾਲ ਟਿਕੇ ਰਹੇ ਕਿ ਲਾਕਡਾਊਨ ਤੋਂ ਬਾਅਦ ਮੁੜ ਕੰਮ ਸ਼ੁਰੂ ਹੋ ਜਾਵੇਗਾ, ਪਰ ਜਦੋਂ ਲਾਕਡਾਊਨ ਨੂੰ ਵਧਾ ਦਿੱਤਾ ਗਿਆ ਤਾਂ ਉਨ੍ਹਾਂ ਘਰ ਵਾਲਿਆਂ ਤੋਂ ਪੈਸੇ ਮੰਗਾ ਕੇ ਸਾਈਕਲ ਖਰੀਦੇ ਤੇ ਲੰਮੇ ਸਫ਼ਰ ਉੱਤੇ ਚਲ ਪਏ। ਪੰਜ ਦਿਨਾਂ ਵਿੱਚ ਜਦੋਂ ਉਹ 390 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਮੱਧ ਪ੍ਰਦੇਸ਼ ਦੀ ਸਰਹੱਦ ਉੱਤੇ ਪੁੱਜੇ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ। ਇਥੇ ਹੀ ਪਰਚੇ ਬਣਾਉਣ ਲਈ ਲਾਈਨ ਵਿੱਚ ਖੜ੍ਹਾ ਤਬਾਰਕ ਕੰਬਣ ਲੱਗ ਪਿਆ ਤੇ ਹਸਪਤਾਲ ਲਿਜਾਦਿਆਂ ਰਾਹ ਵਿੱਚ ਦਮ ਤੋੜ ਗਿਆ।

ਨਾਸਿਕ ਹਾਈਵੇ ਉੱਤੇ ਪੈਦਲ ਤੁਰੇ ਜਾਂਦੇ ਇੱਕ ਬਿਹਾਰੀ ਮਜ਼ਦੂਰ ਦੀ ਮੌਤ ਹੋ ਗਈ। ਉਸ ਦੀ ਲਾਸ਼ ਛੇ ਘੰਟੇ ਸੜਕ ਉੱਤੇ ਪਈ ਰਹੀ। ਰਾਤ 9 ਵਜੇ ਪੁਲਸ ਨੇ ਆ ਕੇ ਲਾਸ਼ ਚੁੱਕੀ। ਟੀ ਵੀ ਦੀ ਖ਼ਬਰ ਮੁਤਾਬਕ ਉਸ ਦੀ ਮੌਤ ਭੁੱਖ ਤੇ ਥਕਾਵਟ ਨਾਲ ਹੋਈ ਸੀ। ਰਵੀ ਮੁੰਡਾ ਨਾਗਰਪੁਰ ਤੋਂ ਝਾਰਖੰਡ ਲਈ 1200 ਕਿਲੋਮੀਟਰ ਦੇ ਸਫ਼ਰ ਉੱਤੇ 7 ਹੋਰਾਂ ਨਾਲ ਪੈਦਲ ਨਿਕਲਿਆ ਸੀ। ਬਿਲਾਸਪੁਰ ਜਾ ਕੇ ਉਸ ਦੀ ਸਿਹਤ ਵਿਗੜ ਗਈ। ਸਾਥੀ ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਕਿਹਾ ਮਰ ਚੁੱਕਾ ਹੈ। ਨਾਲ ਵਾਲੇ ਸੱਤ ਘਰਾਂ ਤੱਕ ਪੁੱਜੇ ਹਨ ਜਾਂ ਨਹੀਂ, ਕਿਸੇ ਨੂੰ ਖ਼ਬਰ ਨਹੀਂ।

ਗੁਜਰਾਤ ਦੇ ਅੰਕਲੇਸ਼ਵਰ ਤੋਂ ਰਾਜ ਸਾਹਨੀ ਯੂ ਪੀ ਲਈ ਸਾਈਕਲ ਉੱਤੇ ਚੱਲਿਆ ਸੀ, ਵਡੋਦਰਾ ਪਹੁੰਚ ਕੇ ਉਸ ਦੀ ਮੌਤ ਹੋ ਗਈ। ਉਸ ਦੀ ਲਾਸ਼ ਝਾੜੀਆਂ ਵਿੱਚੋਂ ਮਿਲੀ, ਕੋਲ ਸਾਈਕਲ ਪਈ ਸੀ। ਹੈਦਰਾਬਾਦ ਤੋਂ 13 ਮਜ਼ਦੂਰ ਟਰੱਕ ਵਿੱਚ ਲੁਕ ਕੇ ਯੂ ਪੀ ਜਾ ਰਹੇ ਸਨ। ਮੱਧ ਪ੍ਰਦੇਸ਼ ਵਿੱਚ ਟਰੱਕ ਉਲਟ ਗਿਆ ਤਾਂ 5 ਮਜ਼ਦੂਰ ਮਾਰੇ ਗਏ ਤੇ ਬਾਕੀ ਜ਼ਖ਼ਮੀ ਹੋ ਗਏ।

ਇਹ ਕੁਝ ਕੁ ਕਹਾਣੀਆਂ ਹਨ, ਅਸਲੀਅਤ ਇਹ ਹੈ ਕਿ ਅੱਜ ਹਰ ਸ਼ਹਿਰ ਵਿੱਚੋਂ ਮਜ਼ਦੂਰ ਆਪਣੇ ਘਰਾਂ ਨੂੰ ਭੱਜ ਰਹੇ ਹਨ। ਇਹ ਗਿਣਤੀ ਲੱਖਾਂ ਵਿੱਚ ਹੈ। ਇਨ੍ਹਾਂ ਵਿੱਚ ਔਰਤਾਂ, ਬੱਚੇ, ਬਜ਼ੁਰਗ, ਬਿਮਾਰ ਤੇ ਤੁਰਨੋਂ ਆਹਰੀ ਲੋਕ ਵੀ ਹਨ। ਇਹ ਸਾਡੇ ਦੇਸ਼ ਦੀ ਬਦਕਿਸਮਤੀ ਹੈ ਕਿ ਦੇਸ਼ ਦਾ ਨਿਰਮਾਣ ਕਰਨ ਵਾਲੇ ਕਰੋੜਾਂ ਲੋਕਾਂ ਨੂੰ ਇਸ ਤਰ੍ਹਾਂ ਮਰਨ ਲਈ ਉਨ੍ਹਾਂ ਦੇ ਹਾਲ ਉੱਤੇ ਛੱਡ ਦਿੱਤਾ ਗਿਆ ਹੈ।



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91-98725-44738

ਕੌਮਾਂਤਰੀ ਬਾਲ ਦਿਵਸ ਲਈ ਵਿਸ਼ੇਸ਼

# ਬਾਲ-ਸ਼ੋਸ਼ਣ, ਬਾਲ-ਮਜ਼ਦੂਰੀ ਅਤੇ ਬਾਲ-ਭਲਾਈ



ਕਿਸੇ ਦੇਸ਼ ਦੇ ਸਭਿਅਕ ਹੋਣ ਦਾ ਪੈਮਾਨਾ ਉੱਥੋਂ ਦੀ ਆਉਣ ਵਾਲੀ ਨਸਲ (ਬੱਚਿਆਂ) ਦੀ ਪਰਵਰਿਸ਼ ਤੋਂ ਹੀ ਲਾਇਆ ਜਾਂਦਾ ਹੈ। ਪਰ ਜਿਸ ਦੇਸ਼, ਕੌਮ ਅਤੇ ਸਮਾਜ ਵਿੱਚ ਬੱਚਿਆਂ ਉਪਰ ਅਣਮਨੁੱਖੀ ਜ਼ੁਲਮ ਹੁੰਦੇ ਹੋਣ? ਜਨਮ ਤੋਂ ਬਾਅਦ ਡਾਕਟਰੀ ਸਹੂਲਤਾਂ ਵੀ ਪੂਰੀਆਂ ਨਾ ਮਿਲਣ ਕਾਰਨ ਉਹ ਮੌਤ ਦੇ ਮੂੰਹ ਵਿੱਚ ਚਲੇ ਜਾਣ ਤਾਂ ਉਸ ਸਮਾਜ ਨੂੰ 'ਸੱਭਿਅਕ-ਸਮਾਜ' ਕਹਿਣ ਨਾਲੋਂ 'ਜੰਗਲੀ ਸਮਾਜ' ਕਹਿਣਾ ਵਧੇਰੇ ਠੀਕ ਹੋਵੇਗਾ। ਬੱਚੇ ਦੇਸ਼ ਦੀ ਵੱਡਮੁੱਲੀ ਜਾਇਦਾਦ, ਕੌਮ ਦੇ ਵਾਰਿਸ, ਭਵਿੱਖ ਦੇ ਸੂਚਕ ਤੇ ਸਮਾਜ ਦੀ ਪਨੀਰੀ ਹੁੰਦੀ ਹੈ। ਉਨ੍ਹਾਂ ਦੀ ਚੰਗੀ ਪਰਵਰਿਸ਼, ਸਾਂਭ-ਸੰਭਾਲ, ਸਿੱਖਿਆ ਅਤੇ ਮਨੋਰੰਜਨ ਦੀ ਥਾਂ ਜੇਕਰ ਬੱਚਿਆਂ ਤੋਂ ਮਜ਼ਦੂਰੀ ਕਰਵਾ ਕੇ, ਉਨ੍ਹਾਂ ਦਾ ਸ਼ੋਸ਼ਣ ਹੋਵੇ, ਅਲੜ੍ਹ ਬੱਚੀਆਂ ਤੋਂ ਵੇਸ਼ਵਾਗਿਰੀ ਕਰਵਾ ਕੇ ਧਨ ਕਮਾਇਆ ਜਾਵੇ ਤਾਂ ਉਸ ਸਮਾਜ ਦੇ ਭਵਿੱਖ ਬਾਰੇ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਪੂੰਜੀਵਾਦੀ ਦੇਸ਼ਾਂ ਅੰਦਰ, ਪੂੰਜੀਵਾਦੀ ਰਾਹ 'ਤੇ ਚੱਲ ਰਹੀਆਂ ਸਰਕਾਰਾਂ ਵੀ ਭਾਵੇਂ ਆਪੋ ਆਪਣੇ ਸਿਸਟਮ ਮੁਤਾਬਿਕ ਇਸ ਦੌਲਤ ਨੂੰ ਪਾਲਣ-ਪੋਸ਼ਣ ਦੀਆਂ ਕਿੰਨੀਆਂ ਵੀ ਡੀਗਾਂ ਮਾਰ ਲੈਣ ਪਰ ਅਮਲ ਵਿੱਚ ਉਹ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਅਸਫ਼ਲ ਦਿਸ ਰਹੀਆਂ ਹਨ। (ਯੂਨੀਸੈਫ)

"ਹਰ ਸਾਲ ਪਹਿਲੀ ਜੂਨ ਨੂੰ ਕੌਮਾਂਤਰੀ ਬਾਲ ਦਿਵਸ ਮਨਾਉਣ ਦਾ ਇਤਿਹਾਸ ਬਹੁਤ ਹੀ ਗੌਰਵਮਈ ਅਤੇ ਪ੍ਰੇਰਣਾ ਸਰੋਤ ਸਮਝਿਆ ਜਾਂਦਾ ਹੈ। ਕਿਸੇ ਵੀ ਇਤਿਹਾਸ ਨੂੰ ਸਿਰਜਨ ਲਈ ਰਸਤੇ ਵਿੱਚ ਆਉਂਦੀਆਂ ਅਨੇਕਾਂ ਔਕੜਾਂ ਦਾ ਟਾਕਰਾ ਕਰਨ ਲਈ 'ਵਾਕਿਆਤ ਅਤੇ ਮੌਕਿਆਂ' ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਤਿਹਾਸਕ ਤੌਰ 'ਤੇ 'ਪਹਿਲੀ ਜੂਨ ਬਾਲ ਦਿਵਸ' ਮਨਾਉਣ ਲਈ 'ਇਸਤਰੀਆਂ ਦੀ ਪਹਿਲੀ' ਕੌਮਾਂਤਰੀ ਜਮਹੂਰੀ ਫੈਡਰੇਸ਼ਨ' ਜਿਸ ਨੇ ਸਾਰੇ ਮਹਾਂਦੀਪਾਂ ਵਿੱਚ ਇਸਤਰੀਆਂ ਅੰਦਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਜਾਗਰੂਕਤਾ ਲਿਆਉਣ ਲਈ 'ਪਹਿਲ ਕਦਮੀ' ਕੀਤੀ ਸੀ। ਅਮਨ, ਕੌਮੀ-ਆਜ਼ਾਦੀਆਂ ਦੇ ਸੰਘਰਸ਼ਾਂ, ਬਰਾਬਰੀ ਅਤੇ ਖ਼ਾਸ ਤੌਰ 'ਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਸੰਘਰਸ਼ ਸ਼ੁਰੂ ਕੀਤੇ ਸਨ। ਉਹਨਾਂ ਵੱਲੋਂ ਕੀਤੇ ਗਏ ਬੱਚਿਆਂ ਦੇ ਹੱਕਾਂ ਲਈ ਕੀਤੇ ਸੰਘਰਸ਼ਾਂ ਨੂੰ ਇੱਕ 'ਲੜੀ ਵਿੱਚ ਪਰੋਣ' ਦਾ ਅਹਿਮ ਰੋਲ ਅਦਾ ਕੀਤਾ। ਇਸਤਰੀਆਂ ਦੀ ਕੌਮਾਂਤਰੀ ਜਮਹੂਰੀ ਫੈਡਰੇਸ਼ਨ ਜਿਸ ਦੀ ਨੀਂਹ, ਉਸੰਸਾਰ ਦੀ ਦੂਸਰੀ ਜੰਗ ਦੇ ਖ਼ਤਮ ਹੋਣ ਤੋਂ ਬਾਅਦ ਰੱਖੀ ਗਈ ਸੀ, ਜੋ ਇਤਿਹਾਸ ਅੰਦਰ ਇਸਤਰੀਆਂ ਦੀ ਸਭ ਤੋਂ ਪਹਿਲੀ ਜਨਤਕ ਜਮਹੂਰੀ ਜੱਥੇਬੰਦੀ, ਇੱਕ ਲਹਿਰ ਬਣ ਕੇ ਉਭਰੀ ਸੀ।

"ਇਸਤਰੀਆਂ ਦੀ ਕੌਮਾਂਤਰੀ ਜਮਹੂਰੀ ਫੈਡਰੇਸ਼ਨ ਨੇ ਸਭ ਤੋਂ ਪਹਿਲਾਂ ਬੱਚਿਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ, ਜੀਵਨ ਹਾਲਤਾਂ ਵਿੱਚ ਸੁਧਾਰ ਲਿਆਉਣ, ਉਨ੍ਹਾਂ ਦੇ ਜਮਹੂਰੀ ਹੱਕ, ਪਾਲਣ-ਪੋਸ਼ਣ, ਸੁਰੱਖਿਆ, ਚੰਗੀ ਪੌਸ਼ਟਿਕ ਖ਼ੁਰਾਕ, ਚੰਗੀ ਸਿਹਤ ਅਤੇ ਉਜਲ ਭਵਿੱਖ ਲਈ ਅਵਾਜ਼ ਬੁਲੰਦ ਕੀਤੀ ਸੀ"।

ਸਭ ਤੋਂ ਪਹਿਲਾਂ "ਪੈਰਿਸ" ਵਿੱਚ ਕਾਂਗਰਸ ਦੇ ਡੈਲੀਗੇਟਾਂ ਨੇ ਜਦੋਂ "ਇਸਤਰੀਆਂ ਦੀ ਪਹਿਲੀ ਕੌਮਾਂਤਰੀ ਜਮਹੂਰੀ ਫੈਡਰੇਸ਼ਨ" ਦੇ ਮੰਤਵਾਂ, ਉਦੇਸ਼ ਤੇ ਅਧਿਕਾਰਾਂ ਪ੍ਰਤੀ ਵਫ਼ਾਦਾਰੀ ਦੀ ਸੌਂਹ ਚੁੱਕੀ ਤਾਂ ਇਹ ਪ੍ਰਤਿੱਗਿਆ ਵੀ ਲਈ ਕਿ ਅਸੀਂ ਇਹ ਪਵਿੱਤਰ ਸੌਂਹ ਉਸ ਸੰਘਰਸ਼ ਦੇ ਨਾਂ 'ਤੇ ਚੁੱਕਦੇ ਹਾਂ, ਜਿਸ ਨੂੰ ਅਸੀਂ ਉਸ ਸਮੇਂ ਤੱਕ ਬੰਦ ਨਹੀਂ ਕਰਾਂਗੀਆਂ, ਜਦੋਂ ਤੀਕ ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਨਸਲਾਂ ਦੇ 'ਇੱਕ ਸੁਰ ਤੇ ਪ੍ਰਸੰਸਨ ਵਿਕਾਸ' ਲਈ ਜ਼ਰੂਰੀ ਪ੍ਰਸਥਿਤੀਆਂ ਪੈਦਾ ਨਹੀਂ ਹੋ ਜਾਂਦੀਆਂ?"

"ਅਸੀਂ ਇਹ ਪਵਿੱਤਰ ਸੌਂਹ ਇਸ ਲਈ ਚੁੱਕਦੇ ਹਾਂ, 'ਕਿ ਸੰਸਾਰ ਅੰਦਰ ਇੱਕ ਪਾਏਦਾਰ ਅਮਨ ਦੀ ਗੁੰਟੀ ਲਈ 'ਅਨਥੱਕ ਰੂਪ' ਵਿੱਚ ਕੰਮ ਕਰਦੀਆਂ ਰਹਾਂਗੀਆਂ ...?"

ਸੰਸਾਰ ਦੀ ਦੂਸਰੀ ਜੰਗ ਤੋਂ ਪਿੱਛੋਂ ਇਸਤਰੀ ਫੈਡਰੇਸ਼ਨ ਵੱਲੋਂ ਜੰਗ ਦੇ ਸ਼ਿਕਾਰ ਹੋਏ ਬੱਚਿਆਂ ਦੀ ਪ੍ਰਵਰਿਸ਼ ਲਈ ਸੰਸਾਰ ਵਿਆਪੀ ਅੰਦੋਲਨ ਸ਼ੁਰੂ ਕੀਤੇ ਗਏ। ਜੰਗ ਦੇ ਸ਼ਿਕਾਰ ਹੋਏ ਬੱਚਿਆਂ ਨੂੰ "ਰਾਹਤ ਦੇਣ ਦਾ ਹਫ਼ਤਾ (ਸਪਤਾਹ)" ਮਨਾਇਆ ਗਿਆ। ਬਾਅਦ ਵਿੱਚ ਯੂ.ਐਨ. ਤੇ ਸਰਕਾਰਾਂ ਤੋਂ ਮੰਗ ਕੀਤੀ, ਉਕਿ ਬੱਚਿਆਂ ਦੀ ਸੁਰੱਖਿਆ, ਸਿਹਤ, ਖ਼ੁਰਾਕ, ਦਵਾਈਆਂ, ਵਿੱਦਿਆ ਆਦਿ ਦੀ ਗਰੰਟੀ ਦਿੱਤੀ ਜਾਵੇ। ਇਸਤਰੀ ਕੌਮਾਂਤਰੀ ਜਮਹੂਰੀ ਫੈਡਰੇਸ਼ਨ ਵੱਲੋਂ ਲਗਾਤਾਰ ਸੰਸਾਰ ਭਰ ਦੇ ਲੋਕਾਂ ਦਾ, "ਬੱਚਿਆਂ ਨੂੰ ਦਰਪੇਸ਼ ਭਿਆਨਕ ਪ੍ਰਸਥਿਤੀਆਂ ਨੂੰ ਸੁਧਾਰਨ ਵੱਲ ਧਿਆਨ ਖਿੱਚਿਆ ਗਿਆ"। ਫੈਡਰੇਸ਼ਨ ਦੀ ਪਹਿਲ-ਕਦਮੀ 'ਤੇ ਹੀ 1950 ਵਿੱਚ ਪਹਿਲੀ ਜੂਨ ਤੋਂ ਕੌਮਾਂਤਰੀ ਬਾਲ ਦਿਵਸ ਮਨਾਉਣਾ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ। ਉਪਹਿਲੇ ਕੌਮਾਂਤਰੀ ਬਾਲ ਦਿਵਸ ਨੇ ਜੋ ਨਾਅਰੇ ਸੰਸਾਰ ਦੇ ਲੋਕਾਂ ਸਾਹਮਣੇ ਲਿਆਂਦੇ, ਉਸ ਨਾਲ ਦੁਨੀਆਂ ਭਰ ਵਿੱਚ ਇੱਕ ਆਵਾਜ਼ ਗੂੰਜ ਉੱਠੀ ਅਤੇ ਉਨ੍ਹਾਂ ਨਾਅਰਿਆਂ ਨੇ "ਅਮਨ ਦੀ ਮਜ਼ਬੂਤੀ ਲਈ ਜੰਗਬਾਜ਼ਾਂ ਨੂੰ ਲਲਕਾਰਿਆ"।

"ਬੰਦੂਕਾਂ ਨਹੀਂ, ਮੱਖਣ ਦਿਉ!!" "ਟੈਂਕ ਨਹੀਂ, ਸਕੂਲ ਅਤੇ ਹਸਪਤਾਲ ਬਣਾਉ!!" "ਬੱਚਿਆਂ ਨੂੰ ਇੱਕ ਸ਼ਾਂਤਮਈ ਅਤੇ ਪ੍ਰਸੰਨ ਜੀਵਨ ਦਿਉ!"

ਉਸ ਦਿਨ ਤੋਂ ਲੈ ਕੇ ਅੱਜ ਤੱਕ "ਇੱਕ ਜੂਨ ਬੱਚਿਆਂ ਦਾ ਕੌਮਾਂਤਰੀ ਬਾਲ ਦਿਵਸ ਇੱਕ ਪ੍ਰੇਰਨਾ ਸਰੋਤ ਬਣ ਗਿਆ"। ਇੱਕ ਅਪ੍ਰੈਲ 1952 ਵਿੱਚ 'ਵਿਆਨਾ' ਅੰਦਰ ਹੋਈ, ਪਹਿਲੀ ਬੱਚਿਆਂ ਦੀ ਸੁਰੱਖਿਆ ਸਬੰਧੀ ਕਾਨਫਰੰਸ, 'ਲਹਿਰ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਸੀ। ਜਿਸ ਵਿੱਚ ਸੰਸਾਰ ਭਰ ਦੇ 64 ਦੇਸ਼ਾਂ ਦੀਆਂ ਮੰਨੀਆਂ ਪ੍ਰਮੰਨੀਆਂ ਹਸਤੀਆਂ, ਜਿਨ੍ਹਾਂ ਵਿੱਚ ਵਿਗਿਆਨੀ, ਵਕੀਲ, ਲੇਖਕ, ਪੱਤਰਕਾਰ, ਚਰਚ ਦੇ ਪਾਦਰੀ, ਅਧਿਆਪਕ, ਇਸਤਰੀ ਜਥੇਬੰਦੀਆਂ ਦੇ ਮੈਂਬਰ ਤੇ ਮਾਂਵਾਂ ਵੀ ਸ਼ਾਮਲ ਹੋਈਆਂ।

ਬੱਚਿਆਂ ਦੀ ਸੁਰੱਖਿਆ ਸਬੰਧੀ ਅਕਤੂਬਰ 1966 ਵਿੱਚ ਕੌਮਾਂਤਰੀ ਇਸਤਰੀ ਜਮਹੂਰੀ ਫੈਡਰੇਸ਼ਨ ਵੱਲੋਂ 'ਸਟਾਕ ਹੋਮ' ਵਿੱਚ ਬੁਲਾਈ, 'ਸੰਸਾਰ-ਬੱਚਾ ਕਾਨਫਰੰਸ', ਜਿਸ ਵਿੱਚ ਮੁੱਖ ਅਜੰਡਾ ਸੀ, "ਬੱਚਿਆਂ ਦਾ ਇਕਸਾਰ ਵਿਕਾਸ, ਸਿੱਖਿਆ, ਪਾਲਣ-ਪੋਸ਼ਣ, ਸਿਹਤ, ਬੱਚਿਆਂ ਲਈ ਸਕੂਲ ਤੋਂ ਬਾਹਰ ਦੀਆਂ ਅਤੇ ਬੱਚਿਆਂ ਲਈ ਪਰਿਵਾਰ ਲਈ ਪਰਿਵਾਰ ਦੇ ਅੰਦਰ ਰਹਿੰਦਿਆਂ ਮੇਲ-ਜੋਲ ਅਤੇ ਹਰਕਤਾਂ ਆਦਿ ਉਪਰ ਡੂੰਘੇ ਚਰਚੇ ਕੀਤੇ ਗਏ"। ਇਸੇ ਤਰ੍ਹਾਂ ਹੀ ਬੱਚਿਆਂ ਦੇ ਮਸਲਿਆਂ ਨਾਲ ਸਬੰਧਿਤ 1962 'ਚ ਬਰਸਲਜ਼ 'ਚ 1965 'ਚ ਬਮਾਕੋ ਤੇ ਮਾਲੀ 'ਚ 1978 'ਚ ਲਾਤੀਨੀ ਅਮਰੀਕੀ ਇਸਤਰੀ ਜਥੇਬੰਦੀਆਂ ਵੱਲੋਂ ਮੈਕਸੀਕੋ ਦੇ ਅੰਦਰ ਬੱਚਿਆਂ ਦੇ ਮਸਲਿਆਂ ਸਬੰਧੀ ਸੈਮੀਨਾਰ ਤੇ ਕਾਨਫਰੰਸਾਂ ਕੀਤੀਆਂ ਗਈਆਂ। ਫੈਡਰੇਸ਼ਨ ਨੇ ਯੂ.ਐਨ ਦੀ ਆਰਥਿਕ, ਸਮਾਜਿਕ ਕੌਂਸਲ "ਯੂਨੈਸਕੋ" ਵਿੱਚ ਆਪਣੇ ਵੱਲੋਂ "ਬੱਚਿਆਂ ਅਤੇ ਨੌਜਵਾਨਾਂ ਦੀਆਂ ਜਿਊਣ ਦੀਆਂ ਹਾਲਤਾਂ, ਸਿੱਖਿਆ, ਪਾਲਣ-ਪੋਸ਼ਣ, ਸਿਹਤ, ਅਮਨ ਦੀ ਰਾਖੀ, ਪ੍ਰਮਾਣੂ ਹਥਿਆਰਾਂ 'ਤੇ ਪਾਬੰਦੀ, ਰਹਾਇਸ਼ੀ ਘਰ, ਹਸਪਤਾਲ ਅਤੇ ਸਕੂਲ ਭਵਨ ਬਣਾਉਣ ਆਦਿ ਦੇ ਸੁਝਾਉ ਦਿੱਤੇ। ਉੱਥੇ ਨਸਲਵਾਦ, ਹਿੰਸਾ ਅਤੇ ਜੰਗਾਂ ਦੇ ਵਿਰੁੱਧ ਵੀ ਆਵਾਜ਼ ਚੁੱਕੀ। ਅਪ੍ਰੈਲ 1952 ਵਿੱਚ ਫੈਡਰੇਸ਼ਨ ਵੱਲੋਂ ਬੱਚਿਆਂ ਦੇ ਅਧਿਕਾਰਾਂ ਦਾ ਐਲਾਨਨਾਮਾਂ ਜਿਹੜਾ ਵਿਆਨਾ ਵਿੱਚ ਤਿਆਰ ਕਰਕੇ ਦਿੱਤਾ ਸੀ, ਜੋ ਕਿ ਇੱਕ ਅਹਿਮ ਸੀ ਅਤੇ ਉਹ ਕੌਮਾਂਤਰੀ ਦਸਤਾਵੇਜ਼ ਬਣਿਆ, ਜਿਸ ਵਿੱਚ ਯੂ.ਐਨ. ਵੱਲੋਂ 1959 ਵਿੱਚ ਉਸ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਗਏ ਜਿਸ ਰਾਹੀਂ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਦਾ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਸੀ"।

ਅੱਜ ਤੋਂ 61 ਸਾਲ ਪਹਿਲਾ 1959 ਵਿੱਚ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਨੇ 'ਜਨੇਵਾ' ਵਿੱਚ 'ਬਾਲ ਅਧਿਕਾਰਾਂ ਦੀ ਰੱਖਿਆ ਦਾ ਪ੍ਰਸਤਾਵ ਜੋ ਕੌਮਾਂਤਰੀ ਇਸਤਰੀ ਜਮਹੂਰੀ ਫੈਡਰੇਸ਼ਨ ਵੱਲੋਂ ਬੱਚਿਆਂ ਦੀ ਭਲਾਈ ਲਈ ਚਲਾਈਆਂ ਗਈਆਂ ਲਹਿਰਾਂ ਨੂੰ ਦੇਖਦੇ ਹੋਏ 'ਬਾਲ ਅਧਿਕਾਰਾਂ ਦੀ ਰੱਖਿਆ' ਲਈ ਪੇਸ਼ ਕੀਤਾ ਸੀ, ਪਾਸ ਕੀਤਾ ਗਿਆ। ਜਿਸ ਵਿੱਚ ਬੱਚੇ ਦੇ "10 ਅਧਿਕਾਰਾਂ" ਵੱਲੋਂ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦਾ ਫੈਸਲਾ ਕੀਤਾ ਗਿਆ ਸੀ। "ਮਾਂ ਤੇ ਰਾਸ਼ਟਰੀਅਤ", ਮਾਤਾ ਪਿਤਾ ਤੇ ਪਰਿਵਾਰ ਦੀ ਬੱਚਿਆਂ ਪ੍ਰਤੀ ਜ਼ਿੰਮੇਵਾਰੀ, ਪੌਸ਼ਟਿਕ-ਭੋਜਨ, ਨਸਲ, ਰੰਗ, ਭਾਸ਼ਾ, ਖੇਡਾਂ ਦੀ ਸੁਰੱਖਿਅਤਾ, ਅਨਾਥ ਅਤੇ ਮਾਨਸਿਕ ਬੀਮਾਰੀਆਂ ਵਾਲੀ ਹਾਲਤ ਦੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਮੁਹੱਈਆਂ ਕਰਨ ਦਾ ਟੀਚਾ ਮਿੱਥਿਆ ਗਿਆ ਸੀ। ਪਰ ਇਸ ਦੇ ਬਾਵਜੂਦ ਵੀ ਅੱਜ ਕਰੋੜਾਂ ਬੱਚੇ ਭੁੱਖੇ ਪੇਟ ਰਹਿ ਰਹੇ ਹਨ। 'ਸੰਯੁਕਤ ਰਾਸ਼ਟਰ' ਵੱਲੋਂ ਭੁੱਖ-ਮਰੀ ਦੀ ਇੱਕ ਰਿਪੋਰਟ ਜਾਰੀ ਕਰਦਿਆਂ ਕਿਹਾ ਹੈ, ਕਿ ਯੂ.ਐਨ.ਓ. ਦੀ ਸਨ 1945 ਦੀ ਕਾਇਮੀ ਤੋਂ ਬਾਅਦ ਸੰਸਾਰ ਨੂੰ ਸਭ ਤੋਂ ਵੱਡੇ 'ਮਾਨਵੀ ਦੁਖਾਂਤ' ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯਮਨ, ਦੱਖਣੀ ਸੁਡਾਨ, ਸੋਮਾਲੀਆ ਅਤੇ ਉਤਰੀ ਪੂਰਵੀ ਨਾਇਜੀਰੀਆ, ਚਾਰ ਮੁਲਕਾਂ ਦੇ ਲਗਭਗ ਦੋ ਕਰੋੜ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਪੰਜ ਸਾਲ ਦੇ 30 ਫੀਸਦ ਤੋਂ ਵੱਧ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਤੇ ਇਸੇ ਕਾਰਨ ਹੀ 10,000 ਵਿਅਕਤੀਆਂ ਪਿੱਛੇ ਰੋਜਾਨਾ ਦੋ ਜਾਂ ਤਿੰਨ ਮੌਤਾਂ ਹੋ ਜਾਂਦੀਆਂ ਹਨ। ਇਸ ਸਮੇਂ 'ਯਮਨ' ਵਿੱਚ ਇਹ ਮਾਨਵੀ ਦੁਖਾਂਤ ਵੱਡਾ ਹੈ, ਜਿੱਥੇ 1.88 ਕਰੋੜ ਲੋਕਾਂ, ਬੱਚਿਆਂ, ਇਸਤਰੀਆਂ ਨੂੰ ਮਦਦ ਦੀ ਲੋੜ ਹੈ। ਇਸੇ ਰਿਪੋਰਟ ਵਿੱਚ ਸੰਯੁਕਤ ਰਾਸ਼ਟਰ ਨੇ ਕਿਹਾ ਹੈ, ਕਿ ਭੁੱਖ-ਮਰੀ ਦੇ ਦੇਸ਼ਾਂ ਦੇ ਨਾਵਾਂ ਵਿੱਚ ਭਾਰਤ ਦਾ ਨਾਂ ਵੀ ਪਹਿਲੀਆਂ ਕਤਾਰਾਂ ਵਿੱਚ ਗਿਣਿਆ ਜਾ ਰਿਹਾ ਹੈ।

ਸੰਸਾਰ ਭਰ ਦੇ ਵਿੱਚ ਭੁੱਖਮਰੀ ਦੇ ਹਾਲਾਤਾਂ ਦਾ ਵਿਸ਼ਲੇਸ਼ਣ ਕਰਨ ਵਾਲੀ, ਗੈਰ ਸਰਕਾਰੀ ਅੰਤਰਰਾਸ਼ਟਰੀ ਸੰਸਥਾ "ਇੰਟਰਨੈਸ਼ਨਲ ਫੂਡ ਪਾਲਿਸੀ ਰੀਸਰਚ ਇੰਸਟੀਚਿਊਟ" (ਆਈ.ਐਫ.ਪੀ.ਆਰ.ਆਈ) ਦੇ ਅਨੁਸਾਰ 2017 'ਚ ਭਾਰਤ ਦੁਨੀਆਂ ਦੇ 129 ਦੇਸ਼ਾਂ ਦੇ ਸੂਚਕ ਅੰਕ ਵਿੱਚ 97 ਵੇਂ ਸਥਾਨ 'ਤੇ ਸੀ। ਪਿਛਲੇ ਸਾਲ ਇਹ ਤਿੰਨ ਅੰਕ ਥੱਲੇ ਚੱਲਾ ਗਿਆ ਅਤੇ 2019 'ਚ 103 ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਵਿਸ਼ਵ ਸੂਚਕ ਅੰਕ ਵਿੱਚ, "ਕਿਸੇ ਵੀ ਦੇਸ਼ ਵਿੱਚ ਭੁੱਖਮਰੀ ਦੇ ਹਾਲਾਤਾਂ ਦਾ ਪਤਾ ਲਗਾਉਣ ਲਈ ਮੁਲਅੰਕਣ ਵਿੱਚ, ਬੱਚਿਆਂ ਵਿੱਚ ਕੁਪੋਸ਼ਣ ਦੀ ਸਥਿਤੀ, ਸਰੀਰਕ ਤੰਦਰੁਸਤੀ ਤੇ ਬਾਲ ਮੌਤ ਦੀ ਦਰ ਉਪਰ ਕੀਤਾ ਜਾਂਦਾ ਹੈ"। ਆਈ. ਐਫ. ਪੀ. ਆਰ. ਆਈ. ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਬੱਚਿਆਂ ਦੀ ਸਥਿਤੀ ਬੇਹੱਦ ਗੰਭੀਰ ਹੈ। ਦੇਸ਼ ਵਿੱਚ 21 ਪ੍ਰਤੀਸ਼ਤ ਬੱਚਿਆਂ ਦੇ ਸਰੀਰ ਦਾ ਪੂਰਨ ਰੂਪ ਵਿੱਚ ਵਿਕਾਸ ਹੀ ਨਹੀਂ ਹੁੰਦਾ। ਪੰਜ ਸਾਲ ਤੋਂ ਘੱਟ ਉਮਰ ਦਾ ਹਰ ਦੂਸਰਾ ਬੱਚਾ ਕਿਸੇ ਨਾ ਕਿਸੇ ਕੁਪੋਸ਼ਣ ਦਾ ਸ਼ਿਕਾਰ ਹੈ। ਭੁੱਖਮਰੀ ਦੇ ਲਿਗਜ਼ ਨਾਲ ਏਸ਼ੀਆਂ ਵਿੱਚੋਂ ਭਾਰਤ ਦੀ ਹਾਲਤ ਆਪਣੇ ਗੁਆਂਢੀ ਮੁਲਕਾਂ ਤੋਂ ਵੀ ਖਰਾਬ ਹੈ। ਇਸ ਸੂਚਕ ਅੰਕ ਵਿੱਚ ਚੀਨ 29ਵੇਂ, ਨੇਪਾਲ 72ਵੇਂ, ਮੀਆਂਮਾਰ 77 ਵੇਂ, ਇਰਾਕ 78ਵੇਂ, ਸ਼੍ਰੀਲੰਕਾ 84ਵੇਂ ਅਤੇ ਉਤਰੀ ਕੋਰੀਆ 97 ਵੇਂ ਸਥਾਨ 'ਤੇ ਹੈ। ਜਦੋਂ ਕਿ ਭਾਰਤ 103ਵੇਂ, ਪਾਕਿਸਤਾਨ 106ਵੇਂ ਅਤੇ ਅਫ਼ਗਾਨਿਸਤਾਨ 107 ਵੇਂ ਸਥਾਨ 'ਤੇ ਹੈ। ਜੋ ਭਾਰਤ ਦੇਸ਼ ਦੇ ਕੇਂਦਰ ਦੇ ਹਾਕਮਾਂ ਲਈ ਜੋ ਦੁਨੀਆਂ ਅੰਦਰ ਮਹਾਂਸ਼ਕਤੀ ਬਣਨ ਲਈ "ਵਾਹਗਾਂ" ਮਾਰਦੇ ਫਿਰਦੇ ਹਨ ਇੱਕ ਸ਼ੀਸ਼ਾ ਹੈ"।

ਬਾਲ ਮਜ਼ਦੂਰੀ ਦੁਨੀਆਂ ਭਰ ਵਿੱਚ ਮਨੁੱਖਤਾ ਦੇ ਮੱਥੇ 'ਤੇ ਇੱਕ ਕਲੰਕ ਦਾ ਧੱਬਾ ਹੈ। ਇਸ ਬੁਰਾਈ ਨਾਲ ਬੱਚੇ ਆਪਣਾ ਬਚਪਨ, ਖੇਡਣ-ਕੁੱਦਣ, ਪੜ੍ਹਨ-ਲਿਖਣ ਆਦਿ ਦੇ ਸਾਰੇ ਅਧਿਕਾਰ ਗੁਆ ਲੈਂਦੇ ਹਨ। ਭਾਵੇਂ ਬਾਲ-ਮਜ਼ਦੂਰਾਂ ਦੀ ਭਲਾਈ ਨਾਲ ਸਬੰਧਿਤ ਬਹੁਤ ਸਾਰੇ ਕਾਨੂੰਨ ਹਾਕਮਾਂ ਵੱਲੋਂ ਬਣਾਏ ਹੋਏ ਹਨ, ਇਨ੍ਹਾਂ ਕਾਨੂੰਨਾਂ ਦਾ ਅਮਲ ਨਾਂਹ ਦੇ ਬਰਾਬਰ ਹੈ। "ਚਾਈਲਡ ਪਲੈਨਿੰਗ ਆਫ-ਲੇਬਰ ਐਕਟ 1933 ਅਤੇ ਬਾਲ ਰੁਜ਼ਗਾਰ ਐਕਟ 1938 ਜੋ ਬਰਤਾਨਵੀ ਸਾਮਰਾਜ ਵੇਲੇ ਬਣਾਏ ਗਏ ਸਨ, ਕਿ 15 ਸਾਲ ਤੋਂ ਘੱਟ ਉਮਰ ਵਾਲਾ ਕੋਈ ਵੀ ਬੱਚਾ 'ਜ਼ੋਖਮ' ਭਰੇ ਕੰਮ ਨਹੀਂ ਕਰ ਸਕਦਾ"। 1948 'ਚ ਫੈਕਟਰੀ ਐਕਟ, 1948 'ਚ ਹੀ ਮਿਨੀਮਮ ਵੇਜ਼ ਐਕਟ, 1951 'ਚ ਪਲਾਂਟੇਸ਼ਨ ਲੇਬਰ ਐਕਟ, 1952 'ਚ ਮਾਈਨਜ਼ ਐਕਟ, 1958 'ਚ ਮਰਚਿੰਗ ਸ਼ਿਪਿੰਗ ਐਕਟ, 1962 'ਚ ਮੋਟਰ ਟਰਾਂਸਪੋਰਟ ਵਰਕਰਸ ਐਕਟ, 1966 'ਚ ਅਟੌਮਿਕ ਐਨਰਜੀ ਐਕਟ, 1986 'ਚ ਬੀੜੀ ਐਂਡ ਸਿਗਾਰ ਵਰਕਸ ਐਕਟ, (ਕੰਡੀਸ਼ਨ ਆਫ਼ ਇੰਪਲਾਇਮੈਂਟ) ਚਾਈਲਡ ਲੇਬਰ (ਪ੍ਰੋਹਿਬਸ਼ਨ ਐਂਡ ਰੇਗੂਲੇਸ਼ਨ ਐਕਟ) ਅਤੇ ਸੋਧਿਆ ਹੋਇਆ 10 ਅਕਤੂਬਰ 2006 ਦਾ ਕਾਨੂੰਨ ਬਣਾਏ ਗਏ ਹਨ"। ਪਰ 1933 ਤੋਂ ਲੈ ਕੇ ਹੁਣ ਤੱਕ ਭਾਵੇਂ ਦੇਸ਼ ਅੰਦਰ ਬਾਲ ਮਜ਼ਦੂਰੀ ਨੂੰ ਰੋਕਣ ਲਈ 38 ਤੋਂ ਵੱਧ ਕਾਨੂੰਨ ਹੋਂਦ ਵਿੱਚ ਆਏ, ਪਰ ਅਫ਼ਸੋਸ ਹੈ ਕਿ ਇਨ੍ਹਾਂ 87 ਸਾਲਾਂ ਵਿੱਚ ਇਹੋ ਜਿਹੇ ਕਾਨੂੰਨਾਂ ਦੇ ਬਣਨ ਤੋਂ ਬਾਅਦ ਵੀ ਬਾਲ ਮਜ਼ਦੂਰੀ ਦਾ ਖ਼ਾਤਮਾ ਹੀ ਨਹੀਂ ਹੋਇਆ ਹੈ, ਸਗੋਂ ਬਾਲ ਮਜ਼ਦੂਰਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੀ ਹੋ ਰਿਹਾ ਹੈ। ਦੇਸ਼ ਵਿੱਚ ਲਗਭਗ 8 ਕਰੋੜ ਤੋਂ ਵੀ ਵੱਧ ਬਾਲਾਂ ਨੂੰ ਮਜ਼ਬੂਰੀ ਕਾਰਨ ਮਜ਼ਦੂਰੀ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਭਾਰਤ ਵਿੱਚ ਸਭ ਤੋਂ ਵੱਧ ਬਾਲ-ਮਜ਼ਦੂਰ ਸ਼ਕਤੀ ਉਪਲੱਬਧ ਹੈ। ਦੁਨੀਆਂ ਦੇ ਮਹਾਨ ਚਿੰਤਨ ਪੂੰਜੀ (ਕੈਪੀਟਲ) ਦੇ ਰਚੇਤਾ 'ਕਾਰਲ ਮਾਰਕਸ' ਨੇ ਆਪਣੀ ਮਹਾਨ ਕਿਰਤ ਵਿੱਚ ਵਰਣਨ ਕੀਤਾ ਸੀ, ਉਕਿ ਕਿਵੇਂ ਸਰਮਾਇਆ ਆਪਣੀ ਵਾਧੂ ਕਿਰਤ (ਕਦਰ) ਲਈ 'ਬਘਿਆੜੇ' ਦੀ ਭੁੱਖ ਨੂੰ ਪੂਰਾ ਕਰਨ ਲਈ "ਇਸਤਰੀਆਂ ਅਤੇ ਬੱਚਿਆਂ" ਨੂੰ ਵੀ ਸਸਤੀ ਕਿਰਤ ਸ਼ਕਤੀ ਵਿੱਚ ਲਪੇਟ ਲੈਂਦਾ ਹੈ। ਮਈ 2020 ਦੇ ਪਹਿਲੇ ਹਫ਼ਤੇ ਦੇਸ਼ ਦੇ ਹਾਕਮਾਂ ਸੰਘ-ਪਰਿਵਾਰ ਦੀਆਂ ਰਾਜ ਕਰ ਰਹੀਆਂ ਸਰਕਾਰਾਂ ਨੇ ਸਾਰੇ ਕਿਰਤ ਕਾਨੂੰਨ "ਇੱਕ" ਲਕੀਰ ਮਾਰ ਕੇ ਖ਼ਤਮ ਕਰ ਦਿੱਤੇ ਹਨ। ਕਿਰਤੀਆਂ ਨੂੰ ਪੂੰਜੀਪਤੀਆਂ (ਬਘਿਆੜਾਂ) ਸਾਹਮਣੇ ਮਰਨ ਲਈ ਪੇਸ਼ ਕਰ ਦਿੱਤਾ ਹੈ। 1973 ਵਿੱਚ "ਕੌਮਾਂਤਰੀ ਕਿਰਤ ਸੰਸਥਾ" ਨੇ ਇੱਕ ਸੰਧੀ ਪ੍ਰਵਾਨ ਕੀਤੀ ਸੀ, ਉਕਿ 15 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਕੰਮ 'ਤੇ ਨਹੀਂ ਲਗਾਇਆ ਜਾ ਸਕਦਾ ਹੈ। ਪਰ! ਸਾਲ 2011 ਦੀ ਜਨ ਗਣਨਾ ਦੇ ਅੰਕੜੇ ਦੱਸਦੇ ਹਨ, ਉਕਿ ਪੰਜ ਸਾਲ ਤੋਂ 6 ਸਾਲ ਦੀ ਉਮਰ ਦੇ 8.5 ਕਰੋੜ ਬੱਚੇ ਆਰਥਿਕ ਤੰਗੀ ਕਾਰਨ ਸਕੂਲ ਨਹੀਂ ਜਾਂਦੇ। ਜਦ ਕਿ 78 ਲੱਖ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਘਰ ਦੀ ਆਰਥਿਕਤਾ ਨੂੰ ਬਿਹਤਰ ਬਣਾਉਣ ਲਈ ਕੰਮ ਵੀ ਕਰਨਾ ਪੈ ਰਿਹਾ ਹੈ"। ਫਿਰ ਵੀ ਸਾਡੇ ਦੇਸ਼ ਦੇ ਹਾਕਮ ਕਹਿੰਦੇ ਹਨ, ਕਿ ਸਾਡਾ ਦੇਸ਼ ਮਹਾਨ ਹੈ।

1979 ਦਾ ਵਰ੍ਹਾ 'ਸੰਯੁਕਤ ਰਾਸ਼ਟਰ' ਵੱਲੋਂ 'ਅੰਤਰਰਾਸ਼ਟਰੀ ਬਾਲ ਵਰ੍ਹੇ' ਦੇ ਰੂਪ ਵਿੱਚ ਸੰਸਾਰ ਭਰ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ। ਭਾਰਤ ਵਿੱਚ ਵੀ ਦੇਸ਼ ਦੀ ਰਾਜਧਾਨੀ, ਪਿੰਡਾਂ, ਸ਼ਹਿਰਾਂ, ਸਕੂਲਾਂ ਵਿੱਚ ਇਹ ਦਿਨ ਰਸਮੀ ਇਕੱਠ ਕਰਕੇ ਵੀ ਮਨਾਇਆ ਜਾਂਦਾ ਹੈ। ਬੱਚਿਆਂ ਦੀ ਪਰਵਰਿਸ਼ ਲਈ ਉਨ੍ਹਾਂ ਦੀ ਮੌਤ ਦਰ ਥੱਲੇ ਲਿਆਉਣ ਲਈ ਚਲਦੀਆਂ ਫਿਰਦੀਆਂ ਡਿਸਪੈਂਸਰੀਆਂ ਖੋਲ੍ਹਣ ਲਈ ਦਸ ਨੁਕਾਤੀ ਪ੍ਰੋਗਰਾਮ ਅਧੀਨ ਬਾਲ ਭਲਾਈ ਫੰਡ ਕਾਇਮ ਕੀਤੇ ਗਏ। ਬੱਚਿਆਂ ਸਬੰਧੀ ਬਣੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਵਾਅਦੇ ਕੀਤੇ ਗਏ। ਪਰ! ਹੋਇਆ ਇਸ ਤੋਂ ਉਲਟ ਹੈ। ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਇਨ੍ਹਾਂ ਐਕਟਾਂ ਦੇ ਬਣਨ ਦੇ ਬਾਅਦ ਵੀ ਦੇਸ਼ ਵਿੱਚ 8 ਕਰੋੜ ਤੋਂ ਵੱਧ ਬੱਚੇ ਦੁਕਾਨਾਂ, ਘਰਾਂ, ਹੋਟਲਾਂ, ਭੱਠਿਆਂ, ਖੇਤਾਂ, ਕਾਰਖਾਨਿਆਂ ਆਦਿ ਵਿੱਚ ਪੇਟ ਦੀ ਭੁੱਖ ਮਿਟਾਉਣ ਲਈ ਕੰਮ ਕਰਨ ਲਈ ਮਜ਼ਬੂਰ ਹਨ। ਉਸੰਯੁਕਤ ਰਾਸ਼ਟਰ ਦੇ ਮਜ਼ਦੂਰ ਸੰਘ ਦੀ ਇੱਕ ਸਲਾਨਾ ਰਿਪੋਰਟ ਮੁਤਾਬਿਕ ਵਿਸ਼ਵ ਦਾ ਹਰ ਛੇਵਾਂ ਬਾਲ ਮਜ਼ਦੂਰ ਭਾਰਤ ਵਿੱਚ ਪਾਇਆ ਜਾਂਦਾ ਹੈ। ਕੀ ਇਹ ਹੈ ਸਾਡਾ ਦੇਸ਼ ਮਹਾਨ!

1986 'ਚ ਬਾਲ ਮਜ਼ਦੂਰੀ ਨੂੰ ਖ਼ਤਮ ਕਰਨ ਵਾਲੇ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਤੋਂ ਬਾਅਦ ਵੀ ਅੱਜ! ਵੀ ਫਿਰੋਜਾਬਾਦ ਵਿਖੇ ਕੱਚ ਦੇ ਕਾਰਖਾਨਿਆਂ, ਸ਼ਿਵਾਕਸ਼ੀ ਪਟਾਕੇ ਦੇ ਕਾਰਖਾਨਿਆਂ, ਬੀੜੀਆਂ, ਤੀਲਾਂ ਦੀਆਂ ਡੱਬੀਆਂ ਬਣਾਉਣ, ਪਿੱਤਲ ਦੇ ਬਰਤਨ ਸਾਫ਼ ਕਰਨ, ਮਿਰਜ਼ਾਪੁਰ ਗਲੀਚੇ ਬਣਾਉਣ ਵਾਲੇ ਕਾਰਖਾਨਿਆਂ ਵਿੱਚ ਜ਼ੋਖਮ ਭਰੇ ਕੰਮ ਕਰਨ ਲਈ 10-12 ਰੁਪਏ ਦੀ ਮਜ਼ਦੂਰੀ ਕਰਨ ਲਈ ਬੱਚੇ ਮਜ਼ਬੂਰ ਹਨ। ਭਾਵੇਂ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਬਾਲ ਮਜ਼ਦੂਰੀ ਰੋਕਣ ਲਈ ਹਦਾਇਤਾਂ ਵੀ ਦਿੱਤੀਆਂ ਹਨ ਪ੍ਰੰਤੂ ਬੱਸ-ਅੱਡਿਆਂ, ਪਲੇਟਫਾਰਮਾਂ 'ਤੇ ਛੋਟੇ ਬਾਲ ਬੂਟ ਪਾਲਿਸ਼ ਕਰਦੇ, ਭੀਖ ਮੰਗ ਦੇ ਆਮ ਦੇਖੇ ਜਾ ਸਕਦੇ ਹਨ। ਬਾਲ ਵੇਸਵਾ ਗਮਨੀ, ਬੱਚਿਆਂ ਨਾਲ ਜਿਨਸੀ ਬਦਸਲੂਕੀ, ਜ਼ਬਰ ਜਿਨਾਹ ਵਿੱਚ ਹੋਏ ਵਾਧੇ ਨੂੰ ਸਰਕਾਰ ਵੀ ਖੁਦ ਮੰਨਦੀ ਹੈ। ਪਰ ਪੁਲਿਸ ਤੇ ਰਾਜਨੀਤੀ ਦੀ ਮਿਲੀਭੁਗਤ ਨਾਲ ਇਸ ਬੁਰਾਈ ਵਿੱਚ ਬੜੀ ਬੇ-ਕਿਰਕੀ ਨਾਲ ਵਾਧਾ ਹੋ ਰਿਹਾ ਹੈ।

ਆਈ.ਐਲ.ਓ ਦੀ ਇੱਕ ਰਿਪੋਰਟ ਮੁਤਾਬਿਕ (2016-17) ਉਦੁਨੀਆਂ ਅੰਦਰ 5 ਤੋਂ 7 ਸਾਲ ਦੇ 15.2 ਕਰੋੜ ਬਾਲ ਮਜ਼ਦੂਰ ਹਨ। ਜਿਨ੍ਹਾਂ ਵਿੱਚੋਂ ਭਾਰਤ ਵਿੱਚ ਹੀ 2.38 ਕਰੋੜ ਬਾਲ ਮਜ਼ਦੂਰ ਹਨ। ਜਿਨ੍ਹਾਂ ਵਿੱਚੋਂ 80

ਫੀਸਦ ਬਾਲ ਮਜ਼ਦੂਰ ਪੇਂਡੂ ਖੇਤਰ 'ਚ ਖੇਤੀ ਦੇ ਧੰਦੇ ਵਿੱਚ ਕੰਮ ਕਰਦੇ ਹਨ। ਜਨਗਣਨਾ ਦੇ ਅੰਕੜਿਆਂ ਦਾ "ਚਾਈਲਡ ਰਾਈਟਸ ਫਾਰ ਯੂ" ਵੱਲੋਂ ਕੀਤਾ ਗਿਆ ਇੱਕ ਖ਼ੁਲਾਸਾ ਹੈਰਾਨ ਕਰਨ ਵਾਲਾ ਸੀ। ਸਾਲ ਵਿੱਚ ਛੇ ਮਹੀਨੇ ਤੋਂ ਜ਼ਿਆਦਾ ਕੰਮ ਕਰਨ ਵਾਲੇ 7 ਤੋਂ 14 ਸਾਲ ਦੇ 14 ਲੱਖ ਬਾਲ ਮਜ਼ਦੂਰ ਅਜਿਹੇ ਹਨ, ਜੋ ਆਪਣਾ ਨਾਂ ਵੀ ਨਹੀਂ ਲਿਖ ਸਕਦੇ। ਇੱਕ ਸਾਲ ਵਿੱਚ ਛੇ ਮਹੀਨੇ ਤੋਂ ਘੱਟ ਕੰਮ ਕਰਕੇ ਆਪਣੇ ਪਰਿਵਾਰ ਨੂੰ ਸਹਿਯੋਗ ਕਰਨ ਵਾਲੇ 20 ਲੱਖ ਬੱਚਿਆਂ ਨੂੰ ਗਰੀਬੀ ਕਾਰਨ ਆਪਣੀ ਪੜ੍ਹਾਈ ਵਿੱਚੇ ਹੀ ਛੱਡਣੀ ਪੈਂਦੀ ਹੈ।

ਦੇਸ਼ ਦੇ ਹਾਕਮ 73 ਸਾਲਾਂ ਦੀ ਆਜ਼ਾਦੀ ਬਾਅਦ ਅਜੇ ਤੱਕ ਬੱਚਿਆਂ ਦੀਆਂ ਸਮੱਸਿਆਵਾਂ ਦਾ ਹੱਲ ਹੀ ਨਹੀਂ ਕਰ ਸਕੇ ਹਨ। ਬੱਚਿਆਂ ਦੀ ਮੌਤ ਦਰ ਘਟਾਉਣ ਵਿੱਚ ਵੀ ਇਹ ਸਰਕਾਰਾਂ ਨਾ ਕਾਮਯਾਬ ਰਹੀਆਂ ਹਨ। ਬੱਚਿਆਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਦੀ ਤਹਿਤਕ ਜਾਣ ਲਈ ਨਾਂ ਤਾਂ ਕੇਂਦਰ ਦੀ ਸਰਕਾਰ ਤੇ ਨਾਂ ਹੀ ਰਾਜ ਸਰਕਾਰਾਂ ਚਿੰਤਤ ਹਨ। ਕੋਵਿਡ-19 ਦੀ ਆਫ਼ਤ ਨੂੰ ਰੋਕਣ ਲਈ ਸਾਡੇ ਪਾਸ ਫੌਰੀ ਸਾਜੋ ਸਮਾਨ ਹਸਪਤਾਲਾਂ ਵਿੱਚ ਨਹੀਂ ਹੈ। ਸਾਲ 2019 ਵਿੱਚ ਨਵ ਜਨਮੇਂ ਬੱਚਿਆਂ ਦੀਆਂ ਦੇਸ਼ ਦੇ 6 ਵੱਡੇ ਰਾਜਾਂ ਦੇ 10 ਸ਼ਹਿਰਾਂ ਦੇ ਹਸਪਤਾਲਾਂ ਵਿੱਚ ਹੋਈਆਂ ਮੌਤਾਂ ਨੇ ਸੂਬਾਈ ਸਰਕਾਰਾਂ ਤੇ ਹਸਪਤਾਲ ਇਲਾਜ ਕਰ ਰਹੇ ਡਾਕਟਰਾਂ ਦੀ ਅਣਗਿਹਲੀ ਦੀ ਪੋਲ ਖੋਲ੍ਹੀ ਹੈ। ਖ਼ਾਸ ਕਰਕੇ ਯੂ.ਪੀ. ਜਿੱਥੇ ਬੀ.ਜੇ.ਪੀ ਦਾ ਰਾਜ ਹੈ। ਇੱਕ ਸਾਲ ਵਿੱਚ 6 ਵੱਡੇ ਸ਼ਹਿਰਾਂ ਦੇ ਹਸਪਤਾਲਾਂ ਵਿੱਚ 9,336 ਨੰਨ੍ਹੇ ਬੱਚਿਆਂ ਨੂੰ ਸਮੇਂ ਸਿਰ ਇਲਾਜ ਨਾ ਮਿਲਣ ਕਾਰਨ ਮੌਤ ਦੇ ਮੂੰਹ 'ਚ ਜਾਣਾ ਪਿਆ। ਬੀਕਾਨੇਰ ਵਿਖੇ ਪੀ.ਬੀ.ਐਮ ਬੱਚਿਆਂ ਦੇ ਹਸਪਤਾਲ ਵਿੱਚ ਜਿੱਥੇ ਬੀ ਜੇ ਪੀ ਦਾ ਰਾਜ ਰਿਹਾ ਸੀ, ਵਿੱਚ ਇੱਕ ਸਾਲ ਵਿੱਚ ਸਭ ਤੋਂ ਵੱਧ 1681 ਨੰਨ੍ਹੇ ਬੱਚਿਆਂ ਦਾ ਸਮੇਂ ਸਿਰ ਇਲਾਜ ਨਾ ਹੋਣ ਨਾਲ ਮੌਤਾਂ ਹੋਈਆਂ। ਇਸੇ ਤਰਾਂ ਜੇ.ਕੇ. ਲੋਨ ਜੈਪੁਰ 1,630, ਡਾ. ਸੰਪੂਰਨ ਨੰਦ ਮੈਡੀਕਲ ਕਾਲ ਜੋਧਪੁਰ 754, ਜੇ.ਕੇ. ਲੋਨ ਕੋਟਾ ਹਸਪਤਾਲ 'ਚ 963, ਕੇ.ਜੀ.ਐਮ.ਯੂ. ਲਖਨਊ 650, ਰਿਮਸ (ਰਾਂਚੀ) ਝਾਰਖੰਡ ਰਜਿੰਦਰਾ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ 1150, ਭੂਪਾਲ (ਮੱਧ ਪ੍ਰਦੇਸ਼) ਹਮੀਦੀਆ ਹਸਪਤਾਲ 800, ਐਮ.ਵਾਏ ਇੰਦੌਰ ਹਸਪਤਾਲ 500, ਸੁਸਨ ਹਸਪਤਾਲ ਪੂਨਾ 208 ਅਤੇ ਸਿਵਲ ਹਸਪਤਾਲ ਰਾਜਕੋਟ (ਗੁਜਰਾਤ) ਵਿੱਚ 1000 ਬੱਚੇ ਇੱਕ ਸਾਲ ਵਿੱਚ ਮੌਤ ਦੇ ਮੂੰਹ 'ਚ ਚਲੇ ਗਏ। ਸਿਰਫ਼ ਛੇ ਰਾਜਾਂ ਦੇ 10 ਵੱਡੇ ਸ਼ਹਿਰਾਂ ਦੀ ਦੁਖਦਾਇਕ ਝਲਕ ਹੈ ਤਾਂ ਪੂਰੇ ਦੇਸ਼ ਦਾ ਕੀ ਹਾਲ ਹੋਵੇਗਾ। ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ। ਇਹ ਸਵਾਲ ਸਾਡੇ ਸਾਹਮਣੇ ਉਭਰ ਕਟ ਵਾਰ ਵਾਰ ਆ ਰਿਹਾ ਹੈ ਕਿ ਦੇਸ਼ ਦੇ ਭਵਿੱਖ ਦੀ ਹੋਣੀ ਕਿਵੇਂ ਪਾਰ ਹੋਵੇਗੀ।

ਇਨ੍ਹਾਂ ਹਸਪਤਾਲਾਂ ਵਿੱਚ ਬੱਚਿਆਂ ਦੀਆਂ ਮੌਤਾਂ ਦੇ ਜੋ ਕਾਰਨ ਸਾਹਮਣੇ ਆਏ ਹਨ ਦੀ ਰਿਪੋਰਟ ਮੁਤਾਬਿਕ ਹਸਪਤਾਲ ਵਿੱਚ ਦਮ ਤੋੜ ਚੁੱਕੇ (ਪੁਰਾਣੇ ਹੋ ਚੁੱਕੇ) ਵੈਂਟੀਲੇਟਰ, ਖ਼ਰਾਬ ਵਾਰਮਰ, ਇਮਫਿਊਜਨ ਪੰਪ ਦੇ ਨਾਲ ਨਾਲ ਸਟਾਫ਼, ਡਾਕਟਰਾਂ ਦੀ ਘਾਟ ਕਾਰਨ ਅਤੇ ਹਸਪਤਾਲਾਂ ਵਿੱਚ ਪੂਰਾ ਸਾਜੋ ਸਮਾਨ ਤੇ ਦਵਾਈਆਂ ਨਾ ਹੋਣ ਦਾ ਕਾਰਨ ਦੱਸਿਆ ਗਿਆ ਹੈ।

ਅੱਜ ਲੋੜ ਹੈ ਦੇਸ਼ ਦੇ ਵਾਰਸ, ਸਮਾਜ ਦੀ ਪਨੀਰੀ ਦੇ ਭੱਖ ਦੇ ਮਸਲੇ ਜੋ ਅਜਿਹੇ ਹਨ, ਜਿਨ੍ਹਾਂ ਦਾ ਹੱਲ ਵੀ ਸਮਾਜਿਕ ਢਾਂਚੇ ਨਾਲ ਬੱਝਿਆ ਹੋਇਆ ਹੈ। ਅੱਜ! ਪੂੰਜੀਵਾਦ ਵੱਲੋਂ ਸਾਰੀ ਮਨੁੱਖਤਾ ਦੇ ਸਾਹਮਣੇ 'ਗਰੀਬੀ ਤੇ ਭੁੱਖ' ਦੇ ਮੁੱਦੇ ਨੂੰ ਮੁੱਖ ਸਮੱਸਿਆ ਵੱਜੋਂ ਪੇਸ਼ ਕਰਕੇ ਜਨ-ਸਮੂਹ ਲਈ ਢੇਰ ਸਾਰੀਆਂ ਦੁਸ਼ਵਾਰੀਆਂ ਪੇਸ਼ ਕਰ ਦਿੱਤੀਆਂ ਹਨ। ਇਸ ਲਈ ਅੱਜ! ਮੁੱਖ ਮੁਦਾ 'ਰੁਜ਼ਗਾਰ' ਬਣਾ ਦਿੱਤਾ ਗਿਆ ਹੈ। ਜਿਨ੍ਹਾਂ ਚਿਰ ਸਾਰਿਆਂ ਨੂੰ ਰੁਜ਼ਗਾਰ ਨਹੀਂ ਮਿਲਦਾ, ਨਿਰਭਰਤਾ ਕਾਰਨ 'ਬਾਲ-ਮਜ਼ਦੂਰੀ' ਵੀ ਖ਼ਤਮ ਨਹੀਂ ਹੋ ਸਕਦੀ? ਇਸ ਲਈ ਦੁਨੀਆਂ ਦੇ ਭਵਿੱਖ, ਕੱਲ ਦੇ ਸਾਡੇ ਵਾਰਸ, ਇਨ੍ਹਾਂ ਅੱਧ-ਖਿੜੇ ਫੁੱਲਾਂ ਨੂੰ ਕਿ ਇਹ ਮੁਰਝਾਅ ਨਾ ਜਾਣ, ਬੱਚਿਆਂ ਦੇ ਹੱਕਾਂ 'ਚ ਸੰਸਾਰ ਅੰਦਰ, ਮਿਲ ਕੇ ਜ਼ਬਰਦਸਤ ਲਹਿਰਾਂ ਉਸਾਰੀਏ ਤੇ ਬੱਚਿਆਂ ਦੇ ਹੱਕਾਂ-ਹਿੱਤਾਂ ਤੇ ਅਧਿਕਾਰਾਂ ਆਦਿ ਲਈ ਸਾਰੇ ਮਿਲ ਕੇ ਸੰਘਰਸ਼ ਕਰੀਏ ? ਸਰਵਜਨਕ ਤੌਰ 'ਤੇ ਹਰ ਬੱਚੇ ਦੇ ਮਾਂ ਦੇ ਗਰਭ ਵਿੱਚ ਆਉਣ ਤੋਂ ਲੈ ਕੇ ਪੈਦਾਇਸ਼ ਤੋਂ ਪਿੱਛੋਂ ਤੱਕ ਦੀਆਂ ਡਾਕਟਰੀ ਸਹੂਲਤਾਂ, ਪਾਲਣ-ਪੋਸ਼ਣ, ਮੁਫ਼ਤ ਤੇ ਲਾਜ਼ਮੀ ਵਿੱਦਿਆ, ਮੁਫ਼ਤ ਖਾਣਾ, ਰੁਜ਼ਗਾਰ ਦੀ ਗਰੰਟੀ ਆਦਿ ਲਈ ਸਰਕਾਰਾਂ ਜ਼ਿੰਮੇਵਾਰ ਹੋਣ? ਬੱਚੇ ਦੇ ਮਾਨਸਿਕ ਵਿਕਾਸ ਲਈ ਖੇਡਾਂ ਅਤੇ ਬੋਧਿਕ ਉਥਾਨ ਲਈ ਸਮਾਜ ਅੰਦਰ ਬਿਨਾਂ ਕਿਸੇ ਵਿਤਕਰੇ ਦੇ ਵੱਧਣ ਫੁੱਲਣ ਲਈ ਬਰਾਬਰ ਦੇ ਮੌਕੇ ਪੈਦਾ ਕਰਨ ਲਈ ਇੱਕ ਅੰਦੋਲਨ ਵਿੱਢੀਏ? "ਬਾਲਾਂ ਦੀ ਮੁਕਤੀ ਤੇ ਰੌਸ਼ਨ ਭਵਿੱਖ" ਲਈ ਆਓ! ਅਜਿਹੇ ਮਾਹੌਲ ਨੂੰ ਸਿਰਜਣ ਲਈ ਵਿਤਕਰੇ ਰਹਿਤ ਸਮਾਜ ਦੀ ਉਸਾਰੀ ਦੀ ਕਲਪਨਾ ਹੀ ਨਾ ਕਰੀਏ? ਸਗੋਂ! ਅਮਲੀ ਰੂਪ ਵਿੱਚ ਇਸ ਮੌਕੇ ਦੇ ਭਾਈਵਾਲ ਵੀ ਬਣੀਏ?

# ਲੋਕਾਂ ਨੂੰ ਰਾਹ ਦੇ ਲਾਰ੍ਹੇ, ਸਰਕਾਰ ਕਰਦੀ ਲੁਕਵੇਂ ਕਾਰੇ

(ਸਫ਼ਾ 3 ਦੀ ਬਾਕੀ)

ਨੂੰ ਸਬਸਿਡੀਆਂ ਦੇਣ ਦੇ ਸੂਬਾ ਸਰਕਾਰਾਂ ਦੇ ਅਧਿਕਾਰਾਂ ਨੂੰ ਸਥਾਪਤ ਕਰਦੀਆਂ ਹਨ। ਇਉਂ ਵਿੱਤ ਮੰਤਰੀ ਨੇ ਲਾਕ-ਡਾਊਨ ਦੌਰਾਨ ਭੁੱਖ-ਮਰੀ ਦਾ ਸ਼ਿਕਾਰ ਹੋਣ ਵਾਲੇ ਖੇਤ ਮਜ਼ਦੂਰਾਂ ਲਈ ਜ਼ਮੀਨ ਦੀ ਤੋਟ-ਪੂਰਤੀ, ਕਰਜ਼-ਮੁਕਤੀ, ਰੁਜ਼ਗਾਰ ਪ੍ਰਾਪਤੀ, ਭੁੱਖ-ਮਰੀ ਅਤੇ ਗਰੀਬੀ ਤੋਂ ਨਿਯਾਤ ਵਰਗੇ ਮੁੱਦਿਆਂ ਨੂੰ ਛੋਹਣ ਦੀ ਵੀ ਜ਼ਰੂਰਤ ਨਹੀਂ ਸਮਝੀ। ਮਗਨਰੇਗਾ ਦੀਆਂ ਕੰਮ-ਦਿਹਾੜੀਆਂ ਤੇ ਵੇਤਨ ਵਧਾਉਣ ਵੱਲ ਧਿਆਨ ਨਹੀਂ ਦਿੱਤਾ।

ਮੱਧ ਵਰਗ ਦੀਆਂ ਹੇਠਲੀਆਂ ਪਰਤਾਂ, ਠੇਕਾ ਕਾਮਿਆਂ ਤੇ ਠੇਕਾ ਮੁਲਾਜ਼ਮਾਂ ਅਤੇ ਹੋਰਨਾਂ ਦੀਆਂ ਲਾਕ-ਡਾਊਨ ਦੌਰਾਨ ਬੱਚਤਾਂ ਸਮਾਪਤ ਹੋ ਗਈਆਂ, ਨਿੱਤ ਦਿਹਾੜੀ ਰੋਟੀ-ਪਾਣੀ ਦਾ ਖਰਚਾ ਪੂਰਾ ਕਰਨ ਲਈ ਉਧਾਰ ਫੜਨਾ ਮੁਹਾਲ ਹੋ ਗਿਆ। ਵਿੱਤ ਮੰਤਰੀ ਦੇ ਰਾਹਤ ਪ੍ਰੋਗਰਾਮ ਵਿੱਚੋਂ ਇਸ ਵਰਗ ਦਾ ਹਿੱਸਾ ਗਾਇਬ ਹੈ।

ਮੁਲਕ ਭਰ ਵਿਚ ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਦੀ ਗਿਣਤੀ 6.3 ਕਰੋੜ ਬਣਦੀ ਹੈ। ਇਹਨਾਂ ਉਦਯੋਗਾਂ ਵੱਲੋਂ ਕੁੱਲ ਕੌਮੀ ਆਮਦਨ 'ਚ 30% ਹਿੱਸਾ ਪਾਇਆ ਜਾਂਦਾ ਹੈ। ਨਿਰਯਾਤ ਵਿਚ 50% ਹਿੱਸਾ ਪਾਇਆ ਜਾਂਦਾ ਹੈ। ਇਨਾਂ ਉਦਯੋਗਾਂ ਵਿਚ 11 ਕਰੋੜ ਲੋਕਾਂ ਨੂੰ ਰੁਜ਼ਗਾਰ ਹਾਸਲ ਹੁੰਦਾ ਹੈ। ਨੋਟਬੰਦੀ ਤੇ ਜੀ. ਐਸ. ਟੀ ਤੋਂ ਬਾਅਦ ਹੁਣ ਲੰਬੇ ਅਤੇ ਸਹਾਇਤਾ ਰਹਿਤ ਲਾਕ-ਡਾਊਨ ਨੇ ਇਸ ਖੇਤਰ ਨੂੰ ਡੁੱਬਣ ਕਿਨਾਰੇ ਲਿਆ ਖੜ੍ਹਾ ਕੀਤਾ ਹੈ। ਵਿਤ ਮੰਤਰੀ ਦੇ ਰਾਹਤ ਐਲਾਨਾਂ ਨੇ 6.3 ਕਰੋੜ ਕਾਰੋਬਾਰਾਂ ਵਿਚੋਂ 45 ਲੱਖ ਬਣਦੀ ਉੱਪਰਲੀ ਪਰਤ ਨੂੰ ਤਾਂ ਗਿਣਿਆ ਹੈ ਪਰ ਬਾਕੀ 5 ਕਰੋੜ 80 ਲੱਖ ਉਦਯੋਗਾਂ ਨੂੰ ਉੱਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਹੈ। 45 ਲੱਖ ਉਦਯੋਗਾਂ ਨੂੰ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇਣ ਦਾ ਫੈਸਲਾ ਕੀਤਾ ਹੈ ਅਤੇ ਕੇਂਦਰੀ ਸਕਕਾਰਾਂ ਵੱਲੋਂ ਬੈਂਕ ਗਰੰਟੀਆਂ ਦਿੱਤੀਆਂ ਜਾਣ ਦਾ ਫੈਸਲਾ ਕੀਤਾ ਹੈ। ਪਰ 6.3 ਕਰੋੜ ਉਦਯੋਗਾਂ ਦੇ 5 ਲੱਖ ਕਰੋੜ ਦੇ ਬਕਾਏ ਕੇਂਦਰ ਸਰਕਾਰ , ਕੇਂਦਰੀ ਸੈਕਟਰ ਦੀਆਂ ਕਾਰਪੋਰੇਸ਼ਨਾਂ, ਸੂਬਾ ਸਰਕਾਰਾਂ ਅਤੇ ਸੂਬਾਈ ਪਬਲਿਕ ਸੈਕਟਰ ਦੀਆਂ ਕਾਰਪੋਰੇਸ਼ਨਾਂ ਅਤੇ ਨਿੱਜੀ ਕਾਰੋਬਾਰਾਂ ਕੋਲ ਫਸੇ ਪਏ ਹਨ। ਵਿੱਤ ਮੰਤਰੀ ਨੇ ਇਹ ਬਕਾਏ ਕਢਵਾਉਣ ਲਈ ਕੋਈ ਲੜ-ਪੱਲਾ ਨਹੀਂ ਫੜਾਇਆ। ਹਾਲਾਂਕਿ ਉਹਨਾਂ ਨੂੰ ਲੋੜ ਸੀ ਕਿ ਲੌਕਡਾਊਨ ਖਤਮ ਹੋਣ ਤੱਕ ਵਰਕਰਾਂ ਨੂੰ ਤਨਖਾਹ ਦੇਣ ਲਈ ਰਾਸ਼ੀ ਮਿਲ ਜਾਵੇ , ਬੈਂਕ ਕਿਸ਼ਤਾਂ 'ਤਾਰਨ 'ਚ ਸਹਾਇਤਾ ਹੋਵੇ ਤੇ ਹੋਰ ਕਾਰੋਬਾਰੀ ਖਰਚੇ ਭਰਨ ਲਈ ਸਹਾਇਤਾ ਮਿਲੇ। ਪਰ ਮਿਲੇ ਉਹਨਾਂ ਨੂੰ ਆਵਦੇ ਬਕਾਏ ਵੀ ਨਹੀਂ ਹਨ।

ਕੁੱਲ ਮਿਲਾ ਕੇ ਕਹਿਣਾ ਹੋਵੇ ਤਾਂ ਉਪਰੋਕਤ ਸਾਰੇ ਤਬਕੇ/ਜਮਾਤਾਂ ਹਨ ਜੋ ਭਾਰਤੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਬਣਦੇ ਹਨ। ਜਿਹੜੇ ਕੋਵਿਡ-19 ਦੇ ਲਾਕ ਡਾਊਨ ਵਾਲੇ ਪ੍ਰਕੋਪ ਤੋਂ ਪਹਿਲਾਂ ਵੱਖ ਵੱਖ ਰੂਪਾਂ 'ਚ ਆਰਥਕ ਮੰਦੀ ਦੀ ਮਾਰ ਝੱਲ ਰਹੇ ਸਨ। ਕੋਵਿਡ-19 ਦੇ ਲਾਕ ਡਾਊਨ ਵਾਲੇ ਪ੍ਰਕੋਪ ਨੇ ਇਹਨਾਂ ਤਬਕਿਆਂ/ਜਮਾਤਾਂ ਨੂੰ ਘੋਰ ਮੰਦਵਾੜੇ, ਕਾਰੋਬਾਰ ਉਜਾੜੇ, ਰੁਜ਼ਗਾਰ ਉਜਾੜੇ, ਘਰ ਉਜਾੜੇ ਅਤੇ ਜਾਨ ਮਾਲ ਨੂੰ ਖਤਰੇ ਦੇ ਮੂੰਹ ਧੱਕ ਦਿੱਤਾ ਹੈ। ਜਿਨਾਂ ਤੱਕ ਲਾਕ ਡਾਊਨ ਤੱਕ ਕਿਸੇ ਕਿਸਮ ਦੀ ਆਰਥਕ, ਸਮਾਜਕ ਤੇ ਮੈਡੀਕਲ ਸਹਾਇਤਾ ਸਰਕਾਰ ਦੀ ਤਰਫੋਂ ਨਹੀਂ ਪਹੁੰਚੀ। ਜਿਨਾਂ ਲਈ ਇਹ ਰਾਹਤ ਪੈਕੇਜ ਲਾਕ ਡਾਊਨ ਕੋਵਿਡ-19 ਵਰਗਾ ਇਕ ਹੋਰ ਆਰਥਿਕ, ਸਿਆਸੀ ਤੇ ਸਮਾਜਕ ਹਮਲਾ ਹੋ ਨਿੱਬੜਿਆ ਹੈ। ਪ੍ਰਧਾਨ ਮੰਤਰੀ ਦਾ 20 ਲੱਖ ਕਰੋੜ ਦਾ ਪੈਕਿਜ ਇਹਨਾਂ ਤਬਕਿਆਂ /ਜਮਾਤਾਂ ਲਈ ਆਰਥਿਕ ਪੱਖੋਂ ਖਾਲੀ ਲਿਫਾਫਾ ਹੈ। ਇਸ ਲਿਫਾਫੇ ਵਿਚ ਲਿਪਟਿਆ 'ਸੁਧਾਰਾਂ' ਦਾ ਅਗਲਾ ਗੇੜ ਸਭ ਤੋਂ ਮਾਰੂ ਆਰਥਕ ਹਮਲਾ ਹੈ। ਪ੍ਰਧਾਨ ਮੰਤਰੀ ਦੇ ਪੈਕੇਜ ਦਾ ਅਸਲ ਤੱਤ ਇਹੀ ਹੈ।

ਪ੍ਰਧਾਨ ਮੰਤਰੀ ਦਾ ਇਹ ਪੈਕੇਜ ਭਾਰਤੀ ਆਰਥਿਕਤਾ ਨੂੰ ਮੰਦੀ ਦੀ ਮੌਜੂਦਾ ਹਾਲਤ 'ਚੋਂ ਉਭਾਰਨ ਲਈ ਮੰਦਵਾੜੇ ਦੀ ਮੂਲ ਸਮਸਿਆ- ਖਰੀਦ ਸ਼ਕਤੀ ਦੇ ਸੁੰਗੇੜੇ ਨੂੰ ਦੂਰ ਕਰਨ ਨੂੰ ਸੰਬੋਧਿਤ ਨਹੀ ਹੁੰਦਾ। ਪੈਦਾਵਾਰ ਵਧਾਉਣ ਲਈ ਸਿੱਧਾ ਸਰਕਾਰੀ ਨਿਵੇਸ਼ ਕਰਨਾ, ਰੁਜ਼ਗਾਰ ਵਧਾਉਣ ਲਈ ਲੋਕ ਸੇਵਾਵਾਂ ਦਾ ਵਧਾਰਾ ਕਰਨਾ, ਘਣੀ ਮਿਹਨਤ ਵਾਲੇ ਕਾਰੋਬਾਰਾਂ ਨੂੰ ਬਚਾਉਣਾ ਤੇ ਵਧਾਰਾ ਕਰਨਾ, ਸਾਧਨਾਂ ਦੀ ਕਾਣੀ ਵੰਡ ਦੇ ਵਧ ਰਹੇ ਪਾੜੇ ਨੂੰ ਘਟਾਉਣ ਲਈ ਨੀਤੀਗਤ ਦਖਲ ਅੰਦਾਜ਼ੀ ਕਰਨਾ ਅਤੇ ਆਤਮ ਨਿਰਭਰਤਾ ਵੱਲ ਵਧਣ ਲਈ ਕੌਮੀ ਪੂੰਜੀ ਅਤੇ ਬੌਧਿਕ ਸੰਪਤੀ ਦੇ ਵਿਦੇਸ਼ਾਂ ਵੱਲ ਨਿਕਾਸ ਨੂੰ ਰੋਕਣਾ, ਇਸ ਲਈ ਨੀਤੀਗਤ ਦਖਲ ਅੰਦਾਜ਼ੀ ਕਰਨਾ, ਇਹ ਹਨ ਖਰੀਦ ਸ਼ਕਤੀ ਦੇ ਸੁੰਗੇੜੇ ਨੂੰ ਦੂਰ ਕਰਨ ਅਤੇ ਆਰਥਿਕਤਾ ਨੂੰ ਮੰਦੀ ਦੀ ਹਾਲਤ 'ਚੋਂ ਕੱਢਣ ਲਈ ਚੁਕੇ ਜਾਣ ਵਾਲੇ ਕੁੱਝ ਇਕ ਬੁਨਿਆਦੀ ਕਦਮ। ਪਰ ਇਸ ਪੈਕੇਜ ਦੀ ਦਿਸ਼ਾ ਇਸ ਤੋਂ ਉਲਟ ਪਾਸੇ ਤੁਰਨ ਵਾਲੀ ਹੈ।

ਇਸ ਪੈਕੇਜ ਦੀਆਂ ਰਕਮਾਂ ਅਤੇ ਪ੍ਰਸਾਸ਼ਨਿਕ ਨੀਤੀਗਤ ਕਦਮਾਂ ਦੇ ਕੁੱਲ 11 ਐਲਾਨਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਤਿੰਨ ਕਿਸਮਾਂ ਦੀਆਂ ਰਕਮਾਂ ਇਹ ਹਨ :

1. ਸਰਕਾਰੀ ਖਜਾਨੇ 'ਚੋਂ ਖਰਚਾ ਕਰਨਾ, ਸਹਾਇਤਾ ਵਜੋਂ ਰਾਸ਼ੀ /ਰਾਸ਼ਨ ਦੇਣਾ। (2) ਬੱਜਟ ਵਿਚ ਪਹਿਲਾਂ ਤੋਂ ਹੀ ਐਲਾਨੀਆਂ ਯੋਜਨਾਵਾਂ ਨੂੰ ਦੁਹਰਾ ਕੇ ਰਕਮਾਂ ਦਾ ਅੰਕੜਾ ਵਧਾਉਣਾ ਅਤੇ (3) ਭਾਰਤੀ ਰਿਜਰਵ ਬੈਂਕ ਜਾਂ ਹੋਰ ਬੈਂਕਾਂ ਵੱਲੋਂ ਲੋੜਵੰਦਾਂ ਲਈ ਕਰਜ਼ ਯੋਜਨਾਵਾਂ ਦੀ ਪੇਸ਼ਕਸ਼ ਕਰਨਾ (4) ਆਰਥਕ ਸੁਧਾਰਾਂ ਦੇ ਅਗਲੇ ਦੌਰ ਦੇ ਕਦਮ ਚੁੱਕਣਾ।

ਖੇਤੀ ਖੇਤਰ ਨਾਲ ਸੰਬਧਿਤ ਤੀਜੇ ਐਲਾਨ ਵਿੱਚ ਸਰਕਾਰੀ ਖਜਾਨੇ 'ਚੋਂ ਪੈਸਾ ਖਰਚ ਕਰਨ ਅਤੇ ਰਾਸ਼ੀ ਦੇਣ ਲਈ ਐਲਾਨੀ ਰਕਮ ਸਭ ਤੋਂ ਛੋਟੀ ਹੈ, ਹਜਾਰਾਂ ਰੁਪਈਆਂ 'ਚ ਹੈ, ਹਕੀਕੀ ਲੋੜਵੰਦਾਂ ਕੋਲ ਪਹੁੰਚਣ ਤੱਕ ਖੁਰ ਜਾਂਦੀ ਹੈ। ਪਹਿਲੇ (ਸਾਬਕਾ) ਵਿੱਤ ਮੰਤਰੀ ਸ੍ਰੀ ਜੇਤਲੀ ਵੱਲੋਂ ਪ੍ਰਧਾਨ ਮੰਤਰੀ ਵੱਲੋਂ ਅਤੇ ਫਰਵਰੀ 19 ਵਿਚ ਕੇਂਦਰੀ ਬੱਜਟ ਵਿਚ ਮੌਜੂਦਾ ਵਿੱਤ ਮੰਤਰੀ ਵਲੋਂ ਐਲਾਨੀਆਂ ਜਾ ਚੁੱਕੀਆਂ ਰਕਮਾਂ ਨੂੰ ਦੁਹਰਾਇਆ ਗਿਆ ਹੈ। ਦੁਹਰਾਈਆਂ ਗਈਆਂ ਯੋਜਨਾਵਾਂ ਦੀਆਂ 5 ਰਕਮਾਂ ਹਨ। ਇਹ ਰਕਮ ਬਹੁਤ ਵੱਡੀ ਨਹੀਂ ਹੈ ਪਰ ਰਾਹਤ ਸਕੀਮਾਂ ਦੀ ਗਿਣਤੀ ਵਧਾ ਕੇ ਦਿਖਾਉਣ ਦਾ ਡੰਗ ਸਾਰਦੀ ਹੈ। ਪਰ ਇਹਨਾਂ ਸਕੀਮਾਂ ਨੂੰ ਅਮਲ 'ਚ ਲਿਆਉਣ ਦੀ ਸਮਾਂ-ਸੀਮਾ ਆਉਂਦੇ ਕਈ ਸਾਲਾਂ ਦੀ ਹੈ। ਆਉਂਦੇ ਪੰਜ-ਸੱਤ ਮਹੀਨਿਆਂ 'ਚ ਕਿਸੇ ਦੀ ਸ਼ੁਰੂਆਤ ਕਰਨ ਦਾ ਕੋਈ ਐਲਾਨ ਨਹੀਂ ਹੈ। ਨਾ ਹੀ ਇਹਨਾਂ ਦੀ ਸ਼ੁਰੂਆਤ ਜਾਂ ਪੂਰਤੀ ਨਾਲ ਆਰਥਕ ਮੰਦੀ ਦੀ ਮੂਲ ਸਮਸਿਆ, "ਸੁੰਗੜੀ ਹੋਈ ਮੰਗ" ਜਣੀ ਘਟੀ ਹੋਈ ਖਰੀਦ ਸ਼ਕਤੀ 'ਚ ਕੋਈ ਸਿੱਧਾ ਸੁਧਾਰ ਆਉਣਾ ਹੈ। ਸਮੁੱਚੇ ਆਰਥਕ ਪੈਕੇਜ ਦੀ ਸਭ ਤੋਂ ਵੱਡੀ ਰਾਸ਼ੀ ਰਿਜ਼ਰਵ ਬੈਂਕ ਵੱਲੋਂ ਬੈਂਕਾਂ ਲਈ ਅੱਗੇ ਉਧਾਰ ਦੇਣ ਵਾਸਤੇ ਰਾਖਵੀਆਂ ਕੀਤੀਆਂ ਗਈਆਂ ਵੱਡੀਆਂ ਰਕਮਾਂ ਹਨ। ਪਰ ਪੂੰਜੀ ਨਿਵੇਸ਼ਕਾਰ ਪੈਦਾਵਾਰ ਵਿਚ ਨਵੀਆਂ ਉਧਾਰ ਰਕਮਾਂ ਲਾਉਣ ਲਈ ਤਿਆਰ ਨਹੀਂ ਹਨ, ਕਿਉਂਕਿ ਚੀਜਾਂ ਦੀ ਮੰਗ ਨਹੀਂ ਹੈ। ਖਰੀਦਦਾਰਾਂ ਕੋਲ ਪੈਸਾ ਨਹੀਂ ਹੈ। ਬੈਂਕ ਇਸ ਲਈ ਉਧਾਰ ਦੇਣ ਲਈ ਤਿਆਰ ਨਹੀਂ ਹਨ ਕਿਉਂਕਿ ਮੰਦਵਾੜੇ ਸਦਕਾ ਉਧਾਰ ਮੁੜਨ ਦੀ ਥਾਂ, ਉਧਾਰ ਦੇ ਮਰਨ ਦੀਆ ਸੰਭਾਵਨਾਵਾਂ ਵੱਧ ਹਨ। ਨਵੇਂ ਨਿਵੇਸ਼ ਦੀ ਹਾਲਤ 'ਚ ਗੁੰਜਾਇਸ਼ ਬਾਰੇ ਭਾਰਤ ਦੀ ਆਰਥਕਤਾ ਦੀ ਨਿਗਰਾਨੀ ਕਰਨ ਵਾਲੀ ਸੰਸਥਾ ( ਸੀ ਐਮ ਆਈ ਈ ) ਦਾ ਕਹਿਣਾ ਹੈ ਕਿ ਅਸਲ ਹਾਲਤ ਇਹ ਹੈ ਕਿ ਕਾਰਪੋਰੇਟ ਸੈਕਟਰ ਨੇ "ਨਵਾਂ ਨਿਵੇਸ਼ ਕਰਨਾ ਬੰਦ ਕੀਤਾ ਹੋਇਆ ਹੈ" । ਸਿੱਟੇ ਵਜੋਂ ਬੈਂਕਾਂ ਨੇ ਆਵਦੇ ਕੋਲ ਜਮਾਂ ਪੈਸੇ ਨੂੰ ਮੋੜਵੇਂ ਰੂਪ 'ਚ ਰਿਜਰਵ ਬੈਂਕ ਕੋਲ ਘੱਟ ਵਿਆਜ ਦਰ 'ਤੇ ਜਮਾ ਕਰਵਾ ਕੇ ਸੁਰੱਖਿਅਤ ਕਰ ਲਿਆ ਹੈ। 11 ਮਈ 2020 ਦੇ ਪਰਿੰਟ ਅਖਬਾਰ ਮੁਤਾਬਿਕ "ਬੈਂਕਾਂ ਨੇ ਪਿਛਲੇ ਇਕ ਹਫਤੇ ਦੌਰਾਨ ਰੋਜ਼ਾਨਾ ਔਸਤਨ 8 ਲੱਖ ਕਰੋੜ ਰੁਪਏ ਜਮਾ ਕਰਵਾਏ ਹਨ।" ਰਿਜਰਵ ਬੈਂਕ ਕੋਲ ਇਹ ਰਕਮਾਂ 3.75% ਵਿਆਜ ਦਰ 'ਤੇ ਰੱਖੀਆਂ ਗਈਆਂ ਹਨ। ਸੋ ਪ੍ਰਧਾਨ ਮੰਤਰੀ ਮੋਦੀ ਦੀਆਂ ਆਰਥਕ ਪੈਕੇਜ ਦੀਆਂ ਰਕਮਾਂ ਕਰਜ-ਸਕੀਮਾਂ ਵਾਲੀਆਂ ਉੱਚੀਆਂ ਰਕਮਾਂ-ਮਿਸਲ ਦਾ ਪੇਟ ਭਰਨ ਵਾਲਾ ਮਸਾਲਾ ਵੱਧ ਹਨ, ਰਾਹਤ ਰਕਮਾਂ ਨਹੀਂ ਹਨ। ਆਰਥਿਕ ਮਾਹਰਾਂ ਦੇ ਇਕ ਵਰਗ ਦਾ ਜੋਰਦਾਰ ਵਿਚਾਰ ਹੈ ਕਿ ਪ੍ਰਧਾਨ ਮੰਤਰੀ ਦਾ ਪੈਕੇਜ ਕੁੱਲ ਕੌਮੀ ਆਮਦਨ ਦਾ 10% ਨਹੀਂ ਹੈ ਸਗੋਂ 1% ਤੋਂ ਵੱਧ ਨਹੀਂ ਹੈ। ਜਾਣੀ ਦੋ ਲੱਖ ਕਰੋੜ ਰੁਪਏ ਤੋਂ ਵੱਧ ਨਹੀਂ ਹੈ। ਸਰਕਾਰ ਦੇ ਕੋਵਿਡ - 19 ਦੇ ਇਸ ਪੈਕੇਜ ਨੂੰ ਤਿਆਰ ਕਰਨ ਵਿੱਚ ਸ਼ਾਮਲ ਸਰਕਾਰੀ ਅਫਸਰਾਂ ਨੇ ਖਬਰ ਏਜੰਸੀ ਰਾਊਟਰਜ ਨੂੰ ਬਹੁਤ ਸਾਫ ਸ਼ਬਦਾਂ 'ਚ ਦੱਸਿਆ ਕਿ ," ਸਾਨੂੰ ਕੰਨ ਖੜੇ ਕਰਕੇ ਚੱਲਣਾ ਪੈਂਦਾ ਹੈ ਕਿਉਂਕਿ ਕੁੱਝ ਮੁਲਕਾਂ ਦਾ ਦਰਜਾ ਘਟਾਈ ਕੀਤੀ ਜਾ ਰਹੀ ਹੈ। ਦਰਜਾਬੰਦੀ ਕਰਨ ਵਾਲੀਆਂ ਏਜੰਸੀਆਂ ਵਿਕਾਸਸ਼ੀਲ ਦੇਸ਼ਾਂ ਅਤੇ ਉਭਰ ਰਹੀਆਂ ਮੰਡੀਆਂ ਨਾਲ ਵੱਖਰਾ ਵਰਤਾਉ ਕਰ ਰਹੀਆਂ ਹਨ। ਅਸੀਂ ਪਹਿਲਾਂ ਹੀ ਕੁੱਲ ਕੌਮੀ ਆਮਦਨ ਦਾ 0.8 ਫੀਸਦੀ ( 1.70 ਲੱਖ ਕਰੋੜ) ਦੇ ਚੁੱਕੇ ਹਾਂ। ਸਾਡੇ ਕੋਲ ਹੁਣ ਕੁੱਲ ਕੌਮੀ ਆਮਦਨ ਦੇ 1.5% ਤੋਂ 2% ਤੱਕ ਦੀ ਗੁੰਜਾਇਸ਼ ਬਚਦੀ ਹੈ।" ਅਫਸਰਾਂ ਦਾ ਬਿਆਨ ਪੈਕੇਜ ਦੀ ਖਰਚਿਆਂ ਲਈ ਬਚਦੀ ਹਕੀਕੀ ਰਕਮ ਨਾਲ ਪੂਰੀ ਤਰਾਂ ਮੇਲ ਖਾਂਦਾ ਹੈ।

ਸੋ ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਦੇ ਪੈਕੇਜ ਦੀ ਅਸਲ ਮਦ ਆਰਥਕ ਸੁਧਾਰਾਂ ਦੀ ਅਗਲੀ ਵੱਡੀ ਕਿਸ਼ਤ ਹੈ। ਜ਼ਮੀਨਾਂ, ਮਜ਼ਦੂਰਾਂ ਅਤੇ ਕਾਨੂੰਨਾਂ ਬਾਰੇ ਸੁਧਾਰਾਂ ਦੀ ਚਰਚਾ ਓਪਰ ਹੋ ਚੁੱਕੀ ਹੈ। ਚੌਥੇ , ਨਕਦੀ ਦੀ ਪ੍ਰਾਪਤੀ ਬਾਰੇ ਜਾਣੀ ਸਾਮਰਾਜੀ ਸਰਮਾਏ ਲਈ ਭਾਰਤ ਨੂੰ ਲੁਭਾਉਣੀ ਮੰਡੀ ਬਣਾਉਣ ਅਤੇ ਨਿਵੇਸ਼ ਨੂੰ ਖਿੱਚਣ ਬਾਰੇ ਬਹੁਤਾ ਵੇਰਵਾ ਵਿੱਤ ਮੰਤਰੀ ਦੀ ਪੰਜਵੀਂ ਕਿਸ਼ਤ ਵਿਚ ਦਰਜ ਕੀਤਾ ਗਿਆ ਹੈ।

ਇਸ ਕਿਸ਼ਤ ਵਿਚ ਸਰਕਾਰ ਵੱਲੋਂ ਆਵਦੇ ਖਜਾਨੇ 'ਚੋਂ ਕਿਸੇ ਕਿਸਮ ਦਾ ਖਰਚਾ ਕਰਨ ਜਾਂ ਪੂੰਜੀ ਨਿਵੇਸ਼ ਕਰਨ ਦਾ ਕੋਈ ਜਿਕਰ ਨਹੀਂ ਹੈ। ਇਸ ਵਿਚ ਮੰਗ ਦੇ ਸੁੰਗੜੀ ਹੋਣ ਦੀ ਹਾਲਤ ਨੂੰ ਬਦਲਣ ਲਈ ਵਿਖਾਵਾ ਮਾਤਰ ਵੀ ਕਦਮ ਨਹੀਂ ਹਨ। ਇਸ ਵਿਚ ਸਿਰਫ ਤੇ ਸਿਰਫ ਭਾਰਤ ਦੇ ਹਰ ਖੇਤਰ ਦਾ ਨਿੱਜੀਕਰਨ ਕਰਨ ਲਈ ਦਰਵਾਜਿਆਂ ਨੂੰ ਚੌਪਟ ਖੋਲ ?ਣ ਦਾ ਬੇਸ਼ਰਮ ਬਿਆਨ ਦਰਜ ਹੈ। ਖੋਲ੍ਹੇ ਗਏ ਖੇਤਰ ਹਨ-ਕੋਲਾ, ਖਣਿਜ-ਪਦਾਰਥ, ਸੁਰੱਖਿਆ ਖੇਤਰ ( ਜਿੱਥੇ ਆਤਮਨਿਰਭਰਤਾ ਦਾ ਮੋਦੀ ਨਮੂਨਾ ਮਿਲਦਾ ਹੈ, ਇਸ ਖੇਤਰ ਵਿਚ ਬਦੇਸ਼ੀ ਨਿਵੇਸ਼ ਹਿੱਸੇਦਾਰੀ ਨੂੰ 49% ਤੋਂ ਵਧਾ ਕੇ 74% ਕਰ ਦਿੱਤਾ ਗਿਆ ਹੈ), ਸਿਵਿਲ ਜਹਾਜ਼ਰਾਨੀ, ਬਿਜਲੀ-ਵੰਡ ਖੇਤਰ, ਪ੍ਰਮਾਣੂ ਸ਼ਕਤੀ ਅਤੇ ਸਪੇਸ। ਇਹਨਾਂ ਚੱਕੇ ਗਏ ਕਦਮਾਂ ਦਾ ਨਿਚੋੜ ਕੱਢ ਕੇ ਦੱਸਣਾ ਹੋਵੇ ਤਾਂ ਇਹ ਨਿੱਜੀ ਨਿਵੇਸ਼ਕਾਰਾਂ ਦੀ ਸਾਨ੍ਹ ਪਰਵਿਰਤੀ ਨੂੰ ਜਗਾਉਣ ਲਈ ਚੱਕਵੇਂ 'ਸੁਧਾਰਾਂ' ਅਤੇ ਨਿੱਜੀ ਨਿਵੇਸ਼ਕਾਰਾਂ 'ਤੇ ਟੇਕ ਹੋਰ ਵਧਾਉਣ ਦੇ ਕਦਮ ਹਨ। ਬਹੁਤ ਸਾਰੇ ਕਦਮ ਤਾਂ ਅਜਿਹੇ ਹਨ ਜਿਨਾਂ ਦਾ ਕਿਰਤੀ ਲੋਕਾਂ ਦੇ ਕਿਸੇ ਵੀ ਹਿੱਸੇ ਲਈ ਨਾ ਫੌਰੀ ਤੌਰ 'ਤੇ ਨਾ ਹੀ ਦੂਰਗਾਮੀ ਤੌਰ 'ਤੇ , ਰਾਹਤ ਦਾ ਕੋਈ ਵੀ ਸੰਬੰਧ ਨਹੀਂ ਬਣਦਾ। ਇਹ ਕਦਮ ਸਿਰਫ ਤੇ ਸਿਰਫ ਮਿਥੇ ਹਕੂਮਤੀ ਏਜੰਡੇ ਨੂੰ ਹੀ ਅੱਗੇ ਵਧਾਉਣ ਦੇ ਕਦਮ ਹਨ। ਕਈ ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਆਰਥਿਕ ਸੁਧਾਰਾਂ ਦਾ ਇਹ ਵਾਰ 1991 ਵਾਲੇ ਸੁਧਾਰਾਂ ਵਰਗਾ ਹੈ। ਇਹ ਸੁਧਾਰ ਮਿਥੇ ਹੋਏ ਖੇਤਰਾਂ ਵਿਚ ਉਹੀ ਕੁੱਝ ਕਰਨ ਜਾ ਰਹੇ ਹਨ ਜੋ 1991 ਦੇ ਸੁਧਾਰਾਂ ਨੇ ਸਨਅਤ ਅਤੇ ਸੇਵਾਵਾਂ ਦੇ ਖੇਤਰ ਵਿਚ ਕਰ ਦਿਖਾਇਆ ਹੈ।

ਕੁੱਲ ਮਿਲਾ ਕੇ ਸਿੱਟਾ ਇਹ ਨਿਕਲਿਆ ਹੈ ਕਿ ਕੋਵਿਡ-19 ਦੀ ਮੁਲਕ ਪੱਧਰੀ ਆਫਤ ਦੀ ਫੇਟ 'ਚੋਂ ਨਿੱਕਲਣ ਲਈ ਲੋਕਾਂ ਦੀਆਂ ਮੰਗਾਂ ਨੂੰ ਹਕੀਕੀ ਹੁੰਗਾਰਾ ਦੇਣ ਵਾਲਾ ਇਕ ਪੂਰਾ ਸੈੱਟ ਨਿਕਲਦਾ ਸੀ। ਦੂਜੇ ਪਾਸੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਮੁਨਾਫੇ ਵਧਾਉਣ ਲਈ ਇਸ ਆਫਤ ਨੂੰ ਸੁਨਹਿਰੀ ਮੌਕਾ ਜਾਣ ਕੇ ਮੰਗਾਂ ਦਾ ਦੂਜਾ ਟਕਰਾਵਾਂ ਸੈੱਟ ਨਿਕਲਦਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਲੋਕ-ਮੰਗਾਂ ਵਾਲੇ ਸੈੱਟ ਨੂੰ ਰੱਦ ਕਰ ਦਿੱਤਾ ਹੈ। ਆਤਮ ਨਿਰਭਰਤਾ ਦੀ ਦਿਸ਼ਾ ਲੈਣ ਵਾਲੇ ਸੈੱਟ ਨੂੰ ਰੱਦ ਕਰ ਦਿੱਤਾ ਹੈ। ਵਿਦੇਸ਼ੀ ਸਰਮਾਏ ਅਤੇ ਭਾਰਤੀ ਕਾਰਪੋਰੇਟਾਂ ਦੀਆਂ ਮੰਗਾਂ ਪ੍ਰਵਾਨ ਕਰਕੇ ਧੜੱਲੇ ਨਾਲ ਅੱਗੇ ਵਧਣ ਦਾ ਐਲਾਨ ਕਰ ਦਿੱਤਾ ਹੈ। ਮੁਲਕ ਨੂੰ ਬਦੇਸ਼ੀ ਸਰਮਾਏ ਦੇ ਨੀਮ-ਗੁਲਾਮੀ ਵਾਲੇ ਸੰਗਲਾਂ 'ਚ ਹੋਰ ਕਸ ਦਿੱਤਾ ਹੈ। ਇਸ ਨਵੇਂ ਹਮਲੇ ਦਾ ਵਿਰੋਧ ਕਰਦਿਆਂ ਤੇ ਲੋਕਾਂ ਲਈ ਹਕੀਕੀ ਰਾਹਤ ਦੇ ਹੱਕ ਲੈਣ ਖਾਤਰ ਮੌਜੂਦਾ ਹਾਲਤ 'ਚ ਸਮਾਜ ਦੇ ਮਿਹਨਤਕਸ਼ ਤਬਕਿਆਂ ਨੂੰ ਅਜਿਹੀਆਂ ਮੰਗਾਂ ਲਈ ਅਵਾਜ ਉਠਾਉਣੀ ਚਾਹੀਦੀ ਹੈ। ਬਿਮਾਰੀ ਦੀ ਰੋਕਥਾਮ ਦੇ ਕਦਮਾਂ ਦੀ ਮੰਗ ਦੇ ਨਾਲ ਨਾਲ ਸਿਹਤ ਖੇਤਰ ਦੇ ਸਰਕਾਰੀਕਰਨ ਦੀਆਂ ਮੰਗਾਂ ਲਈ ਆਵਾਜ ਉਠਾਉਣੀ ਚਾਹੀਦੀ ਹੈ। ਲੌਕਡਾਊਨ ਕਾਰਨ ਮੌਤ ਦੇ ਮੂੰਹ ਜਾ ਪਏ ਮਜਦੂਰਾਂ ਦੇ ਪਰਿਵਾਰਾਂ ਦੇ ਮੁੜ ਵਸੇਬੇ ਲਈ ਮੁਆਵਜਾ ਦੇਣ ਦੀ ਮੰਗ ਕਰਨੀ ਚਾਹੀਦੀ ਹੈ। ਫੌਰੀ ਹਮਲੇ ਦੌਰਾਨ ਆਏ ਵੱਖ ਵੱਖ ਅਦਾਰਿਆਂ ਦੇ ਨਿੱਜੀਕਰਨ ਕਰਨ ਦੇ ਕਦਮ ਰੱਦ ਕਰਨ , ਕਿਰਤ ਕਾਨੂੰਨਾਂ ਦੀਆਂ ਮਜਦੂਰ ਵਿਰੋਧੀ ਸੋਧਾਂ ਰੱਦ ਕਰਨ, 12 ਘੰਟੇ ਕੰਮ ਦਿਹਾੜੀ ਦੇ ਫੁਰਮਾਨ ਰੱਦ ਕਰਨ, ਕਾਰਪੋਰੇਟਾਂ ਦੀਆਂ ਟੈਕਸ ਮਾਫੀਆਂ ਰੱਦ ਕਰਨ, ਮੁਲਾਜਮਾਂ -ਮਜਦੂਰਾਂ ਦੀਆਂ ਤਨਖਾਹਾਂ ਜਾਮ ਕਰਨੀਆਂ ਬੰਦ ਕਰਨ ਤੇ ਕਟੌਤੀਆਂ ਰੱਦ ਕਰਨ ਦੀਆਂ ਮੰਗਾਂ ਉਭਾਰਨੀਆਂ ਚਾਹੀਦੀਆਂ ਹਨ। ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕਰਨ , ਅਬਾਦੀ ਦੇ 80% ਹਿੱਸੇ ਤੱਕ ਮੁਫਤ ਅਨਾਜ ਤੇ ਹੋਰ ਰਾਸ਼ਨ ਦੀਆਂ ਵਸਤਾਂ ਪਹੁੰਚਦੀਆਂ ਕਰਨ, ਲੌਕਡਾਊਨ ਕਾਰਨ ਖੁੱਸੇ ਰੁਜਗਾਰ , ਉਜਰਤਾਂ ਤੇ ਹਰ ਤਰਾਂ ਦੇ ਹਰਜਿਆਂ ਦੀ ਭਰਪਾਈ ਕਰਵਾਉਣ, ਸਭਨਾਂ ਲਈ ਰੁਜਗਾਰ ਗਰੰਟੀ ਕਰਨ ਤੇ ਉਦੋਂ ਤੱਕ ਹਰ ਬੇਰੁਜਗਾਰ ਨੂੰ ਬੇਰੁਜਗਾਰੀ ਭੱਤਾ ਦੇਣ , ਖੇਤ ਮਜਦੂਰਾਂ ਤੇ ਕਿਸਾਨਾਂ ਦੇ ਸਾਰੇ ਕਰਜੇ ਰੱਦ ਕਰਨ , ਖੇਤੀ ਖੇਤਰ 'ਚ ਬਹੁਕੌਮੀ ਕੰਪਨੀਆਂ ਨੂੰ ਲੁੱਟ ਮਚਾਉਣ ਦੀਆਂ ਖੁੱਲ੍ਹਾਂ ਦੇਣ ਦੀ ਨੀਤੀ ਰੱਦ ਕਰਨ, ਮਨਰੇਗਾ ਕੰਮ ਦਿਹਾੜੀਆਂ ਵਧਾਉਣ ਤੇ ਉਜਰਤਾਂ 'ਚ ਵਾਧਾ ਕਰਨ , ਵੱਡੇ ਧਨਾਢਾਂ 'ਤੇ ਟੈਕਸ ਲਾਉਣ , ਰੁਜਗਾਰ ਪੈਦਾ ਕਰਨ ਵਾਲੇ ਛੋਟੇ ਕਾਰਖਾਨੇਦਾਰਾਂ ਨੂੰ ਸਸਤੇ ਕਰਜੇ , ਸਬਸਿਡੀਆਂ, ਸਸਤਾ ਕੱਚਾ ਮਾਲ ਤੇ ਮਾਰਕਿਟ ਵਗੈਰਾ ਦੀ ਗਰੰਟੀ ਕਰਨ ਅਤੇ ਵੱਡੇ ਸਰਮਾਏਦਾਰਾਂ ਦੀ ਪੂੰਜੀ 'ਤੇ ਟੈਕਸ ਲਾਉਣ , ਮੁਨਾਫਿਆਂ ਦੀਆਂ ਹੱਦਾਂ ਮਿਥਣ ਤੇ ਜਗੀਰਦਾਰਾਂ ਦੀਆਂ ਜਾਇਦਾਦਾਂ 'ਤੇ ਟੈਕਸ ਲਾਉਣ ਅਤੇ ਤਿੱਖੇ ਜ਼ਮੀਨੀ ਸੁਧਾਰ ਕਰਨ ਵਰਗੀਆਂ ਮੰਗਾਂ ਲਈ ਆਵਾਜ ਉਠਾਉਣੀ ਚਾਹੀਦੀ ਹੈ। ਉਂਝ ਇਹ ਮੰਗਾਂ ਹੀ ਅੰਤਿਮ ਨਹੀਂ ਬਣਦੀਆਂ ਸਗੋਂ ਇਹ ਸੁਝਾਊ ਨੁਕਤਿਆਂ ਵਜੋਂ ਹੀ ਦਰਜ ਕੀਤੀਆਂ ਗਈਆਂ ਹਨ। ਇਹਨਾਂ ਨੇ ਅੱਗੇ ਵੱਖ ਵੱਖ ਤਬਕਿਆਂ ਦੇ ਪੱਧਰ 'ਤੇ ਹੋਰ ਠੋਸ ਰੂਪ ਤੇ ਵਿਸਥਾਰ ਹਾਸਲ ਕਰਨਾ ਹੈ।

# ਭਾਰਤ ਵਿਚ ਤੁਅੱਸਬ ਅਤੇ ਜਬਰ ਦੀ ਮਹਾਂਮਾਰੀ

-ਸਿਧਾਰਥ ਵਰਧਰਾਜਨ
ਅਨੁਵਾਦ: ਬੂਟਾ ਸਿੰਘ

*[ਦੀ ਹਿੰਦੂ ਦੇ ਸਾਬਕਾ ਸੰਪਾਦਕ ਅਤੇ ਦੀ ਵਾਇਰ ਦੇ ਮੋਢੀ ਸੰਪਾਦਕ ਸਿਧਾਰਥ ਵਰਧਰਾਜਨ ਸਿਰਕੱਢ ਪੱਤਰਕਾਰ ਹਨ। ਨਿਊ ਯਾਰਕ ਟਾਈਮਜ਼ ਦੇ 21 ਅਪ੍ਰੈਲ ਦੇ ਅੰਕ ਵਿਚ ਛਪਿਆ ਉਹਨਾਂ ਦਾ ਲੇਖ ਭਾਰਤ ਅੰਦਰ ਆਰ.ਐੱਸ.ਐੱਸ.-ਭਾਜਪਾ ਦੀ ਪਾਟਕਪਾਊ ਫਿਰਕੂ ਸਿਆਸਤ ਅਤੇ ਇਸ ਨਾਲ ਭਾਰਤ ਵਿਚ ਬਣੇ ਗੰਭੀਰ ਹਾਲਾਤ ਨੂੰ ਪੇਸ਼ ਕਰਦਾ ਹੈ।]*

ਦਹਾਕਿਆਂ ਤੋਂ ਭਾਰਤ ਨੇ ਬਹੁਤ ਸਾਰੇ ਆਦਰਸ਼ ਸੰਜੋਏ ਹੋਏ ਹਨ ਜੋ ਇਕ ਉਦਾਰ ਲੋਕਤੰਤਰ ਦਾ ਨਮੂਨਾ ਹਨ। ਲੇਕਿਨ 2014 'ਚ ਨਰਿੰਦਰ ਮੋਦੀ ਅਤੇ ਉਸ ਦੀ ਹਿੰਦੂ ਮੂਲਵਾਦੀ ਭਾਰਤੀ ਜਨਤਾ ਪਾਰਟੀ ਦੇ ਚੋਣਾਂ ਜਿੱਤ ਲੈਣ ਤੋਂ ਬਾਦ, ਸਾਨੂੰ ਕਾਨੂੰਨ ਦੇ ਰਾਜ ਅਤੇ ਸ਼ਹਿਰੀ ਤੇ ਸਿਆਸੀ ਹੱਕਾਂ ਨੂੰ ਲੱਗੇ ਜਿਸ ਤਰ੍ਹਾਂ ਦੇ ਖ਼ੋਰੇ ਦਾ ਅਤੇ ਧਾਰਮਿਕ ਘੱਟਗਿਣਤੀਆਂ ਪ੍ਰਤੀ ਅਸਹਿਣਸ਼ੀਲਤਾ ਦੀ ਛੱਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਤ੍ਰਾਹ ਕੱਢਣ ਵਾਲਾ ਹੈ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਜ਼ਿਆਦਾਤਰ ਭਾਰਤੀ ਮੀਡੀਆ ਦੀ ਭਾਜਪਾ ਦੇ ਜਮਹੂਰੀ ਅਤੇ ਧਰਮਨਿਰਪੇਖ ਕਦਰਾਂ-ਕੀਮਤਾਂ ਉੱਪਰ ਹਮਲੇ ਵਿਚ ਮਿਲੀਭੁਗਤ ਹੈ, ਜਾਂ ਤਾਂ ਇਸ ਵੱਲੋਂ ਸ਼੍ਰੀ ਮੋਦੀ ਅਤੇ ਉਸ ਦੀ ਪਾਰਟੀ ਵੱਲੋਂ ਪਰੋਸੀ ਕਹਾਣੀ ਨੂੰ ਸਰਗਰਮੀ ਨਾਲ ਪ੍ਰਚਾਰਿਆ ਜਾ ਰਿਹਾ ਹੈ ਜਾਂ ਫਿਰ ਇਸ ਨੇ ਬਦਲੇਖ਼ੋਰ ਸਜ਼ਾ ਤੋਂ ਬਚਣ ਲਈ ਖ਼ੁਦ ਨੂੰ ਸਵੈ-ਸੈਂਸਰ ਕਰ ਲਿਆ ਹੋਇਆ ਹੈ।

ਫਿਰ ਵੀ ਐਸੇ ਪੱਤਰਕਾਰ ਹਨ ਜਿਹਨਾਂ ਨੇ ਆਪਣੀ ਦਿਆਨਤਦਾਰੀ ਅਤੇ ਭਾਰਤੀ ਸੰਵਿਧਾਨ ਦੇ ਲੋਕਤੰਤਰੀ ਆਦਰਸ਼ਾਂ ਨੂੰ ਬੁਲੰਦ ਕਰਨ ਦਾ ਕੰਮ ਜਾਰੀ ਰੱਖਿਆ ਹੋਇਆ ਹੈ। ਸੱਤਾਧਾਰੀ ਸਥਾਪਤੀ ਵਿਰੁੱਧ ਬੋਲਣ ਬਦਲੇ ਪੁਲਿਸ ਦਾ ਇਹਨਾਂ ਦੇ ਪਿੱਛੇ ਪੈਣਾ ਇਹਨਾਂ ਸੁਤੰਤਰ ਪੱਤਰਕਾਰਾਂ ਲਈ ਇਕ ਤਰ੍ਹਾਂ ਨਾਲ ਜ਼ਿੰਦਗੀ ਦਾ ਹਿੱਸਾ ਹੀ ਬਣ ਗਿਆ ਹੈ।

ਇਕ ਆਜ਼ਾਦ ਆਨਲਾਈਨ ਨਿਊਜ਼ ਪੋਰਟਲ, ਦੀ ਵਾਇਰ, ਦੇ ਮੋਢੀ ਸੰਪਾਦਕ ਦੇ ਤੌਰ 'ਤੇ, ਕਾਨੂੰਨ ਨਾਲ ਮੇਰਾ ਆਪਣਾ ਵਾਹ ਵੀ ਪੈ ਰਿਹਾ ਹੈ, ਜੋ ਮੁੱਖ ਤੌਰ 'ਤੇ ਮਾਣਹਾਨੀ ਸ਼ਿਕਾਇਤਾਂ ਦੀ ਸ਼ਕਲ 'ਚ ਹੈ। ਇਕ ਸਮੇਂ ਤਾਂ ਸਾਨੂੰ 14 ਮਾਣਹਾਨੀ ਮਾਮਲਿਆਂ ਦਾ ਸਾਹਮਣਾ ਕਰਨਾ ਪਿਆ, ਇਹ ਸਭ ਤੁੱਛ ਕਿਸਮ ਦੀਆਂ ਸ਼ਿਕਾਇਤਾਂ ਸਨ ਜਿਹਨਾਂ ਰਾਹੀਂ ਮੰਗੇ ਗਏ ਕੁਲ ਹਰਜ਼ਾਨੇ ਦੀ ਰਕਮ 1.3 ਅਰਬ ਡਾਲਰ ਬਣਦੀ ਸੀ। ਕੇਸ ਉਹਨਾਂ ਲੋਕਾਂ ਵੱਲੋਂ ਦਰਜ ਕਰਾਏ ਗਏ ਸਨ ਜੋ ਜਾਂ ਤਾਂ ਸੱਤਾਧਾਰੀ ਧਿਰ ਦਾ ਹਿੱਸਾ ਸਨ ਜਾਂ ਇਸ ਦੇ ਨਜ਼ਦੀਕੀ ਮੰਨੇ ਜਾਂਦੇ ਸਨ। ਉਦੋਂ ਤੋਂ ਲੈ ਕੇ ਸੱਤ ਮਾਮਲੇ ਵਾਪਸ ਲਏ ਜਾ ਚੁੱਕੇ ਹਨ।

ਚੰਦ ਹਫ਼ਤੇ ਪਹਿਲਾਂ ਤੰਗ-ਪ੍ਰੇਸ਼ਾਨ ਕਰਨ ਦੇ ਇਸ ਸਿਲਸਿਲੇ ਵਿਚ ਹੋਰ ਵੀ ਮਨਹੂਸ ਮੋੜ ਆ ਗਿਆ।

ਪਹਿਲੀ ਅਪ੍ਰੈਲ ਨੂੰ ਉੱਤਰੀ ਸੂਬੇ ਉੱਤਰ ਪ੍ਰਦੇਸ਼ ਦੀ ਅਯੁੱਧਿਆ ਪੁਲਿਸ ਨੇ ਮੇਰੇ ਉੱਪਰ ਬਹੁਤ ਸਾਰੇ ਗੰਭੀਰ ਜੁਰਮਾਂ ਦੇ ਦੋਸ਼ ਲਗਾਏ: ਕੰਪਿਊਟਰ ਦੀ ਵਰਤੋਂ ਕਰਕੇ ਕਿਸੇ ਨੂੰ ਬਦਨਾਮ ਕਰਨਾ ਅਤੇ ਅਸ਼ਲੀਲ ਸਮੱਗਰੀ ਫੈਲਾਉਣਾ; ਇਕ ਸਰਕਾਰੀ ਅਧਿਕਾਰੀ ਦੀਆਂ ਹਦਾਇਤਾਂ ਦੀ ਅਵੱਗਿਆ ਕਰਨਾ; ਮੰਡਰਾ ਰਹੀ ਆਫ਼ਤ ਬਾਰੇ ਡਰ ਪੈਦਾ ਕਰਨਾ; ਅਤੇ ਦੰਗਾ-ਫ਼ਸਾਦ ਕਰਾਉਣ ਦੇ ਮਨਸ਼ੇ ਨਾਲ ਅਫ਼ਵਾਹਾਂ ਫੈਲਾਉਣਾ।





ਪੁਲਿਸ ਵੱਲੋਂ ਦਰਜ ਕੀਤੀਆਂ ਸ਼ਿਕਾਇਤਾਂ ਹਾਲਾਂਕਿ ਗੋਲਮੋਲ ਕਿਸਮ ਦੀਆਂ ਸਨ, ਇਹਨਾਂ ਤੋਂ ਇਹ ਤਾਂ ਜ਼ਾਹਿਰ ਹੋ ਹੀ ਗਿਆ ਕਿ ਸਰਕਾਰ ਦੀ ਵਾਇਰ ਵਿਚ 31 ਮਾਰਚ ਨੂੰ ਛਪੇ ਇਕ ਲੇਖ ਤੋਂ ਖ਼ਫ਼ਾ ਸੀ ਜੋ ਇਕ ਮੁਸਲਿਮ ਧਾਰਮਿਕ ਸੰਸਥਾ, ਤਬਲੀਗ਼ੀ ਜਮਾਤ ਦੇ ਦਿੱਲੀ ਸਦਰ-ਮੁਕਾਮ ਵਿਖੇ ਕੋਰੋਨਾ ਵਾਇਰਸ ਦੀ ਛੂਤ ਫੈਲਣ ਬਾਰੇ ਛਾਪਿਆ ਗਿਆ ਸੀ।

ਪਿਛੋਕੜ ਦੇ ਤੌਰ 'ਤੇ ਲੇਖ ਵਿਚ ਇਹ ਨੋਟ ਕੀਤਾ ਗਿਆ ਕਿ ਭਾਰਤ ਵਿਚ ਧਾਰਮਿਕ ਆਗੂ ਅਤੇ ਗਰੁੱਪ ਕੋਰੋਨਾ ਵਾਇਰਸ ਦੇ ਖ਼ਤਰਿਆਂ ਨੂੰ ਲੈ ਕੇ ਜਾਗਣ ਤੋਂ ਸੁਸਤ ਰਹੇ। ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ, ਜੋ ਇਕ ਪੁਜਾਰੀ ਅਤੇ ਮੋਦੀ ਦਾ ਸਿਰਕੱਢ ਜੋਟੀਦਾਰ ਹੈ, ਨੇ 25 ਮਾਰਚ ਨੂੰ ਆਪਣੇ ਦਰਜਨਾਂ ਲੋਕਾਂ ਨੂੰ ਨਾਲ ਲੈ ਕੇ ਅਯੁੱਧਿਆ ਵਿਚ ਇਕ ਹਿੰਦੂ ਧਾਰਮਿਕ ਇਕੱਠ ਵਿਚ ਸ਼ਾਮਲ ਹੋਇਆ ਸੀ - ਇਹ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਗਾਏ ਕੌਮੀ ਲੌਕਡਾਊਨ ਦਾ ਪਹਿਲਾ ਦਿਨ ਸੀ।

ਸ਼੍ਰੀ ਅਦਿੱਤਿਆਨਾਥ ਨੇ ਆਪਣਾ ਇਕ ਵੀਡੀਓ ਟਵੀਟ ਕੀਤਾ ਜਿਸ ਦੇ ਦੁਆਲੇ ਪੁਜਾਰੀਆਂ, ਅਧਿਕਾਰੀਆਂ ਅਤੇ ਪੱਤਰਕਾਰਾਂ ਨੇ ਝੁਰਮਟ ਪਾਇਆ ਹੋਇਆ ਸੀ। ਉਹਨਾਂ ਵਿੱਚੋਂ ਕੁਛ ਨੇ ਤਾਂ ਮਾਸਕ ਵੀ ਨਹੀਂ ਸੀ ਪਹਿਨੇ ਹੋਏ, ਦਰਅਸਲ ਇਹ ਇਕੱਠ ਸਮਾਜਿਕ ਫ਼ਾਸਲਾ ਬਣਾ ਕੇ ਰੱਖਣ ਦੀ ਸਰਕਾਰ ਦੀ ਸਲਾਹ ਦਾ ਘੋਰ ਉਲੰਘਣ ਸੀ। ਸਾਡੇ ਲੇਖ ਵਿਚ ਇਕ ਹਵਾਲਾ ਗ਼ਲਤੀ ਨਾਲ ਸ਼੍ਰੀ ਅਦਿੱਤਿਆਨਾਥ ਨਾਲ ਜੋੜਿਆ ਗਿਆ। ਉਹ ਸ਼ਬਦ ਅਯੁੱਧਿਆ ਦੇ ਇਕ ਹੋਰ ਪੁਜਾਰੀ ਨੇ ਕਹੇ ਸਨ। ਅਸੀਂ ਤੁਰੰਤ ਸਾਫ਼ ਸਾਫ਼ ਉਸ ਗ਼ਲਤੀ ਦੀ ਸੋਧ ਪ੍ਰਕਾਸ਼ਿਤ ਕਰ ਦਿੱਤੀ।

ਆਪਣੀ ਰਿਪੋਰਟ ਵਿਚ ਸ਼੍ਰੀ ਅਦਿੱਤਿਆਨਾਥ ਦਾ ਜ਼ਿਕਰ ਅਸੀਂ ਇਸ ਕਰਕੇ ਕੀਤਾ ਸੀ ਕਿਉਂਕਿ ਤਬਲੀਗ਼ੀ ਜਮਾਤ ਨਾਲ ਫੈਲੀ ਬੀਮਾਰੀ ਦਾ ਇਸਲਾਮੀ ਹਊਆ ਖੜ੍ਹਾ ਕਰਨ ਵਾਲੀ ਸਥਾਪਤੀ ਅਤੇ ਇਸ ਦੇ ਝੰਡਾਬਰਦਾਰਾਂ ਵੱਲੋਂ ਦੁਰ ਉਪਯੋਗ ਕੀਤਾ ਜਾ ਰਿਹਾ ਸੀ ਅਤੇ ਇਸ ਦੇ ਬਹਾਨੇ ਮੁਸਲਮਾਨਾਂ ਵਿਰੁੱਧ ਦੁਸ਼ਮਣੀ ਭੜਕਾਈ ਜਾ ਰਹੀ ਸੀ। ਅਸੀਂ ਤਾਂ ਆਪਣੇ ਪਾਠਕਾਂ ਨੂੰ ਇਹੋ ਚੇਤੇ ਕਰਾ ਰਹੇ ਸੀ ਕਿ ਕਿਸੇ ਵੀ ਧਰਮ ਦੀ ਅਣਜਾਣ ਜਾਂ ਸਵੈਸੰਤੁਸ਼ਟ ਪੈਰੋਕਾਰਾਂ ਉੱਪਰ ਅਜਾਰੇਦਾਰੀ ਨਹੀਂ ਹੈ। ਮੈਂ ਸਮਝਦਾ ਹਾਂ, ਇਹ ਉਹ ਅਸਲ ਜੁਰਮ ਹੈ ਜੋ ਭਾਰਤ ਅਤੇ ਉੱਤਰ ਪ੍ਰਦੇਸ਼ ਵਿਚ ਰਾਜ ਕਰ ਰਹੇ ਹਿੰਦੂ ਮੂਲਵਾਦੀਆਂ ਦੀ ਸੋਚ ਅਨੁਸਾਰ ਅਸੀਂ ਕੀਤਾ ਹੈ।

ਤਬਲੀਗ਼ੀ ਜਮਾਤ ਦੇ ਮੈਂਬਰਾਂ ਦੀ ਭੰਡੀ ਕਰਨ ਅਤੇ ਮਸਜਿਦਾਂ ਅਤੇ ਮਦਰਸਿਆਂ ਨੂੰ ਨਿਸ਼ਾਨਾ ਬਣਾਉਣ ਦੀ ਜੋ ਮੁਹਿੰਮ ਮੀਡੀਆ ਦੇ ਇਕ ਹਿੱਸੇ ਨੇ ਤੁਰੰਤ ਵਿੱਢ ਦਿੱਤੀ ਉਹ ਸਥਾਪਤੀ ਲਈ ਬਹੁਤ ਸੁਖਦ ਹੈ। ਜਾਅਲੀ ਵੀਡੀਓ ਦੀ ਮਦਦ ਨਾਲ ਇਸ ਨੇ ਇਕਦਮ ਜ਼ਹਿਰੀਲੀ ਸੋਸ਼ਲ ਮੀਡੀਆ ਮੁਹਿੰਮ ਦਾ ਰੂਪ ਧਾਰ ਲਿਆ ਜਿਸ ਨੂੰ ਹੈਸ਼ਟੈਗਕਰੋਨਾਜਿਹਾਦ ਵਰਗੇ ਹੈਸ਼ਟੈਗ ਤਹਿਤ ਵਾਇਰਲ ਕੀਤਾ ਗਿਆ।

ਜਿਵੇਂ ਕਿ ਉਮੀਦ ਸੀ, ਆਨਲਾਈਨ ਨਫ਼ਰਤ ਹਕੀਕੀ ਦੁਨੀਆ ਵਿਚ ਜਾ ਫੈਲੀ। ਉੱਤਰ ਪ੍ਰਦੇਸ਼ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਚੌਕਸੀ ਗਰੋਹਾਂ ਵੱਲੋਂ ਮੁਸਲਮਾਨਾਂ ਉੱਪਰ ਹਮਲੇ ਕਰਨ ਅਤੇ ਰੇੜ੍ਹੀਆਂ-ਫੜ੍ਹੀਆਂ ਲਾਉਣ ਵਾਲੇ ਮੁਸਲਮਾਨਾਂ ਦਾ ਬਾਈਕਾਟ ਕਰਨ ਦੀਆਂ ਰਿਪੋਰਟਾਂ ਆਈਆਂ ਹਨ। ਇਸ ਨਫ਼ਰਤ ਦੇ ਪ੍ਰਭਾਵ ਹੇਠ ਦੋ ਹਸਪਤਾਲਾਂ ਵੱਲੋਂ ਮੁਸਲਿਮ ਮਾਵਾਂ ਦਾ ਕਥਿਤ ਤੌਰ 'ਤੇ ਇਲਾਜ਼ ਕਰਨ ਤੋਂ ਇਨਕਾਰ ਕਰਨ 'ਤੇ ਦੋ ਬੱਚਿਆਂ ਦੀ ਮੌਤ ਹੋ ਗਈ। ਇਕ ਕੈਂਸਰ ਹਸਪਤਾਲ ਨੇ ਐਲਾਨ ਕਰ ਦਿੱਤਾ ਕਿ ਇਹ ਮੁਸਲਿਮ ਮਰੀਜ਼ਾਂ ਨੂੰ ਉਦੋਂ ਤਕ ਦਾਖ਼ਲ ਨਹੀਂ ਕਰੇਗਾ ਜਦ ਤਕ ਉਹ ਸਬੂਤ ਪੇਸ਼ ਨਹੀਂ ਕਰਦੇ ਕਿ ਉਹਨਾਂ ਦਾ ਕਰੋਨਾ ਵਾਇਰਸ ਦਾ ਟੈਸਟ ਨੈਗੇਟਿਵ ਹੈ।

ਇਸ ਕਿਸੇ ਵੀ ਮਾਮਲੇ ਨੇ ਭਾਰਤ ਸਰਕਾਰ ਜਾਂ ਰਾਜ ਦੇ ਕਰਤਾ-ਧਰਤਾਵਾਂ ਨੂੰ ਕਾਨੂੰਨ ਦਾ ਰਾਜ ਦ੍ਰਿੜਤਾ ਨਾਲ ਲਾਗੂ ਕਰਨ ਲਈ ਨਹੀਂ ਝੰਜੋੜਿਆ। ਇਸ ਦੀ ਬਜਾਏ, ਲੌਕਡਾਊਨ ਦੌਰਾਨ ਹੀ ਮੇਰੇ ਉੱਪਰ ਲੱਗੇ ਦੋਸ਼ਾਂ ਦਾ ਜਵਾਬ ਦੇਣ ਲਈ ਸੱਦਣ ਖ਼ਾਤਰ ਅਯੁੱਧਿਆ ਤੋਂ ਪੁਲਸੀਏ 435 ਮੀਲ ਦੂਰ ਨਵੀਂ ਦਿੱਲੀ ਮੇਰੇ ਘਰ ਭੇਜ ਦਿੱਤੇ ਗਏ।

ਉਹਨਾਂ ਨੇ ਮੇਰੇ ਪੇਸ਼ ਹੋਣ ਦੀ ਤਾਰੀਕ ਲੌਕਡਾਊਨ ਦਰਮਿਆਨ ਚੁਣੀ ਸੀ, ਉਹ ਭਲੀਭਾਂਤ ਜਾਣਦੇ ਸਨ ਕਿ ਰਾਜਾਂ ਦੀਆਂ ਸਰਹੱਦਾਂ ਲੰਘ ਕੇ ਹਰਗਿਜ਼ ਹਾਜ਼ਰ ਨਹੀਂ ਹੋਇਆ ਜਾਣਾ। ਉਹ ਇਹ ਵੀ ਜਾਣਦੇ ਸਨ ਕਿ ਲੌਕਡਾਊਨ ਕਾਰਨ ਮੈਂ ਅਦਾਲਤਾਂ ਵਿਚ ਵੀ ਪਹੁੰਚ ਨਹੀਂ ਸਕਾਂਗਾ, ਜਿਸ ਕਾਰਨ ਜਵਾਬ ਨਾ ਦੇਣ ਬਦਲੇ ਉਹ ਮੇਰੀ ਗ੍ਰਿਫ਼ਤਾਰੀ ਨੂੰ ਸੰਭਵ ਬਣਾ ਸਕਣਗੇ।

ਚੰਗੇ ਭਾਗਾਂ ਨੂੰ, ਇਸ ਧਮਕਾਊ ਕਾਰੇ ਨੂੰ ਲੈ ਕੇ ਸਿਵਲ ਸੋਸਾਇਟੀ ਵੱਲੋਂ ਮਚਾਈ ਹਾਲ-ਦੁਹਾਈ ਨਾਲ ਪੁਲਿਸ ਪਿੱਛੇ ਹੱਟਣ ਲਈ ਮਜਬੂਰ ਹੋ ਗਈ। ਮੋਹਲਤ ਦੇ ਸਮੇਂ ਤੋਂ 36 ਘੰਟੇ ਪਹਿਲਾਂ ਮੈਨੂੰ ਸੂਚਿਤ ਕੀਤਾ ਗਿਆ ਕਿ ਮੈਂ ਆਪਣਾ ਬਿਆਲ ਈਮੇਲ ਰਾਹੀਂ ਦਰਜ ਕਰਵਾ ਸਕਦਾ ਹਾਂ, ਜੋ ਮੈਂ ਕਰਾ ਦਿੱਤਾ ਹੈ।

ਗੇਂਦ ਹੁਣ ਉੱਤਰ ਪ੍ਰਦੇਸ਼ ਸਰਕਾਰ ਦੇ ਪਾਲੇ ਵਿਚ ਹੈ। ਲੇਕਿਨ ਭਾਜਪਾ ਦੀ ਆਲੋਚਨਾ ਪ੍ਰਤੀ ਅਸਹਿਣਸ਼ੀਲਤਾ ਨੂੰ ਦੇਖਦਿਆਂ ਮੈਨੂੰ ਇਹ ਆਸ ਨਹੀਂ ਕਿ ਉਹ ਅਧਿਕਾਰੀ ਜਨਤਕ ਸਿਹਤ ਐਮਰਜੈਂਸੀ ਦੇ ਕਾਰਨ ਹੀ ਪਿੱਛੇ ਹੱਟ ਗਏ।


ਪੂਰੇ ਭਾਰਤ ਵਿਚ ਮਹਾਮਾਰੀ ਅਤੇ ਲੌਕਡਾਊਨ ਤਾਨਾਸ਼ਾਹ ਲਾਲਸਾਵਾਂ ਦੇ ਮਨਮਾਨੀਆਂ ਕਰਨ ਲਈ ਮੌਕਾ ਬਣ ਕੇ ਬਹੁੜੇ ਹਨ। ਕਰੋਨਾ ਵਾਇਰਸ ਦੇ ਖ਼ਤਰੇ ਕਾਰਨ ਸੁਪਰੀਮ ਕੋਰਟ ਵੱਲੋਂ ਅਥਾਰਟੀਜ਼ ਨੂੰ ਜੇਲਾਂ ਨੂੰ ਖਾਲੀ ਕਰਨ ਲਈ ਜ਼ੋਰ ਪਾਉਣ ਦੇ ਬਾਵਜੂਦ ਮਨੁੱਖੀ ਹੱਕਾਂ ਦੇ ਕਾਰਕੁੰਨ ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ, ਜੋ ਕਿ ਮੈਨੇਜਮੈਂਟ ਦੇ ਪ੍ਰੋਫੈਸਰ ਅਤੇ ਸਿਰਕੱਢ ਬੁੱਧੀਜੀਵੀ ਹਨ, ਨੂੰ ਨਿਹਾਇਤ ਥੋਥੇ ਸਬੂਤਾਂ ਦੇ ਆਧਾਰ 'ਤੇ ਦਹਿਸ਼ਤਵਾਦ ਵਿਰੋਧੀ ਕਾਲੇ ਕਾਨੂੰਨ ਤਹਿਤ ਪਿਛਲੇ ਹਫ਼ਤੇ ਹੀ ਹਿਰਾਸਤ ਵਿਚ ਲਿਆ ਗਿਆ ਹੈ।

ਦੁੱਖ ਇਸ ਗੱਲ ਦਾ ਹੈ ਕਿ ਸੁਪਰੀਮ ਕੋਰਟ ਨੇ ਨਾ ਤਾਂ ਉਹਨਾਂ ਦੇ ਮਾਮਲੇ ਵਿਚ ਅਤੇ ਨਾ ਹੀ ਹੱਕਾਂ ਨਾਲ ਸੰਬੰਧਤ ਬਹੁਤ ਸਾਰੇ ਹੋਰ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕੀਤੀ ਹੈ। 24 ਮਾਰਚ ਨੂੰ ਸ਼੍ਰੀ ਮੋਦੀ ਨੇ ਚਾਰ ਘੰਟੇ ਦੀ ਮੋਹਲਤ ਦੇ ਕੇ ਜੋ ਲੌਕਡਾਊਨ ਐਲਾਨ ਕੀਤਾ, ਉਸ ਨਾਲ ਕੁਲੀ, ਗੁੱਲੀ ਅਤੇ ਜੁੱਲੀ ਤੋਂ ਵਿਰਵੇ ਕੀਤੇ ਲੱਖਾਂ ਬੇਵੱਸ ਪ੍ਰਵਾਸੀ ਮਜ਼ਦੂਰ ਪੈਦਲ ਹੀ ਆਪਣੇ ਜੱਦੀ ਪਿੰਡਾਂ ਨੂੰ ਚਾਲੇ ਪਾਉਣ ਲਈ ਮਜਬੂਰ ਹੋ ਗਏ।

ਸੁਪਰੀਮ ਕੋਰਟ ਵਿਚ ਇਕ ਲੋਕ-ਹਿੱਤ ਮਾਮਲਾ ਦਾਇਰ ਕਰਕੇ ਤੰਗੀਆਂ ਦੇ ਝੰਬੇ ਕਿਰਤੀਆਂ ਦੀ ਮਦਦ ਕਰਨ ਦੀ ਮੰਗ ਕੀਤੀ ਗਈ। ਅਦਾਲਤ ਨੇ ਦੱਬੂ ਰੂਪ 'ਚ ਭਾਰਤ ਸਰਕਾਰ ਦਾ ਇਹ ਗ਼ੈਰਪ੍ਰਮਾਣਿਤ ਦਾਅਵਾ ਝੱਟ ਸਵੀਕਾਰ ਕਰ ਲਿਆ ਕਿ ਪ੍ਰਵਾਸੀ ਕਿਰਤੀਆਂ ਦੀ ਹਿਜ਼ਰਤ ਤਾਂ ਮੀਡੀਆ ਦੀਆਂ "ਝੂਠੀਆਂ ਖ਼ਬਰਾਂ" ਦੇ ਕਾਰਨ ਹੋਈ ਹੈ ਨਾ ਕਿ ਇਸ ਦਾ ਕਾਰਨ ਸਰਕਾਰ ਵੱਲੋਂ ਤਿਆਰੀ ਜਾਂ ਚੇਤਾਵਨੀ ਦੀ ਘਾਟ ਸੀ।

ਸੋਸ਼ਲ ਮੀਡੀਆ ਉੱਪਰ ਜਿਹਨਾਂ ਰਿਪੋਰਟਾਂ ਅਤੇ ਟਿੱਪਣੀਆਂ ਵਿਚ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦਰਸਾਈ ਗਈ ਹੁੰਦੀ ਹੈ, ਉਹਨਾਂ ਦੇ ਆਧਾਰ 'ਤੇ ਪੁਲਿਸ ਪੱਤਰਕਾਰਾਂ ਅਤੇ ਇੱਥੋਂ ਤਕ ਕਿ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪਿਛਲੇ ਬੁੱਧਵਾਰ, ਗੁਜਰਾਤ ਰਾਜ ਵਿਚ ਪੁਲਿਸ ਨੇ ਇਕ ਸਤਿਕਾਰਤ ਵਕੀਲ ਨੂੰ ਨਫ਼ਰਤ ਫੈਲਾਉਣ ਦੇ ਦੋਸ਼ 'ਚ ਧਰ ਲਿਆ ਜਿਸ ਨੇ ਇਕ ਤਨਜ਼ੀਆ ਟਵੀਟ ਕੀਤਾ ਸੀ। ਇਹ ਜ਼ਿਆਦਾਤਰ ਮਾਮਲੇ ਅਦਾਲਤ ਵਿਚ ਠੁੱਸ ਹੋ ਜਾਂਦੇ ਹਨ, ਲੇਕਿਨ ਪੁਲਿਸ ਜਾਣਦੀ ਹੈ ਕਿ ਅਦਾਲਤੀ ਅਮਲ ਆਪਣੇ ਆਪ ਵਿਚ ਹੀ ਸਜ਼ਾ ਹੈ।

ਕੌਮੀ ਲੌਕਡਾਊਨ ਠੀਕ ਉਹ ਸਮਾਂ ਹੈ ਜਦ ਇਕ ਲੋਕਤੰਤਰ ਵਿਚ ਪੱਤਰਕਾਰਾਂ ਨੇ ਇਸ ਗੱਲੋਂ ਨਿਸ਼ਚਿੰਤ ਹੋ ਕੇ ਆਪਣੀਆਂ ਕਲਮਾਂ ਚਲਾਉਣੀਆਂ ਅਤੇ ਰਿਪੋਰਟਾਂ ਤਿਆਰ ਕਰਨੀਆਂ ਹੁੰਦੀਆਂ ਹਨ ਕਿ ਅੱਧੀ ਰਾਤ ਨੂੰ ਉਹਨਾਂ ਦੇ ਬੂਹੇ ਪੁਲਿਸ ਨਹੀਂ ਖੜਕਾਏਗੀ। ਸਿਰਫ਼ ਫਰਜ਼ ਨਿਭਾ ਕੇ ਹੀ ਅਸੀਂ ਇਹ ਯਕੀਨੀਂ ਬਣਾ ਸਕਦੇ ਹਾਂ ਕਿ ਨਾ ਸਿਰਫ਼ ਆਮ ਨਾਗਰਿਕ ਆਲਮੀ ਮਹਾਂਮਾਰੀ ਵਿੱਚੋਂ ਸਹੀ-ਸਲਾਮਤ ਬਚ ਜਾਣ ਸਗੋਂ ਉਹਨਾਂ ਦਾ ਲੋਕਤੰਤਰ ਵੀ ਬਚਿਆ ਰਹੇ।



Dr. Baltej Parhar, Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing
* Multidisciplinary care
* Cold Laser Therapy
* 1 on 1 appointments
* Rehab facility on-site
* Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC
#3 2015 32nd Ave NE Calgary, AB T2E 6Z3
Ph. 403-764-3539 (FLEX)
Email: baltej.parhar@flexology.ca

FLEXOLOGY WELLNESS

# ਵਿਸ਼ਵ ਮਹਾਂਮਾਰੀ ਦੇ ਦੌਰ 'ਚ ਭਾਰਤੀਆਂ ਦਾ ਸਦਮਾ ਇਲਾਜ

ਖੁਸ਼ਪਾਲ Brampton, Celadon
ਫੋਨ: +1-716-544-7006

ਵਿਸ਼ਵਵਿਆਪੀ ਆਫਤਾਂ ਦੁਨੀਆਂ ਅੰਦਰ ਬਹੁਤ ਕੁਝ ਨਵਾਂ ਕਰ ਦਿੰਦੀਆ ਹਨ।ਕਈ ਵਾਰ ਮਨੁੱਖ ਕੁਝ ਖਾਸ ਹਾਲਤਾਂ ਵਿੱਚ ਜੀਵਨ ਬਤੀਤ ਕਰਨ ਨੂੰ ਗੁਲਾਮੀ ਸਮਝਦਾ ਹੈ ਪਰ ਕਿਸੇ ਵੱਡੇ ਸੰਕਟ ਤੋਂ ਬਾਅਦ ਨਾ ਚਾਹੁੰਦਿਆਂ ਹੋਇਆਂ ਵੀ ਉਸ ਖਾਸ ਤਰ੍ਹਾਂ ਦੇ ਜੀਵਨ ਨੂੰ ਅਪਣਾਉਣਾ ਪੈਂਦਾ ਹੈ। ਅਜੋਕੇ ਸਮੇਂ 'ਚ ਅਸੀਂ ਕੁਝ ਇਸੇ ਕਿਸਮ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਹਾਂ।



ਵਿਸ਼ਵ ਪੂੰਜੀਵਾਦੀ ਤਾਕਤਾਂ ਕਰੋਨਾ ਵਾਇਰਸ ਨੂੰ ਅਜੋਕੇ ਦੌਰ ਦੀ ਸਭ ਤੋਂ ਵੱਡੀ ਮਹਾਂਮਾਰੀ ਘੋਸ਼ਿਤ ਕਰਕੇ ਇਸਦਾ ਦੋਸ਼ ਇੱਕ ਦੂਜੇ ਸਾਮਰਾਜੀ ਮੁਲਕ ਉਪਰ ਮੜ੍ਹ ਰਹੀਆਂ ਹਨ। ਇਸ ਬਿਮਾਰੀ ਨੂੰ ਠੱਲ੍ਹ ਪਾਉਣ ਲਈ ਪੂਰੀ ਦੁਨੀਆਂ ਵਿੱਚ ਸਾਰੇ ਦੇਸ਼ਾਂ ਨੇ ਸਮਾਜਿਕ ਦੂਰੀ (Social Distancing) ਨੂੰ ਪ੍ਰਚਾਰਦਿਆਂ ਲੋਕਾਂ ਵਿਚਲਾ ਸਨੇਹ, ਪਿਆਰ ਤੇ ਭਾਈਚਾਰਕ ਸਾਂਝ ਨੂੰ ਦਾਅ ਉਪਰ ਲਗਾ ਛੱਡਿਆ ਹੈ।ਭਾਂਵੇ ਹੁਣ ਇਸਦੇ ਵਿਰੋਧ ਤੋਂ ਬਾਅਦ ਸਰੀਰਕ ਦੂਰੀ (Physical Distancing) ਸਲੋਗਨ ਵਰਤਿਆ ਜਾਣ ਲੱਗਾ ਹੈ।ਸਮਾਜਿਕ ਦੂਰੀ ਦੇ ਸਲੋਗਨ ਨੇ ਲੋਕਾਂ ਨੂੰ ਕਿਤੇ ਨਾ ਕਿਤੇ ਇਕ-ਦੂਜੇ ਤੋਂ ਦੂਰੀ ਜ਼ਰੂਰ ਪੈਦਾ ਕੀਤੀ ਹੈ।ਇਹਦੇ ਨਤੀਜੇ ਇਸ ਪ੍ਰਕਾਰ ਨਿਕਲੇ ਹਨ ਕਿ ਲੋਕ ਇਕ-ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗੇ ਹਨ, ਜੋ ਅੱਗੇ ਨਫਰਤ ਨੂੰ ਜਨਮ ਦਿੰਦੀ ਹੈ। ਹੱਥ ਮਿਲਾਉਣਾ, ਗਲੇ ਮਿਲਣਾ, ਚੁੰਮਣਾ (cheek Kiss) ਜਾਂ ਹੋਰ ਬਹੁਤ ਸਾਰੇ ਤਰੀਕੇ ਜੋ ਪਿਆਰ ਦਾ, ਨਿੱਘ ਦਾ ਅਤੇ ਮਿਲਵਰਤਨ ਦਾ ਪ੍ਰਤੀਕ ਸਨ, ਹੁਣ ਉਹ ਸਾਰਾ ਕੁਝ ਬੀਤੇ ਸਮੇਂ ਵਾਂਗ ਪਿੱਛੇ ਰਹਿੰਦਾ ਜਾ ਰਿਹਾ ਹੈ। ਇਹ ਵਰਤਾਰਾ ਮਾਨਵੀ ਕਦਰਾਂ-ਕੀਮਤਾਂ ਲਈ ਘਾਤਕ ਹੈ।

ਜੇਕਰ ਆਮ ਲੋਕਾਂ ਨੂੰ ਘਰਾਂ ਵਿੱਚ ਕੈਦ ਕਰਕੇ ਵੀ ਕਰੋਨਾ ਨੂੰ ਠੱਲ੍ਹ ਨਹੀਂ ਪੈ ਸਕੀ ਤਾਂ ਅਗਲੀ ਰਣਨੀਤੀ ਕੀ ਹੋਵੇਗੀ ?

ਜਿਸਨੇ ਭਵਿੱਖ ਤੈਅ ਕਰਨਾ ਹੈ। ਸੁਭਾਵਿਕ ਹੈ ਕਿ ਵਿਸ਼ਵ ਪੂੰਜੀਵਾਦੀ ਪ੍ਰਬੰਧ ਮਾਨਵਤਾ ਨੂੰ ਮੁੱਖ ਰੱਖਕੇ ਹਸਪਤਾਲਾਂ ਦੀ ਬੁਨਿਆਦ ਨੂੰ ਤਕੜਾ ਕਰਨ ਤੇ ਸਰਕਾਰੀ ਨਿਗਰਾਨੀ ਹੇਠ ਲਿਆਉਣ ਦੀ ਬਜਾਏ ਇਸ ਸਹਿਮ ਦੇ ਮਾਹੌਲ ਤੋਂ ਹੋਰ ਵੱਧ ਲਾਹਾ ਲੈਣ ਦੀ ਤਾਕ 'ਚ ਹੈ ।ਇਸ ਵਿਵਸਥਾ ਦਾ ਮਨੁੱਖ ਦੋਖੀ ਚਿਹਰਾ ਉਦੋਂ ਹੋਰ ਵੱਧ ਨੰਗਾ ਹੋ ਜਾਂਦਾ ਹੈ ਜਦੋਂ ਅਸੀਂ ਅੱਜ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਤਪਦੀਆਂ ਸੜਕਾਂ ਤੇ ਨੰਗੇਂ ਪੈਰੀਂ ਤੁਰਦੇ ਅਤੇ ਇੱਕ ਗਰੀਬ ਮਾਂ ਨੂੰ ਸੜਕ ਕਿਨਾਰੇ ਬੱਚੇ ਨੂੰ ਜਨਮ ਦਿੰਦਿਆਂ ਵੇਖਦੇ ਰਹੇ ਹਾਂ।ਸੈਨੀਟਾਈਜ਼ਰ, ਮਾਸਕ, ਹੱਥੀ ਦਸਤਾਨੇ ਜਾਂ ਪੀ. ਪੀ. ਈ. ਕਿੱਟਾਂ ਦਾ ਉਹ ਮਜਦੂਰ ਕੀ ਕਰਨਗੇ ਜਿਨ੍ਹਾਂ ਦੇ ਪੈਰਾਂ ਦੀਆਂ ਤਲੀਆਂ ਬੁਰੀ ਤਰ੍ਹਾਂ ਝੁਲਸੀਆਂ ਗਈਆਂ।

ਇੱਕ ਤਾਜਾ ਸਰਵੇਖਣ ਮੁਤਾਬਕ ਲਾਕਡਾਊਨ ਵਿੱਚ ਬਿਲੀਨੀਅਰਸ ਦੀ ਪੂੰਜੀ ਵਿੱਚ 10% ਅਤੇ 1.2 ਟਰੀਲੀਅਨ ਡਾਲਰ ਦਾ ਐਮਾਜ਼ੋਨ ਦਾ ਸਾਮਰਾਜ ਬਣਿਆ ਹੈ। ਦੂਜੇ ਪਾਸੇ ਲੋਕ ਲਾਕਡਾਊਨ ਚ ਆਪਣੀ ਥੋੜੀ ਬਹੁਤ ਜਮਾਂ ਕੀਤੀ ਪੂੰਜੀ ਨੂੰ ਖਰਚ ਕੇ ਆਪਣੀ ਭੁੱਖ ਮਿਟਾਉਣ ਲਈ ਮਜ਼ਬੂਰ ਹੋਏ ਹਨ। ਹੁਣ ਉਹ ਇਹ ਕਲਪਨਾ ਕਰ ਰਹੇ ਹਨ ਕਿ ਉਹ ਕਿਹੜਾ ਸਮਾਜ ਹੋਵੇਗਾ ਜੋ ਲੋਕਾਂ ਨੂੰ ਛੂਹਣ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਦੂਰ ਰੱਖੇਗਾ ਤਾਂ ਜਵਾਬ ਹੈ। ਛੋਹ-ਰਹਿਤ (Touchless Society) ਸਮਾਜ। ਛੋਹ-ਰਹਿਤ ਸਮਾਜ ਨੇ ਹੱਥਾਂ ਦੀ ਵਰਤੋਂ ਨੂੰ ਪਿੱਛੇ ਧਕੇਲਣਾ (Hinder) ਹੈ। ਬੇਸ਼ੱਕ ਹੱਥਾਂ ਦੀ ਵਰਤੋਂ ਕਦੇ ਖਤਮ ਨਹੀਂ ਹੋ ਸਕਦੀ। ਕਾਰਪੋਰੇਟ ਕੰਪਨੀਆਂ ਇਸ ਰਾਹ ਪੈ ਚੁੱਕੀਆਂ ਹਨ ਜਿਸਦੀ ਵਜ੍ਹਾ ਕਰਕੇ ਐਮਾਜ਼ੋਨ ਡਰੋਨ ਡਲਿਵਰੀ ਸਿਸਟਮ ਦੀ ਸਿਫਾਰਸ਼ ਕਰ ਰਹੀ ਹੈ।

ਪਰ ਕੀ ਹੱਥਾਂ ਦੀ ਵਰਤੋਂ ਨੂੰ ਖਤਮ ਕਰਨਾ ਸੰਭਵ ਹੋਵੇਗਾ ਜਾਂ ਉਹ ਸਿਰਫ ਕਿਸੇ ਖਾਸ ਤਬਕੇ ਦੇ ਲੋਕਾਂ ਵਿੱਚ ਇਹ ਫੈਸ਼ਨ ਲੈ ਕੇ ਆਉਣਗੇ। ਇਸ ਗੱਲ ਨੂੰ ਆਰਥਿਕ ਪਾੜਿਆ ਰਾਹੀਂ ਸਮਝਿਆ ਜਾ ਸਕਦਾ ਹੈ। ਇਕ ਜਮਾਤ ਐਸੀ ਬੈਠੀ ਹੈ ਜੋ ਸਮਾਜ ਵਿੱਚ ਆਰਥਿਕ ਨਾਬਰਾਬਰੀ, ਦੂਸ਼ਿਤ ਵਾਤਾਵਰਨ, ਸਿੱਖਿਆ ਦਾ ਨੀਵਾਂ ਮਿਆਰ, ਸਿਹਤ ਸਹੂਲਤਾਂ ਦਾ ਬੇੜਾ ਗਰਕ ਕਰਨ ਲਈ ਤੇ ਹੋਰ ਬਹੁਤ ਸਾਰੀਆਂ ਕੁਰੀਤੀਆਂ ਲਈ ਜ਼ਿੰਮੇਵਾਰ ਹੈ।ਉਹ ਹੈ; Elite, Illuminati ਜਾਂ ਅਮੀਰ ਵਰਗ ਜੋ ਪੂਰੀ ਕਾਇਨਾਤ ਦੀ 90% ਪੂੰਜੀ ਤੇ ਕਾਬਜ ਹੈ।ਮੱਧਵਰਗ ਇਸ ਛੋਹ ਰਹਿਤ ਸਮਾਜ ਲਈ ਸਭ ਤੋਂ ਵੱਧ ਨਿਸ਼ਾਨੇ ਤੇ ਹੈ।ਸਮਾਜ ਦੇ ਇੱਕ ਹਿੱਸੇ ਨੂੰ ਕੰਟਰੋਲ ਕਰਨਾ ਸਰਮਾਏਦਾਰੀ ਪ੍ਰਬੰਧ ਦੀ ਮਜ਼ਬੂਰੀ ਬਣ ਜਾਂਦੀ ਹੈ।ਪਹਿਲਾਂ ਇਹ ਕੰਮ ਅਦਾਲਤਾਂ-ਕਾਨੂੰਨਾਂ ਰਾਹੀ ਵੱਧ ਕੀਤਾ ਜਾਂਦਾ ਸੀ ਪਰ ਹੁਣ ਇਸ ਵਿੱਚ ਟੈਕਨਾਲੋਜੀ ਵੀ ਵਧੇਰੇ ਸਾਥ ਦੇਵੇਗੀ।ਮਿਹਨਤਕਸ਼ ਲੋਕ, ਜਿਨ੍ਹਾਂ ਲਈ ਛੋਹ ਰਹਿਤ ਸਮਾਜ ਦੇ ਕੋਈ ਮਾਅਨੇ ਨਹੀਂ ਹੋਣਗੇ।ਉਹ ਲੋਕ ਤਾਂ 21ਵੀ ਸਦੀ 'ਚ, ਜਦੋਂ ਹਵਾਈ ਸਫਰ ਤੱਕ ਆਮ ਹੋਵੇ; ਫਿਰ ਵੀ ਨੰਗੇ ਪੈਰੀ ਪੈਦਲ ਹਜ਼ਾਰਾਂ ਮੀਲ ਤੁਰਨ ਲਈ ਮਜਬੂਰ ਹਨ।

ਚਾਹੇ-ਅਣਚਾਹੇ ਇਹ ਛੋਹ-ਰਹਿਤ ਸਮਾਜ ਥੋਪਿਆ ਜਾਣਾ ਹੈ।ਕਰੋਨਾ ਵਾਇਰਸ ਮਹਾਂਮਾਰੀ ਨੂੰ ਲੋਕਾਂ ਸਿਰ ਮੜ੍ਹਿਆ ਗਿਆ ਅਤੇ ਇਸ ਗੱਲ ਨੂੰ hierarchy ਬਣਾ ਕੇ ਸਮਝਿਆ ਜਾ ਸਕਦਾ ਹੈ।ਮਤਲਬ ਸਭ ਤੋਂ ਗਰੀਬ ਜਿਹੜਾ ਹਜ਼ਾਰਾਂ ਮੀਲ ਨੰਗੇ ਪੈਰ ਪੈਦਲ ਤੁਰ ਰਿਹਾ ਹੈ, ਜਿਸਨੇ ਕਦੇ ਹਵਾਈ ਜਹਾਜ਼ ਦੇ ਸਫਰ ਦੇ ਸੁਫਨੇ ਤੱਕ ਨਹੀਂ ਵੇਖੇ, ਉਹ ਸਭ ਤੋਂ ਜ਼ਿਆਦਾ ਪਿਸ ਰਿਹਾ ਹੈ ਅਤੇ ਦੂਜੇ ਪਾਸੇ ਦੁਨੀਆਂ ਦੇ ਉਹ ਕੁਝ ਗਿਣਵੇਂ ਲੋਕ ਜਿਨ੍ਹਾਂ ਕੋਲ ਬੇਹਿਸਾਬ, ਬੇਸ਼ੁਮਾਰ ਦੌਲਤਾਂ ਦੇ ਭੰਡਾਰ ਹਨ। ਅਜਿਹੇ 'ਚ ਕਾਰਪੋਰੇਟਰਾਂ ਦੀ ਦੌਲਤ 'ਚ ਹੈਰਾਨੀਜਨਕ ਵਾਧਾ ਹੋਇਆ ਹੈ। ਸਭ ਤੋਂ ਅੱਗੇ ਐਮਾਜ਼ੋਨ ਹੈ, ਜਿਸਦੀ ਆਮਦਨ 11000$ ਪ੍ਰਤੀ ਸੈਕੰਡ ਤੱਕ ਪਹੁੰਚ ਗਈ ਹੈ ਤੇ ਕਰੋਨਾ ਵਾਇਰਸ ਦੌਰਾਨ ਇਹ 30% ਤੱਕ ਹੋਰ ਜਿਆਦਾ ਵਧ ਗਈ ਹੈ।

ਇਸ ਮਹਾਂਮਾਰੀ ਤੋਂ ਕਾਰਪੋਰੇਟਰਾਂ ਨੇ ਇਕੱਲਾ ਮੁਨਾਫੇ ਦਾ ਬਜਟ ਤਿਆਰ ਨਹੀਂ ਕੀਤਾ ਸਗੋਂ ਆਮ ਲੋਕਾਂ ਦੀਆਂ ਮੌਤਾਂ ਦਾ ਬਜਟ ਤੱਕ ਤਿਆਰ ਕਰ ਲਿਆ ਹੈ। ਲੱਖਾਂ ਦੀ ਤਾਦਾਦ ਵਿੱਚ ਹੋਈਆਂ ਮੌਤਾਂ ਨੂੰ ਉਹ ਜਾਇਜ਼ ਠਹਿਰਾ ਰਹੇ ਹਨ।ਬੇਸ਼ੱਕ ਇਸ ਮਹਾਂਮਾਰੀ ਨੇ ਆਮ ਲੋਕਾਂ ਨੂੰ 2 ਵਕਤ ਦੀ ਰੋਟੀ ਦਾ ਫਿਕਰ ਵੀ ਖੜਾ ਕਰ ਦਿੱਤਾ ਹੈ, ਪਰ ਅਮੀਰ ਵਰਗ ਵੱਲ ਦੇਖੀਏ ਤਾਂ ਉਹ ਇਸ ਮੰਜ਼ਰ ਤੋਂ ਬਾਅਦ ਇਨ੍ਹਾਂ ਤਕੜਾ ਹੋਇਆ ਹੈ ਕਿ ਸੋਚਣਾ ਵੀ ਬਹੁਤ ਮੁਸ਼ਕਿਲ ਹੈ। ਜੈੱਫ ਬੈਜੋਸ ਇਕੱਲਾ ਹੀ ਆਪਣੀ ਕੰਪਨੀ ਐਮਾਜ਼ੋਨ ਦੀ ਕਮਾਈ ਤੋਂ ਕਿਸੇ ਛੋਟੇ ਮੁਲਕ ਨੂੰ ਪੂਰੇ ਦਾ ਪੂਰਾ ਖਰੀਦਣ ਦੀ ਹੈਸੀਅਤ ਰੱਖਦਾ ਹੈ।ਇਸੇ ਹੈਸੀਅਤ ਜ਼ਰੀਏ, ਉਹ ਬਹੁਤ ਚੀਜ਼ਾਂ ਜਿਵੇਂ ਕਾਨੂੰਨ, ਟੈਕਨਾਲੋਜੀ ਜਾਂ ਸੰਚਾਰ ਮਾਧਿਅਮਾਂ ਨੂੰ ਆਪਣੇ ਹਿੱਤਾਂ ਲਈ ਵਰਤ ਸਕਦਾ ਹੈ ਅਤੇ ਲੋਕਾਂ ਦੀ ਜੇਬ ਬੜੀ ਆਸਾਨੀ ਨਾਲ ਖਾਲ੍ਹੀ ਕਰਵਾ ਸਕਦਾ ਹੈ।

ਦੁਨੀਆਂ ਬਹੁਤ ਹੀ ਨਾਜ਼ੁਕ ਮੋੜ ਤੇ ਖੜੀ ਹੈ, ਇਹ ਲੋਕਾਂ ਸਿਰ ਜ਼ਿੰਮੇਵਾਰੀ ਹੋਵੇਗੀ ਕਿ ਉਨ੍ਹਾਂ ਨੇ ਸਮਾਜ ਨੂੰ ਕਿਸ ਤਰ੍ਹਾਂ ਢਾਲਣਾ ਹੈ।ਜਿਵੇਂ ਬਹੁਤ ਹੀ ਮਸ਼ਹੂਰ ਪੱਤਰਕਾਰ ਯੂਵਲ ਨੋਹ ਹਰਾਰੀ ਲਿਖਦਾ ਹੈ ਕਿ ਕਾਰਪੋਰੇਟ ਜਮਾਤ ਤਾਂ ਲੋਕਾਂ ਦੇ ਇੰਟਰਨੈਟ ਸਰਚਿੰਗ ਡਾਟੇ ਤੋਂ, ਉਹਨਾਂ ਦੀਆਂ ਉਂਗਲਾਂ ਤੋਂ ਤੇ ਸਮਾਰਟ ਫੋਨਾਂ ਜ਼ਰੀਏ ਉਨਾਂ ਦੇ ਬਲੱਡ ਪ੍ਰੈਸ਼ਰ ਨੂੰ ਦੇਖ ਕੇ ਉਨ੍ਹਾਂ ਬਾਰੇ ਸੌਖੀ ਹੀ ਜਾਣਕਾਰੀ ਹਥਿਆ ਸਕਦੇ ਹਨ। ਜਿਸ ਨੂੰ ਉਹ ਕਿਸੇ ਵੀ ਮਕਸਦ ਲਈ ਵਰਤ ਸਕਦੇ ਹਨ ਪਰ ਇਹ ਸਾਰਾ ਢਾਂਚਾ ਲੋਕ ਤੈਅ ਕਰਨਗੇ ਕਿ ਉਨ੍ਹਾਂ ਨੇ ਕਾਰਪੋਰੇਟਰਾਂ ਜਾਂ ਸਰਕਾਰਾਂ ਦੇ ਹੱਥ ਦੀ ਕਠਪੁਤਲੀ ਬਣਨਾ ਜਾਂ ਆਪਣੀਆਂ ਨਿੱਜੀ ਭਾਵਨਾਵਾਂ ਜਾਂ ਸੋਚ ਦੀ ਨਿੱਜਤਾ ਨੂੰ ਆਪਣੇ ਕੰਟਰੋਲ ਹੇਠ ਰੱਖਣਾ।

ਇਹਦੇ ਨਾਲ ਦੂਜਾ ਵੱਡਾ ਧੋਖਾ ਕਿਸਾਨੀ ਨਾਲ ਹੋਇਆ ਹੈ।ਭਾਰਤੀ ਕਿਸਾਨੀ ਦੇਸ਼ ਦੀ ਲਗਭਗ 15% ਜੀਡੀਪੀ ਵਿੱਚ ਹਿੱਸਾ ਪਾਉਂਦੀ ਹੈ ਜਦਕਿ ਦੇਸ਼ ਦੀ 45% ਕੰਮ ਕਰਨ ਵਾਲੀ ਜਮਾਤ ਖੇਤੀ ਤੇ ਨਿਰਭਰ ਹੈ ।ਸਰਮਾਏਦਾਰੀ ਢਾਂਚੇ ਨੂੰ ਇਸ ਅੰਦਰ ਬਹੁਤ ਵੱਡਾ ਮੁਨਾਫਾ ਨਜ਼ਰ ਆ ਰਿਹਾ ਹੈ ਅਤੇ ਉਹ ਭਾਰਤੀ ਖੇਤੀ ਪ੍ਰਬੰਧ ਨੂੰ ਪੂਰਨ ਤੌਰ ਤੇ ਮੰਡੀ ਹਵਾਲੇ ਕਰਨ ਲਈ ਹਮੇਸ਼ਾ ਹੀ ਤਿਆਰ ਰਿਹਾ ਸੀ, ਪਰ ਕਿਸਾਨੀ ਸੰਕਟ ਵੱਡਾ ਹੋਣ ਕਾਰਨ ਇਹ ਮਸਲਾ ਅਟਕਦਾ ਰਿਹਾ ਹੈ। 2012 ਦੀ ਅਰਜਨਟੀਨਾ ਵਿਚਲੀ ਬਾਲੀ ਕਾਨਫਰੰਸ ਮੌਕੇ ਬੇਸ਼ੱਕ ਯੂਪੀਏ ਸਰਕਾਰ ਨੇ 2017 ਤੱਕ ਸ਼ਾਤੀ ਸਮਝੌਤੇ ਤਹਿਤ ਵਰਲਡ ਟਰੇਡ ਸੈਂਟਰ ਦੀਆਂ ਸ਼ਰਤਾਂ ਕਬੂਲ ਕੀਤੀਆਂ ਸਨ।ਪਰ ਮੌਜੂਦਾ ਬੀਜੇਪੀ ਸਰਕਾਰ ਨੇ ਦੂਜੇ ਤਿੱਖੇ ਹਮਲਿਆਂ ਵਾਂਗ ਇਸ ਮੁੱਦੇ ਨੂੰ ਵੀ ਨੇਪਰੇ ਲਾਉਣਾ ਠੀਕ ਸਮਝਿਆ ਹੈ।ਉਹ ਫਸਲੀ ਸਰਕਾਰੀ ਖਰੀਦ ਨੂੰ ਦਰਕਿਨਾਰ ਕਰਕੇ ਪ੍ਰਾਈਵੇਟ ਕੰਪਨੀਆਂ ਨਾਲ ਫਸਲਾਂ ਦੀ ਖਰੀਦ ਨੂੰ ਸਿੱਧਾ ਜੋੜ ਰਹੀ ਹੈ। ਇਸਦੇ ਪਿੱਛੇ ਤਰਕ ਇਹ ਦਿੱਤੇ ਜਾ ਰਹੇ ਹਨ ਕਿ ਕਿਸਾਨਾਂ ਦੀ ਫਸਲ ਇੰਝ ਕਰਕੇ ਜਲਦੀ ਖਰੀਦੀ ਜਾ ਸਕੇਗੀ ਤੇ ਨਮੀ ਜਾਂ ਹੋਰ ਰੁਕਾਵਟਾਂ ਜੋ ਫਸਲਾਂ ਦੀ ਖਰੀਦ ਨੂੰ ਲੇਟ ਕਰਦੀਆਂ ਹਨ ਉਹ ਇਸ ਤਰ੍ਹਾਂ ਨਹੀਂ ਆਉਣਗੀਆਂ ਜੋ ਕਿ ਸਰਾਸਰ ਬੇਬੁਨਿਆਦ ਹੈ।


ਕੁਦਰਤੀ ਸਰੋਤ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੁੰਦੇ।ਪਰ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕੁਝ ਕੁ ਅਮੀਰਜਾਦੇ ਇਨ੍ਹਾਂ ਦੀ ਲੁੱਟ ਹਮੇਸ਼ਾ ਤੋਂ ਕਰਦੇ ਆ ਰਹੇ ਹਨ। ਮੋਦੀ ਸਰਕਾਰ ਨੇ ਕੋਲੇ ਦੀਆਂ ਖਾਣਾ ਨੂੰ ਵੇਚਿਆ ਹੀ ਨਹੀਂ ਸਗੋਂ 18000 ਕਰੋੜ ਰੁਪਏ ਦੀ ਰਾਸ਼ੀ ਨੂੰ ਕੋਲੇ ਦੀਆਂ ਖਾਣਾ ਤੱਕ ਰੇਲਵੇ ਲਾਈਨਾਂ ਉਸਾਰਨ ਲਈ ਵੀ ਲਾਜ਼ਮੀ ਕੀਤਾ ਹੈ ਤਾਂ ਜੋ ਭਾਰਤੀ ਲੋਕਾਂ ਦੇ ਕੁਦਰਤੀ ਭੰਡਾਰ ਜ਼ਿਆਦਾ ਤੇਜ਼ੀ ਨਾਲ ਲੁੱਟੇ ਜਾ ਸਕਣ।



ਭਾਜਪਾ ਸਰਕਾਰ ਇੱਥੇ ਹੀ ਬਸ ਨਹੀਂ ਕੀਤੀ ਉਹਨੇ ਦੇਸ਼ ਦੇ 6 ਵੱਡੇ ਏਅਰਪੋਰਟ ਨਿੱਜੀ ਹੱਥਾਂ ਵਿੱਚ ਸੌਂਪਣ ਲਈ ਤਿਆਰ-ਬਰ-ਤਿਆਰ ਹੈ। ਪ੍ਰਾਈਵੇਟ ਫਰਮਾਂ 'ਚ ਕੰਮ ਕਰਦੇ ਮਜ਼ਦੂਰਾਂ ਦੀ ਹਾਲਤ ਇਸ ਸੰਕਟ ਦੇ ਸਮੇਂ ਜੋ ਹੈ ਉਹ ਕਿਸੇ ਤੋਂ ਲੁਕੀ ਨਹੀਂ। ਇਸ ਹਾਲਤ ਨੂੰ ਹੋਰ ਬਦਤਰ ਬਣਾਉਣ ਲਈ ਨਵੇਂ ਲੇਬਰ ਕਾਨੂੰਨ ਉਤਪ੍ਰੇਰਕ (catalyst) ਸਹਾਈ ਹੋਣਗੇ।ਕਿਉਂਕਿ ਮਜ਼ਦੂਰਾਂ ਦੀ ਹਾਲਤ ਇੰਡਸਟਰੀਅਲ ਡਿਸਪਿਊਟ ਐਕਟ 1947 ਦੇ ਹੁੰਦਿਆਂ ਏਨੀ ਬੁਰੀ ਹੈ ਜਦੋਂ ਸਰਕਾਰ ਨੇ ਇਹ ਸਾਰੇ ਮਜ਼ਦੂਰਾਂ ਪੱਖੀ ਕਾਨੂੰਨਾਂ ਨੂੰ ਹੀ ਪੁੱਠਾ ਗੇੜ ਦੇ ਦਿੱਤਾ ਤਾਂ ਭਾਰਤ ਅੰਦਰ ਟਰੇਡ ਯੂਨੀਅਨਾਂ ਦੀ ਸਥਾਪਨਾ, ਗਰਾਂਟਿਡ ਕੰਮ, ਮਜ਼ਦੂਰਾਂ ਦੇ ਹੱਕ ਜਾਂ ਬਰਾਬਰਤਾ ਵਰਗੇ ਸ਼ਬਦ ਸਿਰਫ ਇਤਿਹਾਸ ਦੇ ਪੰਨਿਆਂ ਵਿਚ ਸਿਮਟ ਕੇ ਰਹਿ ਜਾਣਗੇ।

ਮੋਦੀ ਸਰਕਾਰ ਨੇ ਚਿਰਾਂ ਤੋਂ ਲਮਕੇ ਆਰਡੀਨੈਂਸ ਫੈਕਟਰੀ ਬੋਰਡ (Ordnance Factory Board) ਨੂੰ ਵੀ ਪਾਸ ਕਰਾਉਣ ਲਈ ਬੇਸਬਰ ਹੈ।ਇਹਦੇ ਨਾਲ ਡਿਫੈਂਸ ਵਿੱਚ ਨਿੱਜੀਕਰਨ ਨੂੰ ਵਧਾ ਕੇ 49% ਤੋਂ 74% ਤੱਕ ਕਰ ਦਿੱਤਾ ਹੈ।ਹਾਲਾਂਕਿ ਇਹਦੇ ਕਈ ਸੈਕਟਰਾਂ ਵਿੱਚ ਤਾਂ 100% ਨਿੱਜੀਕਰਨ ਹੈ। ਭਾਰਤ ਦੇ ਇਹ ਬਹੁਤ ਮਹੱਤਵਪੂਰਨ ਸੈਕਟਰ ਹਨ ਕਿਉਂਕਿ ਇਨ੍ਹਾਂ ਅੰਦਰ ਫੌਜ, ਨਿਊਕਲੀਅਰ ਸੈਕਟਰ, ਪੁਲਾੜ ਵਿਚ ਖੋਜ ਤੇ ਪੁਲਾੜ ਦੇ ਸਫਰ ਵੀ ਸ਼ਾਮਲ ਹਨ ਅਤੇ ਇਹ ਸੈਕਟਰ ਮੁਨਾਫੇ ਨਾਲ ਜੁੜੇ ਹੋਏ ਹਨ।ਲੋਕਾਂ ਨੂੰ ਕੁੱਟਣ, ਲੁੱਟਣ ਤੇ ਕੰਟਰੋਲ ਕਰਨ ਲਈ ਹਰ ਮੁਮਕਿਨ ਢੰਗ ਅਪਣਾਇਆ ਜਾ ਰਿਹਾ ਹੈ, ਲੋਕਾਂ ਦੀ ਆਵਾਜ਼ ਦੱਬਣ ਲਈ ਉਹਨਾਂ ਨੂੰ ਫੌਜ ਜਾਂ ਪੁਲਿਸ ਦੀ ਲੋੜ ਹੈ ਜਿਸ ਵਿੱਚ ਸਰਕਾਰ ਨੇ ਪ੍ਰਾਈਵੇਟ ਭਾਗੀਦਾਰੀ ਵਧਾ ਕੇ ਦੋ ਤਿਹਾਈ ਹਿੱਸਾ ਪਵਾ ਲਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਲੋਕਾਂ ਨੂੰ ਇਹ ਕਹਿਕੇ ਕੋਝਾ ਮਜ਼ਾਕ ਕੀਤਾ ਹੈ ਕਿ 'ਆਤਮ ਨਿਰਭਰ ਬਣੋ' ਜਦਕਿ ਦੂਜੇ ਪਾਸੇ ਸਰਕਾਰ ਆਪ ਦੇਸ਼ ਦੇ ਕੁਦਰਤੀ ਵਸੀਲੇ ਨਿੱਜੀ ਦੇਸੀ-ਬਦੇਸ਼ੀ ਕੰਪਨੀਆਂ ਨੂੰ ਵੇਚਣ-ਵੱਟਣ ਲਈ ਤਿਆਰ ਹੈ।ਮੁਸਲਿਮ ਵਿਰੋਧੀ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਕਰਨ ਵਾਲਿਆਂ ਖਿਲਾਫ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ।ਭਾਜਪਾ ਸਰਕਾਰ ਲੋਕਾਂ ਉਪਰ 8 ਘੰਟੇ ਦੀ ਜਗ੍ਹਾ 12 ਘੰਟੇ ਕੰਮ ਕਰਵਾ ਕੇ ਘਾਟਾ ਪੂਰਾ ਕਰਨ ਦੀ ਗੱਲ ਕਰਦੀ ਹੈ ਪਰ ਇਸਦੇ ਐਨ ਉਲਟ ਪ੍ਰਾਈਵੇਟ ਕੰਪਨੀਆਂ ਨੂੰ ਕਿਸੇ ਵੀ ਬੰਦੇ ਨੂੰ ਬਿਨਾਂ ਨੋਟਿਸ ਜਾਰੀ ਕੀਤੇ ਕੰਮ ਤੋਂ ਕੱਢਣ ਦੀ ਖੁੱਲ੍ਹ ਦਿੰਦਾ ਹੈ। ਮੋਦੀ ਸਰਕਾਰ ਨੇ ਅਗਲੀ ਕਤਾਰ 'ਚ ਖੜੇ ਹਰ ਕਾਮੇ, ਚਾਹੇ ਉਹ ਇੰਜੀਨੀਅਰ ਹੋਣ, ਨਰਸਾਂ ਹੋਣ, ਮਜ਼ਦੂਰ ਹੋਣ ਜਾਂ ਕਿਸੇ ਵੀ ਫਰਮ 'ਚ ਕੰਮ ਕਰਨ ਵਾਲੇ ਕਿਰਤੀ ਹੋਣ, ਉਪਰ ਸਾਰਾ ਬੋਝ ਸੁੱਟਿਆ ਹੈ। ਪਰ ਮੋਦੀ ਸਰਕਾਰ ਕਾਰਪੋਰੇਟਰਾਂ, ਕਾਰੋਬਾਰੀਆਂ ਜਾਂ ਵੱਡੇ ਧਨਾਢਾਂ ਦਾ 68000 ਕਰੋੜ ਦਾ ਕਰਜ਼ਾ ਮੁਆਫ਼ ਕਰਕੇ ਆਮ ਲੋਕਾਂ ਨੂੰ ਹਨੇਰ 'ਚ ਸੁੱਟਣ 'ਚ ਮਸ਼ਰੂਫ ਹੈ।ਵੱਡੇ ਸੰਕਟ ਹਰ ਦਿਸ਼ਾ ਵੱਲੋਂ ਬੁਰੀ ਤਰ੍ਹਾਂ ਲੋਕਾਂ ਨੂੰ ਘੇਰ ਰਹੇ ਹਨ।ਲੋਕਾਂ ਨੂੰ ਇਹਨਾਂ ਮਹਾਂਮਾਰੀਆਂ ਵਰਗੀਆਂ ਬੁਰਾਈਆਂ ਦੇ ਧੁਰਿਆਂ ਖਿਲਾਫ ਜੁਅਰਤ ਨਾਲ ਡਟਣਾ ਚਾਹੀਦਾ ਹੈ।

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

# ਕਰੋਨਾ ਭੈਅ ਤੇ ਹਾਕਮੀ ਸ਼ੋਸ਼ਣ ਦਾ ਸ਼ਿਕਾਰ, ਕਿਰਤੀ !



ਕੋਵਿਡ-19 (ਕਰੋਨਾ ਵਾਇਰਸ) ਦੀ ਮਹਾਂਮਾਰੀ ਤੋਂ ਬੱਚਣ ਲਈ ਭਾਰਤ ਅੰਦਰ ਮੋਦੀ ਸਰਕਾਰ ਨੇ ਬਹੁਤ ਸਾਰੇ ਬਚਾਉ ਕਦਮ ਪੁੱਟੇ ਅਤੇ ਸਾਰੇ ਦੇਸ਼ ਨੇ ਪਹਿਲੀ ਵਾਰੀ ਤਾਲਾਬੰਦੀ ਅਧੀਨ ਬੰਦਸ਼ਾਂ ਅਤੇ ਪਾਬੰਦੀਆਂ ਨੂੰ ਲਗਾਤਾਰ ਕਈ ਕਈ ਹਫ਼ਤੇ ਝੇਲਿਆ। ਅੱਕ ਤੱਕ ਦੇਸ਼ ਅੰਦਰ ਸਾਰਾ ਜਨ-ਜੀਵਨ ਰੁਕਿਆ ਰਿਹਾ ਹੈ। ਦੇਸ਼ ਦੇ ਸਿਹਤ ਵਿਗਿਆਨੀਆਂ, ਡਾਕਟਰਾਂ ਅਤੇ ਸੰਸਾਰ ਸਿਹਤ ਸੰਸਥਾ ਦੀਆਂ ਹਦਾਇਤਾਂ ਨੂੰ ਵੀ ਇਨ੍ਹਾਂ ਬੰਦਸ਼ਾਂ ਹੇਠ ਰੱਖਿਆ ਗਿਆ। ਸਨਅਤੀ ਸਰਗਰਮੀਆਂ, ਪੈਦਾਵਾਰ ਅਤੇ ਹਰ ਤਰ੍ਹਾਂ ਦੀ ਉਸਾਰੀ ਬੰਦ ਪਈ ਹੋਈ ਹੈ। ਹਰ ਤਰ੍ਹਾਂ ਦੀ ਆਵਾਜਾਈ, ਬੱਸ, ਰੇਲ ਅਤੇ ਹਵਾਈ ਸੇਵਾਵਾਂ ਠੱਪ ਹੀ ਰਹੀਆਂ। ਆਰਥਿਕ ਮਾਹਰਾਂ ਅਨੁਸਾਰ ਦੇਸ਼ ਦਾ ਕੁਲ ਘਰੇਲੂ ਉਤਪਾਦਨ ਵਿੱਚ ਵਾਧੇ ਦੀ ਦਰ ਸਿਫ਼ਰ ਤੋਂ 1.15 ਫੀਸਦ ਰਹਿਣ ਦੀ ਕਿਆਸ=ਰਾਈ ਕਹੀ ਜਾ ਰਹੀ ਹੈ ? ਸਭ ਤੋਂ ਵੱਧ ਪ੍ਰਭਾਵਿਤ ਹੋਇਆ ਦੇਸ਼ ਦਾ ਰੁਜ਼ਗਾਰ ਅਤੇ ਕਿਰਤ-ਸ਼ਕਤੀ ਖੇਤਰ! ਇਸ ਦਾ ਅੰਦਾਜ਼ਾ ਦੇਸ਼ ਦੇ ਗੈਰ ਸੰਗਠਨ ਖੇਤਰ ਅੰਦਰ ਕੰਮ ਕਰਦੇ 43 ਕਰੋੜ ਕਿਰਤੀਆਂ 'ਚੋਂ 13 ਕਰੋੜ ਪ੍ਰਵਾਸੀ ਕਿਰਤੀ, ਜਿਨ੍ਹਾਂ ਵਿੱਚੋਂ ਇੱਕ ਕਰੋੜ ਨੂੰ ਕੰਮ ਬੰਦ ਹੋਣ ਕਾਰਨ, ਰੁਜ਼ਗਾਰ ਖੁਸਣ, ਸਨਅਤਾਂ ਬੰਦ ਹੋਣ, ਕੰਮ ਤੋਂ ਜਵਾਬ ਮਿਲਣ ਤੇ ਦਿਹਾੜੀਆਂ ਨਾ ਮਿਲਣ ਕਾਰਨ ਭੁੱਖ ਤੋਂ ਆਤੁਰ ਹੋ ਕੇ ਆਪੋ ਆਪਣੇ ਘਰਾਂ ਨੂੰ ਵਾਪਸੀ ਲਈ ਪਲਾਇਨ ਕਰਨਾ ਪਿਆ। ਕਰੋਨਾਂ ਤੋਂ ਮੌਤ ਦੇ ਡਰ ਨੇ ਉਤਨਾ ਨਹੀਂ, ਸਗੋਂ ਇੱਕ ਰੋਟੀ ਦੇ ਟੁਕੜੇ ਖ਼ਾਤਰ ਉਨ੍ਹਾਂ ਨੂੰ ਲਾਸ਼ਾਂ ਦਾ ਢੇਰ ਬਣਨਾ ਪਿਆ ?

ਕਈ ਦੇਸ਼ਾਂ ਅੰਦਰ ਵਿਉਂਤ ਬੰਦੀ ਨਾਲ ਬਹੁਤ ਘੱਟ ਜਾਂ ਘੱਟ ਤਾਲਾਬੰਦੀ ਦੀ ਵਰਤੋਂ ਕੀਤੀ ਗਈ ਅਤੇ ਕਰੋਨਾ ਵਾਇਰਸ 'ਤੇ ਕਾਬੂ ਪਾਉਣ ਲਈ ਚੰਗੇ ਨਤੀਜੇ ਵੀ ਪ੍ਰਾਪਤ ਕੀਤੇ। ਉਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਅਸਿੱਧੇ ਢੰਗ ਨਾਲ ਆਰਥਿਕ, ਸਮਾਜਿਕ ਅਤੇ ਹੋਰ ਸਰਗਰਮੀਆਂ ਵੀ ਜਾਰੀ ਰੱਖੀਆਂ। ਪਰ ਮੋਦੀ ਸਰਕਾਰ ਨੇ ਮਨ ਮਰਜ਼ੀਆਂ ਰਾਹੀਂ ਕਰੋਨਾ ਨੂੰ ਰੋਕਣ ਲਈ ਆਪਣੀਆਂ ਨੀਤੀਆਂ ਜਾਰੀ ਰਾਖੀਆਂ। ਦੇਸ਼ ਜੋ ਪਹਿਲਾ ਹੀ ਆਰਥਿਕ ਤੌਰ 'ਤੇ ਮੰਦੀ ਵੱਲ ਵੱਧ ਰਿਹਾ ਸੀ। ਸਨਅਤ, ਖੇਤੀ, ਹੋਰ ਖੇਤਰ ਤੇ ਪੂੰਜੀ ਨਿਵੇਸ਼ 'ਚ ਆਈ ਖੜੋਤ ਆਦਿ ਕਾਰਨਾਂ ਕਰਕੇ ਦੇਸ਼ ਅੰਦਰ ਰੁਜ਼ਗਾਰ, ਪੈਦਾਵਾਰ, ਖੇਤੀ, ਅਤੇ ਵਿੱਤੀ ਅਦਾਰਿਆਂ ਅੰਦਰ ਹੁਣ ਕੋਈ ਹਾਂ-ਪੱਖੀ ਚਿੰਨ੍ਹ ਨਜ਼ਰ ਨਹੀਂ ਆ ਰਹੇ ਸਨ ? ਲੰਬੀ ਤਾਲਾਬੰਦੀ ਕਾਰਨ ਕਿਰਤੀ ਦਾ ਰੁਜ਼ਗਾਰ ਖੁਸਿਆਂ, ਨੰਗ-ਭੁੱਖ ਝੱਲਣੀ ਪਈ। ਅੱਗੋਂ ਰੁਜ਼ਗਾਰ ਲਈ ਕੋਈ ਆਸ ਨਾ ਹੋਵੇ ਤਾਂ ਜਾਨ ਹੈ ਤਾਂ ਜਹਾਨ ਹੈ ! ਬਿਆਨ ਬਾਜ਼ੀਆਂ ਦੇ ਬਾਵਜੂਦ, ਜਦੋਂ ਭੁੱਖਾ ਪੇਟ ਨਾ ਭਰਿਆ, ਹਰ ਥਾਂ ਜ਼ਬਰੀ ਪਾਬੰਦੀ ਹੋਵੇ ਤਾਂ ਭੁੱਖੇ ਇਨਸਾਨ ਨੂੰ ਹਰ ਤਰ੍ਹਾਂ ਦੀਆਂ ਰੋਕਾ ਟੱਪਣ ਲਈ ਹਾਕਮ ਖੁਦ ਹੀ ਮਜ਼ਬੂਰ ਕਰ ਦਿੰਦੇ ਹਨ ? ਕੌਮੀ ਰਾਜ ਦੀ ਸਾਰੇ ਨਾਗਰਿਕਾਂ ਦੀ ਸੁਰੱਖਿਆਂ ਦੀ ਜ਼ਿੰਮੇਵਾਰੀ ਹੈ। ਭੁੱਖਾ ਕਿਰਤੀ ਜਦੋਂ ਸੜਕਾਂ ਅਤੇ ਰੇਲਾਂ ਹੇਠਾਂ ਦਰੜਿਆ ਜਾਂਦਾ ਹੋਵੇ, ਕੁਝ ਘੰਟੇ ਜਨਮੇ ਮਾਂ ਤੇ ਬੱਚੇ ਨੂੰ ਕਿ ਰਾਹ 'ਚ ਪੁਲਿਸ ਨਾ ਰੋਕੇ, ਪੁਲਿਸ ਦੀ ਮਾਰ ਦਾ ਡਰ ਹੋਵੇ ਤਾਂ ਬਸ ਨਿਸ਼ਾਨਾਂ ਘਰ ਪੁੱਜਣ ਦਾ ਹੋਵੇਗਾ ? ਨਾ ਰੋਟੀ, ਨਾ ਪਾਣੀ, ਭੁੱਖੇ-ਭਾਣੇ ਬੱਚੇ, ਇਸਤਰੀਆਂ, ਬੁੱਢੇ-ਪ੍ਰਵਾਸੀ ਕਿਰਤੀ ਸਭ ਬੰਧੂਆਂ ਬਣੇ ਤੁਰੇ ਜਾ ਰਹੇ ਹੋਣ ਤਾਂ ਸਾਡੇ ਮਨੁੱਖਤਾ ਵਾਦੀ ਚਿੰਤਨ, ਦੇਸ਼ ਭਗਤੀ ਦਾ ਨਾਹਰਾ ਲਾਉਣ ਵਾਲੇ ਰਾਸ਼ਟਰਵਾਦੀਆਂ ਨੂੰ ਇੰਡੀਆ ਅੰਦਰ ਰਹਿਣ ਵਾਲੇ ਇਹ ਕਰੋੜਾ ਭਾਰਤੀ ਕਿਰਤੀ ਉਨ੍ਹਾਂ ਨੂੰ ਅਜੇ ਵੀ ਦਿੱਸਦੇ ਨਾ ਹੋਣ ਤਾਂ ਜਮਹੂਰੀਅਤ ਅੰਦਰ ਯਥਾਰਥ, ਬਰਾਬਰਤਾ ਅਤੇ ਨਿਆਂ ਕਿੱਥੋਂ ਮਿਲੇਗਾ ?

ਕੋਵਿਡ-19 ਦੀ ਮਹਾਂਮਾਰੀ ਦੇ ਪੂਰੀ ਤਰ੍ਹਾਂ ਖ਼ਤਮ ਹੋਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਦੇਸ਼ ਅੰਦਰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਜੀਵਨ ਵਿੱਚ ਉਹ ਉਭਾਰ ਵੀ ਛੇਤੀ ਨਹੀਂ ਆ ਸਕੇਗਾ ਜਿਸ ਤੋਂ ਉਹ ਹੇਠਾਂ ਆਇਆ ਸੀ। ਸਮਾਜ ਅੰਦਰ ਮੁੜ ਹਰ ਤਰ੍ਹਾਂ ਦੀਆਂ ਸਰਗਰਮੀਆਂ, ਇਕੱਠ, ਰੌਣਕ, ਮੇਲੇ, ਆਵਾਜਾਈ ਅਤੇ ਇਕੱਠਾ 'ਚ ਹਾਜ਼ਰੀ ਇਸ ਦੇ ਤਰਕ ਸੰਗਤ ਪ੍ਰਭਾਵ ਹੋਣਗੇ। ਇਸ ਮਹਾਂਮਾਇਰੀ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਬਾਅਦ ਵੀ ਸਾਰੇ ਸਮਾਜ ਅਮਦਰ ਆਮ ਵਿਸ਼ਵਾਸ ਅਤੇ ਯਕੀਨ-ਦਹਾਨੀ ਲਈ ਲੰਬਾ ਵਕਤ ਲੱਗੇਗਾ ? ਦੇਸ਼ ਅੰਦਰ ਕਰੋਨਾ ਦੀ ਰੋਕਥਾਮ ਅਤੇ ਬਚ-ਬਚਾਅ ਲਈ ਮੋਦੀ ਸਰਕਾਰ ਵੱਲੋਂ ਪੜਾਅ ਵਾਰ ਚੁੱਕੇ ਕਦਮ ਅਤੇ ਉਨ੍ਹਾਂ ਦੀ ਪੂਰਤੀ ਲਈ ਸਮੁੱਚਾ ਦੇਸ਼ ਇੱਕ ਮੁੱਠ ਹੋ ਕੇ ਫੁੱਲ ਚੜ੍ਹਾਉਂਦਾ ਰਿਹਾ ਹੈ। ਸਮੁੱਚੀ ਲੋਕਾਈ ਕਰੋਨਾ ਦੇ ਜ਼ਿੰਦਗੀ 'ਤੇ ਪੈ ਰਹੇ ਦੁਰ-ਪ੍ਰਭਾਵਾਂ ਨੂੰ ਭਲੀ ਭਾਂਤ ਜਾਨਣ ਦੇ ਆਦੀ ਬਣ ਰਹੇ ਸਨ। ਹਰ ਇੱਕ ਨੂੰ ਜ਼ਿੰਦਗੀ ਪਿਆਰੀ ਹੈ। ਇਹੀ ਕਾਰਨ ਹੈ ਕਿ ਖਾਸ ਕਰਕੇ ਲੱਖਾਂ ਪ੍ਰਵਾਸੀ ਕਿਰਤੀ ਲੋਕ ਜਿਊਣ ਲਈ ਆਪਣੇ ਘਰਾਂ ਵੱਲ ਮੋੜੇ ਪਾ ਰਹੇ ਦਿੱਸ ਰਹੇ ਹਨ ? ਕਿਉਂਕਿ ਉਨ੍ਹਾਂ ਨੂੰ ਮਿਲ ਰਿਹਾ ਰੁਜ਼ਗਾਰ ਬੰਦ ਹੋ ਗਿਆ ਅਤੇ ਕੋਈ ਸਹਾਰਾ ਨਾ ਰਿਹਾ। ਜਹੋਰ ਕਿਤਿਓ ਕੋਈ ਵੀ ਕਿਸੇ ਤਰ੍ਹਾਂ ਦੀ ਸਹਾਇਤਾ ਨਾ ਮਿਲਣ ਕਰਕੇ, ਕਰੋਨਾ ਵਾਇਰਸ ਵਿਰੁੱਧ ਲੜਨ ਲਈ ਪਲਾਇਨ ਕਰਨਾ ਹੀ ਇੱਕ ਬਾਕੀ ਰਾਹ ਰਹਿ ਗਿਆ ਸੀ। ਜੇਕਰ ਤਾਲਾਬੰਦੀ ਦੇ ਪਹਿਲੇ ਪੜਾਅ ਵੇਲੇ ਹੀ ਹਰ ਭਾਰਤੀ ਨੂੰ ਸੁਰੱਖਿਅਤ ਤੇ ਸਹਾਰੇ ਵਾਲੀ ਜਗ੍ਹਾ ਪੁੱਜਣ ਲਈ ਕੋਈ ਸਮਾਂ ਸੀਮਾ ਤਹਿ ਕਰ ਦਿੱਤੀ ਜਾਂਦੀ ਤਾਂ ਐਨਾ ਖਲਾਰਾ ਨਾ ਪੈਂਦਾ। ਤਾਲਾਬੰਦੀ ਦੇ ਪਹਿਲੇ ਪੜਾਅ ਵੇਲੇ ਵਿਉਂਤਬੰਦੀ, ਬੰਦੋਬਸਤ ਅਤੇ ਦੂਰਦਰਸ਼ੀ ਪਹੁੰਚ, ਨਾ-ਨਿਪੁੰਨਤਾ ਵਾਲੀ ਅਤੇ ਨਾ ਹੀ ਲੋਕ ਤੰਤਰਿਕ ਰਾਜਨੀਤੀ ਵਾਲੀ ਕਹੀ ਜਾ ਸਕਦੀ ਹੈ। ਕਿਉਂਕਿ ਤਾਲਾਬੰਦੀ ਦੇ ਪਹਿਲੇ ਪੜਾਅ ਨੇ ਜਿੱਥੇ ਦੇਸ਼ ਦੀ ਆਰਥਿਕਤਾ ਨੂੰ ਹੋਰ ਢਾਅ ਲਾਈ ਹੈ, ਉੱਥੇ ਦੇਸ਼ ਦੀ ਕਿਰਤ ਸ਼ਕਤੀ ਅੰਦਰ 14-ਕਰੋੜ ਪ੍ਰਵਾਸੀ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਦਾ ਵੀ ਹਨਨ ਕੀਤਾ ਹੈ ?

ਕਰੋਨਾ ਦਾ ਪ੍ਰਭਾਵ ਕਦੋਂ ਖ਼ਤਮ ਹੋਵੇਗਾ, ਅਜੇ ਕੋਈ ਗਾਰੰਟੀ ਨਹੀਂ ਲਈ ਜਾ ਸਕਦੀ ? ਜਦੋਂ ਤੱਕ ਕੋਈ ਸੰਸਾਰ ਪੱਧਰ ਦਾ ਅਜਿਹਾ ਇਸ ਦੀ ਰੋਕਥਾਮ ਲਈ ਵੈਕਸੀਨ ਤਿਆਰ ਨਹੀਂ ਹੋ ਜਾਂਦਾ ਹੈ। ਹੁਣ ਤਾਲਾਬੰਦੀ ਖੋਲ੍ਹਣ ਬਾਅਦ ਦੂਸਰਾ ਪੜਾਅ ਸ਼ੁਰੂ ਹੋਵੇਗਾ। ਦੇਸ਼ ਅੰਦਰ ਮੂੰਹ ਭਰਨੇ ਪਈ ਆਰਥਿਕਤਾ ਨੂੰ ਮੁੜ ਪੈਰ੍ਹਾਂ 'ਤੇ ਖੜ੍ਹਾ ਕਰਨਾ ਇੱਕ ਆਸਾਨ ਕੰਮ ਨਹੀਂ ਹੈ। ਭਾਵੇਂ ਕਰੋਨਾ ਦੇ ਚੱਕਰਵਿਊ ਵਿੱਚੋਂ ਸੰਸਾਰ ਆਰਥਿਕਤਾ ਨੂੰ ਮੁੜ ਪੈਰ੍ਹਾਂ 'ਤੇ ਆਉਣ ਲਈ ਕਾਫੀ ਸਮਾਂ ਲੱਗੇਗਾ ਅਤੇ ਆਰਥਿਕ ਸੰਕਟ ਤੋਂ ਉਭਰਨ ਲਈ ਹਰ ਦੇਸ਼ ਨੂੰ ਸੰਭਾਵਿਕ ਢੰਗ ਤਰੀਕੇ ਅਪਣਾਉਣੇ ਪੈਣਗੇ। ਅੰਦਰੂਨੀ ਮੰਡੀ ਲਈ ਪੈਦਾਵਾਰ ਵਧਾਉਣ, ਖਪਤ ਅਤੇ ਲੋਕਾਂ ਦੀਆਂ ਜ਼ੇਬਾਂ 'ਚ ਪੈਸਾ ਪਾਉਣ ਲਈ ਰੁਜ਼ਗਾਰ ਸਭ ਤੋਂ ਵੱਧ ਲੋੜੀਂਦਾ ਕਦਮ ਹੈ। ਰੁਜ਼ਗਾਰ ਪੈਦਾ ਕਰਨ ਲਈ ਜਨਤਕ ਖੇਤਰ ਉਸਾਰੀ ਕਰਨੀ, ਸਿਹਤ ਸੇਵਾਵਾਂ, ਸਿੱਖਿਆ, ਢਾਂਚਾਗਤ ਉਸਾਰੀ ਲਈ ਜਨਤਕ ਪੂੰਜੀ ਨਿਵੇਸ਼ ਕਰਨਾ ਪਹਿਲਾ ਕਦਮ ਹੈ। ਇਸ ਮੁੱਢਲੇ ਦੌਰ ਅੰਦਰ ਕਿਰਤੀ-ਵਰਗ ਦੀ ਕਿਰਤ-ਸ਼ਕਤੀ ਦੇ ਸ਼ੋਸ਼ਣ ਨੂੰ ਰੋਕਣਾ ਲਾਜ਼ਮੀ ਤੇ ਜ਼ਰੂਰੀ ਹੋਵੇਗਾ। ਨਹੀਂ ਤਾਂ ਕਿਰਤ ਸ਼ਕਤੀ ਦੇ ਸ਼ੋਸ਼ਣ ਕਾਰਨ ਕਿਰਤੀਆਂ ਅੰਦਰ ਪੈਦਾ ਹੋਇਆ ਰੋਹ ਕਿਸੇ ਵੀ ਤਸ਼ੱਦਦ ਰਾਹੀਂ ਰੋਕਿਆ ਨਹੀਂ ਜਾ ਸੱਕੇਗਾ ? ਫਰ ਭਾਰਤ ਅੰਦਰ ਅਤਿ ਦੀ ਫਿਰਕੂ, ਪੂੰਜੀਪਤੀਆਂ-ਪੱਖੀ ਅਤੇ ਸਾਮਰਾਜੀਆਂ ਦੀ ਛੋਟੀ ਭਾਈਵਾਲ ਬਣੀ ਮੋਦੀ ਸਰਕਾਰ ਵੱਲੋਂ ਦੇਸ਼ ਅੰਦਰ ਬੇਰੁਜ਼ਗਾਰੀ ਦਾ ਖ਼ਾਤਮਾ, ਸਮਾਜਕ ਨਾ-ਬਰਾਬਰੀਆਂ ਦੂਰ ਕਰਨਾ ਅਤੇ ਲੋਕਾਂ ਨੂੰ ਸਮਾਜਿਕ-ਆਰਥਿਕ ਨਿਆਂ ਕੀ ਦੇਣਾ ਸੀ ? ਸਗੋਂ ਜਦ ਸਮੁੱਚੇ ਦੇਸ਼ ਵਾਸੀ ਕਰੋਨਾ ਵਾਇਰਸ ਵਿਰੁੱਧ ਮਿਲ ਕੇ ਲੜ੍ਹ ਰਹੇ ਸਨ ਤਾਂ ਬੀ.ਜੇ.ਪੀ. ਦੀਆਂ ਯੂ.ਪੀ., ਐਮ.ਪੀ., ਗੁਜ਼ਰਾਤ, ਕਾਰਨਾਟਕਾਂ ਆਦਿ ਰਾਜ-ਸਰਕਾਰਾਂ ਵੱਲੋਂ ਕਿਰਤੀਆਂ ਪੱਖੀ ਦਰਜਨਾਂ ਕੇਂਦਰੀ ਤੇ ਸੂਬਾਈ ਕਿਰਤ ਕਾਨੂੰਨ, 'ਜੋ ਕਈ ਸੰਵਿਧਾਨਕ ਅਤੇ ਨਿਆਇਕ ਸਨ, ਉਨ੍ਹਾਂ ਵਿੱਚੋਂ ਕਈ ਤਾਂ ਇੱਕ ਸਦੀ ਪਹਿਲਾ ਸੰਘਰਸ਼ਾਂ ਰਾਹੀਂ ਕਿਰਤੀ-ਜਮਾਤ ਨੇ ਪ੍ਰਾਪਤ ਕੀਤੇ ਸਨ। ਇੱਕ ਇੱਕ ਕਰਕੇ ਬੀ ਜੇ ਪੀ ਰਾਜ ਸਰਕਾਰਾਂ ਨੇ ਹੁਣ ਆਪਣੇ ਪੂੰਜੀਪਤੀ ਆਕਾਂਵਾ ਦੇ ਹੱਕ 'ਚ ਸੋਧ ਕਰਕੇ ਇਹ ਕਿਰਤੀ ਵਿਰੋਧੀ ਕਾਨੂੰਨ ਪਾਸ ਕਰਨ ਲੀ ਆਰਡੀਨੈਂਸ ਪਾਸ ਕਰ ਦਿੱਤੇ ਹਨ ?

ਕਿਰਤੀ ਵਰਗ ਜਿਹੜਾ ਪਹਿਲਾ ਕਰੋਨਾ ਵਾਇਰਸ ਵਿਰੁੱਧ ਲੜ ਰਿਹਾ ਸੀ। ਤਾਲਾਬੰਦੀ ਦੇ ਲੰਬੇ ਦੌਰ ਦੌਰਾਨ ਉਸ ਨੇ ਹਾਕਮਾਂ ਦੇ ਦੁਰ-ਪ੍ਰਬੰਧ ਕਾਰਨ, 'ਸਾਰੇ ਪ੍ਰਵਾਰ ਸਮੇਤ ਭੁੱਖ-ਮਰੀ, ਤੰਗੀਆਂ ਅਤੇ ਆਪਣੀ ਜ਼ਿੰਦਗੀ ਨੂੰ ਹਾਕਮਾਂ ਵੱਲੋਂ ਪੈਦਾ ਕੀਤੀਆਂ ਲਾਚਾਰੀਆਂ ਤੇ ਮੌਜੂਦਾ ਤਸੀਹਿਆਂ ਨੂੰ ਨੰਗੇ-ਪਿੰਡੇ ਝੇਲਿਆ ਹੈ। ਦੇਸ਼ ਦੇ ਇੱਕ ਕੋਨੇ ਤੋਂ ਦੂਸਰੇ ਕੋਨੋ ਤੱਕ ਖੇਤ-ਖਲਿਆਨ, ਮਿੱਲਾਂ, ਕਾਰਖਾਨੇ, ਸੜਕਾਂ, ਮਕਾਨ ਉਸਾਰੀ, ਲੋਕਾਂ ਦੇ ਘਰਾਂ ਤੱਕ ਫਲ-ਸਬਜ਼ੀਆਂ, ਹਰ ਤਰ੍ਹਾਂ ਦਾ ਸਾਮਾਨ ਤੇ ਜ਼ਰੂਰੀ ਵਸਤਾਂ ਦੇਣ ਲਈ ਆਪਣਾ ਖ਼ੂਨ-ਪਸੀਨਾ ਇੱਕ ਕਰਕੇ, ਦੇਸ਼ ਦੇ ਜਨ-ਜੀਵਨ ਨੂੰ ਗਰਮੀ, ਸਰਦੀ ਅਤੇ ਹਰ ਤਰ੍ਹਾਂ ਦੇ ਮੌਸਮ ਦੌਰਾਨ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਕਿਰਤੀਆਂ ਲਈ ਪਹਿਲਾ ਹੀ ਘੱਟੋ-ਘੱਟ ਸਮਾਜਿਕ-ਆਰਥਿਕ ਸਹੂਲਤਾਂ ਨੂੰ ਹਾਕਮਾਂ ਨੇ ਕਦੀ ਵੀ ਲਾਗੇ ਨਹੀਂ ਢੁੱਕਣ ਦਿੱਤਾ ਹੈ। ਭਾਵ ਕਿਰਤੀਆਂ ਪਾਸ ਪਹਿਲਾ ਹੀ ਕੋਈ ਸਹੂਲਤ ਹੈ ਹੀ ਨਹੀਂ ਸਨ, ਜਿਸ ਨੂੰ ਸੰਘ-ਪ੍ਰਵਾਰ ਦੀਆਂ ਸਰਕਾਰਾਂ ਨੇ ਹੁਣ ਖੋਹ ਲਿਆ ਹੈ। ਕਿਰਤੀ ਵਰਗ ਪਾਸ ਨੰਗ ਭੁੱਖ ਤੋਂ ਬਿਨਾਂ ਕੁਝ ਹੋਰ ਹੈ ਹੀ ਨਹੀਂ ਸੀ, ਜੋ ਖੋਹਿਆ ਜਾ ਸਕੇ ? ਕਰੋਨਾ ਵਾਇਰਸ ਦੇ ਸੰਕਟ ਦੀਆਂ ਘੜੀਆਂ ਦੌਰਾਨ ਤਾਲਾਬੰਦੀ ਦੌਰ ਅੰਦਰ ਹਾਕਮਾਂ ਵੱਲੋਂ ਪੈਦਾ ਕੀਤੀਆਂ ਕਠਨ ਹਾਲਤਾਂ ਨੇ ਜਦੋਂ ਪ੍ਰਵਾਸੀ ਕਾਮਿਆਂ ਨੂੰ ਘਰ ਜਾ ਲਈ ਮਜ਼ਬੂਰ ਕੀਤਾ ਤਾਂ ਉਸ ਨੇ ਸਰੀਰ 'ਤੇ ਪਹਿਨੇ ਕੱਪੜੇ, ਕਈ ਤਾਂ ਨੰਗੇ ਪੈਰ੍ਹੀ, ਕਈਆਂ ਪਾਸ ਤਾਂ ਪਾਣੀ ਦੀ ਬੋਤਲ ਵੀ ਨਹੀਂ ਸੀ। ਛੋਟੇ-ਛੋਟੇ ਬੱਚਿਆਂ ਅਤੇ ਬੱਢੇ ਮਾਂ-ਬਾਪ ਨੂੰ ਨਾਲ ਲੈ ਕੇ ਆਪਣੀ ਬਚਾਈ ਪੂੰਜੀ, ਘੱਟੋ ਘੱਟ 10 ਰੁਪਏ ਅਤੇ ਵੱਧ ਤੋਂ ਵੱਧ ਇੱਕ ਹਜ਼ਾਰ ਰੁਪਏ ਲੈ ਕੇ ਸਫ਼ਰ 'ਤੇ ਤੁਰ ਪਏ। ਇਸ ਆਫ਼ਤ ਦੌਰਾਨ, 'ਕਿ ਕੋਈ ਇਨ੍ਹਾਂ ਕਿਰਤੀਆਂ ਦੇ ਹੱਕ 'ਚ ਆਵਾਜ਼ ਨਾ ਉਠਾਏ, ਜੱਥੇਬੰਦ ਕਰਨ ਲਈ ਉਪਰਾਲਾ ਨਾ ਕਰੇ ਅਤੇ ਹਾਕਮਾਂ ਵੱਲੋਂ ਇਸ ਨਾਜ਼ਕ ਸਮੇਂ ਕਿਰਤੀ ਵਿਰੋਧੀ ਆਰਡੀਨੈਂਸਾਂ ਨੂੰ ਰੋਕਣ ਲਈ ਕੋਈ ਨੱਠ-ਭੱਜ ਨਾ ਕਰੇ, ਤਾਲਾਬੰਦੀ ਦੀ ਚੋਣ ਕੀਤੀ ਗਈ। 2014 ਤੋਂ ਹੀ ਸੰਘ-ਪ੍ਰਵਾਰ ਦੀ ਇਹ ਮੋਦੀ ਸਰਕਾਰ ਪੂੰਜੀਪਤੀਆਂ ਤੇ ਸਾਮਰਾਜ਼ ਪੱਖੀ ਆਰਥਿਕ ਤੇ ਸਨਅਤੀ ਨੀਤੀਆਂ ਲਾਗੂ ਕਰਨ ਦੇ ਮੌਕੇ ਦੀ ਤਾਕ 'ਚ ਬੈਠੀ ਹੋਈ ਇਨ੍ਹਾਂ ਹਾਇਰ ਅਤੇ ਫਾਇਰ ਨੀਤੀਆਂ ਨੂੰ ਲਾਗੂ ਕਰਨਾ ਚਾਹੁੰਦੀ ਸੀ।

ਸੰਘ ਪ੍ਰਵਾਰ ਦੀ ਮੋਦੀ ਸਰਕਾਰ ਨੇ ਦੇਸ਼ ਦੇ ਵੱਡੇ ਵੱਡੇ ਪੂੰਜੀਪਤੀਆਂ ਨੂੰ ਪਹਿਲਾ ਹੀ ਅਰਬਾਂ ਰੁਪਿਆ ਦੀਆਂ ਛੋਟਾਂ, ਰਾਇਤਾਂ ਅਤੇ ਟੈਕਸ ਮੁਆਫ਼ੀਆਂ ਦਿੱਤੀਆਂ ਹੋਈਆਂ ਹਨ। ਹੁਣ ਉਨ੍ਹਾਂ ਨੂੰ ਕਿਰਤ-ਸ਼ਕਤੀ ਨੂੰ ਲੁੱਟਣ ਅਤੇ ਕਿਰਤੀਆਂ ਦਾ ਸ਼ੋਸ਼ਣ ਕਰਨ ਲਈ, 'ਕੇਂਦਰੀ-45 ਅਤੇ ਰਾਜਾਂ ਅੰਦਰ ਲਾਗੂ-200 ਤੋਂ ਵੱਧ ਕਿਰਤ ਕਾਨੂੰਨਾਂ ਅੰਦਰ ਸੋਧਾਂ ਕਰਕੇ, ਕਈ ਕਾਨੂੰਨ ਖ਼ਤਮ ਕਰਕੇ, ਦੇਸ਼ ਦੀ ਹਰ ਪੱਖੋਂ ਉਸਾਰੀ ਕਰਨ ਵਾਲੇ ਕਿਰਤੀਆਂ ਦੇ



Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com







ਆਖ਼ਰੀ ਖ਼ੂਨ ਦੇ ਕਤਰੇ ਨੂੰ ਨਿਚੋੜਨ ਲਈ ਆਗਿਆ ਦੇ ਦਿੱਤੀ ਹੈ। ਸੰਘ ਪ੍ਰਵਾਰ ਦੇ ਆਗੂਆਂ ਨੇ ਬੜੇ ਲਿਸ਼ਕੇ, ਲਚਕਦਾਰ ਅਤੇ ਲੁਭਾਉਣੇ ਸ਼ਬਦਾਂ ਰਾਹੀਂ ਕਿਹਾ ਕਿ ਕਿਰਤੀਆਂ ਦੀ ਸਹੂਲਤ ਲਈ ਇਹ ਕਿਰਤ ਕਾਨੂੰਨ ਸੋਧੇ ਗਏ ਹਨ। ਸਨਅਤੀ ਖੇਤਰ 'ਚ ਸੁਧਾਰ ਲਿਆਉਣ ਲਈ ਇਨ੍ਹਾਂ ਕਾਨੂੰਨਾਂ ਅੰਦਰ ਸੋਧ ਕਰਕੇ ਹੁਣ ਸਨਅਤਕਾਰਾਂ ਅਤੇ ਵਾਪਾਰੀਆਂ ਨੂੰ ਤਿੰਨ ਸਾਲਾਂ ਲਈ ਛੋਟਾਂ ਦਿੱਤੀਆਂ ਗਈਆਂ ਹਨ। ਕਿਰਤੀਆਂ ਨੂੰ ਟਰੇਡ ਯੂਨੀਅਨਾਂ ਲਈ ਮਾਨਤਾ ਦੇਣ ਵਾਲੇ ਕਾਨੂੰਨ ਖ਼ਤਮ ਕਰ ਦਿੱਤੇ ਗਏ ਹਨ। 8 ਘੰਟੇ ਦੀ ਥਾਂ 12 ਘੰਟੇ ਕੰਮ ਕਰਨ, ਪਰ ਉਜ਼ਰਤ 'ਚ ਵਾਧਾ ਨਾ ਕਰਨਾ, ਕਿਰਤ ਇੰਸਪੈਕਟਰ ਵੱਲੋਂ ਜਾਂਚ-ਪੜਤਾਲ ਕਰਨੀ ਬੰਦ ਕਰਨ, ਕਾਨੂੰਨ ਲਈ ਪਾਬੰਦ ਨਾ-ਰਹਿਣ ਵਾਲੇ ਕਿਰਤੀ ਨੂੰ ਸਜ਼ਾ, ਇਹ ਸਭ ਕਾਨੂੰਨ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨੱਕ ਹੇਠਾਂ ਜਦੋਂ ਉਹ ਇਹ ਕਹਿ ਰਿਹਾ ਸੀ, 'ਕਿ ਸਾਨੂੰ ਹੁਣ ਕਰੋਨਾ ਨਾਲ ਵੀ ਜਿਊਣਾ ਸਿੱਖਣਾ ਹੋਵੇਗਾ, ਸੋਧੇ ਗਏ। ਉਹ ਵੀ ਕਈ ਕਿਰਤ ਕਾਨੂੰਨ ਜਿਹੜੇ ਸੰਵਿਧਾਨਕ ਘੇਰੇ, ਦਿਸ਼ਾ-ਨਿਰਦੇਸ਼ਾਂ ਅਤੇ ਕੌਮਾਂਤਰੀ ਕਿਰਤ ਸੰਗਠਨ ਦੇ ਚਾਰਟਰ ਅਧੀਨ ਜਿਨ੍ਹਾਂ 'ਤੇ ਭਾਰਤ ਨੇ ਦਸਤਖ਼ਤ ਕੀਤੇ ਹਨ, ਅਧੀਨ ਆਉਂਦੇ ਹਨ। ਸੰਘ ਪ੍ਰਵਾਰ ਨੇ ਸੋਧ ਕੇ ਪੂੰਜੀਪਤੀਆਂ ਅਤੇ ਸਾਮਰਾਜੂ ਬਹੁ-ਕਾਰਪੋਰੇਸ਼ਨਾਂ ਨੂੰ ਸਮੁੱਚੇ ਦੇਸ਼ ਨੂੰ ਲੁੱਟਣ ਲਈ ਇਹ ਕਦਮ ਕਰੋਨਾ ਦੇ ਵਕਤੀ ਭੈਅ ਅਧੀਨ ਚੁੱਕੇ ਹਨ। ਪਰ ਹਾਕਮਾਂ ਨੂੰ ਯਾਦ ਰੱਖਣਾ ਪਏਗਾ ਕਿ ਕੋਈ ਵੀ ਕਾਰਖਾਨਾ ਕਿਰਤੀ ਦੇ ਖ਼ੂਨ ਪਸੀਨੇ ਬਿਨਾਂ ਨਹੀਂ ਚਲ ਸਕਦਾ ਹੈ ਹਾਕਮੋ! ਤੁਸੀਂ ਸਮਝਦੇ ਹੋ ਕਿ ਸੋਧ-ਕਾਨੂੰਨਾਂ ਰਾਹੀਂ ਕਿਰਤੀਆਂ ਨੂੰ ਬੰਧੂਆਂ ਮਜ਼ਦੂਰਾਂ ਵਰਗੇ ਬਣਾਕੇ ਪੂੰਜੀਪਤੀਆਂ ਲਈ ਅੰਬਾਰ ਲਾ ਦਿਆਂਗੇ, ਮੁਮਕਿਨ ਨਹੀਂ ?

ਭਾਰਤ ਦੇ ਜਨ -ਸਮੂਹ ਲਈ ਕੋਵਿਡ-19 ਦੇ ਮਾਰੂ ਪ੍ਰਭਾਵਾਂ ਕਾਰਨ 50 ਦਿਨਾਂ ਦੀ ਲੰਬੀ ਤਾਲਾਬੰਦੀ ਦੇ ਜੌਖਮ ਭਰੇ ਦਿਨਾਂ ਬਾਅਦ ਤਾਲਾਬੰਦੀ ਤੋਂ ਬਾਹਰ ਝਾਕਦਿਆਂ 12 ਮਈ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਪਹਿਲਾ ਦੀ ਤਰ੍ਹਾਂ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕੀਤਾ ਗਿਆ। ਦੇਸ਼ ਦੇ ਆਰਥਿਕ ਢਾਂਚੇ ਦੀਆਂ ਕੋਵਿਡ-19 ਤੋਂ ਪਹਿਲਾ ਹੀ ਸਾਰੀਆਂ ਚੂਲਾਂ ਜੋ ਹਿੱਲ ਚੁੱਕੀਆਂ ਹਨ, ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ 20 ਲੱਖ ਕਰੋੜ ਰੁਪਏ ਦਾ ਇੱਕ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕੀਤਾ ਗਿਆ। ਇਸ ਪੈਕੇਜ ਦੀ ਦੂਸਰੇ ਦਿਨ ਹੀ ਦੇਸ਼ ਦੀ ਵਿੱਤ ਮੰਤਰੀ ਨਿਰਮਲ ਸੀਤਾ ਰਮਨ ਵੱਲੋਂ 13 ਤੇ 14 ਮਈ ਨੂੰ ਇੱਕ ਪ੍ਰੈਸ ਕਾਨਫਰੰਸ ਰਾਹੀਂ ਵਿਆਖਿਆ ਕੀਤੀ ਗਈ। ਜਿਵੇਂ ਪਹਿਲਾ ਹੀ ਚਰਚਾ ਛਿੜ ਚੁੱਕੀ ਸੀ ਕਿ ਇਸ 20 ਲੱਖ ਕਰੋੜ ਰੁਪਏ ਦੀ ਰਾਸ਼ੀ ਵਿੱਚੋਂ 8 ਲੱਖ ਕਰੋੜ ਰਾਸ਼ੀ ਪਹਿਲਾ ਆਰ ਬੀ ਆਈ ਰਾਹੀਂ ਜਾਰੀ ਹੋ ਚੁੱਕੀ ਹੈ। ਇਸ ਬਾਰੇ ਵਿੱਤ ਮੰਤਰੀ ਵੱਲੋਂ ਕੋਈ ਵੀ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ। ਉਸ ਨੇ ਆਪਣੇ ਬਿਆਨਾਂ ਰਾਹੀਂ ਮਾਈ ਕਰੋ, ਛੋਟੇ ਮੱਧ ਵਰਗੀ ਤੇ ਖ਼ੁਦ ਰੁਜ਼ਗਾਰ ਪ੍ਰਾਪਤ ਅਦਾਰਿਆਂ ਕਿਸਾਨਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ ਆਰਥਿਕ ਸਹਾਇਤਾ ਦੀ ਗੱਲ ਕੀਤੀ। ਕੁਝ ਹੋਰ ਵੀ ਸਹਾਇਤਾ ਦੇਣ ਦੇ ਬਿਆਨ ਦਿੱਤੇ। ਪਰ ਮੁੱਖ ਤੌਰ 'ਤੇ ਸਰਕਾਰ ਪਾਸ ਵਿੱਤੀ ਸੋਮੇ ਕਿਹੜੇ ਹਨ, ਜਿੱਥੋਂ ਪੈਸਾ ਆਵੇਗਾ ਮੰਤਰੀ ਚੁੱਪ ਰਹੀ। ਪਰ 14 ਕਰੋੜ ਉਹ ਕਿਰਤੀ ਜਿਹੜੇ ਇਸ ਕਰੋਨਾ ਕਾਰਨ ਹਰ ਤਰ੍ਹਾਂ ਦੀ ਮਾਰ ਝੱਲ ਰਹੇ ਹਨ। ਉਨ੍ਹਾਂ ਨੂੰ ਇਸ ਪੈਕੇਜ ਦੀ ਥਾਂ, ਪ੍ਰਧਾਨ ਮੰਤਰੀ ਕੇਅਰ ਫੰਡ ਵਿੱਚੋਂ 1000 ਕਰੋੜ ਪ੍ਰਵਾਸੀ ਕਿਰਤੀਆਂ ਨੂੰ ਸਹਾਇਤਾ, ਮਕਾਨ ਕਿਰਾਇਆ, ਅਨਾਜ ਦੇਣ ਦਾ ਐਲਾਨ ਕੀਤਾ।

ਇਹ ਚੰਗੀ ਗੱਲ ਹੈ ਕਿ ਦੇਸ਼ ਦੇ ਰੁਜ਼ਗਾਰ ਦੀ ਖੇਤੀ ਤੋਂ ਬਾਅਦ ਮੁੱਖ ਰੀੜ ਦੀ ਹੱਡੀ ਛੋਟੇ, ਹਲਕੇ ਤੇ ਮੱਧ ਵਰਗੀ ਸਨਅਤੀ ਅਦਾਰੇ ਹਨ ਜੋ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਕਰੋਨਾ ਕਾਰਨ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਤੇ ਸਹਾਇਤਾ ਕਰਨੀ ਇੱਕ ਚੰਗਾ ਕਦਮ ਹੈ। ਪ੍ਰਧਾਨ ਮੰਤਰੀ ਵੱਲੋਂ ਦੇਸ਼ ਨੂੰ ਆਤਮ ਨਿਰਭਰ ਬਣਾਉਣ ਦਾ ਵੀ ਸੰਕਲਪ ਵੀ ਦੁਹਰਾਇਆ, ਇਸ ਤੋਂ ਪਹਿਲਾ ਵੀ ਮੇਕਇੰਨ ਇੰਡੀਆ ਦਾ ਵੀ ਸੰਕਲਪ ਦਿੱਤਾ ਸੀ। ਅਜਿਹੇ ਸੰਕਲਪ ਭਾਰਤ ਵਾਸੀ ਆਜ਼ਾਦੀ ਤੋਂ ਬਾਅਦ ਹਰ ਨਵੇਂ ਹਾਕਮਾਂ ਪਾਸੋਂ ਸੁਣਦੇ ਆ ਰਹੇ ਹਨ। ਗਰੀਬੀ ਹਟਾਉ, 20-ਨੁਕਾਤੀ ਪ੍ਰੋਗਰਾਮ, 21 ਵੀਂ ਸਦੀਂ 'ਚ ਆਰਥਿਕ ਸੁਧਾਰ ਨੀਤੀਆਂ, ਮੇਕਇੰਨ ਇੰਡੀਆ, ਸੰਸਾਰ ਦੀ 5 ਬਿਲੀਅਨ ਵਾਲੀ ਸ਼ਕਤੀ ਅਤੇ ਹੁਣ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦਾ ਸੰਕਲਪ। ਹੁਣ ਤੱਕ ਨਾ ਤਾਂ ਗਰੀਬੀ ਹਟੀ ਹੈ ਅਤੇ ਨਾ ਹੀ ਆਰਥਿਕ ਨਾ-ਬਰਾਬਰੀਆਂ ਖ਼ਤਮ ਹੋਈਆਂ ਹਨ। ਹਾਕਮਾਂ ਦੇ ਹਰ ਵਾਰੀ ਜਾਰੀ ਕੀਤੇ ਸੰਕਲਪਾਂ ਨਾਲ ਅਮੀਰ ਹੋਰ ਅਮੀਰ ਹੋਏ ਹਨ ਤੇ ਗਰੀਬਾਂ ਨੂੰ ਦੋ ਵੇਲੇ ਦੀ ਰੋਟੀ ਵੀ ਨਹੀਂ ਨਸੀਬ ਹੋ ਰਹੀ ਹੈ। ਕੌਮੀ ਭੋਜਨ ਸੁਰੱਖਿਆ ਐਕਟ ਦੀ ਰਿਪੋਰਟ ਅਨੁਸਾਰ 67 ਫੀਸਦ ਭਾਰਤੀ ਭਾਵ 80 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਅ ਰਹੇ ਹਨ। ਜੇਕਰ ਸਾਡੀ ਮਤ ਤੇ ਅੱਖਾਂ ਖੁੱਲ੍ਹੀਆਂ ਹਨ, ਦੇਖੋ! ਇਸ ਕਰੋਨਾ ਭੈਅ ਦੌਰਾਨ ਗਰੀਬਾਂ ਦੀ ਹੋ ਰਹੀ ਦੁਰਦਸ਼ਾ ?

"ਇੱਕ ਕਾਰਟੂਨ ਆਤਮ ਨਿਰਭਰ ਬਣੀਏ.... ਦੇਖੋ ਮੋਦੀ ਜੀ ਅਸੀਂ ਪਹਿਲਾ ਹੀ ਬਿਨਾਂ ਤੁਹਾਡੀ ਸਹਾਇਤਾ ਦੇ ਨੰਗੇ-ਭੁੱਖੇ, ਬਿਮਾਰ ਤੇ ਬਾਲਾਂ ਸਮੇਤ ਸੈਂਕੜੇ ਮੀਲ ਪੈਦਲ ਸਫ਼ਰ ਕੀਤਾ ਤੇ ਅਸੀਂ ਤਾਂ ਆਤਮ-ਨਿਰਭਰ ਹਾਂ"।

ਖੋਵਿਡ-19 ਦੀ ਮਹਾਂਮਾਰੀ ਆਫ਼ਤ 'ਤੇ ਕੇਰਲਾ ਰਾਜ ਅੰਦਰ ਕਮਿਊਨਿਸਟ ਪਾਰਟੀਆਂ ਦੀ ਖੱਬੇਪੱਖੀ ਸਰਕਾਰ ਨੇ, ਜਿਸ ਤਰ੍ਹਾਂ ਕਾਬੂ ਪਾਇਆ ਅਤੇ ਦੁਨੀਆਂ ਅੰਦਰ ਇੱਕ ਚੰਗੇ ਬੰਦੋਬਸਤ ਦੀ ਮਿਸਾਲ ਦਿੱਤੀ। ਸਭ ਦੇ ਸਾਹਮਣੇ ਹੈ ! ਪਰ ਮੋਦੀ ਸਰਕਾਰ ਦੇ ਮੱਥੇ 'ਤੇ ਇਸ ਵਧੀਆ ਕਾਰਨਾਮੇ ਕਾਰਨ ਅੱਜੇ ਵੱਟ ਪਏ ਹੋਏ ਹਨ। ਦੂਸਰੇ ਪਾਸੇ ਇਸ ਮਹਾਂਮਾਰੀ ਦੇ ਕਾਰਨ, ਦੇਸ਼ ਅੰਦਰ ਰੁਜ਼ਗਾਰ ਦੇ ਵੱਡੇ ਪੱਧਰ 'ਤੇ ਘੱਟਣ ਅਤੇ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਨਾ ਹੋਏ ਤਾਂ 4 ਕਰੋੜ ਭਾਰਤੀ ਗਰੀਬੀ ਦੀ ਜਿਲਣ ਵਿੱਚ ਫੱਸ ਜਾਵੇਗਾ (ਆਈ.ਐਲ.ਓ) ਭਾਰਤ ਅੰਦਰ ਰਾਜ ਸਤਾ 'ਤੇ ਕਾਬ ਪੂੰਜੀਪਤੀ ਜਮਾਤ, ਕਾਰਪੋਰੇਟ ਜਗਤ, ਬਦਨਾਮ ਕਾਰਜ-ਕਾਰਨੀ, ਮਾਇਫ਼ੀਆਂ ਗਰੁੱਪ ਜਿਸ ਦਾ ਮੰਡੀ 'ਤੇ ਕਬਜ਼ਾ ਹੈ, ਮੋਦੀ ਜੀ ਤੁਹਾਡੇ ਰਾਹੀਂ ਉਹ ਆਪਣੀਆਂ ਨੀਤੀਆਂ ਚਲਾ ਰਹੇ ਹਨ। ਤੁਹਾਡੇ ਆਰਥਿਕ ਪੈਕੇਟ ਦੀਆਂ ਤਰਜ਼ੀਹਾਂ ਦਾ ਲਾਭ ਹਾਕਮ ਜਮਾਤਾਂ ਨੂੰ ਹੀ ਪੁੱਜਦਾ ਹੈ। ਜਿਸ ਕਰਕੇ ਕੌਮੀ ਆਮਦਨ ਵਿੱਚ ਕਿਰਤੀਆਂ ਦੀਆਂ ਉਜ਼ਰਤਾਂ ਦਾ ਹਿੱਸਾ ਲਗਾਤਾਰ ਘੱਟ ਰਿਹਾ ਹੈ। ਸਾਰਾ ਤਾਂ ਕਿਰਤੀ ਵਰਗ ਨੂੰ ਮਾੜੀਆਂ ਮੋਟੀਆਂ ਸੰਘਰਸ਼ਾਂ ਰਾਹੀਂ ਪ੍ਰਾਪਤ ਹੋਈਆਂ ਆਰਥਿਕ ਸਹੂਲਤਾਂ ਨੂੰ ਤੁਸੀਂ ਲਗਾਤਾਰ ਕਿਰਤ-ਕਾਨੂੰਨਾਂ ਨੂੰ ਪਤਲੇ ਕਰਕੇ ਨਿੱਤ ਦਿਨ ਖੋਹ ਰਹੇ ਹੋ ? ਹੁਣ ਬੀ.ਜੇ.ਪੀ. ਦੀ ਕੇਂਦਰ ਅਤੇ ਰਾਜਾਂ ਅੰਦਰ ਸਰਕਾਰਾਂ ਦੇ ਮਨਸੂਬਿਆਂ ਨੇ ਇੱਕ ਇੱਕ ਕਰਕੇ ਕਿਰਤ-ਕਾਨੂੰਨਾਂ ਨੂੰ ਨਿਪੁੰਸਕ ਬਣਾ ਕੇ ਦੇਸ਼ ਦੀ ਸਮੁੱਚੀ ਕਿਰਤੀ ਜਮਾਤ ਨੂੰ ਬੰਧੂਆਂ ਮਜ਼ਦੂਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਹੈ ਤਾਂ ਕਿ ਪੂੰਜੀਪਤੀਆਂ ਨੂੰ ਕਿਰਤੀਆਂ ਦੇ ਖ਼ੂਨ ਦਾ ਆਖ਼ਰੀ ਕਤਰਾਂ ਨਿਚੋੜਨ ਲਈ ਕੋਈ ਔਖ ਨਾ ਆਵੇ ?

ਖੋਵਿਡ-19 ਮਹਾਂਮਾਰੀ ਨੇ ਦੁਨੀਆਂ ਅਮਦਰ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਹੁਣ ਕੋਈ ਵੀ ਹਾਕਮ ਕੌਮੀ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਵਿਕਸਤ ਕਰਨ ਤੋਂ ਬਿਨਾਂ, ਨਵੇਂ ਸਮਝੌਤੇ ਅਤੇ ਸ਼ਕਤੀਆਂ ਨੂੰ ਵਿਕਸਤ ਨਹੀਂ ਕਰ ਸਕਦਾ ? ਜੋ ਹਾਲ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਹੋਇਆ ਅੱਜ ਸੱਡੇ ਸਾਹਮਣੇ ਹੈ। ਭਾਰਤ ਨੂੰ ਵੀ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਦੂਸਰਾ ਜੋ ਸੰਸਾਰ ਅੰਦਰ ਨਵਾਂ ਮੋੜ ਆਇਆ ਹੈ, ਉਹ ਇਹ ਦਰਸਾਉਂਦਾ ਹੈ ਕਿ ਕਿਰਤੀ ਜਮਾਤ ਨੂੰ ਵੀ ਆਰਥਿਕ ਗਤੀਵਿਧੀਆਂ ਦਾ ਹਿੱਸੇਦਾਰ ਨਾ ਬਣਾਉਣ ਤੋਂ ਬਿਨਾਂ ਕੋਈ ਵੀ ਦੇਸ਼ ਸਮਰੱਥ ਨਹੀਂ ਬਣ ਸਕਦਾ ਹੈ। ਤੁਸੀਂ ਵੀ ਡੰਡੇ ਅਤੇ ਸਖ਼ਤ ਕਾਨੂੰਨਾਂ ਰਾਹੀਂ ਆਰਥਿਕ ਖੇਤਰ ਅੰਦਰ ਅੱਗੇ ਨਹੀਂ ਵੱਧ ਸਕਦੇ ਹੋ ? ਕਿਰਤੀ ਵਰਗ ਤੋਂ ਬਿਨਾਂ, ਕਿਸੇ ਵੀ ਆਫ਼ਤ ਉੱਤੇ ਕਾਬੂ ਪਾਉਣਾ ਤੇ ਟਿਕਾਊ ਵਿਕਾਸ ਸੰਭਵ ਨਹੀਂ ਹੋ ਸਕਦਾ ਹੈ।

**"ਨਵੀਂ ਨਵੀਂ ਖ਼ਬਰ ! ਜ਼ਮਲਾ-ਪੈਕੇਜ ਮੋਦੀ ਦੇ ਵਾਹਦੇ ਤੋਂ ਕਿਤੇ ਛੋਟਾ-ਕਾਂਗਰਸ"।**


## ਹਿੰਮਤ ਦੇ ਪੈਡਲ ਮਾਰ



ਹਿੰਮਤ ਦੇ ਪੈਡਲ ਮਾਰ
ਹੌਸਲਿਆਂ ਦੇ ਹੈਂਡਲ ਨਾਲ,
ਸਬਰਾਂ ਦੀ ਚੈਨ ਕੱਸ
ਫਾਕਿਆਂ ਉੱਤੇ ਹੱਸ,
ਤੁਰ ਪਈ ਉਹ
ਨਾ ਕਿਸੇ ਤੋਂ ਡਰਦੀ
ਲੰਬਾ ਪੈਂਡਾ ਫੜਦੀ
ਧੁੱਪਾਂ ਤੇ ਸਰਦਾਰੀ ਕਰਦੀ,
ਜੋਤੀ ਬਣ ਗਈ
ਆਸ ਦਾ ਰੰਗ
ਲੈ ਕੇ ਤੁਰ ਪਈ
ਪਿਤਾ ਨੂੰ ਸੰਗ,
ਉਸਨੇ ਇੱਕ ਅਜੀਬ
ਬਗਾਵਤ ਕੀਤੀ
ਪੁੱਤਾਂ ਨਾਲੋਂ ਵੱਧ
ਆਪਣੇ ਪਿਓ ਦੀ
ਹਿਫਾਜ਼ਤ ਕੀਤੀ,
1200 ਕਿਲੋਮੀਟਰ
ਦੂਰ ਤੱਕ
ਸਾਈਕਲ ਚਲਾਇਆ
ਆਪਣੇ ਪਿਤਾ ਜੀ ਨੂੰ
ਗੁਰੂ ਗਰਾਮ ਤੋਂ
ਦਰਭੰਗਾ ਪਹੁੰਚਾਇਆ,
ਮੁਸ਼ਕਲਾਂ ਨੂੰ ਕਿੱਤਾ
ਉਸ ਧੀ ਨੇ
ਨਾਕਾਮ ਹੈ
ਜੋਤੀ ਧੀਏ ਤੈਨੂੰ
ਲੱਖ ਲੱਖ
ਸਲਾਮ ਹੈ
ਲੱਖ ਲੱਖ
ਸਲਾਮ ਹੈ।

**- ਰਜਨੀ ਸ਼ਰਮਾ**

## ਈਦ ਮੌਕੇ ਬਾਬਾ ਨਜਮੀ ਦੇ ਬੋਲਾਂ ਦੀ ਪ੍ਰਸੰਗਿਕਤਾ



ਪਲਸ ਮੰਚ
ਬਾਬਾ ਨਜਮੀ ਦੀ ਕਲਮ ਨੂੰ ਸਲਾਮ ਕਰਦਿਆਂ
ਤੁਹਾਡੀ ਨਜ਼ਰ ਕਰ ਰਿਹਾ ਹੈ ।

ਸ਼ੀਸ਼ੇ ਉਤੇ ਧੂੜਾਂ ਜੰਮੀਆਂ ਕੰਧਾਂ ਝਾੜੀ ਜਾਂਦੇ ਨੇ।
ਜ਼ਿਲਦਾਂ ਸਾਂਭ ਰਹੇ ਨੇ ਝੱਲੇ ਵਰਕੇ ਪਾੜੀ ਜਾਂਦੇ ਨੇ ।

ਉਹਨਾਂ ਦਾ ਵੀ ਤੂੰਹੀਉਂ ਰੱਬ ਏਂ ਇਹਦਾ ਅੱਜ ਜਵਾਬ ਤੇ ਦੇ,
ਈਦਾਂ ਵਾਲੇ ਦਿਨ ਵੀ ਜਿਹੜੇ ਕਰਨ ਦਿਹਾੜੀ ਜਾਂਦੇ ਨੇ ।

ਜਿਹਨਾਂ ਦੇ ਗਲ ਲੀਰਾਂ ਪਈਆਂ ਉਹਨਾਂ ਵੱਲੇ ਤੱਕਦੇ ਨਈਂ,
ਕੱਬਰਾਂ ਉਤੇ ਤਿੱਲੇ ਜੜੀਆਂ ਚੱਦਰਾਂ ਚਾੜ੍ਹੀ ਜਾਂਦੇ ਨੇ ।

ਰੱਸੀ ਕਿੱਥੋਂ ਤੀਕ ਕਰੇਂਗਾ ਢਿੱਲੀ ਉਹਨਾਂ ਲੋਕਾਂ ਦੀ,
ਜਿਹੜੇ ਇੱਕ ਹਵੇਲੀ ਬਦਲੇ ਝੁੱਗੀਆਂ ਸਾੜੀ ਜਾਂਦੇ ਨੇ ।


ਸ਼ੀਸ਼ੇ ਉਤੇ ਮਲੇ ਸਿਆਹੀਆਂ ਹੱਕ ਏ ਮੇਰੇ ਦੁਸ਼ਮਣ ਦਾ,
ਸੱਜਣਾਂ ਨੂੰ ਕੀ ਬਣੀਆਂ ਮੇਰੇ ਫੁੱਲ ਲਿਤਾੜੀ ਜਾਂਦੇ ਨੇ ।

ਚਲ ਉਏ 'ਬਾਬਾ ਨਜਮੀਂ' ਆਪਣੇ ਪਿੰਡਾਂ ਨੂੰ ਮੂੰਹ ਮੋੜ ਲਈਏ,
ਸ਼ਹਿਰਾਂ ਦੇ ਵਸਨੀਕ ਤਾਂ ਆਪਣੇ ਸ਼ਹਿਰ ਉਜਾੜੀ ਜਾਂਦੇ ਨੇ ।

**(ਹਰਮੀਤ ਵਿਦਿਆਰਥੀ ਤੋਂ ਧੰਨਵਾਦ ਸਹਿਤ ਪ੍ਰਾਪਤ)**

**ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਸਦੀਵੀ ਵਿਛੋੜਾ ਦੇ ਗਏ**

**ਅਦਾਰਾ " ਸਰੋਕਾਰਾਂ ਦੀ ਆਵਾਜ਼ " ਕਾਮਰੇਡ ਨੂੰ ਲਾਲ ਸਲਾਮ ਕਰਦਾ ਹੈ**

# ਸਮੇਂ ਨੂੰ ਸਰਾਭਿਆਂ ਦੀ ਲੋੜ

-ਅਮੋਲਕ ਸਿੰਘ






ਮਾਂ ਸਾਹਿਬ ਕੌਰ ਅਤੇ ਪਿਤਾ ਮੰਗਲ ਸਿੰਘ ਹੋਰਾਂ ਦੇ ਘਰ ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਜਨਮੇ ਕਰਤਾਰ ਸਿੰਘ ਦਾ ਪਰਿਵਾਰਕ ਜੀਵਨ ਬਚਪਨ ਅਤੇ ਚੜ੍ਹਦੀ ਜੁਆਨੀ ਉਸਦੇ ਹਮ ਉਮਰਾਂ ਵਰਗੀ ਹੀ ਸੀ। ਉਸਦਾ ਪਰਿਵਾਰ ਅਤੇ ਉਹਦਾ ਆਪਣਾ ਜੀਵਨ ਸਮਾਜ ਅਤੇ ਅਨੇਕਾਂ ਦੁਸ਼ਵਾਰੀਆਂ ਦੀ ਲੜੀ ਦੀ ਹੀ ਕੜੀ ਸੀ। ਉਸਦੇ ਬਚਪਨ ਅਤੇ ਜੁਆਨੀ ਦੀ ਪੌੜੀ ਦਾ ਹਰ ਡੰਡਾ ਪੜਤਾਲਿਆਂ ਘੋਖਿਆਂ ਪਤਾ ਲੱਗਦਾ ਹੈ ਕਿ ਉਹ ਕੋਈ ਅੰਬਰੋਂ ਉੱਤਰੀ ਵੱਖਰੀ ਸ਼ੈਅ ਨਹੀਂ ਸੀ। ਜੇ ਉਹਨੇ ਸੁੱਖਾਂ ਦੀ ਪੀਂਘ ਝੂਟਣੀ ਹੁੰਦੀ ਕੋਈ ਘਾਟਾ ਨਹੀਂ ਸੀ। ਜੇ ਉਸਨੇ ਦੇਸ਼-ਪ੍ਰਦੇਸ਼ ਗੁਲਾਮੀ ਦੇ ਸੰਗਲ ਦੇਖੇ ਉਹ ਵੀ ਕੋਈ ਅਜੇਹੀ ਸ਼ੈਅ ਨਹੀਂ ਸਨ ਜਿਹੜੇ ਸਿਰਫ਼ ਕਰਤਾਰ ਸਿੰਘ ਦੀ ਅੱਖ ਨੂੰ ਹੀ ਦਿਖਾਈ ਦਿੰਦੇ ਸੀ।

ਇਤਿਹਾਸ ਦੀ ਸਮੀਖਿਆ ਕਰੀਏ ਤਾਂ ਇਹ ਆਪਣੇ ਆਪ ਨੂੰ ਉਹਨਾਂ ਪਗਡੰਡੀਆਂ ਤੋਂ ਦੂਰ ਰੱਖਣ ਲਈ ਹੀ ਘੜੀ ਦਲੀਲ ਹੈ ਕਿ "ਦੇਖੋ ਜੀ ਸਰਾਭਾ ਕਿਹੜਾ ਹਰੇਕ ਬਣ ਜਾਊ। ਉਹ ਤਾਂ ਨਿਰਾਲੇ ਸਨ। ਹੁਣ ਤਾਂ ਉਹ ਸਮੇਂ ਨਹੀਂ ਰਹੇ।" ਉਸ ਮਾਰਗ ਪੈਰ ਧਰਨ ਤੋਂ ਆਪ ਬਚਣਾ ਅਤੇ ਆਪਣਿਆਂ ਨੂੰ ਸਰਾਭੇ ਵਾਲੀ ਜ਼ਿੰਦਗੀ ਦਾ ਜਹਾਜ਼ ਫੜਨ ਤੋਂ ਅੱਖ ਚੁਰਾਕੇ ਤੁਰਨਾ ਅਚੇਤ ਨਹੀਂ ਕਈ ਵਾਰ ਸੁਚੇਤ ਚੋਣ ਦਾ ਮਾਮਲਾ ਹੁੰਦਾ ਹੈ।

ਉਹ ਕਿਹੋ ਜਿਹੀਆਂ ਸੁਖਾਂਤ ਅਤੇ ਦੁਖਾਂਤ ਲੱਦੀਆਂ ਬਹਾਰਾਂ ਅਤੇ ਪਤਝੜਾਂ ਸੀ ਜਿਹਨਾਂ ਦੀ ਗੋਦ ਦਾ ਨਿੱਘ ਸਰਾਭੇ ਨੂੰ ਮੋਹ ਨਾ ਸਕਿਆ ਅਤੇ ਨਾ ਹੀ ਦੁਖਾਂਤ ਦੀ ਪੀੜ ਕੰਡਿਆਲੇ ਰਾਹਾਂ ਤੋਂ ਪਰਤਕੇ ਫੁੱਲਾਂ ਭਰੇ ਬਿਸਤਰੇ ਵੱਲ ਮੋੜ ਸਕੀ। ਕਰਤਾਰ ਦਾ ਬਚਪਨ ਪ੍ਰਾਇਮਰੀ ਮਿਡਲ ਅਤੇ ਅਮਰੀਕਾ ਦੇ ਜੀਵਨ ਦੀਆਂ ਪੈੜਾਂ ਗਵਾਹ ਨੇ ਕਿ ਕਰਤਾਰ ਸਿੰਘ ਨਾਮ ਦਾ ਮੁੰਡਾ 'ਸ਼ਹੀਦ ਕਰਤਾਰ ਸਿੰਘ ਸਰਾਭਾ' ਦੇ ਸਨਮਾਨਤ ਰੁਤਬੇ ਤੱਕ ਕਿੰਝ ਪੁੱਜਾ। ਆਰਥਿਕ ਰਾਜਨੀਤਿਕ ਸਮਾਜਿਕ ਅਤੇ ਇਤਿਹਾਸਕ ਪ੍ਰਸਥਿਤੀਆਂ ਨੂੰ ਅਜੋਕੇ ਸਮਿਆਂ ਨਾਲ ਮੇਲਕੇ ਇਹ ਵੀ ਸੋਚਣਾ ਬਣਦਾ ਹੈ ਕਿ ਉਸਦੀ ਸ਼ਹਾਦਤ ਉਪਰੰਤ ਵੀ ਕਿੰਨੇ ਹੀ ਸਰਾਭੇ ਦੇ ਰਾਹੀਂ ਆਜ਼ਾਦੀ ਜਮਹੂਰੀਅਤ ਬਰਾਬਰੀ ਅਤੇ ਨਿਆਂ ਭਰੇ ਸਮਾਜ ਦੀ ਸਿਰਜਣਾ ਲਈ ਸਭ ਕੁੱਝ ਵਾਰਦੇ ਆ ਰਹੇ ਹਨ। ਸੋ ਸਰਾਭਾ ਇੱਕ ਸੋਚ ਦਾ ਨਾਮ ਹੈ ਜਿਹੜੇ ਲੋਕਾਂ ਲਈ ਖ਼ਰੀ ਆਜਾਦੀ ਜਮਹੂਰੀਅਤ ਲਈ ਜੂਝਦੇ ਹਨ।

ਕਰਤਾਰ ਸਿੰਘ ਸਰਾਭਾ ਦਾ ਜਨਮ ਦਿਹਾੜਾ ਅਤੇ ਸ਼ਹੀਦੀ ਦਿਹਾੜਾ ਹੀ ਨਹੀਂ ਜੋ ਨੌਜਵਾਨ ਪੀੜ੍ਹੀ ਨੂੰ ਜਨਮ ਅਤੇ ਮੌਤ ਦੇ ਅਮੁੱਲੇ ਅਰਥ ਸਮਝਾਉਂਦਾ ਹੈ ਸਗੋਂ ਹਰ ਦਿਨ ਹੀ ਜੁਆਨੀ ਨੂੰ ਇਤਿਹਾਸ ਦੇ ਦਰਪਣ ਅੱਗੇ ਖੜ੍ਹੇ ਹੋ ਕੇ ਆਪਣੇ ਗਿਰੀਵਾਨ ਅੰਦਰ ਗਹਿਰੀ ਅਤੇ ਚਿੰਤਨਸ਼ੀਲ ਝਾਤ ਲਈ ਪ੍ਰੇਰਦਾ ਹੈ।

ਉਸਨੇ ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਗੁੱਜਰਵਾਲ ਦੇ ਵਰਨੈਕੂਲਰ ਮਿਡਲ ਸਕੂਲ ਵਿੱਚ ਪੜ੍ਹਨ ਉਪਰੰਤ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਦਾਖਲ ਹੋਇਆ। ਉਹ ਪੜ੍ਹਨ 'ਚ ਬੇਹੱਦ ਹੁਸ਼ਿਆਰ ਸੀ। ਇੱਕੋ ਵਾਰ ਦੋ ਜਮਾਤਾਂ ਕਰ ਜਾਣ ਦਾ ਵੀ ਉਸਨੂੰ ਮਾਣ ਸੀ। ਮਾਲਵਾ ਸਕੂਲ ਵਿੱਚੋਂ ਮਿਲੇ ਸੱਤਵੀਂ ਪਾਸ ਦੇ ਸਰਟੀਫਿਕੇਟ ਉਪਰ ਨੌਵੀਂ ਪਾਸ ਲਿਖਕੇ ਉਸਨੇ ਆਰੀਆ ਸਕੂਲ ਦਾਖਲਾ ਲੈ ਲਿਆ। ਪਤਾ ਲੱਗਣ ਤੇ ਜਦੋਂ ਸਕੂਲ ਸਟਾਫ ਕਾਰਵਾਈ ਕਰਨ ਲੱਗਾ ਤਾਂ ਇਹ ਜੁਆਨ ਸਕੂਲ ਨੂੰ ਹੀ ਅਲਵਿਦਾ ਕਹਿਕੇ ਆਪਣੇ ਚਾਚਾ ਬਖਸ਼ੀਸ਼ ਸਿੰਘ ਕੋਲ ਉੜੀਸਾ ਚਲਾ ਗਿਆ। ਇੱਥੋਂ ਦਸਵੀਂ ਪਾਸ ਕਰਕੇ ਆਪਣੇ ਬਾਬਾ ਬਦਨ ਸਿੰਘ ਰਾਹੀਂ ਉੱਚ ਵਿੱਦਿਆ ਹਾਸਲ ਕਰਨ ਅਮਰੀਕਾ ਚਲਾ ਗਿਆ। ਬਰਕਲੇ ਯੂਨੀਵਰਸਿਟੀ ਵਿੱਚ ਪੜ੍ਹਦੇ ਕਰਤਾਰ ਨੂੰ ਗੁਲਾਮੀ, ਨਸਲੀ ਵਿਤਕਰੇ ਦੇ ਤੀਰਾਂ ਦੀ ਹੁੰਦੀ ਵਾਛੜ ਦਾ ਤਿੱਖਾ ਅਹਿਸਾਸ ਹੋਇਆ। ਉੱਚ ਵਿੱਦਿਆ, ਤਾਲੀਮ, ਨੌਕਰੀ, ਪੂੰਜੀ ਇਕੱਠੀ ਕਰਨ ਪਿੰਡ ਆਕੇ ਬੰਗਲਾ ਪਾਉਣਾ ਪੱਬਾਂ ਕਲੱਬਾਂ ਦੀ ਮਦਹੋਸ਼ੀ ਵਿੱਚ ਡੁੱਬ ਜਾਣ ਜਾਂ ਆਪਣੇ ਮੁਲਕ ਦੇ ਲੋਕਾਂ ਗਲੋਂ ਗੁਲਾਮੀ ਦਾ ਜੂਲਾ ਵਗਾਹ ਮਾਰਨ ਲਈ ਜ਼ਿੰਦਗੀ ਅਰਪਣ ਕਰਨ ਦੀ ਤਿੱਖੀ ਕਸ-ਮ-ਕਸ ਦੇ ਇਮਤਿਹਾਨ ਵਿੱਚੋਂ ਸਰਾਭਾ ਅੱਵਲ ਡਿਗਰੀ ਹਾਸਲ ਕਰਕੇ ਪਾਸ ਹੋਣ ਦੇ ਰਾਹ ਪੈ ਗਿਆ।

ਇੱਥੋਂ ਤੱਕ ਦੇ ਜੀਵਨ ਸਫ਼ਰ ਤੇ ਬਹੁਤੇ ਵਿਦਿਆਰਥੀ ਚੱਲਦੇ ਨੇ ਪਰ ਇਹ ਚੇਤਨ ਚੋਣ ਕਰਨਾ ਹੀ ਉਹਨਾਂ ਦੇ ਜੀਵਨ ਨੂੰ ਵਡੇਰੇ ਅਰਥ ਦਿੰਦਾ ਹੈ ਕਿ ਉਹ ਨਿੱਜ ਪਰਿਵਾਰ ਆਪਣੇ ਸੁੱਖ ਆਰਾਮ ਦੀ ਜ਼ਿੰਦਗੀ ਜੀਣ ਨਾਲੋਂ ਲੋਕਾਂ ਦੇ ਹੋ ਜਾਂਦੇ ਨੇ।

ਭਾਵੇਂ 1896 ਉਹਨਾਂ ਦੇ ਜਨਮ ਵਰ੍ਹੇ ਤੋਂ 2020 ਆ ਗਿਆ ਲੱਗਭੱਗ ਸਵਾ ਸੌ ਸਾਲ ਬਾਅਦ ਸਾਡੇ ਮੁਲਕ ਦੀ ਜੁਆਨੀ ਦੇ ਸਾਹਵੇਂ ਹੋਰ ਵੀ ਘਿਨੌਣੀ ਗ਼ੁਲਾਮੀ ਹੈ। ਇਸਦਾ ਜੂੜ ਵੱਢਣ ਲਈ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ 1915 ਉਪਰੰਤ ਵੀ ਲੋਕ-ਸੰਗਰਾਮ ਜਾਰੀ ਹੈ। ਫਾਂਸੀਆਂ, ਝੂਠੇ ਮੁਕਾਬਲੇ ਝੂਠੇ ਕੇਸ ਜੇਲ੍ਹਾਂ, ਥਾਣਿਆਂ ਅਤੇ ਕਾਲ੍ਹੇ ਕਾਨੂੰਨਾਂ ਦੇ ਪਹਾੜ ਅੱਜ ਵੀ ਲੋਕਾਂ ਸਿਰ ਟੁੱਟ ਰਹੇ ਹਨ। ਇਹ ਲੋਕ-ਦੋਖੀ ਪ੍ਰਬੰਧ ਮੂਲੋਂ ਬਦਲਣ ਲਈ ਆਓ-ਕਰਤਾਰ ਸਿੰਘ ਸਰਾਭਾ ਦੇ ਪ੍ਰੇਰਨਾ ਦੀ ਇੱਕ ਸਫ਼ਰ ਦੀਆਂ ਕੁੱਝ ਝਲਕਾਂ ਉਪਰ ਨਜ਼ਰ ਮਾਰੀਏ:

ਅਮਰੀਕਾ 'ਚ ਇੱਕ ਦਿਨ ਉਸਨੇ ਅੰਗਰੇਜ਼ ਔਰਤ ਨੂੰ ਦੇਖਿਆ ਜੋ ਕੁੱਝ ਤਸਵੀਰਾਂ ਅੱਗੇ ਫੁੱਲ ਰੱਖਕੇ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕਰ ਰਹੀ ਸੀ। ਸਰਾਭੇ ਦੇ ਪੁੱਛਣ ਤੇ ਉਸਨੇ ਦੱਸਿਆ ਕਿ ਇਸ ਦਿਨ ਅਮਰੀਕਾ ਇੰਗਲੈਂਡ ਤੋਂ ਆਜ਼ਾਦ ਹੋਇਆ ਸੀ। ਸਰਾਭੇ ਦੇ ਮਨ ਤੇ ਗਹਿਰਾ ਪ੍ਰਭਾਵ ਪਿਆ ਕਿ ਉਸ ਅੰਦਰ ਉਸਲਵੱਟੀ ਲੈਂਦੇ ਵਿਚਾਰਾਂ ਨੇ ਆਜ਼ਾਦੀ ਦੀ ਜਦੋ ਜਹਿਦ ਵੱਲ ਪੁਲਾਂਘਾਂ ਭਰਨੀਆਂ ਸ਼ੁਰੂ ਕੀਤੀਆਂ।

ਕੈਲੇਫੋਰਨੀਆਂ ਦੇ ਖੇਤ ਮਜ਼ਦੂਰਾਂ ਦੀ ਮੀਟਿੰਗ ਸੈਕਰਾਮੈਂਟ ਵਿੱਚ ਹੋਈ। ਇਸ ਵਿੱਚ ਕਰਤਾਰ ਸਿੰਘ ਇੰਤਜ਼ਾਮੀਆਂ ਕਮੇਟੀ ਦਾ ਮੈਂਬਰ ਬਣਿਆ। ਸਰਾਭਾ ਛੁੱਟੀਆਂ ਦੇ ਦਿਨਾਂ 'ਚ ਅਸਟੋਰੀਆ ਆਪਣੇ ਪਿੰਡ ਦੇ ਰੁਲੀਆ ਸਿੰਘ ਕੋਲ ਗਿਆ ਹੋਇਆ ਸੀ। ਬਾਬਾ ਕੇਸਰ ਸਿੰਘ ਠੱਠਗੜ ਦੇ ਅਸਟੋਰੀਆ ਸਥਿਤ ਡੇਰੇ ਤੇ ਆਰਾ ਮਿਲ ਵਿੱਚ ਹਿੰਦ ਪੈਸੇਫਿਕ ਐਸੋਸੀਏਸ਼ਨ ਨਾਮ ਦੀ ਇੱਕ ਸਭਾ ਸਾਜੀ। ਇਸ ਕਮੇਟੀ 'ਚ ਸੋਹਣ ਸਿੰਘ ਭਕਨਾ ਪ੍ਰਧਾਨ ,ਲਾਲਾ ਹਰਦਿਆਲ ਜਨਰਲ ਸਕੱਤਰ, ਲਾਲ ਠਾਕਰ ਦਾਸ ਧੂਰੀ ਜਾਇੰਦ ਸਕੱਤਰ ਅਤੇ ਕਾਸ਼ੀ ਰਾਮ ਮੜੌਲੀ ਖਜ਼ਾਨਚੀ ਚੁਣੇ ਗਏ।

ਕਰਤਾਰ ਸਿੰਘ ਜਿਸ ਰੁਲੀਆ ਸਿੰਘ ਕੋਲ ਅਸਟੋਰੀਆ ਆਇਆ ਹੋਇਆ ਸੀ ਉਸਨੂੰ ਵੀ ਸਰਾਭੇ ਨਾਲ ਯਾਦ ਕਰਨਾ ਜ਼ਰੂਰੀ ਹੈ। ਰੁਲੀਆ ਸਿੰਘ ਤੋਸ਼ਾ ਮਾਰੂ ਜਹਾਜ਼ ਰਾਹੀਂ ਹਿੰਦੋਸਤਾਨ ਆਇਆ ਤਾਂ ਪਿੰਡ ਨਜ਼ਰਬੰਦ ਕਰ ਦਿੱਤਾ। ਉਹ ਗ਼ਦਰ ਪਾਰਟੀ ਲਈ ਕੰਮ ਕਰਦਾ ਰਿਹਾ। ਅੰਡੇਮਾਨ ਕਾਲ੍ਹੇ ਪਾਣੀ ਜੇਲ੍ਹ ਵਿੱਚ ਤਸੀਹਿਆ ਉਪਰੰਤ ਸ਼ਹੀਦੀ ਜਾਮ ਪੀ ਗਿਆ ।

ਕਰਤਾਰ ਸਿੰਘ ਵਿਸ਼ੇਸ਼ ਕਰਕੇ 1 ਨਵੰਬਰ 1913 ਨੂੰ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ 'ਗ਼ਦਰ' ਅਖ਼ਬਾਰ ਦੇ ਕੰਮ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਨ ਲੱਗਾ। ਲਿਖਤਾਂ ਦੇ ਅਨੁਵਾਦ ਤੋਂ ਲੈਕੇ ਪ੍ਰਿੰਟਿੰਗ ਮਸ਼ੀਨ ਚਲਾਉਣ ਤੱਕ ਉਹ ਪੂਰੇ ਉਤਸ਼ਾਹ ਅਤੇ ਸਰਗਰਮੀ ਨਾਲ ਕੰਮ ਕਰਨ ਲੱਗਾ। 'ਗ਼ਦਰ' ਅਖ਼ਬਾਰ ਅਤੇ ਗ਼ਦਰੀ ਗੂੰਜਾਂ, ਕਵਿਤਾਵਾਂ ਨੇ ਆਜ਼ਾਦੀ ਜੱਦੋ ਜਹਿਦ ਵੱਲ ਲੋਕਾਂ ਨੂੰ ਖਿੱਚਣ ਲਈ ਅਹਿਮ ਭੂਮਿਕਾ ਅਦਾ ਕੀਤੀ। ਕਵਿਤਾਵਾਂ ਨੇ ਗ਼ਦਰ ਦੀ ਗੂੰਜ ਪਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।

**"ਕੂਲੀ ਕੂਲੀ ਪੁਕਾਰਦਾ ਜਗ ਸਾਰਾ**
**ਸਾਡਾ ਝੁਲਦਾ ਨਹੀਂ ਨਿਸ਼ਾਨ ਵੀਰੋ।**
**ਕਾਲਾ ਦਾਗ ਗ਼ੁਲਾਮੀ ਦਾ ਦੇਖ ਮੱਥੇ**
**ਧੱਕੇ ਮਾਰਦਾ ਕੁੱਲ ਜਹਾਨ ਵੀਰੋ।**

ਗ਼ਦਰ ਪਾਰਟੀ ਧਰਮ ਫਿਰਕੇ ਤੋਂ ਉਪਰ ਉਠਕੇ ਸਭਨਾ ਨਾਲ ਸਬੰਧਤ ਲੋਕਾਂ ਨੂੰ ਆਜ਼ਾਦੀ ਦੀ ਜੱਦੋ ਜਹਿਦ 'ਚ ਮਿਲਕੇ ਨਿੱਤਰਨ ਦਾ ਇਉਂ ਦਿੰਦੀ ਸੀ ਹੋਕਾ ਜਿਸਦਾ ਪ੍ਰਮਾਣ ਗ਼ਦਰ ਦੀ ਗੂੰਜ ਵਿੱਚੋਂ ਮਿਲਦਾ ਹੈ :

**ਹਿੰਦੂ ਸਿੱਖ ਪਠਾਣ ਤੇ ਮੁਸਲਮਾਨੋ**
**ਫੌਜਾਂ ਵਾਲਿਓ ਜਰਾ ਖਿਆਲ ਕਰਨਾ**
**ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ**
**ਅਸੀਂ ਜੰਗ ਹੁਣ ਇਹਨਾਂ ਦੇ ਨਾਲ ਕਰਨਾ।**

ਗ਼ਦਰ ਪਾਰਟੀ ਦੇ ਕਾਮਿਆਂ ਨੇ ਦੇਸ਼ ਨੂੰ ਚਾਲੇ ਪਾ ਦਿੱਤੇ। ਇਹ ਜੱਗ ਜਾਹਰਾ ਐਲਾਨ ਕਰਕੇ ਤੁਰੇ ਕਿ ਅਸਾਂ ਦੇਸ਼ ਆਜ਼ਾਦ ਕਰਾਉਣਾ ਹੈ। ਕਿੰਨੇ ਫੜੇ ਗਏ। ਜੇਲ੍ਹੀਂ ਡੱਕੇ ਅਤੇ ਕਿੰਨੇ ਜੂਹ ਬੰਦ ਕੀਤੇ। ਕਰਤਾਰ ਸਿੰਘ ਸਰਾਭੇ ਸਮੇਤ ਕਿੰਨੇ ਹੀ, ਅੰਗਰੇਜ਼ ਹਾਕਮਾਂ ਦੀਆਂ ਨਜ਼ਰਾਂ ਨੂੰ ਚਕਮਾ ਦਿੰਦਿਆਂ ਬਚ ਨਿਕਲੇ।

ਕਰਤਾਰ ਸਿੰਘ ਸਰਾਭਾ ਤੇ ਗ੍ਰਿਫ਼ਤਾਰ ਹੋਏ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਕਿਸੇ ਤਰ੍ਹਾਂ ਮਿਲਣ 'ਚ ਸਫ਼ਲ ਰਿਹਾ। ਗ਼ਦਰੀਆਂ ਨੇ ਗ਼ਦਰੀ ਭੂਚਾਲ ਦਾ ਕੇਂਦਰ ਬਿੰਦੂ ਫੌਜੀ ਛਾਉਣੀਆਂ ਨੂੰ ਬਣਾਇਆ। ਸੂਹੀਆਂ ਨੇ ਗੋਰੇ ਹਾਕਮਾਂ ਦੇ ਕੰਨ 'ਚ ਫੂਕ ਮਾਰ ਦਿੱਤੀ। ਗ਼ਦਰ ਦੀ ਤਾਰੀਖ਼ ਬਦਲੀ ਵੀ ਪਰ ਉਹ ਵੀ ਜਾ ਦੱਸੀ। ਇਸ ਕਾਰਨ ਗ਼ਦਰੀ ਬਗ਼ਾਵਤ ਦੀ ਚਿੰਗਾੜੀ ਨੂੰ ਥਾਏਂ ਨੱਪਣ ਦਾ ਯਤਨ ਕੀਤਾ ਗਿਆ। ਫਾਂਸੀਆਂ, ਕਾਲ੍ਹੇ ਪਾਣੀ, ਕਾਲ ਕੋਠੜੀਆਂ ਉਮਰ ਕੈਦ ਅੰਨ੍ਹੇ ਤਸ਼ੱਦਦ ਦੇ ਝੱਖੜ ਝੁੱਲੇ। ਗੁਪਤ ਰਹਿੰਦਿਆਂ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀ ਪੂਰੀ ਸਿਦਕਦਿਲੀ ਅਤੇ ਚੁਸਤੀ ਨਾਲ ਕਈ ਵਾਰ ਅੰਗਰੇਜ਼ੀ ਹਕੂਮਤ ਨੂੰ ਝਕਾਨੀ ਦੇ ਕੇ ਸੁਰੱਖਿਅਤ ਨਿਕਲਦੇ ਅਤੇ ਕੰਮ ਕਰਦੇ ਰਹੇ।

ਗ਼ਦਰ ਦੀ ਯੋਜਨਾ ਉਪਰ ਇੱਕ ਵਾਰ ਵੱਡੀ ਸੱਟ ਪੈਣ ਕਾਰਨ ਕਰਤਾਰ ਸਿੰਘ ਸਰਾਭਾ ਲਾਹੌਰ ਹੈਡੱਕੁਆਰਟਰ ਚਲਾ ਗਿਆ। ਉਹ ਅਤੇ ਰਾਸ ਬਿਹਾਰੀ ਬੋਸ ਗੰਭੀਰ ਵਿਚਾਰਾਂ ਕਰਦੇ ਰਹੇ। ਸਰਾਭੇ ਨੂੰ ਖ਼ੁਦ ਹਿੰਮਤ ਕਰਕੇ 20 ਫਰਵਰੀ 1915 ਨੇ ਰਾਸ ਬਿਹਾਰੀ ਨੂੰ ਤਾਂ ਕਲਕੱਤਾ ਵੱਲ ਗੱਡੀ ਚੜ੍ਹਾ ਦਿੱਤਾ।

ਕਰਤਾਰ ਸਿੰਘ ਆਪਣੇ ਦੋ ਸਾਥੀਆਂ ਜਗਤ ਸਿੰਘ ਸੁਰ ਸਿੰਘ ਅਤੇ ਹਰਨਾਮ ਸਿੰਘ ਸਿਆਲਕੋਟੀ ਨਾਲ ਹਰਚੰਦ ਸਿੰਘ ਰਈਸ ਲਾਇਲਪੁਰ ਤੋਂ ਇੱਕ ਹਜ਼ਾਰ ਰੁਪਏ ਲੈਕੇ ਸਰਹੱਦ ਪਾਰ ਕਰਕੇ ਯਾਮਿਸਤਾਨ ਜਾ ਵੜੇ। ਦੇਸ਼ ਭਗਤੀ ਦਾ ਜਜ਼ਬਾ ਵੀ ਉਹਨਾਂ ਦੇ ਅੰਦਰ ਉਸਲਵੱਟੇ ਲੈ ਰਿਹਾ ਸੀ। ਗ਼ਦਰ ਤੇ ਵਕਤੀ ਸੱਟ ਜੱਥੇਬੰਦੀਆਂ ਅਤੇ ਸਾਥੀਆਂ ਦਾ ਮੇਲ ਜੋਲ ਨਾ ਰਹਿਣਾ ਬੇਹੱਦ ਮੁਸ਼ਕਲਾਂ ਭਰਿਆ ਦੌਰ ਸੀ। ਉਹਨਾਂ ਅੰਦਰੋਂ ਜਵਾਰਭਟਾ ਬਣ ਫੁੱਟੀ ਦੇਸ਼ ਭਗਤੀ ਨੇ ਕਦਮ ਰੋਕ ਲਏ। ਉਹ ਇੱਕ ਵਾਰ ਫੇਰ ਗ਼ਦਰੀ ਗੂੰਜਾਂ ਪੜ੍ਹਨ ਅਤੇ ਗੁਣਗੁਣਾਉਣ ਲੱਗੇ :

**ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ**
**ਯੁੱਧ ਵਿੱਚ ਪਏਗਾ ਜ਼ਰੂਰ ਮਰਨਾ**
**ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜਕੇ**
**ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ"**

ਉਹਨਾਂ ਸੋਚਿਆ ਕੀ ਹੋਇਆ ਗ਼ਦਰ ਦੀ ਸਕੀਮ ਸਿਰੇ ਨਹੀਂ ਚੜ੍ਹ ਸਕੀ ਪਰ ਅਸੀਂ ਕਿੱਧਰ ਨੂੰ ਚੱਲੇ ਹਾਂ? ਜੇ ਹੋਰ ਕੁੱਝ ਨਹੀਂ ਵੀ ਕਰ ਸਕਾਂਗੇ ਚਲੋ ਪਿੱਛੇ ਮੁੜੀਏ ਆਪਣੇ ਗ਼ਦਰੀ ਸਾਥੀਆਂ ਵਾਂਗ ਭਾਵੇਂ ਮੌਤ ਹੀ ਗਲੇ ਲਗਾ ਲਈਏ। ਗ਼ਦਰੀ ਲਹਿਰ ਨੂੰ ਇੱਕ ਖ਼ੂਬਸੂਰਤ ਮੋੜ ਤਾਂ ਦੇ ਦੇਈਏ। ਇਹ ਬਿਹਤਰ ਹੈ।

ਸਰਗੋਧੇ ਦੀ ਬਾਰ ਦੇ ਚੱਕ ਨੰ: 5 ਵਿੱਚ ਜਗਤ ਸਿੰਘ ਦੀ ਠਾਹਰ ਤੇ ਉਹ ਰਾਜਿੰਦਰ ਸਿੰਘ ਨਾਮੀ ਪੈਨਸ਼ਨਰ ਕੋਲ ਬੰਦੂਕਾਂ ਲੈਣ ਵਾਸਤੇ ਚਲੇ ਗਏ। ਰਾਜਿੰਦਰ ਸਿੰਘ ਨੇ ਉੱਥੋਂ ਦੇ ਇਨਚਾਰਜ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਨੂੰ ਦੱਸ ਦਿੱਤਾ॥ ਪੁਲਸ ਨੇ ਇਸ ਠਾਹਰ ਤੋਂ ਸਰਾਭੇ ਸਮੇਤ ਤਿੰਨਾਂ ਨੂੰ ਫੜਕੇ 12 ਮਾਰਚ 1915 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਭੇਜ ਦਿੱਤਾ।

ਪੰਜਾਬ ਦੇ ਗਵਰਨਰ ਓਡਵਾਇਰ ਨੇ ਇਹਨਾਂ ਗ਼ਦਰੀ ਦੇਸ਼ ਭਗਤਾਂ ਸਮੇਤ ਪਹਿਲਾਂ ਵੀ 85 ਗ਼ਦਰੀ ਇੱਥੇ ਸਨ ਇਹਨਾਂ ਲਈ ਵਿਸ਼ੇਸ਼ ਅਦਾਲਤ ਬਣਵਾਈ ਹੋਈ ਸੀ। ਜਿਸਦੇ ਫੈਸਲੇ ਉਪਰ ਅਪੀਲ ਨਹੀਂ ਸੀ ਕੀਤੀ ਜਾ ਸਕਦੀ। ਵਿਸ਼ੇਸ਼ ਅਦਾਲਤ ਵਿੱਚ 26 ਅਪ੍ਰੈਲ 1915 ਨੂੰ ਮੁਕੱਦਮੇ ਦੀ ਰਸਮੀ ਕਾਰਵਾਈ ਸ਼ੁਰੂ ਹੋਈ। ਪੰਜ ਮਹੀਨੇ ਬਾਅਦ ਸਭ ਨੂੰ ਕਾਲ੍ਹੇ ਪਾਣੀ ਦੀ ਸਜ਼ਾ ਸੁਣਾਈ ਗਈ। ਸਰਾਭੇ ਨੂੰ ਕਿਹਾ ਗਿਆ ਕਿ ਉਹ ਅਜੇ ਅੱਲੜ੍ਹ ਉਮਰ ਦਾ ਹੈ ਉਹ ਇਕਬਾਲ ਨਾ ਕਰੇ। ਪਰ ਸਰਾਭੇ ਨੇ ਅੱਗੋਂ ਜਵਾਬ ਦਿੱਤਾ :

"ਮੈਂ ਦੁਸ਼ਮਣ ਬੇਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਕਾਰਨਾਮੇ ਲੁਕਾ ਕੇ ਆਪਣੀ ਚਮੜੀ ਨਹੀਂ ਬਚਾਉਣੀ ਚਾਹੁੰਦਾ।"

ਉਹ ਫਾਂਸੀ ਲੱਗਣ ਤੱਕ ਕੋਠੀਆਂ ਵਿੱਚ ਹੀ ਬੰਦ ਰੱਖੇ ਗਏ। ਇੱਥੇ ਹੀ ਕਰਤਾਰ ਸਿੰਘ ਸਰਾਭੇ ਹੋਰੀ ਇਹ ਸੁਨੇਹਾ ਦੇਸ਼ ਵਾਸੀਆਂ ਨੂੰ ਦਿਆ ਕਰਦੇ :

**ਹਿੰਦ ਵਾਸੀਓ ਰੱਖਣਾ ਯਾਦ ਸਾਨੂੰ**
**ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।**
**ਖ਼ਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ**
**ਸਾਨੂੰ ਦੇਖਕੇ ਨਾ ਘਬਰਾ ਜਾਣਾ।**
**ਹਿੰਦ ਵਾਸੀਓ ਚਮਕਣਾ ਚੰਦ ਵਾਂਗੂੰ**
**ਕਿਤੇ ਬੱਦਲਾਂ ਹੇਠ ਨਾ ਆ ਜਾਣਾ।**

ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇਗੰਢ ਮੌਕੇ ਉਹਨਾਂ ਦਾ ਇਤਿਹਾਸਕ ਵਰਨਣ ਜ਼ਰੂਰੀ ਹੋ ਜਾਂਦਾ ਹੈ ਜੋ ਉਹਨਾਂ ਨੇ ਆਪਣੀਆਂ ਲਿਖਤਾਂ ਵਿੱਚ ਕਰਤਾਰ ਸਿੰਘ ਸਰਾਭਾ ਬਾਰੇ ਕੀਤਾ ਹੈ। ਬਾਬਾ ਭਕਨਾ ਜੀ ਦੀ ਲਿਖਤ ਅਨੁਸਾਰ ਉਹਨਾਂ ਦੀ ਬੈਰਕ ਜੇਲ੍ਹ ਵਿੱਚ ਸਰਾਭੇ ਦੀ ਬੈਰਕ ਲਾਗੇ ਸੀ। ਇੱਕ ਦਿਨ ਮੈਂ ਕੀ ਦੇਖਿਆ ਸਰਾਭੇ ਨੇ ਕੋਲੇ ਨਾਲ ਬੈਰਕ ਦੀ ਕੰਧ ਉਪਰ ਉਕਰਿਆ ਸੀ :

**"ਸ਼ਹੀਦੋਂ ਕਾ ਖ਼ੂਨ ਅਜ਼ਾਈ ਨਹੀਂ ਜਾਤਾ**
**ਇਸ ਸੇ ਹਜ਼ਾਰੋਂ ਸ਼ਹੀਦ ਪੈਦਾ ਹੋਤੇ ਹੈ"**

ਮੈਂ ਕਿਹਾ "ਕਰਤਾਰ ਇਹ ਕੀ ਲਿਖ ਰਿਹਾਂ। ਇਹਨਾਂ ਨੇ ਤਾਂ ਸਾਡੀਆਂ ਹੱਡੀਆਂ ਵੀ ਸਾੜ ਕੇ ਅੰਦਰ ਹੀ ਦਬਾ ਦੇਣੀਆਂ ਨੇ" ਕਰਤਾਰ ਸਿੰਘ ਨੇ ਕਿਹਾ "ਬਾਬਾ ਜੀ ਠੀਕ ਹੀ ਲਿਖਿਆ ਹੈ" ਕਹਿਕੇ ਚੁੱਪ ਕਰ ਗਿਆ।

ਇਤਿਹਾਸ ਦੀਆਂ ਪੈੜਾਂ ਦੱਸਦੀਆਂ ਨੇ ਕਿ ਬਾਬਾ ਭਕਨਾ ਦੀ ਕੋਠੜੀ ਦੇ ਨਾਲ ਬੰਦ ਰਿਹਾ ਕਰਤਾਰ ਸਿੰਘ ਸਰਾਭਾ 1915 ਵਿੱਚ ਅਤੇ ਬਾਬਾ ਭਕਨਾ ਦੀ ਕੋਠੜੀ ਦੇ ਨਾਲ ਰਿਹਾ ਭਗਤ ਸਿੰਘ 1931 ਵਿੱਚ ਫਾਂਸੀ ਦੇ ਰੱਸੇ ਹੱਸਕੇ ਚੁੰਮ ਗਏ।

ਬਾਬਾ ਸੋਹਣ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇਗੰਢ ਮੌਕੇ ਅਜੋਕੀ ਜੁਆਨੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਮੂਹ ਸਾਥੀਆਂ ਦੀ ਸੋਚ ਅਮਲ ਅਤੇ ਨਿਸ਼ਾਨਿਆਂ ਦਾ ਦੀਵਾ ਮੱਥੇ 'ਚ ਬਾਲ੍ਹਕੇ ਅੱਗੇ ਤੁਰਨਾ ਹੋਵੇਗਾ ਫੇਰ ਹੀ ਉਹਨਾਂ ਨੂੰ ਯਾਦ ਕਰਨ ਦਾ ਕੋਈ ਮਹੱਤਵ ਹੈ।

ਬਾਬਾ ਸੋਹਣ ਸਿੰਘ ਭਕਨਾ ਲਿਖਦੇ ਨੇ ਕਿ 16 ਨਵੰਬਰ 1915 ਦਾ ਦਿਹਾੜਾ ਸੀ ਜਦੋਂ ਲਾਹੌਰ ਸੈਂਟਰਲ ਜੇਲ੍ਹ ਦੀਆਂ ਕੰਧਾਂ ਕਰਤਾਰ ਸਿੰਘ ਸਰਾਭਾ , ਭਾਈ ਬਖਸ਼ੀਸ਼ ਸਿੰਘ , ਭਾਈ ਸਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ ਸਿਆਲਕੋਟੀ, ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ ਦੇ ਆਕਾਸ਼ ਗੁੰਜਾਊ ਨਾਆਰਿਆਂ ਨਾਲ ਗੂੰਜ ਉੱਠੀਆਂ।

ਉਹਨਾਂ ਨੇ ਫਾਂਸੀ ਦੇ ਤਖ਼ਤੇ ਤੋਂ ਮਾਂ ਧਰਤੀ ਦੇ ਨਾਂਅ ਸੁਨੇਹਾ ਦਿੱਤਾ :

"ਐ ਭਾਰਤ ਮਾਂ ਅਸੀਂ ਤੇਰੀਆਂ ਗ਼ੁਲਾਮੀ ਦੀਆਂ ਜੰਜ਼ੀਰਾਂ ਤੋੜ ਨਹੀਂ ਸਕੇ। ਜੇ ਸਾਡੇ ਸਾਰੀਆਂ ਵਿੱਚੋਂ ਇੱਕ ਵੀ ਸਾਥੀ ਜਿਉਂਦਾ ਰਿਹਾ ਉਹ ਆਖਰੀ ਦਮ ਤੱਕ ਹਰ ਤਰ੍ਹਾਂ ਦੀ ਗ਼ੁਲਾਮੀ ਕੀ ਆਰਥਿਕ, ਕੀ ਰਾਜਨੀਤਕ, ਕੀ ਸਮਾਜਿਕ ਇਸਨੂੰ ਸਮਾਜ ਵਿੱਚੋਂ ਮਿਟਾਉਣ ਲਈ ਸੰਘਰਸ਼ ਜਾਰੀ ਰੱਖੇਗਾ।"

ਸੁਆਲਾਂ ਦਾ ਸੁਆਲ ਤਾਂ ਇਹ ਹੈ ਕਿ ਅੱਜ ਜਦੋਂ ਹਰ ਤਰ੍ਹਾਂ ਦੀ ਗ਼ੁਲਾਮੀ ਲੋਕਾਂ ਦਾ ਕਚੂੰਬਰ ਕੱਢ ਰਹੀ ਹੈ ਤਾਂ ਉਹਨਾਂ ਦੇ ਵਾਰਸ ਇਸ ਗ਼ੁਲਾਮੀ ਨੂੰ ਮਿਟਾਉਣ ਲਈ ਆਪਣੀ ਸ਼ਕਤੀ ਅਤੇ ਸਮਾਂ ਕਿੰਨਾ ਕੁ ਇਸ ਮਹਾਨ ਕਾਜ ਦੇ ਲੇਖੇ ਲਗਾ ਰਹੇ ਹਨ।

ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ , ਭਰਾ ਅਤੇ ਸਾਥੀ ਦਾ ਰੁਤਬਾ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਕਰਤਾਰ ਸਿੰਘ ਸਰਾਭਾ ਬਾਰੇ ਲਿਖੇ ਲੇਖ ਵਿੱਚ ਕਿੰਨੇ ਗੁੰਦਵੇਂ ਅਤੇ ਅਰਥ-ਭਰਪੂਰ ਸ਼ਬਦਾਂ 'ਚ ਆਪਣੀ ਸੰਗਰਾਮੀ ਸ਼ਰਧਾਂਜਲੀ ਦਿੰਦੇ ਹੋਏ ਲਿਖਿਆ ਹੈ :

"ਰਣਚੰਡੀ ਦੇ ਉਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਉਸ ਵੇਲੇ 20 ਸਾਲ ਦੀ ਵੀ ਨਹੀਂ ਸੀ ਜਦੋਂ ਉਸਨੇ ਆਜ਼ਾਦੀ ਦੀ ਦੇਵੀ ਦੀ ਵੇਦੀ ਤੇ ਆਪਣੀ ਰੱਤ ਬੁੱਕਾਂ ਭਰ ਭਰ ਭੇਟ ਕਰ ਦਿੱਤੀ। ਹਨੇਰੀ ਵਾਂਗ ਉਹ ਕਿਧਰੋਂ ਆਏ। ਅੱਗ ਭੜਕਾਈ ਸੁੱਤੀ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਕਰਾਂਤੀ ਯੱਗ ਰਚਿਆ ਅਤੇ ਅੰਤ ਨੂੰ ਖ਼ੁਦ ਵੀ ਉਸੇ ਵਿੱਚ 'ਸਵਾਹ' ਹੋ ਗਏ। ਉਹ ਕੀ ਸਨ ਕਿਸ ਲੋਕ ਤੋਂ ਅਚਾਨਕ ਆਏ ਸਨ ਅਸੀਂ ਸਮਝ ਹੀ ਨਹੀਂ ਸਕੇ। ਛੋਟੀ ਜਿਹੀ 19 ਸਾਲ ਦੀ ਉਮਰ ਵਿੱਚ ਹੀ ਉਸਨੇ ਐਨੇ ਵੱਡੇ ਕੰਮ ਅੰਜ਼ਾਮ ਦਿੱਤੇ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਦਲੇਰੀ, ਐਨਾ ਆਤਮ-ਵਿਸ਼ਵਾਸ਼ ,ਐਨਾ ਸਵੈ-ਤਿਆਗ, ਐਨੀ ਫੁਰਤੀ, ਐਨੀ ਲਗਨ ਬਹੁਤ ਹੀ ਘੱਟ ਦੇਖਣ ਵਿੱਚ ਆਉਂਦੀ ਹੈ। ਭਾਰਤ ਵਰਸ਼ ਵਿੱਚ ਅਸਲੀ ਗ਼ਦਰੀ ਕਹੇ ਜਾਣ ਵਾਲੇ ਮੁੱਠੀ ਭਰ ਲੋਕ ਹੀ ਪੈਦਾ ਹੋਏ ਹਨ। ਇਹਨਾਂ ਗਿਣੇ ਚੁਣੇ ਕਰਾਂਤੀਕਾਰੀਆਂ ਵਿੱਚ ਵੀ ਸ਼੍ਰੀ ਕਰਤਾਰ ਸਿੰਘ ਸਰਾਭਾ ਸਰਵ ਉਚ ਹਨ। ਉਹਨਾਂ ਦੀ ਨਸ਼ ਨਸ਼ ਵਿੱਚ ਕਰਾਂਤੀ ਸਮਾਈ ਹੋਈ ਸੀ। ਉਹਨਾਂ ਦੇ ਜੀਵਨ ਦਾ ਇੱਕ ਮਾਤਰ ਆਦਰਸ਼ , ਉਹਨਾਂ ਦੀ ਇੱਕ ਮਾਤਰ ਅਭਿਲਾਸ਼ਾ ਇੱਕ ਮਾਤਰ ਆਸ ਜੋ ਵੀ ਸੀ ਇਹੀ ਗ਼ਦਰ ਸੀ। ਇਸੇ ਵਾਸਤੇ ਉਹ ਜਿੰਦਾ ਰਹੇ। ਇਸੇ ਵਾਸਤੇ ਉਹ ਆਪਣੀ ਜ਼ਿੰਦ ਵਾਰ ਗਏ।"

ਆਓ ਗ਼ਦਰ ਪਾਰਟੀ ਉਸਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦੇ ਜੀਵਨ ਸੰਗਰਾਮ ਉਹਨਾਂ ਦੇ ਉਦੇਸ਼ਾਂ ਵਿਸ਼ੇਸ਼ ਕਰਕੇ ਸਰਾਭਾ ਦੀ ਅਮਿੱਟ ਦੇਣ ਸਮੁੱਚੇ ਸੰਦਰਭ ਵਿੱਚ ਆਪਣੇ ਆਪ ਨੂੰ ਖੜ੍ਹਾ ਕਰਕੇ ਆਪਣੀ ਜਿੰਮੇਵਾਰੀ ਦਾ ਅਹਿਦ ਕਰੀਏ।

ਉਹ ਆਪਣਾ ਫਰਜ਼ ਅਦਾ ਕਰ ਗਏ। ਸਮੇਂ ਨੂੰ ਨਿਹਚਾ, ਪ੍ਰਤੀਬੱਧਤਾ ਅਤੇ ਸਮਾਜ ਪ੍ਰਤੀ ਜਾਗਦੀ ਅਤੇ ਮਘਦੀ ਸਪਿਰਟ ਵਾਲੇ ਸਰਾਭਿਆਂ ਦੀ ਲੋੜ ਹੈ।

# ਕੋਰੋਨਾ ਐਮਰਜੈਂਸੀ ਹਥਿਆਰ, ਕਿਰਤ-ਕਾਨੂੰਨ ਨਿਸ਼ਾਨੇ 'ਤੇ



ਯਸ਼ ਪਾਲ
98145 35005



ਇਹ ਕਨਸੋਆਂ ਤਾਂ ਆ ਰਹੀਆਂ ਸਨ ਕਿ ਸਨਅਤੀ-ਕਾਰਪੋਰੇਟ ਘਰਾਣਿਆਂ ਵੱਲੋਂ ਕੇਂਦਰ/ਰਾਜ ਸਰਕਾਰਾਂ 'ਤ ਦਬਾਅ ਬਣਾਇਆ ਜਾ ਰਿਹਾ ਹੈ ਕਿ ਲਾਕਡਾਊਨ ਕਾਰਨ ਬੰਦ ਸਨਅਤਾਂ ਨੂੰ ਮੁੜ ਚਾਲੂ ਕਰਨ ਲਈ ਤੇ ਮੰਦੀ 'ਚੋਂ ਉਭਰਨ ਲਈ, ਮਜਦੂਰਾਂ ਦੀ ਕੰਮ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕੀਤੀ ਜਾਵੇ ਤੇ ਕੁੱਝ ਸਮੇਂ ਲਈ ਮਜਦੂਰਾਂ ਨੂੰ ਯੂਨੀਅਨ ਬਣਾਉਣ'ਤੇ ਪਾਬੰਦੀ ਲਾਈ ਜਾਵੇ ਪਰੰਤੂ ਅੰਦਰ-ਖਾਤੇ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਵੱਲੋਂ, ਉਨ੍ਹਾਂ ਲਈ ਨਿਆਮਤ ਬਣ ਕੇ ਬਹੁੜੇ ਕੋਰੋਨਾ ਦੀ ਆੜ 'ਚ, ਚੰਗਾ ਮੌਕਾ ਹੱਥ ਲੱਗਦੇ ਹੀ, ਆਪਣਾ ਮਜਦੂਰ ਵਿਰੋਧੀ ਕਾਰਪੋਰੇਟ ਪੱਖੀ ਨਵਉਦਾਰਵਾਦੀ ਏਜੰਡੇ ਦਾ ਪੂਰਾ ਪੂਰ ਹੀ ਕੱਛ 'ਚੋਂ ਕੱਢ ਲਿਆ ਜਾਵੇਗਾ, ਇਸ ਦੀ ਸਾਇਦ ਤਵੱਕੋਂ ਬਹੁਤਿਆਂ ਨੂੰ ਨਹੀਂ ਹੋਣੀ। ਕੇਂਦਰ ਦੀ ਮੋਦੀ ਸਰਕਾਰ ਤਾਂ ਪਹਿਲਾਂ ਹੀ 'ਕਾਰੋਬਾਰ ਨੂੰ ਆਸਾਨ ਕਰਨ' ਦੀ ਮੂਲ ਕਾਰਪੋਰੇਟ ਪੱਖੀ ਨੀਤੀ ਨੂੰ ਲਾਗੂ ਕਰਨ ਦੇ ਰਾਹ ਪਈ ਹੋਈ ਸੀ ਜਿਸ ਦੇ ਤਹਿਤ ਦਹਾਕਿਆਂ ਤੋਂ ਚਲੇ ਆ ਰਹੇ, ਸੰਗਠਿਤ ਖੇਤਰ ਅੰਦਰ ਹੀ ਕੰਮ ਕਰਦੇ ਸਿਰਫ 8% ਮਜਦੂਰਾਂ ਨੂੰ ਕੁੱਝ ਨਾ ਕੁੱਝ ਰਾਹਤ ਦੇਣ ਵਾਲੇ ਦਰਜਨਾਂ ਕਿਰਤ ਕਾਨੂੰਨਾਂ ਨੂੰ ਰੱਦ ਕਰਕੇ 'ਚਾਰ ਕੋਡਾਂ' ਨੂੰ ਲਾਗੂ ਕਰਨ ਜਾ ਰਹੀ ਸੀ ਜਿਸ ਦਾ ਮਜਦੂਰ ਜਥੇਬੰਦੀਆਂ ਵਿਰੋਧ ਕਰ ਰਹੀਆਂ ਸਨ। ਤੇ ਕੋਰੋਨਾ ਉਸ ਲਈ ਵਰਦਾਨ ਸਾਬਤ ਹੋ ਰਿਹਾ ਹੈ। ਮੋਦੀ ਸਰਕਾਰ ਨੇ ਬੀ.ਜੇ.ਪੀ. ਦੀ ਅਗਵਾਈ ਵਾਲੀਆਂ ਸਰਕਾਰਾਂ ਨੂੰ ਕਿਰਤ ਕਾਨੂੰਨਾਂ ਦੀ ਸੋਧ ਵਾਲਾ ਕਾਰਪੋਰੇਟ ਏਜੰਡਾ ਕੋਰੋਨਾ ਦੇ ਪੈਦਾ ਕੀਤੇ ਖੌਫ ਦੇ ਸਾਏ ਹੇਠ, ਅਰਥਚਾਰੇ ਨੂੰ ਮੁੜ ਠੁੰਮ੍ਹਣਾ ਦੇਣ ਦੇ ਨਾਂ 'ਤੇ ਫੌਰੀ ਲਾਗੂ ਕਰਨ ਦੀ ਹਰੀ ਝੰਡੀ ਦੇ ਦਿੱਤੀ ਹੈ।

**ਮਜਦੂਰਾਂ ਦੇ ਸਮੂਹ ਟਰੇਡ ਯੂਨੀਅਨ ਹੱਕਾਂ 'ਤੇ ਡਾਕਾ** : ਮੋਦੀ ਸਰਕਾਰ ਦੇ ਕਾਰਪੋਰੇਟ-ਫਿਰਕੂ-ਫਾਸੀ ਏਜੰਡੇ ਦੀ ਤਜਰਬਾਗਾਹ ਬਣੇ ਰਾਜ ਯੂ.ਪੀ. ਵੱਲੋਂ ਪਹਿਲ ਕੀਤੀ ਗਈ ਤੇ ਇੱਕੋ-ਸੱਟੇ ਫੈਕਟਰੀ ਐਕਟ (1883), ਘੱਟੋ- ਘੱਟ ਉਜਰਤ ਐਕਟ, ਇੰਡਸਟਰੀਅਲ ਡਿਸਪਿਊਟ ਐਕਟ (1947), ਬਾਲ ਮਜਦੂਰੀ ਐਕਟ ਆਦਿ ਸਭਨਾਂ ਕਿਰਤ ਕਾਨੂੰਨਾਂ ਉੱਪਰ ਪੋਚਾ ਫੇਰ ਕੇ ਤਿੰਨ ਸਾਲਾਂ ਲਈ 'ਫਰੀਜ' ਕਰ ਦਿੱਤੇ ਗਏ ਹਨ। ਜਿਸ ਰਾਹੀਂ ਕੰਮ ਦਿਹਾੜੀ 8ਘੰਟੇ ਦੀ ਬਜਾਏ 12 ਘੰਟੇ ਹੋਵੇਗੀ, ਮਜਦੂਰਾਂ ਨੂੰ ਯੂਨੀਅਨ ਬਣਾਉਣ ਦਾ ਅਧਿਕਾਰ ਨਹੀਂ ਹੋਵੇਗਾ, ਤਨਖਾਹ/ਉਜਰਤ ਤੇ ਸੇਵਾ ਸਰਤਾਂ ਆਦਿ ਸੰਬੰਧੀ ਕੋਈ ਵਾਰਤਾਲਾਪ ਨਹੀਂ ਹੋਵੇਗੀ, ਧਰਨੇ/ਮੁਜਾਹਰੇ/ਹੜਤਾਲ ਕਰਨ ਤੇ ਪਾਬੰਦੀ ਹੋਵੇਗੀ। ਪੀ.ਐਫ./ਈ.ਐਸ.ਆਈ./ ਬੋਨਸ/ਸੱਟ ਮੁਆਵਜਾ ਤੇ ਹੋਰ ਸਿਹਤ ਸਹੂਲਤਾਂ ਸਭ ਬੰਦ ਹੋਣਗੀਆਂ। 'ਰੱਖੋ ਤੇ ਕੱਢੋ' ਦੀ ਨੀਤੀ ਲਾਗੂ ਹੋਵੇਗੀ ਮਜਦੂਰ ਨੂੰ ਜਦ ਮਰਜੀ ਕੱਢਿਆ ਜਾ ਸਕੇਗਾ, ਜਿੰਨੀ ਮਰਜੀ ਤਨਖਾਹ ਦਿੱਤੀ ਜਾ ਸਕੇਗੀ। 50 ਮਜਦੂਰਾਂ ਤੱਕ ਵਾਲੀਆਂ ਸਭਨਾਂ ਫੈਕਟਰੀਆਂ ਨੂੰ ਕਿਰਤ ਕਾਨੂੰਨ ਦੇ ਦਾਇਰੇ 'ਚੋਂ ਹੀ ਬਾਹਰ ਕਰ ਦਿੱਤਾ ਗਿਆ ਹੈ। ਜਿਸ ਦਾ ਮਤਲਬ ਮਜਦੂਰ ਸਦੀਆਂ ਪਹਿਲਾਂ ਵਾਲਾ ਗੁਲਾਮ/ਬੰਧੂਆ ਜੀਵਨ ਜਿਊਂਏਗਾ ਤੇ ਕੋਰੋਨਾ ਵਾਇਰਸ ਦੇ ਦੌਰ ਅੰਦਰ ਇਸ ਮਜਦੂਰ ਵਿਰੋਧੀ ਵਾਇਰਸ ਦੀ ਲਾਗ ਕਰੋਨਾ ਤੋਂ ਵੀ ਤੇਜੀ ਨਾਲ ਬੀ.ਜੇ.ਪੀ. ਰਾਜਾਂ, ਮੱਧ ਪ੍ਰਦੇਸ, ਗੁਜਰਾਤ, ਕਰਨਾਟਕ, ਗੋਆ, ਉੱਤਰਾਖੰਡ 'ਚ ਫੈਲ ਗਈ। ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਨੇ ਵੀ ਯੂ.ਪੀ. ਵਾਲਾ ਰੱਥ ਫੜ ਲਿਆ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ' ਦੀ ਕਹਾਵਤ, ਕਾਂਗਰਸ ਦੀ ਅਗਵਾਈ ਵਾਲੀਆਂ ਰਾਜਸਥਾਨ, ਪੰਜਾਬ ਅਤੇ ਮਹਾਂਰਾਸਟਰ ਵਰਗੀਆਂ ਮਿਲ-ਗੋਭਾ ਰਾਜ ਸਰਕਾਰਾਂ ਨੇ ਵੀ ਉੱਧਰ ਹੀ ਚਾਲੇ ਪਾ ਦਿੱਤੇ ਕਿਉਂਕਿ ਨਵਉਦਾਰਵਾਦੀ ਕਾਰਪੋਰੇਟ ਏਜੰਡੇ 'ਤੇ ਇਹ ਸਾਰੀਆਂ ਹਕੂਮਤੀ ਪਾਰਟੀਆਂ ਇੱਕ-ਮੱਤ ਹਨ। ਪੰਜਾਬ ਸਰਕਾਰ ਵੱਲੋਂ ਕੰਮ ਦਿਹਾੜੀ 8 ਘੰਟੇ ਤੋਂ 12 ਘੰਟੇ ਕਰਨ ਦਾ ਪੱਤਰ ਤਾਂ ਜਾਰੀ ਕਰ ਹੀ ਦਿੱਤਾ ਗਿਆ ਹੈ ਪਰ ਸਰਕਾਰ ਵੱਲੋਂ ਬਣਾਈ ਗਈ ਕੋਵਿਡ-19 ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਅਧਾਰ ਤੇ 6 ਲੱਖ ਦੇ ਲਗਭਗ ਮੁਲਾਜ਼ਮਾਂ/ਪੈਨਸ਼ਨਰਾਂ ਦਾ ਡੀ.ਏ. ਜਾਮ ਕਰਨ ਤੇ ਤਨਖਾਹ ਕਟੌਤੀ ਕਰਨ ਦੀ ਤਲਵਾਰ ਵੀ ਸਿਰ ਤੇ ਲਟਕ ਰਹੀ ਹੈ। ਇਸ ਤੋਂ ਬਿਨਾ ਸਰਕਾਰ ਦਾ ਇੱਕ ਹੋਰ ਬੇਹੱਦ ਮੰਦਭਾਗਾ ਕਾਰਾ, ਹਰ 6 ਮਹੀਨੇ ਬਾਅਦ ਦਿਹਾੜੀਦਾਰ ਕਾਮਿਆਂ ਦੀ ਉਜਰਤ ਵਧਾਉਣ ਵਾਲਾ 1 ਮਈ 2020 ਨੂੰ ਜਾਰੀ ਕੀਤਾ ਆਪਣਾ ਪੱਤਰ ਕੋਰੋਨਾ ਸੰਕਟ ਦੇ ਨਾਂ 'ਤੇ ਵਾਪਿਸ ਲੈ ਲਿਆ ਹੈ। ਤੇ ਇਸ ਪੱਤਰ ਰਾਹੀਂ ਉਜਰਤ ਕਿੰਨੀ ਕੁ ਵਧਾਈ ਗਈ ਸੀ ? ਸਿਰਫ 15.47 ਰੁਪਏ ਰੋਜਾਨਾ। ਤੇ ਇਸ ਦੇ ਦਾਇਰੇ 'ਚ ਕਿਹੜੇ ਕਾਮੇ ਆਉਂਦੇ ਹਨ? ਬਿਜਲੀ ਵਿਭਾਗ, ਜਲ ਸਪਲਾਈ ਤੇ ਸੈਨੀਟੇਸਨ ਵਿਭਾਗ, ਸਿਹਤ, ਟਰਾਂਸਪੋਰਟ, ਪੇਂਡੂ ਵਿਕਾਸ ਤੇ ਹੋਰਨਾਂ ਵਿਭਾਗਾਂ ਅੰਦਰ ਕੰਮ ਕਰ ਰਹੇ ਦਿਹਾੜੀਦਾਰ, ਠੇਕਾ ਭਰਤੀ ਤੇ ਆਊਟਸੋਰਸਿੰਗ ਕਾਮੇ ਜਿਹੜੇ ਇਸ ਕੋਰੋਨਾ ਸੰਕਟ ਦੌਰਾਨ ਜਰੂਰੀ ਸੇਵਾਵਾਂ ਤਹਿਤ ਭਾਰੀ ਜੋਖਮ ਉਠਾ ਕੇ ਡਿਊਟੀਆਂ ਵੀ ਨਿਭਾਅ ਰਹੇ ਹਨ। ਪੰਜਾਬ ਸਰਕਾਰ ਨੂੰ ਇਨ੍ਹਾਂ ਗਰੀਬ ਕਾਮਿਆਂ ਦੀ ਤਾਂ 15 ਰੁਪਏ ਵਧੀ ਦਿਹਾੜੀ ਕੋਰੋਨਾ ਸੰਕਟ ਕਾਰਨ ਚੁਭਣ ਲੱਗ ਗਈ ਪਰ ਦੂਜੇ ਪਾਸੇ ਆਪਣੇ ਵਿਧਾਇਕਾਂ, ਮੰਤਰੀਆਂ, ਸਲਾਹਕਾਰਾਂ, ਚੇਅਰਮੈਨਾਂ ਤੇ ਹੋਰ ਅਮਲੇ ਫੈਲੇ ਨੂੰ ਲੱਖਾਂ-ਕਰੋੜਾਂ ਰੁਪਏ ਦੀਆਂ ਦਿੱਤੀਆਂ ਜਾ ਰਹੀਆਂ ਬੇਲੋੜੀਆਂ ਸਹੂਲਤਾਂ ਉੱਪਰ ਇੱਕ ਰੁਪਏ ਦਾ ਕੱਟ ਲਾਉਣ ਨੂੰ ਵੀ ਤਿਆਰ ਨਹੀਂ। ਸਗੋਂ ਇਨ੍ਹਾਂ ਕਾਮਿਆਂ ਨੂੰ ਤਾਂ 'ਹੱਲਾ-ਸੇਰੀ' ਭੱਤਾ ਦੇਣਾ ਬਣਦਾ ਹੈ ਅਤੇ ਉਨ੍ਹਾਂ ਦੀ ਪੂਰੀ ਤਨਖਾਹ 'ਤੇ ਰੈਗਲਰ ਕਰਨ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕਰਨਾ ਬਣਦਾ ਹੈ।

**ਭਾਰੀ ਸੰਕਟ ਦਾ ਸ਼ਿਕਾਰ ਪ੍ਰਵਾਸੀ ਕਾਮੇ - ਮੋਦੀ ਦੇ ਏਜੰਡੇ 'ਚੋਂ ਬਾਹਰ** : ਦੂਜੇ ਪਾਸੇ ਜਿਹੜੇ ਲੱਖਾਂ-ਕਰੋੜਾਂ ਮਜਦੂਰ/ਪ੍ਰਵਾਸੀ ਕਿਰਤੀ ਕਾਮੇ 'ਬੇਵਿਉਂਤੇ ਰਾਤੋ-ਰਾਤ ਲਾਏ ਕੋਰੋਨਾ ਲਾਕਡਾਊਨ' ਕਾਰਨ ਬੇਰੁਜਗਾਰ-ਬੇਘਰ ਹੋਕੇ, ਦੋ ਡੰਗ ਦੀ ਰੋਟੀ ਤੋਂ ਆਤੁਰ, ਸੈਂਕੜੇ-ਹਜਾਰਾਂ ਮੀਲਾਂ ਦਾ ਭਾਰੀ ਦੁਸਵਾਰੀਆਂ ਭਰਿਆ ਪੈਂਡਾ ਤਹਿ ਕਰ ਕੇ ਆਪਣੇ ਜੱਦੀ ਰਾਜਾਂ ਨੂੰ ਪਲਾਇਣ ਕਰਨ ਲਈ ਮਜਬੂਰ ਹੋਏ ਹਨ, ਜਿਨ੍ਹਾਂ ਦੀਆਂ ਹਿਰਦੇ-ਵੇਦਕ ਤਸਵੀਰਾਂ-ਖਬਰਾਂ ਤੇ ਮਾਰਮਿਕ ਮੰਜਰ ਅਸੀਂ ਹਰ ਰੋਜ ਦੇਖ ਰਹੇ ਹਾਂ ਤੇ ਜਿਹੜੇ ਤਮਾਮ ਕੱਲ-ਕਾਰਖਾਨਿਆਂ ਤੇ ਸਨਅਤਾਂ ਅਤੇ ਬੁਨਿਆਦੀ-ਢਾਂਚੇ ਦੀ ਉਸਾਰੀ ਦੀ ਰੀੜ੍ਹ ਦੀ ਹੱਡੀ ਬਣਦੇ ਹਨ, ਉਨ੍ਹਾਂ ਨੂੰ ਮੁੜ ਉੱਠਣ ਲਈ ਲੋੜੀਂਦੇ ਰਾਸ਼ਨ ਤੋਂ ਇਲਾਵਾ ਵੱਡੀ ਨਕਦੀ ਰਾਹਤ ਦੇਣ ਦੀ ਬਜਾਏ, ਕਿਰਤ ਕਾਨੂੰਨਾਂ ਨੂੰ ਜਾਮ ਕਰ ਕੇ ਉਨ੍ਹਾਂ ਦਾ ਪੱਕਾ 'ਕਲਿਆਣ' ਕਰ ਦਿੱਤਾ ਹੈ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੋਰੋਨਾ ਸੰਕਟ ਦੇ ਬਹਾਨੇ ਆਪਣੇ 1.19 ਕਰੋੜ ਮੁਲਾਜਮਾਂ ਤੇ ਪੈਨਸ਼ਨਰਾਂ ਦਾ 18 ਮਹੀਨੇ ਦਾ ਜਿੱਥੇ ਲਗਭਗ 72 ਹਜਾਰ ਕਰੋੜ ਰੁਪਏ ਦਾ ਡੀ.ਏ. ਜਬਰੀ ਡਕਾਰ ਲਿਆ ਗਿਆ ਹੈ, ਉੱਥੇ ਇਸੇ ਕੋਰੋਨਾ ਸੰਕਟ ਦੇ ਦੌਰਾਨ ਹੀ ਆਪਣੇ ਚਹੇਤੇ ਕਾਰਪੋਰੇਟ-ਸਨਅਤੀ ਘਰਾਣਿਆਂ ਦਾ 68000 ਕਰੋੜ ਰੁਪਏ ਦਾ ਕਰਜਾ ਮੁਆਫ ਕੀਤਾ ਗਿਆ ਹੈ। ਇਸਤੋਂ ਬਿਨਾ ਵੱਡੇ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆਂ ਉੱਪਰ ਕਰੋਨਾ ਟੈਕਸ ਲਾ ਕੇ ਲੋੜਵੰਦਾਂ ਨੂੰ ਰਾਹਤ ਦੇਣ ਦੀ ਬਜਾਇ ਕੇਂਦਰ ਸਰਕਾਰ ਵੱਲੋਂ ਆਪਣੇ ਹੀ ਤਿੰਨ ਉੱਚ ਇਨਕਮ ਟੈਕਸ ਅਧਿਕਾਰੀਆਂ ਦੀ ਬਣਾਈ ਕਮੇਟੀ ਵੱਲੋਂ ਇੱਕ ਕਰੋੜ ਤੋਂ ਵੱਧ ਆਮਦਨ ਵਾਲੇ ਪੂੰਜੀਪਤੀਆਂ ਉੱਪਰ 30 ਤੋਂ 40 ਪ੍ਰਤੀਸ਼ਤ ਕਰੋਨਾ ਟੈਕਸ ਉਗਰ੍ਹਾਉਣ ਦੀ ਕੀਤੀ ਗਈ ਸਿਫਾਰਿਸ਼ ਨੂੰ ਨਾ ਸਿਰਫ ਫੌਰੀ ਰੱਦ ਹੀ ਕੀਤਾ ਗਿਆ ਸਗੋਂ ਉਹਨਾਂ ਅਧਿਕਾਰੀਆਂ ਦੀ ਅਜਿਹੀ ਸਿਫਾਰਿਸ਼ ਕਰਨ ਬਦਲੇ ਜਵਾਬਤਲਬੀ ਵੀ ਕੀਤੀ ਗਈ।

ਪ੍ਰਧਾਨ ਮੰਤਰੀ ਮੋਦੀ ਦੇ ਕੌਮ ਨੂੰ ਕੀਤੇ ਪਹਿਲੇ ਚਾਰ ਸੰਬੋਧਨਾਂ ਵਾਂਗ 12 ਅਪ੍ਰੈਲ ਦੇ ਆਪਣੇ ਪੰਜਵੇਂ ਸੰਬੋਧਨ ਵਿੱਚ ਵੀ ਇਨ੍ਹਾਂ ਪ੍ਰਵਾਸੀ ਕਿਰਤੀਆਂ ਦਾ ਜਿਕਰ ਕਰਨ ਦੀ ਵੀ ਲੋੜ ਨਹੀਂ ਸਮਝੀ ਗਈ। ਉਨ੍ਹਾਂ ਦੇ ਦੁਸਵਾਰੀਆਂ ਭਰੇ ਸੈਂਕੜੇ-ਹਜਾਰਾਂ ਮੀਲਾਂ ਦੇ ਪੈਦਲ ਗਾਹੇ ਪੈਂਡੇ ਦੌਰਾਨ, ਨਾ ਹਾਲੀਆ ਗੱਡੀ ਹੇਠ ਆਕੇ ਸਦਾ ਦੀ ਨੀਂਦ ਸੁੱਤੇ 16 ਮਜਦੂਰਾਂ ਸਮੇਤ ਲਗਭਗ 400 ਦੀ ਹੋਈ ਮੌਤ ਨੇ ਅਤੇ ਨਾ ਹੀ ਗਰਭਵਤੀ ਮਜਦੂਰ ਔਰਤ ਵੱਲੋਂ ਵੀਰਾਨ ਸੜਕਾਂ 'ਤੇ ਸਫਰ ਦੌਰਾਨ ਹੀ ਜਣੇਪਾ ਕਰਕੇ, ਨਵ-ਜੰਮੇ ਬੱਚੇ ਨੂੰ ਗੋਦੀ ਚੁੱਕ ਕੇ 150 ਮੀਲ ਦਾ ਮੁੜ ਹੋਰ ਪੈਂਡਾ ਤਹਿ ਕਰਨ ਦੀ ਹਰ ਬੰਦੇ ਨੂੰ ਸਿਰ ਤੋਂ ਪੈਰਾਂ ਤੀਕ ਝੰਜੋੜਣ ਵਾਲੀ ਘਟਨਾ ਨੇ, 130 ਕਰੋੜ ਭਾਰਤ ਵਾਸੀਆਂ ਲਈ ਹਰ ਸਮੇਂ 'ਫਿਕਰਮੰਦੀ' ਜਾਹਿਰ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਦੀ ਸੰਵੇਦਨਾ ਨੂੰ ਟੁੰਬਿਆ। ਸੰਵੇਦਨਹੀਣਤਾ ਦੀ ਵੀ ਸਾਇਦ ਕੋਈ ਹੱਦ ਹੁੰਦੀ ਹੋਵੇਗੀ! ਮੋਦੀ ਵੱਲੋਂ ਲਾਕਡਾਊਨ ਦੇ 48 ਦਿਨ ਬਾਅਦ ਜਾ ਕੇ ਜੋ 20 ਲੱਖ ਕਰੋੜ ਰੁਪਏ ਦਾ ਰਾਹਤ ਪੈਕੇਜ ਦਾ ਐਲਾਨ ਕੀਤਾ ਹੈ ਉਸ 'ਚ ਵੀ ਗਰੀਬ ਮਜਦੂਰਾਂ/ਕਿਰਤੀ ਕਾਮਿਆਂ ਤੇ ਨਿਮਨ ਮੱਧ ਵਰਗ ਦੇ ਹਿੱਸੇ ਕੁੱਝ ਨਹੀਂ ਆਇਆ। ਜੋ ਵੰਡ ਕੀਤੀ ਗਈ ਹੈ ਉਹ ਵੱਡੇ-ਛੋਟੇ ਕਾਰੋਬਾਰਾਂ ਨੂੰ ਚਾਲੂ ਕਰਨ ਲਈ ਹੀ ਕੀਤੀ ਗਈ ਹੈ। ਕਿਸ ਨੂੰ ਅਸਲ 'ਚ ਕਿੰਨਾਂ ਮਿਲੇਗਾ ਇਹ ਸਮਾਂ ਹੀ ਦੱਸੇਗਾ। ਪਰੰਤੂ ਮੋਦੀ ਵੱਲੋਂ ਜੋ ਮੂਲ ਮੰਤਰ 'ਆਤਮ ਨਿਰਭਰ ਭਾਰਤ ਅਭਿਆਨ' ਦਾ ਦਿੱਤਾ ਗਿਆ ਹੈ ਉਸਦੇ ਹਨ ਚਾਰ ਸਬਦ/ਨੁਕਤੇ, "ਲੈਂਡ, ਲੇਬਰ, ਲਾਅ, ਲਿਕਿਊਡਿਟੀ" ਜਿੰਨਾਂ ਤੋਂ ਸਹਿਜੇ ਹੀ ਅੰਦਾਜਾ ਲੱਗ ਸਕਦਾ ਹੈ ਕਿ ਆਰਥਿਕ ਮੰਦੀ 'ਚੋਂ ਉੱਭਰਣ ਦੀ ਦਿਸਾ ਕੀ ਹੋਵੇਗੀ। ਪਹਿਲਾਂ ਵਾਂਗ ਹੀ ਲੈਂਡ (ਜ਼ਮੀਨ) ਦੇਸੀ-ਵਿਦੇਸੀ ਕਾਰਪੋਰੇਟ-ਘਰਾਣਿਆਂ ਨੂੰ ਸਸਤੇ ਭਾਅ ਦਿੱਤੀ ਜਾਵੇਗੀ। ਉਨ੍ਹਾਂ ਲਈ ਸਸਤੀ ਤੇ 'ਨਿਹੱਥੀ' ਲੇਬਰ' ਮੁਹਈਆ ਕਰਵਾਉਣ ਲਈ 'ਲੇਬਰ ਲਾਅ' ਪਹਿਲਾਂ ਹੀ ਸੋਧ ਦਿੱਤੇ ਗਏ ਹਨ। ਕਾਰਪੋਰੇਟਾਂ ਦੇ ਕਾਰੋਬਾਰਾਂ ਦੀ ਸੌਖ ਲਈ ਹੋਰ 'ਨਵੇਂ ਲਾਅ' ਬਣਾਏ ਜਾਣਗੇ। ਲਿਕਿਊਡਿਟੀ (ਨਕਦੀ-ਚਲਨ) ਲਈ ਵੱਡੇ-ਛੋਟੇ ਕਾਰੋਬਾਰੀਆਂ ਨੂੰ ਬੈਂਕਾਂ ਰਾਹੀਂ ਆਸਾਨ ਸਰਤਾਂ 'ਤੇ ਕਰਜਾ ਦਿੱਤਾ ਜਾਵੇਗਾ। ਤੇ ਇਹ ਦਿਸਾ ਉਸੇ ਹੀ ਮਜਦੂਰ-ਕਿਸਾਨ ਵਿਰੋਧੀ, ਕੁਦਰਤੀ ਸਰੋਤਾਂ ਅਤੇ ਵਾਤਾਵਰਨ ਨਾਲ ਖਿਲਵਾੜ ਕਰਨ ਵਾਲੇ 'ਕਾਰਪੋਰੇਟ-ਪੱਖੀ ਵਿਕਾਸ ਮਾਡਲ' ਦੀ ਦਿਸਾ ਹੈ ਜੋ ਪਹਿਲਾਂ ਹੀ ਕੇਂਦਰ/ਰਾਜ ਸਰਕਾਰਾਂ ਨੇ ਫੜੀ ਹੋਈ ਹੈ।

**'ਕਰੋਨਾ ਆਫਤ' ਹਕੂਮਤਾਂ ਲਈ ਵਰਦਾਨ ਕਿਵੇਂ ? :** ਅਸਲ 'ਚ ਹਕੂਮਤੀ ਸਰਕਾਰਾਂ ਲਈ ਤਾਂ ਮੁਲਕ ਉੱਪਰ ਪਈ ਕੋਈ ਭੀੜ, ਵਾਪਰਿਆ ਕੋਈ ਵੱਡਾ ਹਾਦਸਾ, ਕੋਰੋਨਾ ਵਰਗੀ ਆਈ ਕੋਈ ਆਫਤ, ਕਿਸੇ ਕਲਪਿਤ/ ਅਸਲੀ ਦੁਸਮਣ ਦੇ ਡਰ-ਖੌਫ ਦਾ ਸਮਾਂ ਤਾਂ ਅਜਿਹਾ ਢੁੱਕਵਾਂ ਸਬੱਬ ਹੁੰਦਾ ਹੈ ਜਦ ਉਹਨਾਂ ਲਈ ਅਜਿਹੇ ਨੀਤੀ-ਕਦਮ ਲਾਗੂ ਕਰਨੇ ਸੰਭਵ ਹੋ ਜਾਂਦੇ ਹਨ ਤੇ ਪਰਵਾਨ ਵੀ ਚੜ੍ਹ ਜਾਂਦੇ ਹਨ ਜਿਹੜੇ ਆਮ ਸਮਿਆਂ 'ਚ ਲੋਕਾਂ ਦੇ ਵਿਰੋਧ ਕਾਰਨ ਸੰਭਵ ਨਹੀਂ ਹੁੰਦੇ। ਤੇ ਇਹੋ ਮਾਜਰਾ ਅਸੀਂ ਦੇਖ ਹੀ ਰਹੇ ਹਾਂ।

ਕੋਰੋਨਾ ਵਰਗੇ ਖੌਫ/ਸਹਿਮ/ਸਦਮੇ ਦੀ ਆੜ 'ਚ ਸਭ ਤੋਂ ਪਹਿਲੇ ਨੰਬਰ 'ਤੇ ਘਾਣ ਹੁੰਦਾ ਹੈ ਲੋਕਾਂ ਦੇ ਮਾਨਵੀ ਤੇ ਜਮਹੂਰੀ ਹੱਕਾਂ ਦਾ ਅਤੇ ਸਰਕਾਰਾਂ ਤਾਨਾਸਾਹ ਰੁਖ ਧਾਰਨ ਲਗਦੀਆਂ ਹਨ। ਸੱਤਾ ਦਾ ਕੇਂਦਰੀਕਰਨ ਵਧੇਰੇ ਕੀਤਾ ਜਾਂਦਾ ਹੈ। ਸੱਤਾ ਆਧੁਨਿਕ ਤਕਨੀਕਾਂ ਰਾਹੀਂ 'ਨਿਗਰਾਨ ਰਾਜ' ਵਾਂਗ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ। ਪੁਲਿਸ ਤੇ ਅਫਸਰਸ਼ਾਹੀ ਨੂੰ ਖੁੱਲ੍ਹ ਖੇਡਣ ਲਈ ਉਹਨਾਂ ਦੀਆਂ ਵਾਗਾਂ ਢਿੱਲੀਆਂ ਛੱਡੀਆਂ ਜਾਂਦੀਆਂ ਹਨ। ਡਰ/ਖੌਫ/ ਸਦਮੇ ਨੂੰ ਲਮਕਾ ਕੇ ਰੱਖਿਆ ਜਾਂਦਾ ਹੈ ਤਾਂ ਜੋ ਇਸ ਸਮੇਂ ਦੌਰਾਨ ਸਰਕਾਰਾਂ ਵੱਲੋਂ ਆਪਣੇ ਰਾਜਨੀਤਿਕ-ਰਣਨੀਤਿਕ ਏਜੰਡੇ ਦੇ ਲਾਗੂ ਕੀਤੇ ਗਏ ਨੀਤੀ-ਕਦਮਾਂ ਨੂੰ 'ਰਾਸ਼ਟਰ ਹਿਤ' ਦੇ ਨਾਂ ਤੇ ਪੱਕੇ ਤੌਰ 'ਤੇ ਜਾਰੀ ਰਖਿਆ ਜਾ ਸਕੇ। ਕੇਂਦਰ/ਰਾਜ ਸਰਕਾਰਾਂ ਇਸੇ ਨੀਤੀ ਨੂੰ ਲੈ ਕੇ ਚੱਲ ਰਹੀਆਂ ਹਨ। ਸੰਸਾਰ ਪੱਧਰ ਤੇ ਵੀ ਕੁੱਝ ਇਹੋ ਜਿਹੀ ਹੀ ਰਾਜਨੀਤਿਕ ਖੇਡ ਖੇਡੀ ਜਾ ਰਹੀ ਹੈ। ਅਨੇਕਾਂ ਮੁਲਕਾਂ ਅੰਦਰ 80 ਤੋਂ ਵੱਧ ਦਵਾਈ ਕੰਪਨੀਆਂ ਕੋਰੋਨਾ ਵਾਇਰਸ ਦੀ ਵੈਕਸੀਨ ਵਾਹੋ-ਦਾਹੀ ਬਣਾਉਣ ਲੱਗੀਆਂ ਹੋਈਆਂ ਹਨ। ਕੌਣ ਪਹਿਲਾਂ ਵੈਕਸੀਨ ਬਣਾ ਲਵੇਗਾ ਜਾਂ ਇਸ ਵਾਇਰਸ ਦੀ ਕੋਈ ਪੁਖਤਾ ਵੈਕਸੀਨ ਬਣ ਵੀ ਸਕੇਗੀ ਜਾਂ ਨਹੀਂ, ਇਹ ਤਾਂ ਕਿਹਾ ਨਹੀਂ ਜਾ ਸਕਦਾ ਪਰ ਉਦੋਂ ਤੱਕ ਨਾ ਕੋਰੋਨਾ ਨੂੰ ਜਾਣ ਦਿੱਤਾ ਜਾਵੇਗਾ ਤੇ ਨਾ ਹੀ ਕੋਰੋਨਾ ਦੇ ਖੌਫ ਨੂੰ। ਕਿਉਂਕਿ ਵੈਕਸੀਨ ਦਾ ਧੰਦਾ ਅਰਬਾਂ ਖਰਬਾਂ ਡਾਲਰਾਂ ਦਾ ਹੈ। ਤੇ ਪੈਦਾ ਕੀਤੇ ਕਰੋਨਾ ਦੇ ਖੌਫ ਅੰਦਰ ਸੰਸਾਰ ਭਰ ਅੰਦਰ ਲੋਕਾਂ ਵੱਲੋਂ ਧੜਾ-ਧੜ ਵੈਕਸੀਨ ਲਵਾਈ ਵੀ ਜਾਵੇਗੀ ਅਤੇ ਸਰਕਾਰਾਂ ਵੱਲੋਂ ਲੋਕਾਂ ਦੀ ਸਿਹਤ ਦੇ ਨਾਂ ਤੇ ਵੈਕਸੀਨ ਲਗਵਾਉਣੀ ਲਾਜਮੀਂ ਵੀ ਕੀਤੀ ਜਾਵੇਗੀ।

ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)
ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ
ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ। ਪਾਰਕਿੰਗ ਦੀ ਕੋਈ ਸਮੱਸਿਆ ਨਹੀਂ। ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ। ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।
ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।
# 126, 7536-130 ਸਟਰੀਟ ਸਰ੍ਹੀ ਬੀ.ਸੀ.
ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-20




ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in


**-ਦੋ ਹੱਤਿਆਰੇ-**

ਧੁੱਲ਼ਲੀ ਮਾਰ ਕੇ ਬੰਦਾ ਹੱਫ ਜਾਂਦਾ। ਤਾਓ ਇਉਂ ਨੀ ਕਰਦਾ,

ਜੋ ਵੀ ਤਾਓ ਨਿਯਮ ਤੋਂ ਉੱਲਟ ਚਲਦਾ, ਉਸਦਾ ਅੰਤ ਛੇਤੀ ਹੋ ਜਾਂਦਾ।

**- ਲਿਓ ਜ਼ੂ**

ਫਹੁ ਫੁਟਾਲਾ ਹੋ ਰਿਹਾ ਸੀ। ਫੁਲਾਂ ਵਾਲੀਆਂ ਕਿਸ਼ਤੀਆਂ ਉਸ ਵਿੱਚ ਗੁਆਚ ਰਹੀਆਂ ਸਨ ਕਿਸ਼ਤੀਆਂ ਵਿਚਲੀਆਂ ਮਾਲਣਾਂ ਦੇ ਹਾਸੇ ਅਤੇ ਗੀਤ ਕਦੋਂ ਦੇ ਥੰਮ ਚੁੱਕੇ ਸਨ ਉਹਨਾਂ ਦੀਆਂ ਰਾਤਾਂ ਦੇ ਗਾਹਕ ਜਾ ਚੁੱਕੇ ਸਨ ਪਰ ਚਾਰੇ ਪਾਸੇ ਅਫ਼ੀਮ ਦੀ ਖ਼ੁਸ਼ਬੋ ਤੈਰ ਰਹੀ ਸੀ।

ਕਿਸ਼ਤੀ ਉੱਪਰ ਖੜਾ ਨੋਬਲ ਟੇਲੈਂਟ ਆਪਣੇ ਸੁੱਤੇ ਪਏ ਸਾਥੀ ਨੂੰ ਨਿਹਾਰ ਰਿਹਾ, ਸਿਗਰਟ ਦੇ ਕੱਸ਼ ਖਿੱਚ ਰਿਹਾ ਸੀ। ਕਿੰਨੇ ਅਰਾਮ ਨਾਲ ਸੌਂ ਰਿਹਾ ਉਹ, ਜਦੋਂਕਿ ਉਹ ਆਪ ਕਈ ਰਾਤਾਂ ਤੋਂ ਸੁੱਤਾ ਨਹੀਂ ਸੀ। ਥਕਾਵਟ ਨਾਲ ਉਸਦੇ ਹੱਥ ਕੰਬ ਰਹੇ ਸਨ। ਵਧੀਆ ਗੱਲ ਇਹ ਸੀ ਕਿ ਉਹਨਾਂ ਦੋਵਾਂ ਨੇ ਜੋ ਸਕੀਮ ਬਣਾਈ ਹੈ ਉਹ ਬਹੁਤ ਬਾਰੀਕੀਆਂ ਵਾਲ਼ੀ ਨਹੀਂ ਸੀ।

ਹਲਕੇ ਖੜਕਾਰ ਤੋਂ ਉਹ ਚੌਕਸ ਹੋਇਆ। ਜਾਂ ਤਾਂ ਕੋਈ ਚੂਹਾ ਜਾਂ ਅੰਦਰ ਸੁੱਤੀ ਮਾਲਣ ਘੁਰਾੜੇ ਮਾਰ ਰਹੀ ਸੀ। ਨਹਿਰ ਦੇ ਕੰਢੇ ਬੰਨ੍ਹੀ ਕਿਸ਼ਤੀ ਬੜੀ ਛੋਟੀ ਸੀ, ਕਿਸੇ ਵੇਲ਼ੇ ਉਹ ਲੜਾਕੂ ਸਮੁੰਦਰੀ ਜਹਾਜ਼ ਦਾ ਕੈਪਟਨ ਹੋਣਾ ਲੋਚਿਆ ਕਰਦਾ ਸੀ। ਪਰ ਇਹ ਕਿਸ਼ਤੀ ਦੋਵਾਂ ਵਾਸਤੇ ਵਧੀਆ ਛੁਪਣਗਾਹ ਸਾਬਤ ਹੋਈ ਸੀ। ਕਿਸ਼ਤੀ ਤੇ ਤਲ਼ੀ ਜਾ ਰਹੀ ਮੱਛੀ ਦੀ ਭਮਕ, ਰਾਤ ਵੇਲੇ ਜਗਦੀਆਂ ਲਾਲਟੈਨਾਂ ਨਹਿਰ ਦੇ ਵਗਦੇ ਪਾਣੀ ਦੀਆਂ ਡੋਲਣੀਆਂ ਉਸ ਨੂੰ ਸਕੂਨ ਦਿੰਦੀਆਂ ਸਨ। ਕਿਸ਼ਤੀ ਤੇ ਪੈਰ ਧਰਦਿਆਂ ਹੀ ਉਸਨੇ ਮਾਲਣ ਨੂੰ ਨੋਟਾਂ ਦੀਆਂ 25 ਗੁਟੀਆਂ ਫੜਾ ਕੇ ਦੋ ਹਫਤਿਆਂ ਵਾਸਤੇ ਪੂਰੀ ਕਿਸ਼ਤੀ ਰੀਜ਼ਰਵ ਕਰ ਲਈ ਸੀ। ਪੈਸੇ ਦੇਖ ਮਾਲਣ ਅਤੇ ਉਸਦੀ ਕੁੜੀ, ਦੀਆਂ ਵਾਛਾਂ ਖਿੜ ਗਈਆਂ ਸਨ।


ਪਹਿਲੇ ਹਫ਼ਤੇ ਤੋਂ ਬਾਅਦ ਮਾਲਣ ਅਤੇ ਕੁੜੀ ਉਸ ਤੋਂ ਬੋਰ ਹੋ ਗਈਆਂ ਸਨ ਕਿਉਂਕਿ ਉਹ ਆਪ ਉਹਨਾਂ ਦੀਆਂ ਜ਼ਿਨਸੀ ਸੈਨਤਾਂ ਵੱਲ ਕੋਈ ਧਿਆਨ ਨਹੀਂ ਸੀ ਦਿੰਦਾ। ਜਦੋਂ ਕਿ ਉਸਦਾ ਸੌਂ ਰਿਹਾ ਸਾਥੀ ਆਪਣੀ ਹਵਸ ਮਿਟਾਉਂਦਾ ਰੱਜਦਾ ਨਹੀਂ ਸੀ। ਜੇ ਕਿਤੇ ਮਾਲਣ ਨੇ ਲਏ ਪੈਸੇ ਘਰਵਾਲੇ ਵਾਸਤੇ ਸੂਰ ਅਤੇ ਬੱਚਿਆਂ ਵਾਸਤੇ ਕੱਪੜਿਆਂ ਤੇ ਖਰਚ ਨਾ ਕੀਤੇ ਹੁੰਦੇ, ਉਹ ਦੋਵਾਂ ਨੂੰ ਕਦੋਂ ਦੀ ਕਿਸ਼ਤੀ ਵਿੱਚੋਂ ਬਾਹਰ ਕੱਢ ਦਿੰਦੀ। ਮਾਲਣ ਨੂੰ ਡਰ ਸੀ ਕਿ ਉਸ ਦਾ ਧੰਦਾ ਰੁਕ ਨਾ ਜਾਵੇ। ਨੋਬਲ ਟੇਲੈਂਟ ਨੇ ਹਾਉਂਕਾ ਲਿਆ ਅਤੇ ਸੋਚਿਆ ਜੇ ਕਿਤੇ ਉਹ ਵੀ ਸੁੱਤੇ ਪਏ ਕਾਮਰੇਡ ਵਾਂਗ ਸੌਂ ਸਕਦਾ ਹੋਵੇ ਅਤੇ ਸੋਚਾਂ ਉਸਦੇ ਦਮਾਗ ਵਿਚੋਂ ਨਿਕਲ ਜਾਣ।

ਉਹ ਸੋਚਦਾ ਕਿ ਸ਼ਾਇਦ ਉਹ ਕਿਸੇ ਸਰਾਪ ਦਾ ਮਾਰਿਆ ਹੈ। ਉਸਦੀਆਂ ਸਾਰੀਆਂ ਸਕੀਮਾਂ ਸਰਾਪੀਆਂ ਹਨ ਅਤੇ ਅਖੀਰ ਤੱਕ ਇਵੇਂ ਹੀ ਚਲੇਗਾ। ਆਖਰ ਵਿਧਰੋਹ ਫੇਲ੍ਹ ਕਿਉਂ ਹੋਇਆ। ਨਾਲ ਦੇ ਕਿੰਨੇ ਸਾਥੀ ਮਾਰੇ ਗਏ ਬਾਰਾਂ ਜਾਂ ਚੌਦਾਂ ਉਹ ਗਿਣਤੀ ਭੁੱਲ ਗਿਆ। ਜੇ ਤੰਗ ਮਿੰਗ ਹੂ ਮੌਸਮ ਅਨੁਸਾਰ ਪਲਾਨ ਬਣਾਉਂਦਾ ਤਾਂ ਹਤਿਆਰਾਂ ਦੀ ਤੋਟ ਆ ਜਾਂਦੀ। ਜੇ ਹਥਿਆਰ ਪੂਰੇ ਹੁੰਦੇ ਤਾਂ ਅਜਨਬੀ ਕਾਮਰੇਡ ਇਕ ਦੂਜੇ ਦੀਆਂ ਗੱਲਾਂ ਅਤੇ ਗੁਪਤ ਇਸ਼ਾਰੇ ਸਮਝ ਨਾ ਸਕਦੇ। ਜਦੋਂ ਉਹ ਓਪਰੀਆਂ ਬੋਲੀਆਂ ਵਿੱਚ ਇਕ ਦੂਜੇ ਨਾਲ਼ ਬੋਲਦੇ ਤਾਂ ਗੱਲ ਨਾ ਬਣਦੀ ਜਿਵੇਂ ਰਸ਼ੀਅਨ ਇਨਕਲਾਬ ਵਿੱਚ ਹੁੰਦਾ ਸੀ। ਜਦੋਂ ਉਹਨਾਂ ਨੇ ਅਖੀਰਲੇ ਹਮਲੇ ਵਿੱਚ 120 ਲੜਾਕੂ ਝੋਕੇ ਤਾਂ 70 ਥਾਏਂ ਮਾਰੇ ਗਏ ਜਿਹਨਾਂ ਨੂੰ ਉਹਨਾਂ ਨੇ ਪੀਲੇ ਫ਼ੁੱਲਾਂ ਵਾਲੀ ਪਹਾੜੀ ਨੇੜੇ ਦਫ਼ਨ ਕੀਤਾ।

ਉਹ ਸੋਚਦਾ ਭੀ ਸ਼ਾਇਦ ਬੋਲਡ ਟੇਲੈਂਟ ਠੀਕ ਆਖਦਾ ਹੈ ਕਿ ਲੋਕ ਅਜੇ ਇਨਕਲਾਬ ਵਾਸਤੇ ਤਿਆਰ ਨਹੀਂ ਹਨ। ਜੇ ਅੱਜ ਤਿਆਰ ਨਹੀਂ ਤਾਂ ਕਦੋਂ ਹੋਣਗੇ। ਉਸਨੇ ਮੁੱਕ ਰਹੀ ਸਿਗਰਟ ਸੁੱਟੀ ਅਤੇ ਇਕ ਹੋਰ ਲਾ ਲਈ। ਉਹ ਆਪਣੀ ਅੱਧੀ ਉਮਰ ਇਨਕਲਾਬ ਲੇਖੇ ਲਾ ਚੁੱਕਿਆ ਸੀ। ਜਿਹੜੀ ਵਫਾਦਾਰੀ ਦੀ ਸੁੰਹ ਉਸਨੇ ਚੁੱਕੀ ਸੀ ਉਹ ਉਸਤੇ ਪੱਕਾ ਸੀ ਭਾਵੇਂ ਹੋਰ ਉਸਤੇ ਸ਼ੱਕ ਕਰਦੇ ਸਨ। ਉਹ ਡੋਲਿਆ ਨਹੀਂ ਸੀ ਇਸ ਕਰਕੇ ਤਾਂ ਉਹ ਅੱਜ ਵਾਲਾ ਕਾਰਨਾਮਾ ਕਰਨ ਲਈ ਤਿਆਰ ਸੀ। ਕਈ ਹਫ਼ਤਿਆਂ ਤੋਂ ਉਹ ਤਿਆਰੀਆਂ ਕਰ ਰਿਹਾ ਸੀ। ਦੂਜੇ ਕਾਮਰੇਡ ਸ਼ੱਕ ਕਰਦੇ ਉਸਦਾ ਮੌਜੂ ਉਡਾਉਂਦੇ ਪਰ ਉਹ ਬੁਰਾ ਨਾ ਮਨਾਉਂਦਾ। ਉਹ ਸੋਚਦਾ ਪੂਰਾ ਚੀਨ ਕਈ ਧੜਿਆਂ ਵਿਚ ਵੰਡਿਆ ਹੈ ਪਰ ਸਮਾਜ ਵਿਚ ਧੜੇਬੰਦੀ ਨਹੀਂ ਚਾਹੀਦੀ। ਇਸੇ ਕਰਕੇ ਉਹ ਆਪਣੇ ਮਿਸ਼ਨ ਵਿਚ ਲੱਗਿਆ ਰਿਹਾ ਜਦੋਂ ਕਿ ਉਸਦੇ ਭਰਾ ਬੋਲਡ ਟੇਲੈਂਟ ਵਰਗੇ ਲੋਕ ਸਹਿਮਤ ਨਹੀਂ ਸਨ। ਉਹ ਸੋਚਦਾ ਕਿ ਵੱਡਾ ਭਰਾ ਇਕ ਗੱਲੋਂ ਤਾਂ ਠੀਕ ਹੀ ਹੈ ਕਿੰਨਾ ਚਿਰ ਹੋ ਗਿਆ ਅਜੇ ਤੱਕ ਉਹ ਮੰਚੂਆਂ ਦਾ ਤਖਤਾ ਪਲਟਨ ਦੇ ਨੇੜ ਤੇੜ ਵੀ ਨਹੀਂ ਹਨ ਨਾ ਹੀ ਬਦੇਸ਼ੀਆਂ ਨੂੰ ਕੱਢ ਸਕੇ ਹਨ। ਹਾਲਤ ਉਵੇਂ ਦੇ ਹਨ ਜਿਹੋ ਜਿਹੇ ਬੌਣਿਆਂ ਦੇ ਸਮੁੰਦਰੀ ਬੇੜਾ ਡੋਬਣ ਵੇਲੇ ਸਨ। ਸਹੀ ਮਾਹਨਿਆਂ ਵਿਚ ਚੀਨ ਉਲਟ ਇਨਕਲਾਬ ਵੱਲ ਵੱਧ ਰਿਹੈ ਉਹ ਸੋਚਦਾ। ਫਿਰ ਉਹ ਲੱਗੇ ਕਿਉਂ ਹੋਏ ਹਨ। ਇਥੇ ਆ ਕੇ ਉਸਦੀ ਸੋਚ ਨਿੱਖਰ ਜਾਂਦੀ "ਬੱਸ ਇਨਕਲਾਬ ਵਾਸਤੇ ਲੜਣਾ ਹੀ ਸਾਡੀ ਤਰਜ਼ੇ ਜਿੰਦਗੀ ਬਣ ਗਿਆ ਹੈ ਅਸੀਂ ਇੰਨਕਲਾਬ ਵਾਸਤੇ ਹੀ ਤਾਂ ਜਿਉਂ ਰਹੇ ਹਾਂ। ਹੁਣ ਪਿੱਛਲ ਖੋੜੀ ਮੁੜਿਆ ਨਹੀਂ ਜਾ ਸਕਦਾ।

ਅਚਾਨਕ ਸੁੱਤਾ ਪਿਆ ਰੈਜ਼ੂਲੂਟ ਸਪਰਿਟ, ਸਾਥੀ ਕਾਮਰੇਡ, ਹਿੱਲਿਆ ਅਤੇ ਪਾਸਾ ਲੈ ਕੇ ਗੋਡੇ ਹਿੱਕ ਨਾਲ ਲਾ ਲਏ ਉਹ ਨੀਂਦ ਵਿਚ ਮੁਸਕਰਾ ਰਿਹਾ ਸੀ। ਕਿਹੋ ਜਿਹੀ ਸੀ ਇਹ ਕਾਮਰੇਡਾਂ ਦੀ ਜੋੜੀ। ਨੋਬਲ ਟੇਲੈਂਟ ਪੜ੍ਹਿਆ ਲਿਖਿਆ ਉੱਚ ਘਰਾਣੇ ਵਿੱਚੋਂ 40 ਸਾਲਾਂ ਦਾ ਮੱਧਰਾ ਮਾੜਕੂ ਜਿਹਾ। ਦੂਜਾ 20 ਸਾਲਾ ਗੱਭਰੂ ਧੜੀਅਲ ਉਸ ਤੋਂ ਦੋ ਗਿੱਠਾਂ ਉੱਚਾ ਅਤੇ ਦੂਗਣਾ ਚੌੜਾ ਪਰ ਘੱਟ ਪੜ੍ਹਿਆ ਲਿਖਿਆ ਅਤੇ ਗਰੀਬ ਕਿਸਾਨ ਲੀ ਦਾ ਪੱਤਰ, ਉਹੀ ਲੀ ਕਿਸਾਨ ਜਿਹੜਾ ਬੋਲਡ ਟੇਲੈਂਟ ਦੇ ਸੁਧਾਰਾਂ ਦਾ ਪੂਰਾ ਸਮਰਥਕ ਸੀ। ਇਕ ਡਿਸਪਲਿਨ ਦਾ ਪਾਬੰਦ ਅਤੇ ਦੂਜਾ ਵੱਡੇ ਕਾਰਨਾਮੇ ਕਰਕੇ ਭੱਲ ਖੱਟਣ ਦੀ ਤਾਕ ਵਿੱਚ। ਜਦੋਂ ਉਹ ਬਾਰਾਂ ਸਾਲਾਂ ਦਾ ਸੀ ਭਰਾਵਾਂ ਨੂੰ ਆਪਣਾ ਹਿੱਸਾ ਸੰਭਾਲ, ਘਰੋਂ ਨਿਕਲਿਆ। ਇਕ ਸਾਂਝੀ ਸਭਾ ਵਿੱਚ ਜਾ ਰਲਿਆ। ਇਸ ਵਿਚੋਂ ਅੱਗੇ ਹੋਰ ਸਰਗਰਮ ਸਭਾ ਵਿੱਚ ਸ਼ਾਮਲ ਹੋ ਗਿਆ ਅਤੇ ਖ਼ੁਫੀਆ ਕਮੇਟੀਆਂ ਵਿੱਚ ਜਾ ਰਲਿਆ, ਜਿਥੇ ਉਹ ਪਹਿਲੀ ਵਾਰ ਨੋਬਲ ਟੇਲੈਂਟ ਨੂੰ ਮਿਲਿਆ। ਸੂ ਕੂ ਦੇ ਦੋਵੇਂ ਵਸਨੀਕ ਇਕ ਦੂਜੇ ਦਾ ਪਰਛਾਵਾਂ ਬਣ ਗਏ। ਹੁਣ ਉਹਨਾਂ ਦੀ ਕਿਸਮਤ ਇਕ ਹੀ ਸੀ। ਚਾਨਣ ਹੋ ਰਿਹਾ ਸੀ। ਨੋਬਲ ਟੇਲੈਂਟ ਨੇ ਦੇਖਿਆ ਕਿ ਸਾਥੀ ਨੂੰ ਜਗਾਉਣ ਦਾ ਵੇਲ਼ਾ ਹੈ।

ਪਹਿਲਾਂ ਰੈਜ਼ੂਲੂਟ ਸਪਰਿਟ ਕਿਸ਼ਤੀ ਵਿਚੋਂ ਉਤਰਿਆ। ਮੋਢੇ ਤੇ ਦੋ ਫ਼ਲਾਂ ਦੀਆਂ ਭਰੀਆਂ ਟੋਕਰੀਆਂ ਵਾਲੀ ਵਹਿੰਗੀ ਚੁੱਕੀ, ਪਰੇ ਹੱਟੋ, ਪਰੇ ਹੱਟੋ ਦੇ ਹੋਕਰੇ ਲਾਉਂਦਾ ਭੀੜ ਹਟਾ ਕੇ ਰਾਹ ਬਣਾਉਂਦਾ ਜਾ ਰਿਹਾ ਸੀ। ਅੱਜ ਉਸਨੇ ਸੂ ਕੂ ਪ੍ਰੰਪਰਾ ਨਾਲ ਪਹਿਲਾ ਵਿਸਾਹਘਾਤ ਕੀਤਾ ਸੀ। ਕੈਂਚੀ ਲੈ ਕੇ ਆਪਣੇ ਵਾਲਾਂ ਦੀ ਗੁੱਤ ਕੱਟ ਦਿੱਤੀ ਸੀ। ਪਰ ਸਿਰ ਦੇ ਬੰਧਨੇ ਵਿੱਚ ਅੜੁੰਗ ਲਈ ਸੀ। ਉਹ ਨਹੀਂ ਸੀ ਚਾਹੁੰਦਾ ਕਿ ਨੋਬਲ ਟੇਲੈਂਟ ਨੂੰ ਇਸ ਗੱਲ ਦਾ ਪਤਾ ਲੱਗੇ, ਉਹ ਤਾਂ ਪਹਿਲਾਂ ਹੀ ਸੋਚਾਂ ਦਾ ਦੱਬਿਆ ਪਿਆ ਹੈ। ਉਥੋਂ ਚੱਲ ਕੇ ਯਾਮਨ ਥੋੜ੍ਹੀ ਦੂਰ ਹੀ ਸੀ ਜਦੋਂ ਮਾਰਕੀਟ ਵਿਚੋਂ ਵਹਿੰਗੀ ਮੋਢੇ 'ਤੇ ਲਟਕਾਈ ਉਹ ਜਾ ਰਿਹਾ ਸੀ ਤਾਂ ਲੋਕ ਖੜ੍ਹ ਖੜ੍ਹ ਉਸ ਦੇ ਭਾਰੀ ਭਰਕਮ ਸਰੀਰ ਦੀਆਂ ਸਿਫ਼ਤਾਂ ਕਰਦੇ ਸੁਣਦੇ ਸਨ। ਯਾਮਨ ਕੋਰਟ ਹਾਊਸ ਦੇ ਗੇਟ 'ਤੇ ਜਾ ਕੇ ਪਹਿਲਾਂ ਉਸਨੇ ਬੋਰਡ 'ਤੇ ਲੱਗੇ ਪੋਸਟਰਾਂ 'ਤੇ ਨਿਗਾ ਮਾਰੀ। ਕੋਰਟ ਗੇਟ 'ਤੇ ਲੱਗੀਆਂ




ਦੇਵਤਿਆਂ ਦੀਆਂ ਤਸਵੀਰਾਂ ਦੀਆਂ ਅੱਖਾਂ ਜਿਵੇਂ ਉਸ ਵੱਲ ਤਾੜ ਰਹੀਆਂ ਸਨ ਉਹ ਸਹਿਮ ਗਿਆ, ਜੇ ਅੱਜ ਵਾਲੇ ਮੰਚੂ ਅਹਿਲਕਾਰ ਦਾ ਭੂਤ ਉਸਨੂੰ ਚਿੰਬੜ ਗਿਆ.....ਚਲੋ ਕਿਸਮਤ ਹੈ ਜੇ ਇਵੇਂ ਲਿਖਿਆ। ਉਸਨੇ ਦੁਬਾਰਾ ਬੋਝ ਚੁੱਕਿਆ ਅਤੇ ਗੇਟ ਤੋਂ ਅੰਦਰ ਜਾਣ ਲੱਗਿਆ ਵਹਿੰਗੀ ਵਾਲਾ ਮੋਢਾ ਬਦਲਿਆ "ਉਹ ਉਏ ਸੂਰਨੀ ਦਿਆ ਪੁੱਤਰਾ ਕਿੱਧਰ ਮੂੰਹ ਚੁੱਕਿਆ" ਗੇਟ ਤੇ ਖੜੇ ਸੰਤਰੀਆਂ ਵਿੱਚੋਂ ਇਕ ਕੜਕਿਆ। ਸੰਤਰੀਆਂ ਦੇ ਲੱਕਾਂ ਨਾਲ ਲਿਸ਼ਕਦੀਆਂ ਤਲਵਾਰਾਂ ਲਟਕ ਰਹੀਆਂ ਸਨ। "ਜੀ ਜੀ ਘਰ ਮੇਰੀ ਬੁੱਢੀ ਮਾਂ ਬੈਠੀ ਆ ਵਿਚਾਰੀ। ਕੁੱਝ ਫ਼ਲ਼ ਵੇਚ ਕੇ ਉਸ ਵਾਸਤੇ ਦਵਾਈ ਬੂਟੀ ਲੈਣੀ ਆ ਜੀ, ਥੋਨੂੰ ਬੜੀਆਂ ਅਸੀਸਾਂ ਦੇਵੇਗੀ ਕਿ ਤੁਹਾਡਾ ਅਗਲਾ ਜਹਾਨ ਸੁੱਖੀ ਹੋਵੇ, ਸੁੱਖਾਂ ਮੰਗੂੰ ਥੋਡੀਆਂ।" "ਤੇ ਐਸ ਜਹਾਨ ਵਾਸਤੇ ਨੀ ਕੁੱਝ ਚਾਹੀਦਾ" ਤੇ ਰੈਜ਼ੂਲੂਟ ਸਪਰਿਟ ਨੇ ਜੇਬ ਵਿੱਚੋਂ ਥੋੜ੍ਹੀ ਭਾਨ ਕੱਢ ਕੇ ਸੰਤਰੀ ਦੀ ਜੇਬ ਗਰਮ ਕਰ ਦਿੱਤੀ।

ਕੋਰਟ ਦੇ ਬਾਹਰਲੇ ਹਿੱਸੇ ਵਿੱਚ ਪਹੁੰਚ ਕੇ ਇਕ ਨਵੇਕਲ਼ੀ ਜਿਹੀ ਥਾਂ ਉਸਨੇ ਕੰਧ ਨਾਲ ਵਹਿੰਗੀ ਟਿਕਾ ਲਈ। ਅੱਜ ਉਸਨੇ ਇਕ ਖਰਬੂਜ਼ੇ ਵਿੱਚ ਬੰਬ ਫਿੱਟ ਕੀਤਾ ਹੋਇਆ ਸੀ। ਇਹ ਖਰਬੂਜ਼ਾ ਉਸਨੇ ਇਕ ਖਾਸ ਗਾਹਕ ਨੂੰ ਹੀ ਵੇਚਣਾ ਸੀ। ਉਸ ਖਾਸ ਗਾਹਕ ਨੇ ਮੰਚੂ ਅਹਿਲਕਾਰ ਹੂ ਦੇ ਪਿੱਛੇ ਪਿੱਛੇ ਆਉਣਾ ਸੀ। ਉਸਦੇ ਲੰਬਾ ਮਟੈਲਾ ਗਾਊਨ ਪਾਇਆ ਅਤੇ ਮੁੱਛਾਂ ਰੱਖੀਆਂ ਅਤੇ ਰੰਗੀਨ ਐਨਕਾਂ ਅਤੇ ਜਪਾਨੀ ਹੈਟ ਪਾਈ ਹੋਣੀ ਸੀ। ਉਹ ਆਪਣੇ ਆਪ ਤੇ ਮੁਸਕਰਾਇਆ ਜਿਵੇਂ ਪਹਿਲਾਂ ਕਿਸ਼ਤੀ ਤੇ ਮੁਸਕਰਾਇਆ ਸੀ ਜਦੋਂ ਨੋਬਲ ਟੇਲੈਂਟ ਇਹ ਭੇਸ ਬਣਾ ਕੇ ਤਿਆਰ ਹੋ ਰਿਹਾ ਸੀ। ਜਿਵੇਂ ਰਈਸ ਚੰਗੇ ਲੋਕ ਹੁੰਦੇ ਹਨ। ਨੋਬਲ ਟੇਲੈਂਟ ਇਉਂ ਕਰਦਿਆਂ ਔਖ ਮਹਿਸੂਸ ਕਰਦਾ ਸੀ ਕਿਉਂਕਿ ਉਹ ਰਈਸਾਂ ਵਰਗਾ ਬਨਣ ਨੂੰ ਨਫ਼ਰਤ ਵੀ ਕਰਦਾ ਸੀ। ਪਰ ਇਹ ਜ਼ਰੂਰੀ ਵੀ ਸੀ ਰਈਸ ਲੋਕ ਹੀ ਅਸਾਨੀ ਨਾਲ ਕੋਰਟ ਵਿੱਚ ਦਾਖਲ ਹੋ ਸਕਦੇ ਸਨ। ਸੋ ਪੂ ਹਿਸਾਓ, ਮੰਚੂ ਅਹਿਲਕਾਰ ਦਾ ਅੱਜ ਵਾਲਾ ਖਾਣਾ ਜ਼ਿੰਦਗੀ ਦਾ ਅੰਤਲਾ ਖਾਣਾ ਹੋ ਜਾਣਾ ਸੀ। ਰੈਜ਼ੂਲੂਟ ਸਪਰਿਟ ਅਤੇ ਉਸ ਨੇ ਨਿੱਕੇ ਬੰਬ ਵਿੱਚ ਬਰੂਦ ਬੜਾ ਸਾਵਧਾਨੀ ਨਾਲ ਭਰਿਆ ਸੀ ਅਤੇ ਛੋਟੇ ਜਿਹੇ ਖਰਬੂਜ਼ੇ ਵਿੱਚ ਚੰਗੀ ਤਰ੍ਹਾਂ ਫਿੱਟ ਕੀਤਾ ਸੀ। ਉਸਦੇ ਵਹਿੰਗੀ ਲਾਹ ਕੇ ਬੈਠਣ ਤੋਂ ਪਹਿਲਾਂ ਹੀ ਯਾਮਨ ਕੋਰਟ ਦਾ ਇਕ ਕਰਿੰਦਾ ਆ ਗਿਆ "ਕਈ ਹਫ਼ਤੇ ਹੋ ਗਏ ਮੈਂ ਵਧੀਆ ਆੜੂ ਨੀ ਖਾਂਦਾ" "ਲੈ ਫੜ ਲੈ ਫੜ ਦੇਖ ਮਿੱਠਾ ਰਸੀਲਾ" "ਜੇ ਤੂੰ ਕਹਿੰਦਾਂ ਤਾਂ ਹੀ ਲਊਂ ਮੈਂ" "ਹਾਂ ਹਾਂ ਫੜ ਮੈਂ ਦਿੰਨਾਂ ਤੈਨੂੰ ਖਾਕੇ ਤਾਂ ਦੇਖ।" ਕਰਿੰਦੇ ਨੇ ਫਟਾ ਫਟ ਆੜੂ ਜੇਬ ਵਿੱਚ ਤੁੰਨ ਲਿਆ ਅਤੇ ਸੰਤਰਿਆਂ ਤੇ ਨਿਗ੍ਹਾ ਟਿਕਾ ਲਈ ਉ ਜਨਾਬ ਮੇਰੇ ਸੰਤਰੇ ਵੀ ਖਾ ਕੇ ਦੇਖੋ ਖੰਡ ਮਿਸ਼ਰੀ ਵਰਗੇ ਨੇ" "ਹਾਂ ਇਕ ਲੈ ਲੈਨਾ ਵਾਂ ਜੇ ਵਧੀਆ ਹੋਇਆ ਤਾਂ ਮੁੜ ਕੇ ਖ਼ਰੀਦ ਕੇ ਲਵਾਂਗਾ" ਉਹ ਤੁਰਿਆ ਤਾਂ ਇਕ ਹੋਰ ਆ ਧਮਕਿਆ "ਮੈਨੂੰ ਲੱਗਦਾ ਤੂੰ ਲੋਕਾਂ ਨੂੰ ਮੁਫ਼ਤ ਸਾਂਪਲ ਵੰਡਦਾ ਪਿਆਂ" "ਹਾਂ ਹਾਂ ਸਰ, ਤੂੰ ਵੀ ਇਕ ਲੈ ਲਾ।"

ਉਸਨੂੰ ਲੱਗਿਆ ਕਿ ਸਕੀਮ ਸਿਰੇ ਚੜਨ ਤੋਂ ਪਹਿਲਾਂ ਹੀ ਉਸਦਾ ਸੌਦਾ ਮੁੱਕ ਨਾ ਜਾਵੇ ਤੇ ਉਹ ਖਰਬੂਜ਼ਾ ਵੇਚਣ ਤੋਂ ਨਾਂਹ ਵੀ ਨੀ ਕਰ ਸਕੇਗਾ ਜੇ ਨਾਂਹ ਕਰੇਗਾ ਤਾਂ ਸ਼ੱਕ ਪਵੇਗਾ ਸੋਚ ਕੇ ਲੰਬਾ ਪੈ ਗਿਆ ਅਤੇ ਸੌਣ ਦਾ ਨਾਟਕ ਕਰਨ ਲੱਗਿਆ। ਕੋਰਟ ਦੇ ਅਹਾਤੇ ਵਿੱਚ ਤਰੀਕਾਂ ਭੁਗਤਣ ਵਾਲਿਆਂ ਦਾ ਝੁਰਮਟ ਸੀ। ਜਿਹੜੇ ਸੁਵੱਖਤੇ ਦੇ ਆਏ ਸਨ ਉਹ ਦੁਖੀ ਹੋ ਰਹੇ ਸਨ। ਕਈ ਝਗੜੇ ਕਰ ਰਹੇ ਸਨ ਕਈ ਕੀਰਨੇ ਪਾਉਂਦੇ ਅਤੇ ਕਈ ਰੋ ਰਹੇ ਸਨ ਕਿ ਅਜੇ ਤੱਕ ਅਵਾਜ਼ ਨਹੀਂ ਪਈ। ਉਸਦੇ ਪਏ ਦੇ ਵੀ ਕਈ ਕਰਿੰਦੇ ਆ ਕੇ ਠੱਡਾ ਮਾਰ ਕੇ ਉਠਾ ਲੈਂਦੇ ਅਥੇ ਫ਼ਲ਼ਾਂ ਨੂੰ ਪੈ ਜਾਂਦੇ।

ਘੰਟੇ ਤੋਂ ਵੱਧ ਸਮਾਂ ਨਿਕਲ ਗਿਆ ਪਰ ਉਹ ਮੰਚੂ ਅਹਿਲਕਾਰ ਕਿਥੇ ਆ, ਅਜੇ ਤੱਕ ਕੋਈ ਉੱਗ ਸੁੱਘ ਨਹੀਂ। ਉਸਨੇ ਉੱਠ ਕੇ ਗੇਟ ਵੱਲ ਤੱਕਿਆ ਜਿਥੇ ਆਪਣੇ ਭੇਸ ਵਿੱਚ ਖੜ੍ਹਾ ਨੋਬਲ ਟੇਲੈਂਟ ਇਕ ਸੰਤਰੀ ਨਾਲ ਗੱਲ ਕਰਨ ਦਾ ਵਖਾਵਾ ਕਰਦਾ ਅਸਲ ਵਿੱਚ ਉਸ ਵੱਲ ਵੇਖ ਰਿਹਾ ਸੀ। ਜਦੋਂ ਉਹਨਾਂ ਦੀਆਂ ਨਜ਼ਰਾਂ ਮਿਲੀਆਂ ਤਾਂ ਉਹ ਖਿਸਕ ਜਾਣ ਦਾ ਇਸ਼ਾਰਾ ਸਮਝ ਗਿਆ ਅਤੇ ਸੋਚਿਆ ਕਿ ਕੁੱਝ ਗੜਬੜ ਹੋ ਗਈ ਹੈ। ਉਹ ਉੱਠਿਆ ਅਤੇ ਆਪਦਾ ਸਮਾਨ ਚੁੱਕ ਕੇ ਗੇਟ ਵੱਲ ਤੇਜ਼ੀ ਨਾਲ ਵੱਧਿਆ। ਗੇਟ ਦੇ ਇਕ ਸੰਤਰੀ ਨੇ ਉਸ ਨੂੰ ਰੋਕ ਲਿਆ, ਜਦੋਂ ਉਹ ਵਲਾ ਕੇ ਉਸ ਕੋਲੋਂ ਲੰਘਣ ਲੱਗਿਆ ਤਾਂ ਸੰਤਰੀ ਨੇ ਪੈਰ ਫਸਾ ਕੇ ਰੋਕ ਦਿੱਤਾ ਅਤੇ ਉਹ ਅੜਕ ਕੇ ਮੂੰਹ ਭਾਰ ਡਿੰਗ ਪਿਆ। "ਮੂਰਖਾ ਕਿੱਧਰ ਤੁਰਿਆ ਜਾਨਾ ਮੈਂ ਫ਼ਲ਼ ਖਰੀਦਣੇ ਨੇ"। ਉਹ ਉੱਠਿਆ ਆਪਣੇ ਮਿੱਟੀ ਵਿੱਚ ਲਿਬੜੇ ਹੱਥ ਪੈਂਟ ਨਾਲ ਪੂੰਝੇ। ਖਰੀਦਣੇ ਆ ਫ਼ਲ਼ ਕਿ ਮੌਤ ਉਸਨੇ ਮਨ ਵਿੱਚ ਸੋਚਿਆ ਅਤੇ ਤੇਜ਼ੀ ਨਾਲ ਉਸਨੇ ਦੋ ਆੜੂ ਉਸ ਨੂੰ ਫੜਾ ਦਿੱਤੇ। ਪਰ ਸੰਤਰੀ ਹੰਢਿਆ ਸੀ ਉਹ ਕੱਲੇ ਕੱਲੇ ਫ਼ਲ਼ ਦੀ ਨਿਰਖ਼ ਕਰਨ ਲੱਗਿਆ। ਦੇਖ ਕੇ, ਰੈਜ਼ੂਲੂਟ ਸਪਰਿਟ ਉੱਚੀ ਹੱਸਿਆ ਅਤੇ ਅੱਜ ਪਹਿਲੀ ਵਾਰ ਉਸਨੇ ਆਪਣੇ ਦਿਮਾਗ ਨਾਲ ਸਕੀਮ ਲੜਾਈ ਅਤੇ ਸੋਚਿਆ ਕਿ ਨਿਕਲ ਜਾਣ ਦਾ ਹੁਣੇ ਹੀ ਮੌਕਾ। "ਹਾਏ ਮਰ ਗਿਆ ਪੇਟ ਦਰਦ ਆ ਮਰੋੜਾ ਲੱਗਿਆ। ਜ਼ਰੂਰੀ ਜਾਣਾ ਪੈਣਾ, ਕੱਸ ਕੇ ਇਕ ਹੱਥ ਢਿੱਡ ਤੇ, ਇਕ ਪਿੱਛੇ ਪਾ ਉਹ ਭੱਜ ਉੱਠਿਆ ਅਤੇ ਗੇਟੋਂ ਬਾਹਰ ਨਿਕਲ਼ ਗਿਆ। ਮਿੱਟੀ ਵਿੱਚ ਪਏ ਇਕ ਮੰਗਤੇ ਨੂੰ ਵੀ ਮਿੱਧ ਗਿਆ। ਅਜੇ ਉਹ ਮੰਡੀ ਵਿੱਚ ਹੀ ਪਹੁੰਚਿਆ ਸੀ ਕਿ ਯਾਮਨ ਕੋਰਟ ਅਹਾਤੇ ਵਿੱਚ ਦਰਜਨਾਂ ਬੰਬ ਫਟਣ ਦੀਆਂ ਅਵਾਜਾਂ ਆਈਆਂ ਅਤੇ ਅੱਗ ਅਤੇ ਧੂਏਂ ਨਾਲ ਅਹਾਤਾ ਭਰ ਗਿਆ। ਕੁਰਲਾਹਟ ਮੱਚ ਗਈ। ਕਈ ਜਖ਼ਮੀਂ ਦਰਦ ਨਾਲ ਚੀਖ਼ ਉੱਠੇ ਅਤੇ ਕਈ ਚਿੱਤ ਹੋਏ ਅਹਿੱਲ ਪਏ ਸਨ। ਸੰਤਰੀਆਂ ਨੇ ਰੌਲ਼ਾ ਪਾ ਦਿੱਤਾ "ਫੜੋ ਫੜੋ ਮੋਟੇ ਫੜੀ ਵਾਲ਼ੇ ਨੂੰ, ਫੜ ਲਵੋ ਨਿਕਲ਼ ਨਾ ਜਾਵੇ।" ਲੋਕ ਉਸ ਮਗਰ ਨੱਸ ਉੱਠੇ ਪਰ ਦੁੜੰਗੇ ਮਾਰਦਾ, ਰੋਕਾਂ ਟੱਪਦਾ, ਲੋਕਾਂ ਦੇ ਵੱਧਦੇ ਹੱਥ ਮਰੋੜਦਾ ਭੱਜ ਰਿਹਾ ਸੀ। ਉਹ ਮੱਛੀਆਂ ਦੀ ਭਰੀ ਬਾਲਟੀ ਵਿੱਚ ਫ਼ਸ ਕੇ ਡਿੱਗ ਪਿਆ। ਇਕ ਜਣੇ ਨੇ ਉਸ ਨੂੰ ਧੱਕਾ ਮਾਰਕੇ ਗਰਦਨੋਂ ਫ਼ੜ ਕੇ ਉੱਠਾ ਲਿਆ, "ਪਰੇ ਹੱਟ ਜਾਵੋ ਸਾਰੇ ਮੈਂ ਇਸ ਨੂੰ ਫ਼ੜ ਕੇ ਕਾਬੂ ਕਰ ਲਿਆ, ਬਾਹਾਂ ਮਰੋੜ ਲਈਆਂ ਹੁਣ ਦੌੜ ਨਹੀਂ ਸਕਦਾ" ਜਦੋਂ ਰੈਜ਼ੂਲੂਟ ਸਪਰਿਟ ਨੇ ਭਾਉਂ ਕੇ ਵੇਖਿਆ ਤਾਂ ਇਹ ਨੋਬਲ ਟੇਲੈਂਟ ਸੀ। ਪੈਂਦੇ ਸ਼ੋਰ ਸ਼ਰਾਬੇ ਵਿਚ ਲੋਕ ਬੂਹੇ ਬਾਰੀਆਂ ਬੰਦ ਕਰਕੇ ਅੰਦਰੀਂ ਵੜ ਰਹੇ ਸਨ। ਦੋਵੇਂ ਭਗੌੜੇ ਥੋੜੀ ਦੂਰ ਹੀ ਗਏ ਸਨ ਕਿ ਇਕ ਫੁਰਤੀਲਾ ਮੁੰਡਾ ਛਾਲ਼ ਮਾਰ ਉਸ ਦੇ ਮੋਢਿਆਂ ਤੇ ਚੜ੍ਹ ਗਿਆ। ਬਾਂਦਰ ਵਾਂਗ ਉਹ ਜਦੋਂ ਉਸਦੀ ਗੁੱਤ ਨੂੰ ਪਿਆ ਤਾਂ ਧੜੱਮ ਕਰਕੇ ਡਿਗ ਪਿਆ "ਇਹਦੇ ਗੁੱਤ ਹੈ ਨੀ, ਗੁੱਤ ਹੈ ਨੀ" ਉਸ ਨੇ ਸ਼ੋਰ ਮਚਾ ਦਿੱਤਾ ਭੱਜਿਆ ਜਾਂਦਾ ਰੈਜ਼ੂਲੂਟ ਸਪਰਿਟ, ਨੋਬਲ ਟੇਲੈਂਟ ਦੇ ਮੂਹਰੇ ਹੋ ਗਿਆ ਅਤੇ ਨਹਿਰ ਤੇ ਪਹੁੰਚ, ਨੱਕ ਫੜ ਕੇ, ਗੋਡੇ ਕੱਠੇ ਕਰਕੇ ਨਹਿਰ ਵਿੱਚ ਉੱਤਰ ਗਿਆ, ਨਹਿਰ ਦੇ ਪਾਣੀ ਵਿੱਚ ਚੂਹੇ ਮਰੇ ਅਤੇ ਜਾਨਵਰਾਂ ਦੀਆਂ ਕੱਢੀਆਂ ਆਂਦਰਾਂ ਤੈਰ ਰਹੀਆਂ ਸਨ ਅਤੇ ਭੈੜੀ ਬਦਬੂ ਮਾਰ ਰਹੀ ਸੀ। ਨੋਬਲ ਟੇਲੈਂਟ ਕੰਢੇ ਤੇ ਬੈਠਾ ਸੀ। ਰੈਜ਼ੂਲੂਟ ਸਪਰਿਟ ਨੇ ਗੁੱਟ ਤੋਂ ਫੜ ਕੇ ਪਾਣੀ ਵਿੱਚ ਖਿੱਚ ਲਿਆ "ਆਪਦਾ ਨੱਕ ਤੇ ਮੂੰਹ ਬੰਦ ਰੱਖੀਂ" ਉਹ ਚੁੱਭੀ ਮਾਰਕੇ ਇਕ ਟੁੱਟੇ ਅਤੇ ਨਕਾਰਾ ਪੁੱਲ ਦੀ ਆੜ ਵਿੱਚ ਪਹੁੰਚ ਗਏ। ਨਹਿਰ ਦਾ ਇਹ ਹਿੱਸਾ ਸੁੰਨਸਾਨ ਸੀ ਕਿਉਂਕਿ ਮੁਸਕ ਮਾਰਦਾ ਪਾਣੀ ਸੀ। ਨੋਬਲ ਟੇਲੈਂਟ ਉਲਟੀਆਂ ਕਰ ਰਿਹਾ ਸੀ ਅਤੇ ਕੁਰਲਾ ਰਿਹਾ ਸੀ। ਉਸਨੇ ਆਪਣਾ ਹੱਥ ਮੂੰਹ ਅੱਗੇ ਕੱਸ ਲਿਆ ਤਾਂ ਕਿ ਅਵਾਜ਼ ਨਾ ਨਿਕਲੇ। ਦੋਵੇਂ ਜਣੇ ਪੁਲ ਹੇਠਾਂ ਨਹਿਰ ਦੀ ਕੰਧੀ ਨਾਲ ਲੱਗ ਕੇ ਦੜੇ ਰਹੇ। ਦੋਵੇਂ ਆਪਣੇ ਆਪਣੇ ਪਾਸੇ ਬਿੜਕ ਵੀ ਰੱਖ ਰਹੇ ਸਨ ਮਤਾ ਕੋਈ ਆ ਜਾਵੇ। ਪਰ ਬਚ ਗਏ ਇੱਧਰ ਘੱਟ ਹੀ ਲੋਕ ਆਉਂਦੇ ਸਨ।

ਜਦੋਂ ਹਨੇਰਾ ਪੈਣ ਲੱਗਿਆ ਅਤੇ ਲੋਕਾਂ ਦੀਆਂ ਅਵਾਜ਼ਾਂ ਆਉਣੀਆਂ ਬੰਦ ਹੋ ਗਈਆਂ ਤਾਂ ਉਹਨਾਂ ਦੇ ਕੰਨੀ ਇਕ ਅਵਾਜ਼ ਹੀ ਪੈ ਰਹੀ ਸੀ। ਇਹ ਅਵਾਜ਼ ਖੱਚਰਾਂ ਦੇ ਖੁਰੀਆਂ ਲਾਉਣ ਵਾਲੇ ਦੀ ਸੀ। ਇਕ ਖੱਚਰ ਖੁਰੀ ਲਵਾਉਣ ਤੋਂ ਅੜਦੀ ਸੀ ਅਤੇ ਉਹ ਉਸਨੂੰ ਗਾਹਲਾਂ ਕੱਢ ਰਿਹਾ ਸੀ। ਰੈਜ਼ੂਲੂਟ ਸਪਰਿਟ ਨੇ ਕੰਨਫੂਸੀ ਪੁੱਛਿਆ ਉ ਕੀ ਹੋਇਆ" "ਪੂ ਹਿਸਾਊ ਅਹਿਲਕਾਰ ਮਰ ਗਿਆ" "ਉਹ ਤਾਂ ਮੈਂ ਪੋਸਟਰ ਤੇ ਲਿਖਿਆ ਪੜ੍ਹ ਲਿਆ ਸੀ" ਉ ਇਹ ਗੱਲ ਆ ਅੱਛਾ" "ਤੇਰੇ ਮੋਟੇ ਦਿਮਾਗ ਨੇ ਅੱਜ ਸਾਨੂੰ ਮਰਵਾ ਦੇਣਾ ਸੀ" ਆਖਦਾ ਰੈਜ਼ੂਲੂਟ ਸਪਰਿਟ ਕੰਧੀ ਨਾਲ ਸਿਰ ਮਾਰਨ ਲੱਗਿਆ। "ਕਿਸੇ ਦਾ ਕੋਈ ਕਸੂਰ ਨਹੀਂ" "ਮੇਰਾ ਕਸੂਰ ਆ, ਜੇ ਨਾ ਹੁੰਦਾ ਤਾਂ ਅਸੀਂ ਇਥੇ ਫਸੇ ਨਾ ਹੁੰਦੇ" "ਕੋਈ ਫਾਇਦਾ ਨਹੀਂ ਹੁਣ ਪਛਤਾਵਾ ਕਰਨ ਦਾ। ਅੱਜ ਤੋਂ ਇੰਨਕਲਾਬ ਲਈ ਵੱਡੀ ਲੜਾਈ ਸ਼ੁਰੂ ਹੋ ਚੁੱਕੀ ਆ। ਚੱਲ ਆਪਾਂ ਕੋਈ ਬਚਾਅ ਵਾਲੀ ਜਗ੍ਹਾ ਪਹੁੰਚੀਏ। ਤੂੰ ਖਤਰਾ ਮੁੱਲ ਨਾ ਲੈ।" "ਚੁੱਪ ਕਰ ਜਾ ਅਤੇ ਮੈਨੂੰ ਸੋਚ ਲੈਣ ਦੇ, ਕਰਨਾ ਕੀ ਆ ਅਸੀਂ।"

ਜਦੋਂ ਚੰਦ ਚਾਨਣੀ ਬਿੱਖਰ ਗਈ ਤਾਂ ਦੋਵੇਂ ਹੱਤਿਆਰੇ ਤੈਰ ਕੇ ਨਹਿਰ ਦੇ ਦੂਜੇ ਕੰਢੇ ਪਹੁੰਚ ਗਏ। ਬਾਹਰ ਨਿਕਲ ਸਾਵਧਾਨੀ ਨਾਲ ਉਹ ਇਕ ਰਸਤੇ ਤੇ ਤੁਰੇ ਜਾ ਰਹੇ ਸੀ। ਰਾਤ ਦੇ ਪਹਿਰੇਦਾਰ ਜਾਗਦੇ ਰਹੋ, ਜਾਗਦੇ ਰਹੋ ਦੇ ਹੋਕਰੇ ਲਾ ਰਹੇ ਸਨ। ਉਹ ਚੰਗ ਮਹਿਲ ਦੇ ਖਾਰੀ ਵਾਲਿਆਂ ਵਾਲੇ ਗੇਟ ਤੇ ਪਹੁੰਚ ਗਏ। ਨੋਬਲ ਟੇਲੈਂਟ ਨੇ ਭਰੜਾਈ ਅਵਾਜ਼ ਵਿੱਚ "ਬਾਰ ਖੋਲੋ, ਬਾਰ ਖੋਲੋ" ਆਖਿਆ ਕੋਈ ਜਵਾਬ ਨਾ ਆਇਆ ਤਾਂ ਉਸਨੇ ਇਕ ਇਕ ਕਰਕੇ ਕਈ ਰੋੜੇ ਅੰਦਰ ਵਗਾਹੇ। ਆਖਰ ਇਕ ਗੁੱਸੇ ਭਰੀ ਅਵਾਜ਼ ਸੁਣੀ ਉ ਕੌਣ, ਦਫਾ ਹੋ ਜਾ ਨਹੀਂ ਤਾਂ ਮੈਂ ਪਹਿਰੇਦਾਰਾਂ ਨੂੰ ਬੁਲਾ ਲੈਣਾ" "ਫਾਸਟੋ ਫਾਸਟੋ ਬਾਰ ਖੋਲ ਮੈਂ ਆਂ ਬਾਹਰ ਖੜ੍ਹਾ ਚੰਗ ਪਿਤਾਮਾ ਦਾ ਤੀਜਾ ਪੁੱਤਰ, ਨੋਬਲ ਟੇਲੈਂਟ" ਗੇਟ ਖੁਲ ਗਿਆ ਅਤੇ ਦੋਵੇਂ ਜਣੇ ਅੰਦਰ ਲੰਘ ਆਏ, "ਇਹ ਦੂਜਾ ਕੌਣ ਆ ਥੋਡੇ ਚੋਂ ਨਹਿਰ ਦੇ ਪਾਣੀ ਦੀ ਬਦਬੂ ਮਾਰਦੀ ਆ" ਆਖਦੀ ਫਾਸਟੋ ਨੇ ਚੁੰਨੀ ਨਾਲ ਨੱਕ ਢੱਕ ਲਿਆ। "ਵਫਾਦਾਰ ਨੌਕਰਾਣੀ ਬੂਹਾ ਬੰਦ ਕਰ ਦੇ ਅਤੇ ਸੁਣ ਕਿਸੇ ਨੂੰ ਕੁੱਝ ਨੀ ਦੱਸਣਾ" "ਠੀਕ ਆ, ਠੀਕ ਆ ਮੇਰਾ ਕਿਹੜਾ ਕੋਈ ਸੱਚ ਮੰਨਦਾ" ਦੋਵੇਂ ਜਣੇ ਨੌਕਰ ਅਹਾਤੇ ਵਿੱਚੋਂ ਹੁੰਦੇ ਹੋਏ ਵੱਡੇ ਭਰਾ ਦੇ ਪੜ੍ਹਨ ਹਾਲ ਵਿੱਚ ਪਹੁੰਚ ਗਏ। ਉਹ ਘੂਕ ਸੁੱਤਾ ਪਿਆ ਸੀ। ਨੋਬਲ ਟੇਲੈਂਟ ਨੇ ਉਸ ਨੂੰ ਹਲੂਣ ਕੇ ਜਗਾਉਣਾ ਚਾਹਿਆ ਪਰ ਰੁਕ ਗਿਆ ਕਿਉਂਕਿ ਉਸਦੇ ਹੱਥ ਨਹਿਰ ਦੇ ਗੰਦੇ ਪਾਣੀ ਨਾਲ ਲਿਬੜੇ ਸਨ। "ਵੱਡੇ ਭਰਾ ਉੱਠ ਜਾਗ ਪਉ" ਬੋਲਡ ਟੇਲੈਂਟ ਨੇ ਅੱਖਾਂ ਖੋਹਲੀਆਂ "ਕੌਣ ਆ ਇਹ ਕੌਣ ਆ" "ਮੈਂ ਆਂ ਤੇਰਾ ਭਰਾ ਆਪਾਂ ਜ਼ਰੂਰੀ ਗੱਲ ਕਰਨੀ ਆ" ਬੋਲਡ ਟੇਲੈਂਟ ਛਾਲ ਮਾਰ ਬਿਸਤਰੇ ਵਿੱਚੋਂ ਨਿਕਲ ਆਇਆ "ਤੂੰ ਇਥੇ ਕੀ ਕਰ ਰਿਹੈਂ ਤੇਰੇ ਨਾਲ ਆਹ ਕੌਣ ਆ" "ਮਾਲਕ ਮੈਨੂੰ ਮਾਫ਼ ਕਰੀਂ, ਮੈਂ ਆਂ ਕਿਸਾਨ ਲੀ ਦਾ ਪੁੱਤਰ ਤੁਹਾਡਾ ਕਿਸਾਨ ਉਹੀ ਹੱਮ ਸੂਰ ਵਾਲਾ, ਜਿਹੜਾ ਇਥੇ ਛੱਡ ਕੇ ਗਿਆ ਸੀ।" "ਮੇਰੀ ਸਮਝ ਨੀ ਪੈਂਦਾ ਕੁੱਝ ਭਰਾਵਾ

ਬੋਲ ਛੋਟੀ ਮੈਨੂੰ ਸਮਝਾ" ਜਦੋਂ ਨੋਬਲ ਟੇਲੈਂਟ ਬੋਲ ਰਿਹਾ ਸੀ ਤਾਂ ਵੱਡੇ ਭਰਾ ਦਾ ਚਿਹਰਾ ਤਣ ਗਿਆ ਅਤੇ ਅੱਖਾਂ ਸਖਤ ਹੋ ਗਈਆਂ "ਤਾਂ ਤੇਰਾ ਕਹਿਣਾ ਬਈ ਪੁਲਿਸ ਇਸ ਦੇ ਮਗਰ ਲੱਗੀ ਆ ਤੇ ਤੂੰ ਸਿੱਧਾ ਇਸ ਨੂੰ ਘਰ ਲੈ ਵੜਿਆਂ। ਕੀ ਤੇਰੀ ਮੱਤ ਮਾਰੀ ਗਈ ਆ। ਏਦੂੰ ਤਾਂ ਤੂੰ ਨਹਿਰ ਵਿੱਚ ਡੁੱਬ ਮਰਦਾ" "ਮੈਂ ਹੋਰ ਕੀ ਕਰ ਸਕਦਾ ਸੀ ਭਰਾ। ਇਸ ਦੀ ਜੁਮੇਂਵਾਰੀ ਮੇਰੇ ਮੋਢਿਆਂ ਤੇ ਆ" "ਇਸ ਦੀ ਜੁਮੇਂਵਾਰੀ ਤਾਂ ਠੀਕ ਆ ਪਰ ਚੰਗ ਖ਼ਾਨਦਾਨ ਦਾ ਕੀ ਸੋਚਿਆ ਤੂੰ" "ਹੋਰ ਅਸੀਂ ਜਾਂਦੇ ਕਿੱਥੇ, ਕਿਹੜੀ ਥਾਂ ਸੀ ਅਤੇ ਫਿਰ ਸਾਨੂੰ ਕਿਸੇ ਨੇ ਦੇਖਿਆ ਵੀ ਨੀ" ਆਖਦੇ ਨੇ ਨੋਬਲ ਟੇਲੈਂਟ ਨੇ ਸਾਥੀ ਵੱਲ ਵੇਖਿਆ ਜਿਸ ਨੇ ਆਪਣਾ ਵੱਡਾ ਸਿਰ ਹਾਂ ਦੇ ਹੁੰਗਾਰੇ ਵਿੱਚ ਹਿਲਾਇਆ। "ਇਸ ਨਾਲ ਕੀ ਫਰਕ ਪੈਂਦਾ ਮੂਰਖੋ, ਉਹ ਆਉਣਗੇ ਅਤੇ ਘਰ ਦਾ ਕੋਨਾ ਕੋਨਾ ਛਾਣ ਮਾਰਨਗੇ ਅਤੇ ਤੇਰੀ ਪਛਾਣ ਕਰਨ ਵਿੱਚ ਉਹਨਾਂ ਨੂੰ ਕਿੰਨੀ ਦੇਰ ਲੱਗਣੀ ਆ।"

ਤਦੇ ਦਰਵਾਜ਼ੇ ਤੇ ਖੜਕਾਰ ਹੋਇਆ। ਤਿੰਨਾਂ ਨੇ ਤ੍ਰੱਭਕ ਕੇ ਗੇਟ ਵੱਲ ਵੇਖਿਆ। ਸਪਰਿੰਗ ਮੂਨ ਸੀ। "ਤਾਂ ਜੋ ਫਾਸਟੋ ਨੇ ਮੈਨੂੰ ਦੱਸਿਆ, ਸੱਚ ਈ ਆ" ਨੋਬਲ ਟੇਲੈਂਟ ਨੇ ਮੱਥੇ ਤੇ ਹੱਥ ਮਾਰਿਆ। "ਇਸ ਘਰ ਵਿੱਚ ਕੋਈ ਗੁਪਤ ਭੇਤ ਕਿਵੇਂ ਰਹਿ ਸਕਦਾ" ਬੋਲਡ ਟੇਲੈਂਟ ਫਿਰ ਬੋਲਿਆ "ਤੂੰ ਇਹ ਮੁੰਡਾ ਘਰ ਕਿਵੇਂ ਲਿਆਇਆਂ ਜਦੋਂ ਉਹ ਦੇਖਣਗੇ ਇਸ ਨੂੰ ਤਾਂ ਪੱਕਾ ਸਬੂਤ ਹੋਊ" "ਹੋਰ ਕੋਈ ਚਾਰਾ ਵੀ ਕੀ ਸੀ ਇਸ ਦੀ ਹਿਫਾਜ਼ਤ ਮੇਰੀ ਜੁਮੇਂਵਾਰੀ ਆ, ਮੇਰੇ ਵੱਡੇ ਭਰਾ ਤੂੰ ਇਕ ਗੱਭਰੂ ਦੀ ਬਲੀ ਕਿਵੇਂ ਦੇ ਸਕਦਾਂ ਤਾਂ ਕਿ ਚੰਗ ਖ਼ਾਨਦਾਨ ਕਿਸੇ ਭਵਿੱਖੀ ਕਿਆਸੇ ਖਤਰੇ ਤੋਂ ਬੱਚ ਜਾਵੇ" "ਖਤਰਾ ਸਿਰਫ਼ ਕਿਆਸ ਨਹੀਂ ਤੈਨੂੰ ਪਤਾ ਨੀ, ਤੂੰ ਸਮਝਦਾ ਨੀ।"

"ਹੁਣ ਸਪਰਿੰਗ ਮੂਨ ਸੀ ਜਿਸਨੇ ਕਮਾਨ ਸੰਭਾਲੀ" ਵੱਡੇ ਤਾਇਆ ਜੀ। ਛੋਟਾ ਇਨਕਲਾਬੀ ਚਾਚਾ ਜਦੋਂ ਦਾ ਘਰੋਂ ਗਿਆ ਉਸ ਤੋਂ ਬਾਅਦ ਕੀ ਕੀ ਘਟਨਾਵਾਂ ਵਾਪਰੀਆਂ ਨੇ ਮੈਂ ਇਹਨਾਂ ਨੂੰ ਸਮਝਾਉਂਦੀ ਆਂ। ਵੱਡੇ ਤਾਇਆ ਜੀ ਹੁਣ ਮੌਕਾ ਤਾਂ ਕਿ ਇਹਨਾਂ ਨੂੰ ਸਾਰੀ ਗੱਲ ਸਮਝ ਆ ਜਾਵੇ....ਜੇ ਦੱਸਾਂਗੇ ਤਾਂ ਹੀ ਇਹਨਾਂ ਨੂੰ ਪਤਾ ਲੱਗੂ..."

# ਮਹਾਮਾਰੀ ਨਾਲ ਜਿਊਣ ਦੀ ਆਦਤ ਬਨਾਮ ਬਦਲ ਦੀ ਜ਼ਰੂਰਤ

(ਸਫ਼ਾ 1 ਦੀ ਬਾਕੀ)

ਇਹਨਾਂ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਤਾਲਾਬੰਦੀ ਨੂੰ ਪੜਾਅਵਾਰ ਖੋਲ੍ਹੇ ਜਾਣ ਦੌਰਾਨ 'ਕਰੋਨਾ ਨਾਲ ਜਿਉਣਾ ਸਿੱਖਣ' ਦੀਆਂ ਨਸੀਹਤਾਂ ਸੁਣਨ ਨੂੰ ਮਿਲ ਰਹੀਆਂ ਹਨ। ਸੰਸਾਰ ਸਿਹਤ ਸੰਸਥਾ ਦੇ ਮੁਖੀ ਦੀ ਤਰਜ਼ 'ਤੇ ਭਾਰਤੀ ਹੁਕਮਰਾਨਾਂ ਕੋਲ ਵੀ ਅਵਾਮ ਨੂੰ 'ਕਰੋਨਾ ਨਾਲ ਜਿਉਣਾ ਸਿੱਖਣ' ਦੀਆਂ ਨਸੀਹਤਾਂ ਅਤੇ ਲਿਫ਼ਾਫ਼ੇਬਾਜ਼ ਪੈਕੇਜਾਂ ਤੋਂ ਸਿਵਾਏ ਦੇਣ ਲਈ ਕੁਛ ਨਹੀਂ ਹੈ। 'ਵਿਸ਼ਵ-ਗੁਰੂ' ਦਾ ਸੁਪਨਾ 'ਸਵੈਨਿਰਭਰ ਹੋਣ ਦੀ ਲੋੜ' ਵਿਚ ਅਤੇ '21 ਦਿਨਾਂ ਵਿਚ ਕੋਰੋਨਾ ਵਿਰੁੱਧ ਯੁੱਧ ਜਿੱਤ ਲੈਣ' ਦਾ ਮੋਦੀ ਦਾ ਦਾਅਵਾ 'ਕਰੋਨਾ ਨਾਲ ਜਿਊਣਾ ਸਿੱਖਣ' ਦੀ ਨਸੀਹਤ ਵਿਚ ਬਦਲ ਗਿਆ ਹੈ।

ਨਸੀਹਤਾਂ ਦੇ ਸਹਾਰੇ ਹੁਕਮਰਾਨ ਧਿਰ ਸਾਸ਼ਨ ਦੀ ਅਸਫ਼ਲਤਾ ਅਤੇ ਜਵਾਬਦੇਹੀ ਤੋਂ ਨਹੀਂ ਬਚ ਸਕਦੀ। ਕਿਉਂਕਿ ਮਹਾਮਾਰੀ ਨੂੰ ਰੋਕਣ ਦੇ ਇਸ ਕਥਿਤ ਉਪਾਅ ਨੇ ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ ਖੋਹ ਕੇ ਉਹਨਾਂ ਨੂੰ ਖ਼ੌਫ਼, ਸਹਿਮ, ਅਸੁਰੱਖਿਆ ਅਤੇ ਬੇਵਸੀ ਦੀ ਐਸੀ ਹਾਲਤ ਵਿਚ ਧੱਕ ਦਿੱਤਾ ਹੈ ਜਿੱਥੇ ਉਹਨਾਂ ਨੂੰ ਕਿਸੇ ਵੀ ਤਰੀਕੇ ਅਤੇ ਕਿਸੇ ਵੀ ਕੀਮਤ 'ਤੇ ਆਪਣੇ ਘਰਾਂ ਨੂੰ ਵਾਪਸ ਚਲੇ ਜਾਣ ਤੋਂ ਸਿਵਾਏ ਹੋਰ ਕੋਈ ਢੋਈ ਨਜ਼ਰ ਨਹੀਂ ਆ ਰਹੀ। ਸਰਕਾਰਾਂ ਉਹਨਾਂ ਨੂੰ ਪਹਿਲਾਂ ਵੀ ਕੁਛ ਨਹੀਂ ਸੀ ਦੇ ਰਹੀਆਂ, ਤਾਲਾਬੰਦੀ ਨੇ ਉਹਨਾਂ ਦੇ ਆਪਣੇ ਉੱਦਮ ਨਾਲ ਦਿਨ-ਕਟੀਆਂ ਕਰਨ ਦੇ ਸਾਧਨ ਵੀ ਖੋਹ ਲਏ। ਤਾਲਾਬੰਦੀ ਦੌਰਾਨ ਹੁਣ ਤਕ 196 ਪ੍ਰਵਾਸੀ ਸੜਕ ਹਾਦਸਿਆਂ ਵਿਚ ਮਾਰੇ ਜਾ ਚੁੱਕੇ ਹਨ। ਦੋ ਮਹੀਨੇ ਬਾਦ ਵੀ ਉਹਨਾਂ ਲਈ ਢੁੱਕਵੀਂ ਟਰਾਂਸਪੋਰਟ ਵਿਵਸਥਾ ਨਹੀਂ ਕੀਤੀ ਗਈ। ਹਾਲਾਂਕਿ ਰੇਲਵੇ ਕੋਲ ਰੋਜ਼ਾਨਾ 17000 ਯਾਤਰੀ ਗੱਡੀਆਂ ਚਲਾਉਣ ਦੀ ਸਮਰੱਥਾ ਹੈ ਅਤੇ ਵਿੱਥ ਰੱਖ ਕੇ ਇਕ ਗੱਡੀ ਵਿਚ 1200 ਯਾਤਰੀਆਂ ਦੇ ਹਿਸਾਬ ਨਾਲ ਘੱਟੋਘੱਟ ਦੋ ਕਰੋੜ ਲੋਕਾਂ ਨੂੰ ਰੋਜ਼ਾਨਾ ਵਾਪਸ ਭੇਜਿਆ ਜਾ ਸਕਦਾ ਸੀ। ਇਸ ਦੀ ਬਜਾਏ, ਰੇਲਾਂ ਉੱਕਾ ਹੀ ਬੰਦ ਕਰ ਦਿੱਤੀਆਂ ਗਈਆਂ। ਹੁਣ ਜਦ ਚਲਾਈਆਂ ਹੀ ਗਈਆਂ ਹਨ ਤਾਂ ਉਹਨਾਂ ਤੋਂ ਬੇਤਹਾਸ਼ਾ ਕਿਰਾਇਆ ਵਸੂਲਿਆ ਜਾ ਰਿਹਾ ਹੈ। ਉਹ ਕਈ-ਕਈ ਦਿਨ ਰੇਲਾਂ ਉਡੀਕਦੇ ਸਟੇਸ਼ਨਾਂ ਜਾਂ ਜਨਤਕ ਥਾਵਾਂ ਉੱਪਰ ਰੁਲ਼ ਰਹੇ ਹਨ ਜਾਂ ਹਜ਼ਾਰਾਂ ਰੁਪਏ ਦਾ ਜੁਗਾੜ ਕਰਕੇ ਵਾਹਨ ਕਿਰਾਏ 'ਤੇ ਲੈ ਕੇ ਵਾਪਸ ਜਾ ਰਹੇ ਹਨ। 40 ਤੋਂ ਉੱਪਰ ਰੇਲ ਗੱਡੀਆਂ ਮਿੱਥੇ ਸਟੇਸ਼ਨਾਂ ਦੀ ਬਜਾਏ ਹੋਰ ਹੀ ਸਟੇਸ਼ਨਾਂ ਉੱਪਰ ਜਾ ਪਹੁੰਚੀਆਂ ਅਤੇ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ। ਪ੍ਰਵਾਸੀ ਮਜ਼ਦੂਰ ਆਪਣਾ 'ਦੇਸ' ਛੱਡ ਕੇ ਮਹਾਂਨਗਰਾਂ ਵਿਚ ਭਵਿੱਖ ਸੰਵਾਰਨ ਲਈ ਆਏ ਸਨ, ਹੁਣ ਉਹਨਾਂ ਨੂੰ ਉਸ ਤੋਂ ਵੀ ਭੈੜੀ ਗੁਰਬਤ ਦੇ ਮੂੰਹ ਵਿਚ ਵਾਪਸ ਉਹਨਾਂ ਦੇ ਪਿੰਡਾਂ ਵੱਲ ਧੱਕਿਆ ਜਾ ਰਿਹਾ ਹੈ। ਭੁੱਖਮਰੀ, ਬੇਕਾਰੀ, ਗੁਰਬਤ, ਇਲਾਜਯੋਗ ਬੀਮਾਰੀਆਂ ਅਤੇ ਪਿੰਡਾਂ ਦੇ ਭੂਮੀਪਤੀਆਂ ਅਤੇ ਸ਼ਾਹੂਕਾਰਾਂ ਦਾ ਦੈਂਤ ਉਹਨਾਂ ਨੂੰ ਨਿਗਲਣ ਲਈ ਉਡੀਕ ਰਿਹਾ ਹੈ। ਹੋਰ ਸਮੱਸਿਆਵਾਂ ਦੇ ਨਾਲ-ਨਾਲ ਔਰਤਾਂ ਨਾਲ ਵਿਤਕਰੇ ਅਤੇ ਜਾਤਪਾਤੀ ਧੌਂਸ ਦਾ ਵਧਣਾ ਤੈਅ ਹੈ। ਨੋਟਬੰਦੀ, ਜੀਐੱਸਟੀ ਆਦਿ 'ਮਾਸਟਰ ਸਟਰੋਕ' ਦੇ ਬਰਬਾਦ ਕੀਤੇ ਮਾਈਕ੍ਰੋ, ਛੋਟੇ ਅਤੇ ਦਰਮਿਆਨੇ ਕਾਰੋਬਾਰ ਹੋਰ ਜ਼ਿਆਦਾ ਤਬਾਹ ਹੋ ਗਏ ਹਨ। ਪਿਛਲੇ ਛੇ ਮਹੀਨਿਆਂ ਵਿਚ 14 ਕਰੋੜ ਲੋਕਾਂ ਦਾ ਰੋਜ਼ਗਾਰ ਖੁੱਸ ਗਿਆ। ਖੇਤੀ ਖੇਤਰ ਪਹਿਲਾਂ ਹੀ ਬੇਤਹਾਸ਼ਾ ਸੰਕਟਗ੍ਰਸਤ ਹੈ, ਉਸ ਉੱਪਰ ਪ੍ਰਵਾਸੀਆਂ ਦੇ ਜਾਣ ਨਾਲ ਰੋਜ਼ਗਾਰ ਦਾ ਬੋਝ ਹੋਰ ਵਧੇਗਾ। 7 ਕਰੋੜ ਦੇ ਕਰੀਬ ਮਾਈਕਰੋ ਅਤੇ ਛੋਟੇ ਕਾਰੋਬਾਰਾਂ ਅਤੇ ਕਿਰਤੀਆਂ ਨੂੰ 'ਜਿਊਣਾ ਸਿੱਖਣ' ਦੀ ਅਗਨੀ-ਪ੍ਰੀਖਿਆ ਵਿਚ ਪਾਇਆ ਜਾ ਰਿਹਾ ਹੈ। 20 ਲੱਖ ਕਰੋੜ ਦੇ ਪੈਕੇਜ ਜ਼ਿਆਦਾਤਰ 'ਲੋਨ ਮੇਲਾ' ਹਨ, ਜਦਕਿ ਮੰਦੇਹਾਲ ਕਾਰੋਬਾਰਾਂ ਨੂੰ ਨਗਦ ਸਹਾਇਤਾ ਦੀ ਲੋੜ ਹੈ। ਮਨਰੇਗਾ ਅਤੇ ਕੁਛ ਹੋਰ ਪੁਰਾਣੀਆਂ ਸਕੀਮਾਂ ਦੇ ਬਜਟ ਐਲਾਨਾਂ ਨੂੰ ਹੀ ਨਵੇਂ ਪੈਕੇਜਾਂ ਵਿਚ ਦਿਖਾ ਦਿੱਤਾ ਗਿਆ ਹੈ ਅਤੇ ਇਹਨਾਂ ਵਿਚ ਕੁਝ ਹਜ਼ਾਰ ਕਰੋੜ ਹੀ ਨਵੇਂ ਫੰਡ ਜਾਰੀ ਕੀਤੇ ਗਏ ਹਨ ਜੋ ਅਵਾਮ ਦੀ ਖ਼ਰੀਦ ਸ਼ਕਤੀ ਬਣਾ ਸਕਦੇ ਹਨ।

ਸਭ ਤੋਂ ਵੱਡਾ ਸੰਕਟ ਆਮ ਬੀਮਾਰੀਆਂ ਦੇ ਇਲਾਜ ਦਾ ਹੈ। ਹਰ ਮਹੀਨੇ 21600 ਬੱਚੇ (ਰੋਜ਼ਾਨਾ 720 ਬੱਚੇ) ਟੱਟੀਆਂ-ਉਲਟੀਆਂ ਜਾਂ ਨਮੂਨੀਏ ਕਾਰਨ ਦਮ ਤੋੜ ਦਿੰਦੇ ਹਨ। ਤਾਲਾਬੰਦੀ ਤੋਂ ਲੈ ਕੇ ਆਗਰਾ ਵਿਚ 145 ਤਪਦਿਕ ਮਰੀਜ਼ ਬਿਨਾਂ ਇਲਾਜ ਮੌਤ ਦੇ ਮੂੰਹ 'ਚ ਜਾ ਪਏ। ਦਹਿ-ਹਜ਼ਾਰਾਂ ਲੋਕ ਹੋਰ ਬੀਮਾਰੀਆਂ ਅਤੇ ਸੜਕੀ ਹਾਦਸਿਆਂ ਨੇ ਨਿਗਲ ਲਏ। ਉਹਨਾਂ ਦੀ ਕੋਈ ਗਿਣਤੀ ਨਹੀਂ ਕਿਉਂਕਿ ਅੰਕੜੇ ਸਿਰਫ਼ ਕਰੋਨਾ ਵਾਇਰਸ ਨਾਲ ਮੌਤਾਂ ਦੇ ਜਾਰੀ ਕੀਤੇ ਜਾਂਦੇ ਹਨ। ਭਾਰਤ ਦੇ ਅਵਾਮ ਸੱਤ ਦਹਾਕਿਆਂ ਤੋਂ 'ਆਜ਼ਾਦ' ਭਾਰਤ ਵਿਚ ਮਲੇਰੀਆ, ਟੀਬੀ, ਕੁਪੋਸ਼ਣ ਦੀ ਮਹਾਂਮਾਰੀ ਨਾਲ ਮੌਤਾਂ ਵਰਗੀਆਂ ਇਲਾਜਯੋਗ ਬੀਮਾਰੀਆਂ ਨਾਲ ਲੜਦੇ ਆਏ ਹਨ। ਉਹ 'ਕੋਵਿਡ-19' ਦੀ ਨਵੀਂ ਮਹਾਂਮਾਰੀ ਨਾਲ 'ਜਿਊਣਾ' ਵੀ ਸਿੱਖ ਲੈਣਗੇ ਜੋ ਅਜੇ ਤਕ ਲਾਇਲਾਜ ਮੰਨੀ ਜਾਂਦੀ ਹੈ। ਅਸਲ ਸਵਾਲ ਇਸ ਤੋਂ ਵੀ ਵਧੇਰੇ ਖ਼ਤਰਨਾਕ ਵਾਇਰਸ ਨਾਲ ਨਜਿੱਠਣ ਦਾ ਹੈ ਜੋ ਚੁੱਪਚੁਪੀਤੇ ਆਪਣੇ ਪੈਰ ਪਸਾਰ ਰਿਹਾ ਹੈ। ਜਾਗਦੇ ਦਿਮਾਗਾਂ ਵਾਲੇ ਬੁੱਝ ਸਕਦੇ ਹਨ ਕਿ ਮਹਾਮਾਰੀ ਵਿਰੁੱਧ 'ਮਹਾਭਾਰਤ' ਦੀ ਬਜਾਏ ਹੁਕਮਰਾਨ ਧਿਰ ਅਸਲ ਯੁੱਧ ਤਾਂ ਆਪਣੇ ਹੀ ਲੋਕਾਂ ਵਿਰੁੱਧ ਲੜ ਰਹੀ ਹੈ। ਮਹਾਮਾਰੀ ਸਿਹਤ ਖੇਤਰ ਦਾ ਮਸਲਾ ਸੀ, ਇਸ ਵਿਰੁੱਧ 'ਯੁੱਧ' ਦੀ ਕਮਾਨ ਹੁਕਮਰਾਨਾਂ ਵੱਲੋਂ ਜਾਣ-ਬੁੱਝ ਕੇ ਪੁਲਿਸ ਨੂੰ ਸੌਂਪੀ ਗਈ ਜਿਵੇਂ ਕਿਤੇ ਇਹ ਮਹਿਜ਼ ਅਮਨ-ਕਾਨੂੰਨ ਦਾ ਮਸਲਾ ਹੋਵੇ। ਸਮਾਜਿਕ ਜਾਗਰੂਕਤਾ ਵਧਾਉਣ ਲਈ ਮੁਹਿੰਮ ਚਲਾਉਣ ਦੀ ਬਜਾਏ ਕਰਫ਼ਿਊ ਥੋਪ ਦਿੱਤਾ ਗਿਆ। ਹਸਪਤਾਲਾਂ ਦੇ 'ਫਰੰਟਲਾਈਨ ਯੋਧੇ' ਵੀ ਸੱਤਾ ਦੇ ਡੰਡੇ ਖਾਂਦੇ ਦੇਖੇ ਗਏ। ਕੋਵਿਡ-19 ਬਾਰੇ ਪ੍ਰਚਲਤ ਹੈ ਕਿ ਇਸ ਦੀਆਂ ਕੋਈ ਪੱਕੀਆਂ ਅਲਾਮਤਾਂ ਨਾ ਹੋਣ ਕਾਰਨ ਇਸ ਮਰਜ਼ ਨੂੰ ਬੁੱਝਣਾ ਬਹੁਤ ਮੁਸ਼ਕਿਲ ਹੈ। ਉਸ ਰਾਜਨੀਤਕ ਵਾਇਰਸ ਦਾ ਵੀ ਇਹੀ ਜਮਾਂਦਰੂ ਗੁਣ ਹੈ ਜਿਸ ਦੀ ਲਪੇਟ ਵਿਚ ਭਾਰਤ ਆਇਆ ਹੋਇਆ ਹੈ। ਮਹਾਮਾਰੀ ਵਿਰੁੱਧ 'ਯੁੱਧ' ਵਿਚ ਹੁਕਮਰਾਨ ਧਿਰ ਦੀ ਮੁਕੰਮਲ ਟੇਕ ਸਮਾਜੀ ਜਾਗਰੂਕਤਾ ਅਤੇ ਭਾਈਚਾਰਕ ਇਕਮੁੱਠਤਾ ਦੀ ਬਜਾਏ 'ਸਮਾਜਿਕ ਵਿੱਥ' ਅਤੇ ਸੱਤਾ ਦੇ ਡੰਡੇ ਉੱਪਰ ਹੈ। ਭਾਜਪਾ ਦੇ ਰਾਜ ਦੇ ਛੇ ਸਾਲਾਂ ਵਿਚ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹਿੱਸਿਆਂ ਤੋਂ ਲੈ ਕੇ, ਆਲੋਚਨਾਤਮਕ ਬੌਧਿਕ ਹਲਕਿਆਂ, ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਨਿਆਂ ਪ੍ਰਣਾਲੀ ਦੇ ਜੱਜਾਂ ਤਕ ਸਾਰਿਆਂ ਨੂੰ ਸੱਤਾ ਦੀ ਸੂਈ ਦੇ ਨੱਕੇ ਵਿਚ ਦੀ ਲੰਘਾਇਆ ਗਿਆ ਹੈ, ਇਹ ਸਿਲਸਿਲਾ ਹੁਣ ਵੀ ਬਾਦਸਤੂਰ ਜਾਰੀ ਹੈ। ਤਾਲਾਬੰਦੀ ਤਾਂ ਨਾਗਰਿਕਾਂ ਦੀ ਹੁਕਮਰਾਨ ਧਿਰ ਦੀ ਰਜ਼ਾ ਮੁਤਾਬਿਕ ਸਵੈ ਦੀ ਢਲਾਈ ਕਰਨ ਦੀ ਆਦਤ ਨੂੰ ਪੱਕੀ ਕਰਨ ਦੀ ਕੋਸ਼ਿਸ਼ ਹੀ ਹੈ। ਤਾਲਾਬੰਦੀ ਸਿਰਫ਼ ਨਾਗਰਿਕਾਂ ਲਈ ਹੈ, ਹੁਕਮਰਾਨ ਧਿਰ ਦੇ ਪੈਂਡਿੰਗ ਏਜੰਡਿਆਂ ਉੱਪਰ ਕੋਈ ਪਾਬੰਦੀ ਨਹੀਂ ਹੈ। ਉਹਨਾਂ ਦਾ ਕੰਮ ਤਾਂ ਕਰੋਨਾ ਦੇ ਬਹਾਨੇ ਸਗੋਂ ਹੋਰ ਵੀ ਸੌਖਾ ਹੋ ਗਿਆ ਹੈ। ਇਸ ਦੌਰਾਨ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਲੁਟੇਰਿਆਂ ਦੇ 68000 ਕਰੋੜ ਮਾਫ਼ ਕਰ ਦਿੱਤੇ ਗਏ। ਛੇ ਹਵਾਈ ਅੱਡੇ ਹੋਰ ਨੀਲਾਮ ਕਰ ਦਿੱਤੇ ਗਏ। ਖਾਣਾਂ ਅਤੇ ਡਿਫੈਂਸ ਦਾ ਨਿੱਜੀਕਰਨ ਸਿਰੇ ਲਾ ਦਿੱਤਾ ਗਿਆ। ਮੋਦੀ ਸਰਕਾਰ ਲਈ ਤਾਂ ਕਰੋਨਾ ਵਾਇਰਸ ਬਹੁਮੁੱਲਾ ਤੋਹਫ਼ਾ ਬਣ ਕੇ ਆਇਆ ਹੈ।

ਹੁਣ ਯੂਏਪੀਏ, ਐਨਐੱਸਏ, ਸੈਡੀਸ਼ਨ ਵਗੈਰਾ ਦੇ ਨਾਲ ਡਿਜ਼ਾਸਟਰ ਮੈਨੇਜਮੈਂਟ ਐਕਟ ਵੀ ਹੁਕਮਰਾਨਾਂ ਦੇ ਹੱਥਾਂ ਵਿਚ ਇਕ ਰਾਜਨੀਤਕ ਹਥਿਆਰ ਹੈ। ਸੀਏਏ-ਐੱਨਆਰਸੀ ਵਿਰੁੱਧ ਪੂਰੇ ਮੁਲਕ ਵਿਚ ਹੋਈ ਵਿਆਪਕ ਲੋਕ ਲਾਮਬੰਦੀ ਨੂੰ ਇਕੋ ਝਟਕੇ ਨਾਲ ਕੁਚਲ ਦਿੱਤਾ ਗਿਆ। ਸਰਗਰਮ ਕਾਰਕੁੰਨਾਂ, ਖ਼ਾਸ ਕਰਕੇ ਮੁਸਲਿਮ ਲੜਕੀਆਂ ਨੂੰ ਯੂਏਪੀਏ ਲਗਾ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਅਤੇ ਸੂਚੀਆਂ ਬਣਾ ਕੇ ਆਏ ਦਿਨ ਹੋਰ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਫਰਵਰੀ ਹਿੰਸਾ ਦਾ ਸ਼ਿਕਾਰ ਹੋਏ ਮੁਸਲਮਾਨਾਂ ਦੀ ਇਨਸਾਫ਼ ਦੀ ਲੜਾਈ ਦੇ ਪੂਰੇ ਸਵਾਲ ਨੂੰ ਹੀ ਦਬਾ ਦਿੱਤਾ ਗਿਆ, ਹੁਣ ਕੋਈ ਨਹੀਂ ਜਾਣਦਾ ਕਿ ਉੱਤਰ-ਪੂਰਬੀ ਦਿੱਲੀ ਵਿੱਚੋਂ ਉਜਾੜੇ ਗਏ ਉਹਨਾਂ ਮੁਸਲਿਮ ਮਜ਼ਲੂਮਾਂ ਦਾ ਕੀ ਬਣਿਆ ਜਿਹਨਾਂ ਨੂੰ ਹਿੰਸਾ ਤੋਂ ਬਾਦ ਆਰਜ਼ੀ ਕੈਂਪਾਂ ਵਿਚ ਠਹਿਰਾਇਆ ਗਿਆ ਸੀ। ਉੱਘੇ ਲੋਕਪੱਖੀ ਬੁੱਧੀਜੀਵੀਆਂ ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ ਨੂੰ ਜੇਲ੍ਹ ਭੇਜ ਦਿੱਤਾ ਗਿਆ। ਤਬਲੀਗੀ ਮਰਕਜ਼ ਦੇ ਬਹਾਨੇ ਮੁਸਲਿਮ ਫਿਰਕੇ ਨੂੰ ਬਦਨਾਮ ਕਰਨ ਅਤੇ ਉਹਨਾਂ ਦੇ ਕਾਰੋਬਾਰਾਂ ਦਾ ਬਾਈਕਾਟ ਕਰਨ ਅਤੇ ਕਮਜ਼ੋਰ ਤੇ ਪਿਛੜੇ ਹੋਏ ਮੁਸਲਿਮ ਭਾਈਚਾਰੇ ਦਾ ਆਰਥਕ ਤੌਰ 'ਤੇ ਲੱਕ ਤੋੜਨ ਦੀ ਘਿਨਾਉਣੀ ਸਿਆਸਤ ਖੇਡੀ ਗਈ। ਇਕ ਸਭ ਤੋਂ ਖ਼ਤਰਨਾਕ ਹਮਲਾ ਮਜ਼ਦੂਰ ਜਮਾਤ ਉੱਪਰ ਕੀਤਾ ਗਿਆ ਹੈ। ਜੋ 44 ਕਿਰਤ ਕਾਨੂੰਨਾਂ ਨੂੰ 4 ਕੋਡਾਂ ਵਿਚ ਬਦਲਣ ਦੇ ਏਜੰਡੇ ਦੀ ਲਗਾਤਾਰਤਾ ਹੈ। ਅੱਠ ਘੰਟੇ ਦੀ ਕੰਮ ਦਿਹਾੜੀ, ਟਰੇਡ ਯੂਨੀਅਨ ਨੂੰ ਮਾਨਤਾ ਅਤੇ ਕਿਰਤ ਕਾਨੂੰਨਾਂ ਜ਼ਰੀਏ ਮਜ਼ਦੂਰਾਂ ਦੀ ਕਾਨੂੰਨੀ ਸੁਰੱਖਿਆ ਦਾ ਭੋਗ ਪਾ ਕੇ ਮਜ਼ਦੂਰ ਜਮਾਤ ਦੀਆਂ ਇਤਿਹਾਸ-ਸਿਰਜਕ ਜਿੱਤਾਂ ਨੂੰ ਬੀਤੇ ਦਾ ਇਤਿਹਾਸ ਬਣਾਇਆ ਜਾ ਰਿਹਾ ਹੈ। ਯੂਪੀ, ਗੁਜਰਾਤ ਅਤੇ ਮੱਧ ਪ੍ਰਦੇਸ਼, ਤਿੰਨ ਰਾਜ ਸਰਕਾਰਾਂ ਵੱਲੋਂ 38 ਕਿਰਤ ਕਾਨੂੰਨਾਂ ਵਿੱਚੋਂ ਜ਼ਿਆਦਾਤਰ ਨੂੰ ਤਿੰਨ ਸਾਲ ਲਈ ਜਾਮ ਕਰਨਾ ਇਕ ਵਕਤੀ ਫ਼ੈਸਲਾ ਨਾ ਹੋ ਕੇ ਪੱਕੇ ਤੌਰ 'ਤੇ ਖ਼ਾਤਮੇ ਦੀ ਦਿਸ਼ਾ 'ਚ ਚੁੱਕਿਆ ਕਦਮ ਹੈ। ਇਹ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇ ਕੇ ਕਿਰਤੀ ਅਵਾਮ ਨੂੰ ਅੰਗਰੇਜ਼ ਰਾਜ ਦੀ ਕਿਰਤ ਦਾਸਤਾ ਦੇ ਦੌਰ ਵਿਚ ਵਾਪਸ ਲਿਜਾਣ ਦਾ ਯਤਨ ਹੈ। ਨਾਗਰਿਕਤਾ ਦੀ ਨਿੱਜਤਾ ਵਿਚ ਘੁਸਪੈਠ ਕਾਰਨ 'ਸਰਵੇਲੈਂਸ ਸਟੇਟ' ਪਹਿਲਾਂ ਹੀ ਵਿਵਾਦਾਂ ਵਿਚ ਘਿਰਿਆ ਹੋਇਆ ਸੀ, ਹੁਣ ਇਸ ਨੇ ਆਪਣੇ ਭੱਥੇ ਵਿਚ 'ਅਰੋਗਿਆ ਸੇਤੂ ਐਪ' ਦਾ ਨਵਾਂ ਤੀਰ ਸ਼ਾਮਲ ਕਰ ਲਿਆ ਹੈ। ਇਸ ਬਹੁਪਰਤੀ ਹਮਲੇ ਵਿਰੁੱਧ ਭਾਰਤੀ ਅਵਾਮ ਵਿਚ ਅੰਦਰੋ-ਅੰਦਰੀ ਬੇਚੈਨੀ ਅਤੇ ਰੋਹ ਹੈ। ਲੇਕਿਨ ਮਜ਼ਲੂਮ ਹਿੱਸਿਆਂ, ਸੱਤਾ ਦੇ ਲਤਾੜੇ ਅਤੇ ਮਹਾਮਾਰੀ ਦੇ ਝੰਬੇ ਅਵਾਮ ਦੇ ਆਪਣੇ ਪੂਰੀ ਤਰ੍ਹਾਂ ਜਾਇਜ਼ ਮਸਲਿਆਂ ਦੀ ਸੁਣਵਾਈ ਅਤੇ ਹੱਲ ਲਈ ਇਕੱਠੇ ਹੋ ਕੇ ਸੜਕਾਂ ਉੱਪਰ ਆਉਣ ਦਾ ਰਾਹ ਤਾਲਾਬੰਦੀ ਰੋਕੀ ਬੈਠੀ ਹੈ।

ਜ਼ਿਆਦਾਤਰ ਮੀਡੀਆ ਵਿਚ ਸਿਰਫ਼ ਕਰੋਨਾ ਦੀਆਂ ਖ਼ਬਰਾਂ ਹਨ, ਵਿਰਾਟ ਮਸਲਿਆਂ ਉੱਪਰ ਪਰਦਾਪੋਸ਼ੀ ਕੀਤੀ ਜਾ ਰਹੀ ਹੈ। ਸਟੇਟ ਦੀ ਜਵਾਬਦੇਹੀ ਦੀ ਮੰਗ ਕਰਨ ਦੀ ਥਾਂ ਸਮਾਜ ਦੇ ਜ਼ਿਆਦਾਤਰ ਪੜ੍ਹਲਿਖੇ ਹਿੱਸੇ ਵਿਚ ਦਰਬਾਰੀ ਰਾਗ ਦਾ ਅਲਾਪ ਭਾਰੂ ਹੈ। ਜਿਸ ਮੱਧ ਵਰਗ ਦੇ ਜ਼ਿਆਦਾਤਰ ਹਿੱਸੇ ਦੇ ਭਵਿੱਖ ਨੂੰ ਡੋਬਣ ਦੇ ਫ਼ੈਸਲੇ ਲਏ ਜਾ ਰਹੇ ਹਨ, ਉਸ ਦੀਆਂ ਬਾਲਕੋਨੀਆਂ ਸੱਤਾ ਦੇ ਗਲਿਆਰਿਆਂ ਦੇ ਸਿਖ਼ਰਲੇ ਗੁੰਬਦ ਵਿੱਚੋਂ ਉਚਾਰੇ ਜਾਂਦੇ ਮੰਤਰਾਂ ਦਾ ਜਾਪ ਕਰਨ ਵਿਚ ਮੋਹਰੀ ਹਨ। ਥਾਲੀਆਂ, ਟੱਲੀਆਂ ਦੇ ਅਸ਼ਲੀਲ ਸ਼ੋਰ ਅਤੇ ਮੋਮਬੱਤੀਆਂ, ਦੀਵਿਆਂ ਦੀ ਚਮਕ ਦੀ ਚੁੰਧਿਆਈ ਲਾਈਲੱਗ ਜ਼ਿਹਨੀਅਤ ਸਰਕਾਰੀ ਸਿਹਤ ਸੇਵਾਵਾਂ ਦੀ ਦੁਰਦਸ਼ਾ ਅਤੇ ਕਰੋਨਾ ਵਿਰੁੱਧ ਜੰਗੇ-ਮੈਦਾਨ ਵਿਚ ਨਿਹੱਥੇ ਲੜ ਰਹੇ 'ਫਰੰਟਲਾਈਨ ਯੋਧਿਆਂ' ਦੀ ਦਿਲ-ਚੀਰਵੀਂ ਵੇਦਨਾ ਨੂੰ ਸੁਣਨ ਤੋਂ ਅਸਮਰੱਥ ਹੈ। ਅੰਬਰ ਤੋਂ ਫੁੱਲਾਂ ਦੀ ਵਰਖਾ ਸੜਕਾਂ, ਰੇਲ ਪੱਟੜੀਆਂ ਉੱਪਰ ਦਮ ਤੋੜ ਰਹੇ ਪ੍ਰਵਾਸੀਆਂ ਦੀਆਂ ਲਾਸ਼ਾਂ ਉੱਪਰ ਪਰਦਾਪੋਸ਼ੀ ਤਾਂ ਕਰ ਨਹੀਂ ਸਕਦੀ, ਇਹ ਰਾਸ਼ਟਰਵਾਦੀ ਸਿਆਸਤ ਦੇ ਚੁੰਧਿਆਏ ਲੋਕਾਂ ਦੇ ਦਿਮਾਗਾਂ ਉੱਪਰ ਪਰਦਾ ਪਾਉਣ ਲਈ ਬਹੁਤ ਕਾਰਗਰ ਸਿੱਧ ਹੋ ਰਹੀ ਹੈ। ਉਹ ਇਹ ਸਮਝਣ ਤੋਂ ਅਸਮਰੱਥ ਹਨ ਕਿ ਮੁਲਕ ਨੂੰ 'ਵਿਸ਼ਵ ਗੁਰੂ' ਬਣਾਉਣ ਲਈ ਆਸਮਾਨ ਨੂੰ ਟਾਕੀਆਂ ਲਾਉਣ ਵਾਲੇ ਭਗਵੇਂ ਹੁਕਮਰਾਨ ਮਹਾਮਾਰੀ ਨਾਲ ਮਹਾਂਭਾਰਤ ਲੜਦੇ ਲੜਦੇ 'ਸਵੈਨਿਰਭਰ ਹੋਣ ਦੀ ਲੋੜ' ਦੇ ਪਾਤਾਲ ਵਿਚ ਕਿਉਂ ਜਾ ਡਿਗੇ।


ਆਲਮੀ ਪੱਧਰ 'ਤੇ ਜਿਸ ਖੁੱਲ੍ਹੀ ਮੰਡੀ ਪੂੰਜੀਵਾਦ ਦੇ ਮਾਡਲ ਦਾ ਬੋਲਬਾਲਾ ਹੈ, ਉਹ ਢਾਂਚਾਗਤ ਤੌਰ 'ਤੇ ਮਹਾਮਾਰੀਆਂ ਨੂੰ ਠੱਲ ਪਾਉਣ ਦੇ ਨਾਕਾਬਿਲ ਸਾਬਤ ਹੋਇਆ ਹੈ। ਇਹ ਮਹਿਜ਼ ਸੱਤਾ ਦੀ ਦਹਿਸ਼ਤ, ਸਾਜ਼ਿਸ਼ਾਂ, ਨਸਲਵਾਦ ਅਤੇ ਘੋਰ ਸੱਜੇਪੱਖੀ ਸਿਆਸਤ ਦੀ ਸੱਤਾਨਸ਼ੀਨੀ ਦਾ ਹਥਿਆਰ ਹੈ। ਜਿਸ ਮਾਡਲ ਨੂੰ 'ਇਤਿਹਾਸ ਦਾ ਅੰਤ' ਦੇ ਬੁਰਜੂਆ ਬੌਧਿਕ ਜਸ਼ਨਾਂ ਨਾਲ ਪ੍ਰਚਾਰਿਆ-ਪਸਾਰਿਆ ਗਿਆ ਉਸ ਦੀ ਲਾਸ਼ਾਂ ਨੂੰ ਸਾਂਭਣ ਦੀ ਨਾਕਾਮੀ ਨੇ ਬਦਲਵੇਂ ਪ੍ਰਬੰਧ ਦੀ ਲੋੜ ਅਤੇ ਪ੍ਰਸੰਗਿਕਤਾ ਦੇ ਸਵਾਲ ਨੂੰ ਮੁੜ ਸਾਹਮਣੇ ਲੈ ਆਂਦਾ ਹੈ। ਲਿਹਾਜ਼ਾ, ਮਨੁੱਖੀ ਨਸਲ ਅੱਗੇ ਚੁਣੌਤੀ ਮਹਿਜ਼ ਮਹਾਮਾਰੀ ਨਾਲ ਲੜਨ ਦੀ ਹੀ ਨਹੀਂ ਹੈ ਇਸ ਅੱਗੇ ਮਹਾਮਾਰੀਆਂ ਨੂੰ ਜਨਮ ਦੇਣ ਅਤੇ ਇਹਨਾਂ ਦੇ ਵਧਾਰੇ-ਪਸਾਰੇ ਲਈ ਹਾਲਾਤ ਪੈਦਾ ਕਰਨ ਵਾਲੇ ਪੂੰਜੀਵਾਦ-ਸਾਮਰਾਜਵਾਦ ਤੋਂ ਬੰਦ-ਖ਼ਲਾਸੀ ਪਾਉਣ ਦਾ ਵਡੇਰਾ ਸਵਾਲ ਵੀ ਹੈ। 'ਵਿਸ਼ਵ ਗੁਰੂ' ਬਣਨ ਲਈ ਤਾਹੂ ਆਪੇ ਬਣੇ ਵਾਹਦ ਦੇਸ਼ਭਗਤਾਂ ਦਾ 'ਹਿੰਦੂ ਰਾਸ਼ਟਰ' ਦਾ ਰਾਜਨੀਤਕ ਮਾਡਲ ਇਸ ਤੋਂ ਵੀ ਚਾਰ ਕਦਮ ਅੱਗੇ ਹੈ। ਜੋ ਕਰੋਨੀ ਪੂੰਜੀਵਾਦੀ ਦੀ ਪੁਸ਼ਤ-ਪਨਾਹੀ ਦੇ ਨਾਲ-ਨਾਲ ਸ਼ਰੇਆਮ ਫਿਰਕੂ ਬਹੁਗਿਣਤੀਵਾਦੀ, ਉੱਚਜਾਤੀ ਦਹਿਸ਼ਤੀ ਰਾਜਨੀਤੀ ਦੀ ਸ਼ਕਲ ਵਿਚ ਦਨਦਨਾ ਰਿਹਾ ਹੈ।

'ਕਰੋਨਾ ਨਾਲ ਜਿਊਣ' ਦੀਆਂ ਨਸੀਹਤਾਂ ਦੇ ਮੱਦੇਨਜ਼ਰ, ਹੁਣ ਅਵਾਮ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਅਣਮਨੁੱਖੀ ਹਾਲਾਤ ਵਿਚ ਅਤੇ ਜਾਬਰ ਰਾਜ ਹੇਠ ਮਨ ਮਾਰ ਕੇ ਜਿਊਣ ਦੀ ਆਦਤ ਪੱਕੀ ਕਰਨੀ ਹੈ, ਬ੍ਰਾਹਮਣਵਾਦ ਦੇ ਬੋਲਬਾਲੇ ਵਾਲਾ 'ਸੁਨਹਿਰੀ ਯੁਗ' ਵਾਪਸ ਲਿਆਂਦੇ ਜਾਣ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹਿਣਾ ਹੈ ਜਾਂ ਮਨੁੱਖੀ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਜ਼ਾਮਨੀ ਦੇਣ ਵਾਲੇ ਬਦਲਵੇਂ ਪ੍ਰਬੰਧ ਲਈ ਕਮਰਕੱਸੇ ਕਰਕੇ ਲੜਨਾ ਹੈ।

# ਪੁਲਿਸ ਕੇਂਦਰੀ ਹੁਕਮਰਾਨ ਧਿਰ ਦਾ ਵਿੰਗ ਬਣ ਕੇ ਗ੍ਰਿਫ਼ਤਾਰੀਆਂ ਕਰਨੀਆਂ ਬੰਦ ਕਰੇ - ਜਮਹੂਰੀ ਅਧਿਕਾਰ ਸਭਾ

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏਕੇ ਮਲੇਰੀ, ਜਨਰਲ ਸਕੱਤਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਕੇ 'ਪਿੰਜਰਾ ਤੋੜ' ਮੁਹਿੰਮ ਦੀਆਂ ਸਰਗਰਮ ਵਿਦਿਆਰਥਣਾਂ ਨਤਾਸ਼ਾ ਨਰਵਾਲ ਅਤੇ ਦੇਵਾਂਗਨਾ ਕਾਲੀਤਾ ਨੂੰ ਦਿੱਲੀ ਪੁਲਿਸ ਵੱਲੋਂ ਹਿੰਸਾ ਭੜਕਾਉਣ ਦਾ ਝੂਠਾ ਦੋਸ਼ ਲਗਾ ਕੇ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਹ ਸਰਕਾਰ ਅਤੇ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਦੀ ਡੂੰਘੀ ਚਾਲ ਹੈ ਜਿਸ ਤਹਿਤ ਸਮਾਜਿਕ ਨਿਆਂ ਅਤੇ ਫਿਰਕੂ ਸਦਭਾਵਨਾ ਲਈ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਾਰਕੁੰਨਾਂ, ਖ਼ਾਸ ਕਰਕੇ ਰੌਸ਼ਨ-ਖ਼ਿਆਲ ਲੜਕੀਆਂ ਨੂੰ ਚੁਣ ਚੁਣ ਕੇ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਹ ਲੜਕੀਆਂ ਨਾ ਸਿਰਫ਼ ਭਾਜਪਾ ਸਰਕਾਰ ਦੇ ਫਿਰਕਾਪ੍ਰਸਤ ਕਾਨੂੰਨਾਂ ਵਿਰੁੱਧ ਲੋਕ ਰਾਇ ਖੜ੍ਹੀ ਕਰਨ 'ਚ ਮੋਹਰੀ ਰਹੀਆਂ ਸਗੋਂ ਜੋ ਔਰਤ ਵਰਗ ਨੂੰ ਸਦੀਵੀ ਦਾਬੇ ਹੇਠ ਰੱਖਣ ਵਾਲੀ ਸਮਾਜ ਦੀ ਮਰਦਾਵੀਂ ਸੱਤਾ ਅਤੇ ਔਰਤ ਵਿਰੋਧੀ ਸਮਾਜਿਕ ਕਦਰਾਂ-ਕੀਮਤਾਂ ਵਿਰੁੱਧ ਅਗਾਂਹਵਧੂ ਸੰਘਰਸ਼ ਦਾ ਮਾਣਮੱਤਾ ਚਿੰਨ੍ਹ ਹਨ। ਸਭ ਤੋਂ ਖ਼ਤਰਨਾਕ ਪੱਖ ਇਹ ਹੈ ਕਿ ਪੁਲਿਸ ਸੱਤਾਧਾਰੀ ਭਾਜਪਾ-ਆਰਐੱਸਐੱਸ ਦੇ ਇਕ ਸਿਆਸੀ ਵਿੰਗ ਵਜੋਂ ਕੰਮ ਕਰ ਰਹੀ ਹੈ। ਆਜ਼ਾਦਾਨਾ ਤਫ਼ਤੀਸ਼ ਦੇ ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪੁਲਿਸ ਸੱਤਾਧਾਰੀ ਧਿਰ ਦੇ ਸੌੜੇ ਹਿਤ ਪੂਰੇ ਕਰਨ 'ਚ ਜੁੱਟੀ ਹੋਈ ਹੈ। ਇਸ ਵੱਲੋਂ ਸੱਤਾਧਾਰੀ ਦੇ ਇਸ਼ਾਰੇ 'ਤੇ ਕੀਤੀ ਜਾ ਰਹੀ ਬਦਲਾ ਲਊ ਕਾਰਵਾਈ ਦਾ ਇੱਕੋਇਕ ਮਨੋਰਥ ਸਵਾਲ ਕਰਨ ਵਾਲਿਆਂ ਨੂੰ ਦਬਾਉਣਾ ਅਤੇ ਹਕੂਮਤੀ ਮਨਮਾਨੀਆਂ ਲਈ ਰਾਹ ਪੱਧਰਾ ਕਰਨਾ ਹੈ। ਇਸੇ ਸਿਲਸਿਲੇ ਵਿਚ 50 ਤੋਂ ਉੱਪਰ ਕਾਰਕੁੰਨਾਂ ਦੀ ਸੂਚੀ ਬਣਾ ਕੇ ਪਹਿਲਾਂ ਸਫ਼ੂਰਾ ਜ਼ਰਗਰ, ਮੀਰਾਨ ਹੈਦਰ, ਸ਼ਰਜੀਲ ਇਮਾਮ ਅਤੇ ਹੋਰ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਮਰ ਖ਼ਾਲਿਦ ਉੱਪਰ ਯੂਏਪੀਏ ਤਹਿਤ ਪਰਚਾ ਕੀਤਾ ਗਿਆ। ਜਦ ਕਿ ਹਿੰਸਾ ਭੜਕਾਉਣ ਵਾਲੇ, ਉਕਸਾਊ ਭਾਸ਼ਣ ਦੇਣ ਵਾਲੇ ਤੇ ਸੋਸ਼ਲ ਮੀਡੀਆ ਉੱਪਰ ਝੂਠ ਫੈਲਾਉਣ ਵਾਲੇ ਖੁੱਲ੍ਹੇਆਮ ਘੁੰਮ ਰਹੇ ਹਨ। ਇਹ ਅੰਗਰੇਜ਼ ਦੀ ਪੁਰਾਣੀ ਚਾਲ ਕਿ ਐੱਫਆਈਆਰ ਨੂੰ ਇਸ ਤਰੀਕੇ ਨਾਲ ਖੁੱਲ੍ਹੀ ਰੱਖੋ ਤਾਂ ਕਿਸੇ ਨੂੰ ਵੀ ਰਾਜਸੀ ਮਨ ਮਰਜੀ ਨਾਲ ਕੇਸ ਵਿਚ ਸ਼ਾਮਲ ਕੀਤਾ ਜਾ ਸਕੇ। ਭੀਮਾ-ਕੋਰੇਗਾਓਂ ਹਿੰਸਾ ਸਾਜ਼ਿਸ਼ ਕੇਸ ਦੀ ਤਰ੍ਹਾਂ ਹੀ ਦਿੱਲੀ ਵਿਚ ਫਿਰਕੂ ਹਿੰਸਾ ਭੜਕਾਉਣ ਵਾਲੇ ਸੰਘ ਪਰਿਵਾਰ ਦੇ ਆਗੂਆਂ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਦੇਸ਼ ਭਰ ਵਿੱਚੋਂ ਚੁਣ ਚੁਣ ਕੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਉੱਪਰ ਯੂਏਪੀਏ ਲਗਾਇਆ ਜਾ ਰਿਹਾ ਹੈ। ਭੜਕਾਊ ਫਿਰਕੂ ਭਾਸ਼ਣ ਦੇਣ ਵਾਲੇ ਅਤੇ ਫਿਰਕੂ ਹਜੂਮਾਂ ਦੀ ਅਗਵਾਈ ਕਰਕੇ ਹਿੰਸਾ ਕਰਵਾਉਣ ਵਾਲੇ ਭਾਜਪਾ ਆਗੂਆਂ ਅਨੁਰਾਗ ਠਾਕੁਰ, ਕਪਿਲ ਮਿਸ਼ਰਾ, ਪ੍ਰਵੇਸ਼ ਵਰਮਾ ਸੱਤਾ ਵਿਚ ਅਹੁਦਿਆਂ ਉੱਪਰ ਸ਼ੁਸ਼ੋਭਿਤ ਹਨ ਜਦਕਿ ਹੱਕ, ਸੱਚ ਅਤੇ ਇਨਸਾਫ਼ ਦੀ ਗੱਲ ਕਰਨ ਵਾਲੀਆਂ ਦਲੇਰ ਲੜਕੀਆਂ ਅਤੇ ਕਾਰਕੁੰਨਾਂ ਦੀ ਜੇਲ੍ਹਬੰਦੀ ਯਕੀਨੀ ਬਣਾਉਣਾ ਹੀ ਪੁਲਿਸ ਦਾ ਇੱਕੋਇਕ ਕਾਰਜ ਬਣ ਚੁੱਕਾ ਹੈ। ਦਹਿਸ਼ਤਵਾਦ ਵਿਰੋਧੀ ਕਾਨੂੰਨ ਤਹਿਤ ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀ ਰਾਹੀਂ ਸੱਤਾਧਾਰੀ ਧਿਰ ਸਮਾਜ ਦੇ ਉਹਨਾਂ ਸਾਰੇ ਜਾਗਰੂਕ ਹਿੱਸਿਆਂ ਨੂੰ ਤਾਨਾਸ਼ਾਹ ਸੰਦੇਸ਼ ਦੇ ਕੇ ਚੁੱਪ ਕਰਾਉਣਾ ਚਾਹੁੰਦੀ ਹੈ ਜਿਹਨਾਂ ਵਿਚ ਸਥਾਪਤੀ ਦੀਆਂ ਮਨਮਾਨੀਆਂ ਨੂੰ ਸਵਾਲ ਕਰਨ ਅਤੇ ਇਸ ਵਿਰੁੱਧ ਲੋਕਰਾਇ ਖੜ੍ਹੀ ਕਰਨ ਦਾ ਜਜ਼ਬਾ ਹੈ। ਉਹਨਾਂ ਨੇ ਸਮੂਹ ਇਨਸਾਫ਼ਪਸੰਦ, ਜਮਹੂਰੀ ਤਾਕਤਾਂ ਨੂੰ ਜਮਹੂਰੀ ਹੱਕਾਂ ਦੀ ਰਾਖੀ ਲਈ ਸੱਤਾਧਾਰੀ ਧਿਰ ਦੇ ਇਸ ਹਮਲੇ ਦਾ ਡੱਟ ਕੇ ਵਿਸ਼ਾਲ ਲਾਮਬੰਦੀ ਦੁਆਰਾ ਮੁਕਾਬਲਾ ਕਰਨ ਦੀ ਅਪੀਲ ਕੀਤੀ ਹੈ। ਅੱਜ ਦੇ ਤੰਗੀ ਤੇ ਮੰਦਵਾੜੇ ਦੇ ਦੌਰ ਵਿਚ ਜਨਤਾ ਦੇ ਜਮਹੂਰੀ ਹੱਕ ਉਹ ਹੱਕ ਹਨ ਜਿਸ ਦੀ ਰਾਖੀ ਕਰਕੇ ਹੀ ਭਾਰਤੀ ਲੋਕ ਬਰਾਬਰੀ ਵਾਲੇ ਸਮਾਜ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਲਈ ਜੂਝ ਸਕਦੇ ਹਨ।

# ਧੁਖਦਾ ਰੋਹ ਭਾਂਬੜ ਹੋ ਮੱਚਿਆ ਖਾੜਕੂ ਨੌਜਵਾਨ ਰਿਆਜ਼ ਨਾਇਕੂ ਦੀ ਮੌਤ





ਕਸ਼ਮੀਰ ਦਾ ਧੁਖਦਾ ਰੋਹ ਇੱਕ ਵਾਰ ਫਿਰ ਮੱਚ ਉੱਠਿਆ ਹੈ।ਇਹਨਾਂ ਭਾਂਬੜਾਂ ਨੂੰ ਹਵਾ ਹਿਜ਼ਬੁਲ ਆਗੂ ਰਿਆਜ਼ ਨਾਇਕੂ ਦੇ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੇ ਕਤਲ ਨੇ ਦਿੱਤੀ ਹੈ। 5 ਅਗਸਤ ਤੋਂ ਬਾਅਦ ਵਾਦੀ ਵਿੱਚ ਵਰਤਾਈ ਸੁੰਨ ਅਤੇ ਕਰੋਨਾ ਵਾਇਰਸ ਦੀਆਂ ਪਾਬੰਦੀਆਂ ਲੋਕਾਂ ਨੂੰ ਵਹੀਰਾਂ ਘੱਤ ਕੇ ਉਸ ਜਗ੍ਹਾ ਜਾਣੋ ਰੋਕ ਨਹੀਂ ਸਕੀਆਂ, ਜਿੱਥੇ ਭਾਰਤੀ ਸੁਰੱਖਿਆ ਦਸਤੇ ਘੇਰਾਬੰਦੀ ਕਰਕੇ ਰਿਆਜ਼ ਨਾਇਕੂ ਅਤੇ ਉਸਦੇ ਸਾਥੀ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਸਨ। ਕਈ ਘੰਟੇ ਚੱਲੇ ਇਸ ਅਣਸਾਂਵੇ ਮੁਕਾਬਲੇ ਦੌਰਾਨ ਜਦੋਂ ਸੈਂਕੜਿਆਂ ਦੀ ਗਿਣਤੀ ਵਿੱਚ ਭਾਰਤੀ ਫੌਜ, ਸੀਆਰਪੀਐਫ, ਕਸ਼ਮੀਰੀ ਪੁਲਸ,ਬਖਤਰਬੰਦ ਗੱਡੀਆਂ, ਕਰੇਨਾਂ, ਧਰਤੀ ਪੁੱਟਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਸੀ, ਆਲੇ-ਦੁਆਲੇ ਦੇ ਸਭ ਰਾਹ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਸਨ, ਇੰਟਰਨੈੱਟ ਤੇ ਫੋਨ ਕੱਟ ਦਿੱਤੇ ਗਏ ਸਨ ਅਤੇ ਦੋਨਾਂ ਖਾੜਕੂਆਂ ਦਾ ਮਰਨਾ ਲਗਭਗ ਤੈਅ ਸੀ ਤਾਂ ਜਿੱਥੇ ਵੀ ਇਸ ਚੱਲ ਰਹੇ ਮੁਕਾਬਲੇ ਦੀ ਖ਼ਬਰ ਪਹੁੰਚੀ, ਲੋਕ ਸਭ ਕੁੱਝ ਛੱਡ ਛਡਾ ਕੇ ਘਟਨਾ ਸਥਾਨ ਵੱਲ ਭੱਜ ਤੁਰੇ ਅਤੇ ਖਾੜਕੂ ਨੌਜਵਾਨਾਂ ਨੂੰ ਬਚਾਉਣ ਦੀ ਕੋਸ਼ਿਸ ਕਰਨ ਲੱਗੇ। ਸੁਰੱਖਿਆ ਬਲਾਂ ਵੱਲੋਂ ਵਾਰੀ ਵਾਰੀ ਖਦੇੜੇ ਜਾਣ ਦੇ ਬਾਵਜੂਦ ਉਹ ਪੱਥਰ ਵਰ੍ਹਾਉਂਦੇ ਰਹੇ। ਪਰ ਮੁਕਾਬਲਾ ਬੇਹੱਦ ਅਣਸਾਵਾਂ ਸੀ ਅਤੇ ਨਾਇਕੂ ਤੇ ਦੂਸਰਾ ਖਾੜਕੂ ਨੌਜਵਾਨ ਮਾਰੇ ਗਏ। ਇਹ ਖਾੜਕੂ ਨੌਜਵਾਨ ਕਸ਼ਮੀਰੀ ਲੋਕਾਂ 'ਚ ਹਰਮਨ ਪਿਆਰੇ ਹਨ। ਬਿਨਾ ਵਖਰੇਂਵੇਂ ਦੇ ਕਿ ਉਹ ਕਿਸ ਜਥੇਬੰਦੀ ਨਾਲ ਸੰਬੰਧਿਤ ਹਨ। ਰਿਆਜ਼ ਨਾਇਕੂ ਬੁਰਹਾਨ ਵਾਨੀ ਤੋਂ ਬਾਅਦ ਹਿਜ਼ਬੁਲ ਮੁਜਾਹੂਦੀਨ ਦਾ ਕਮਾਂਡਰ ਸੀ ਜੋ ਕਿ ਇੱਕ ਗਣਿਤ ਅਧਿਆਪਕ ਵਜੋਂ ਆਪਣੇ ਕਿੱਤੇ ਨੂੰ ਤਿਆਗ ਕੇ ਇਸ ਰਾਹੇ ਤੁਰਿਆ ਸੀ ਜਿਸ ਰਾਹ ਉਪਰ ਦੇਰ ਸਵੇਰ ਮੌਤ ਅਟੱਲ ਸੀ? ਪਹੁੰਚ ਪਖੋਂ ਰਿਆਜ਼ ਨਾਇਕੂ ਵੱਲੋਂ ਕਸ਼ਮੀਰੀ ਪੰਡਤਾਂ ਦੇ ਵਾਦੀ ਅੰਦਰ ਪਰਤਣ ਦੇ ਹੱਕ ਵਿੱਚ ਬਿਆਨ ਦਿੱਤੇ ਜਾਂਦੇ ਰਹੇ ਸਨ ਅਤੇ ਬਹੁਤ ਮੌਕਿਆਂ 'ਤੇ ਕਸ਼ਮੀਰੀਆਂ ਨੂੰ ਇਸਲਾਮਿਕ ਤਾਕਤਾਂ ਹੱਥੋਂ ਵਰਤੇ ਜਾਣ ਤੋਂ ਚੌਕਸ ਵੀ ਕੀਤਾ ਗਿਆ ਸੀ।

5 ਅਗਸਤ ਨੂੰ ਕਸ਼ਮੀਰ ਅੰਦਰ ਧਾਰਾ 370 ਦਾ ਖਾਤਮਾ ਕਰਕੇ ਤੇ ਇਸਨੂੰ ਤੋੜ ਕੇ, ਅੰਨ੍ਹੀ ਫੌਜ ਝੋਕ ਕੇ ਅਤੇ ਮਹੀਨਿਆਂ ਬੱਧੀ ਬੇਥਾਹ ਪਾਬੰਦੀਆਂ ਮੜ ਕੇ, ਅੰਨ੍ਹੇਵਾਹ ਗ੍ਰਿਫਤਾਰੀਆਂ ਕਰਕੇ ਭਾਰਤ ਦੀ ਮੋਦੀ ਹਕੂਮਤ ਕਸ਼ਮੀਰ ਦੀ ਕੌਮੀ ਲਹਿਰ ਦਾ ਗਲ ਘੁੱਟਣ ਦਾ ਭਰਮ ਪਾਲ ਰਹੀ ਸੀ। ਇਹਨਾਂ ਮਹੀਨਿਆਂ ਦੌਰਾਨ ਕਸ਼ਮੀਰੀ ਲੋਕ ਸੜਕਾਂ 'ਤੇ ਨਹੀਂ ਸਗੋਂ ਘਰਾਂ ਅੰਦਰ ਰਹਿ ਕੇ ਤੇ ਸਿਵਲ ਕਰਫਿਊ ਲਾ ਕੇ ਵਿਰੋਧ ਕਰ ਰਹੇ ਸਨ। ਧਾਰਾ 370 ਦੇ ਖਾਤਮੇ ਨਾਲ ਉਹਨਾਂ ਦੇ ਸਵੈ ਮਾਨ ਨੂੰ ਵੱਜੀ ਸੱਟ ਭਾਵੇਂ ਰੋਸ ਨੂੰ ਜ਼ਰਬਾਂ ਦੇ ਰਹੀ ਸੀ ਪਰ ਇਹ ਰੋਹ ਅੰਦਰੇ ਅੰਦਰ ਲਾਵੇ ਵਾਂਗ ਖੌਲ ਰਿਹਾ ਸੀ? ਪਿਛਲੇ ਮਹੀਨਿਆਂ ਅੰਦਰ ਵਾਦੀ ਵਿੱਚ ਪਸਰੀ ਰਹੀ ਚੁੱਪ ਹੁਣ ਰਿਆਜ਼ ਨਾਇਕੂ ਦੀ ਮੌਤ ਨਾਲ ਇੱਕ ਵਾਰ ਤਾਂ ਭੰਗ ਹੋ ਗਈ ਹੈ। ਕਰੋਨਾ ਵਾਇਰਸ ਲੌਕ ਡਾਊਨ ਦੇ ਨਾਂ ਹੇਠ ਭਾਰਤੀ ਸੁਰੱਖਿਆ ਬਲਾਂ ਨੇ ਕਸ਼ਮੀਰ ਅੰਦਰ ਆਪਣੇ ਜਬਰ ਦੇ ਤਰੀਕੇ ਹੋਰ ਚੰਡੇ ਹਨ। ਪਿਛਲੇ ਦਿਨਾਂ ਦੌਰਾਨ ਫੌਜ ਹੱਥੋਂ ਮਾਰੇ ਗਏ ਖਾੜਕੂਆਂ ਅਤੇ ਆਮ ਨਾਗਰਿਕਾਂ ਦੀਆਂ ਲਾਸ਼ਾਂ ਉਹਨਾਂ ਦੇ ਪਰਿਵਾਰਾਂ ਨੂੰ ਦੇਣੋਂ ਇਨਕਾਰ ਕੀਤਾ ਗਿਆ ਹੈ ਅਤੇ ਉਹਨਾਂ ਦੇ ਜੱਦੀ ਪਿੰਡਾਂ ਤੋਂ ਦੂਰ ਦਫਨਾਉਣ ਦਾ ਤੋਰਾ ਤੋਰਿਆ ਗਿਆ ਹੈ। ਪਿਛਲੇ ਦਿਨੀਂ ਸੁਰੱਖਿਆਂ ਬਲਾਂ ਹੱਥੋਂ ਮਾਰੇ ਗਏ 13 ਸਾਲਾਂ ਬੱਚੇ ਨੂੰ ਵੀ ਪਰਿਵਾਰ ਨੂੰ ਨਹੀਂ ਸੌਂਪਿਆ ਗਿਆ। ਹੁਣ ਰਿਆਜ਼ ਨਾਇਕੂ, ਉਸਦੇ ਸਾਥੀ ਆਦਿਲ ਤੇ ਉਸੇ ਦਿਨ ਇੱਕ ਹੋਰ ਮੁਕਾਬਲੇ ਵਿੱਚ ਮਾਰ ਮੁਕਾਏ ਗਏ ਦੋ ਹੋਰ ਖਾੜਕੂ ਨੌਜਵਾਨਾਂ ਨੂੰ ਉਹਨਾਂ ਦੇ ਜੱਦੀ ਪਿੰਡਾਂ ਤੋਂ ਦੂਰ ਗੰਦਰਬਲ ਵਿਖੇ ਦਫ਼ਨਾਇਆ ਗਿਆ ਤਾਂ ਜੋ ਉਹਨਾਂ ਦੇ ਜਨਾਜੇ ਦੌਰਾਨ ਲੋਕਾਂ ਦਾ ਵਿਰੋਧ ਪ੍ਰਦਰਸ਼ਨ ਰੋਕਿਆ ਜਾ ਸਕੇ। ਪਰ ਮੁਕਾਬਲੇ ਤੋਂ ਬਾਅਦ ਥਾਂ-ਥਾਂ ਲੋਕ ਸੜਕਾਂ 'ਤੇ ਨਿਤਰ ਆਏ। ਥਾਂ-ਥਾਂ ਲੋਕ ਹੱਥੀਂ ਪੱਥਰ ਲੈ ਕੇ ਸੁਰੱਖਿਆ ਬਲਾਂ ਨਾਲ ਭਿੜੇ। ਪੁਲਵਾਮਾ ਜਿਲ੍ਹੇ ਅੰਦਰ ਉਸਦੇ ਪਿੰਡ ਬੇਗਪੋਰਾ ਵਿੱਚ ਲੋਕਾਂ ਦੇ ਮੁਜਾਹਰੇ 'ਤੇ ਪੁਲਸ ਨੇ ਗੋਲੀਆਂ ਚਲਾਈਆਂ ਤੇ ਪੈਲਟ ਗੰਨਾਂ ਤੇ ਅੱਥਰੂ ਗੈਸ ਦੇ ਗੋਲੇ ਦਾਗੇ। ਪਰਿਵਾਰ ਨਾਲ ਇੱਕਮੁੱਠਤਾ ਦਾ ਇਜ਼ਹਾਰ ਕਰਨ ਤੋਂ ਰੋਕਣ ਲਈ ਸੁਰੱਖਿਆ ਬਲਾਂ ਨੇ ਉਸ ਦੇ ਪਿੰਡ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਅਤੇ ਪਿੰਡ ਵੱਲ ਜਾਂਦੇ ਸਾਰੇ ਰਸਤਿਆਂ ਉੱਤੇ ਕੰਡਿਆਲੀਆਂ ਤਾਰਾਂ ਤੇ ਬੈਰੀਕੇਡ ਲਾ ਦਿੱਤੇ? ਇੱਥੋਂ ਤੱਕ ਕਿ ਆਲੇ ਦੁਆਲੇ ਦੇ ਝੋਨੇ ਦੇ ਖੇਤਾਂ ਅਤੇ ਰੇਲਵੇ ਲਾਈਨਾਂ ਉੱਤੇ ਵੀ ਭਾਰੀ ਗਿਣਤੀ ਵਿੱਚ ਫੋਰਸ ਲਾਈ ਗਈ ਕਿਉਂਕਿ ਲੋਕ ਉੱਥੇ ਪਹੁੰਚਣ ਦੀਆਂ ਬਹੁਤ ਜ਼ੋਰਦਾਰ ਕੋਸ਼ਿਸ਼ਾਂ ਕਰ ਰਹੇ ਸਨ?

ਜਰਮਨ ਬਰਾਡਕਾਸਟ ਸਰਵਿਸ ਡੀ.ਡਬਲਿਊ. ਨਿਊਜ਼ ਵੱਲੋਂ ਜਾਰੀ ਕਲਿਪ ਅੰਦਰ ਮਰਦ ਔਰਤ ਦਾ ਵੱਡਾ ਇਕੱਠ ਘਟਨਾ ਸਥਾਨ 'ਤੇ ਵਿਰੋਧ ਜਤਾ ਰਿਹਾ ਹੈ। ਇਸ ਚੈਨਲ ਦੀ ਕਲਿਪ ਦਿਖਾ ਰਹੀ ਹੈ ਕਿ ਪੁਲਸ ਅਤੇ ਲੋਕਾਂ ਵਿੱਚ ਹਿੰਸਕ ਝੜਪਾਂ ਹੋਈਆਂ ਹਨ। ਇਹਨਾਂ ਘਟਨਾਵਾਂ ਵਿੱਚ ਉਥਮੁਲਾ ਪਿੰਡ ਦਾ ਵਸਨੀਕ 32 ਸਾਲ ਦਾ ਜਹਾਂਗੀਰ ਯੂਸਫ਼ ਵਾਨੀ ਮਾਰਿਆ ਗਿਆ ਹੈ। ਉਸਦੀ ਹਿੱਕ ਵਿੱਚ ਸਿੱਧੀ ਗੋਲ਼ੀ ਮਾਰੀ ਗਈ ਹੈ। 19 ਹੋਰ ਵਿਅਕਤੀ ਜਖ਼ਮੀ ਹੋਏ ਹਨ ਅਤੇ ਸਥਾਨਕ ਹਸਪਤਾਲ ਦੇ ਸੂਤਰਾਂ ਮੁਤਾਬਿਕ ਘੱਟੋ-ਘੱਟ ਚਾਰ ਜਣਿਆਂ ਦੇ ਗੋਲੀਆਂ ਦੇ ਜਖਮ ਹਨ। ਬਾਕੀ ਪੈਲਟ ਛਰਿਆਂ ਦਾ ਸ਼ਿਕਾਰ ਬਣੇ ਹਨ।

ਸਿਵੀਲੀਅਨਾਂ ਨੂੰ ਗੋਲੀ ਰਾਹੀਂ ਫੁੰਡਣਾ ਇਰਾਦਾ ਕਤਲ ਦਾ ਮਾਮਲਾ ਬਣਦਾ ਹੈ ਪਰ ਕਸ਼ਮੀਰ ਅੰਦਰ ਅਜਿਹੇ ਅਣਗਿਣਤ ਮਾਮਲਿਆਂ ਦੇ ਬਾਵਜੂਦ ਇਹ ਕਦੇ ਭਾਰਤੀ ਸਿਆਸਤ ਅੰਦਰ ਮੁੱਦਾ ਨਹੀਂ ਰਿਹਾ। ਪਿਛਲੇ ਸਮੇਂ ਅੰਦਰ ਅਜਿਹੇ ਮੁਕਾਬਲਿਆਂ ਦੌਰਾਨ ਥਾਂ-ਥਾਂ ਸਿਵਲੀਅਨ ਮਾਰੇ ਜਾਂਦੇ ਰਹੇ ਹਨ, ਪਰ ਕਦੇ ਕਿਸੇ ਅਧਿਕਾਰੀ ਦੀ ਜਵਾਬਦੇਹੀ ਤਹਿ ਨਹੀਂ ਹੋਈ। ਮਿਲੀਟੈਂਟਾਂ ਨਾਲ ਮੁਕਾਬਲੇ ਦੌਰਾਨ ਵੀ ਉਹਨਾਂ ਨੂੰ ਮਾਰ ਮੁਕਾਉਣਾ ਹੀ ਸੁਰੱਖਿਆ ਬਲਾਂ ਦਾ ਇੱਕੋ ਇੱਕ ਨਿਸ਼ਾਨਾ ਹੁੰਦਾ ਹੈ ਜਦੋਂ ਕਿ ਅਣਸਾਂਵੇਂ ਮੁਕਾਬਲੇ ਤੇ ਘੇਰਾਬੰਦੀ ਦੌਰਾਨ ਉਹਨਾਂ ਨੂੰ ਗ੍ਰਿਫਤਾਰ ਕਰਨਾ ਕੋਈ ਔਖਾ ਕੰਮ ਨਹੀਂ। ਰਿਆਜ਼ ਨਾਇਕੂ ਦੇ ਮਾਮਲੇ ਵਿੱਚ ਵੀ ਉਹਨਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰਨ ਦੀ ਥਾਂਵੇਂ ਮਾਰ ਮੁਕਾਉਣ ਲਈ ਟਿੱਲ ਲਾਇਆ ਗਿਆ ਹੈ।

ਰਿਆਜ਼ ਨਾਇਕੂ ਦੀ ਮੌਤ ਨੇ ਕਸ਼ਮੀਰੀਆਂ ਦੀ ਆਤਮਾ ਮੁੜ ਤੋਂ ਵਲੂੰਧਰ ਦਿੱਤੀ ਹੈ। ਪਿਛਲੇ ਦਹਾਕਿਆਂ ਦੌਰਾਨ ਕਸ਼ਮੀਰੀ ਨੌਜਵਾਨਾਂ ਦੇ ਪੂਰਾਂ ਦੇ ਪੂਰ ਕਸ਼ਮੀਰੀ ਸੰਕਟ ਦੀ ਭੇਂਟ ਚੜ੍ਹ ਰਹੇ ਹਨ। ਸਵੈ ਮਾਣ ਭਰਪੂਰ ਤੇ ਜਲਾਲਤ ਮੁਕਤ ਜਿੰਦਗੀ ਦੀ ਤਾਂਘ ਉਹਨਾਂ ਦੇ ਹੱਥਾਂ 'ਚ ਹਥਿਆਰ ਦਿੰਦੀ ਆਈ ਹੈ। ਇਹਨਾਂ ਮੁਕਾਬਲਿਆਂ ਰਾਹੀਂ ਨੌਜਵਾਨਾਂ ਨੂੰ ਮੌਤ ਦੇ ਰਾਹੇ ਤੋਰ ਕੇ ਅਤੇ ਕਸ਼ਮੀਰ ਦੀ ਰੂਹ ਹੋਰ ਪੱਛ ਕੇ ਭਾਰਤੀ ਰਿਆਸਤ ਕਸ਼ਮੀਰ ਅੰਦਰ ਜੇਤੂ ਰਹਿਣ ਦਾ ਭਰਮ ਪਾਲਦੀ ਆ ਰਹੀ ਹੈ ਪਰ ਦਹਾਕਿਆਂ ਦੀ ਹਕੀਕਤ ਕੁਝ ਹੋਰ ਹੈ?

**ਸੁਰਖ ਲੀਹ 'ਚੋਂ ਧੰਨਵਾਦ ਸਹਿਤ**


ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੇਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਂਸ਼ਾਂ ਤੇ ਰੇਖਾਂਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।


ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫ਼ਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588



MANTRA CONSTRUCTION
Design & Build
Commercial, Residential & Industrial








We fulfill your needs
Experienced Professional Team & Builders


OUR SERVICES
- CONSULTATION
- PROJECT MANAGEMENT
- DRAWING PLANS
- CITY PLANS
- APPROVALS
- RESTAURANT / FRANCHISES
- DEMOLITION / RENOVATIONS
- DECKS & PATIOS
- LANDSCPING+

WE BUILD
YOUR NEW PROJECT
SPEIALIZE IN MDEICAL OFFICES - PHARMACIES
RESTAURANTS - SPAS - RETAIL OUTLETS + MORE


COMMERCIAL - RESIDENTIAL & INDUSTRIAL
FOR FREE CONSULTATION
CALL US: 416-833-2162
mantraconstruction 247@gmail.com www.mantraconstruction.ca



PLANNING YORU DREAM HOME



BUILD YOUR DREAM BUILDING



WE ARE ALL DONE

- -ਅਮੋਲਕ ਸਿੰਘ

# ...ਯਾਦ ਤੇਰੀ ਦਿਲਾਂ 'ਚੋਂ ਜਾਣੀ ਨਹੀਂ



ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ 'ਚ ਨੌਨਿਹਾਲ ਸਿੰਘ ਸ਼ਬਦ ਦੇ ਅਰਥ; 'ਆਨੰਦ ਦਾਇਕ ਨੌਜਵਾਨ' ਦਰਸਾਏ ਗਏ ਹਨ।

ਕਾਮਰੇਡ ਨੌਨਿਹਾਲ ਸਿੰਘ ਦਾ ਜਿਹਨਾਂ ਨੇ ਵੀ ਸੰਗ-ਸਾਥ ਮਾਣਿਆ, ਉਹ ਫ਼ਖਰ ਨਾਲ ਕਹਿ ਸਕਦੇ ਹਨ ਕਿ ਉਹ ਸੱਚਮੁੱਚ 'ਆਨੰਦ ਦਾਇਕ ਨੌਜਵਾਨ' ਸੀ। ਤੁਹਾਡੇ ਥਕੇਵੇਂ, ਅਕੇਵੇਂ, ਗ਼ਮ ਪੀ ਜਾਣ ਵਾਲਾ। ਤੁਹਾਡੇ ਅੰਦਰ ਰੌਸ਼ਨ ਖਿਆਲਾਂ ਦੀ ਤਰੰਗ ਛੇੜਨ ਵਾਲਾ। ਤਾਜ਼ਾ ਪੌਣ ਦੇ ਬੁੱਲੇ ਵਰਗਾ। ਜ਼ਿੰਦਗੀ ਦੇ ਬਿਖੜੇ ਪੈਂਡਿਆਂ 'ਤੇ ਸਦਾ ਸਫ਼ਰ ਤੇ ਰਹਿਣ ਵਾਲਾ। ਖੱਟੇ-ਮਿੱਠੇ ਅਮੁੱਲੇ ਜੀਵਨ ਤਜ਼ੱਰਬਿਆਂ ਵਿਚੋਂ ਕਸ਼ੀਦੇ ਸ਼ਬਦਾਂ ਨੂੰ ਸੰਭਾਲਕੇ, ਸੰਗੀਆਂ-ਸਾਥੀਆਂ, ਵਿਸ਼ੇਸ਼ ਕਰਕੇ ਚੜ੍ਹਦੀ ਜੁਆਨੀ ਦੀ ਝੋਲੀ ਪਾਉਣ ਵਾਲਾ।

ਆਨੰਦ ਦਾਇਕ ਨੌਜਵਾਨ, ਨੌਨਿਹਾਲ ਸਿੰਘ ਨੇ ਖ਼ੁਦ ਆਨੰਦਮਈ ਜ਼ਿੰਦਗੀ ਜੀਣ ਦੀਆਂ ਬਹਾਰਾਂ ਨੂੰ ਗਲੇ ਨਹੀਂ ਲਗਾਇਆ। ਉਸਨੇ ਸਦੀਆਂ ਤੋਂ ਪਤਝੜਾਂ ਵਿੱਚ ਜੰਮਦੀ ਅਤੇ ਪਤਝੜ ਰੁੱਤੇ ਹੀ ਮਰ ਮੁੱਕ ਜਾਂਦੀ ਕਿਰਤੀ ਜਮਾਤ ਦੀ ਪਤਝੜ ਰੁੱਤ ਨਾਲ ਹੀ ਆਤਮ ਸਾਤ ਹੋਣ ਦਾ ਚੇਤਨ ਮਾਰਗ ਚੁਣਿਆ। ਉਸਦੇ ਵਿਹੜੇ ਬਸੰਤ-ਬਹਾਰ ਲਿਆਉਣ ਦਾ ਬੀੜਾ ਚੁੱਕਿਆ। ਹਕੀਕਤ ਹੈ ਕਿ ਚਾਂਦੀ ਦਾ ਚਮਚਾ ਮੂੰਹ ਲੈ ਕੇ ਜਨਮੇ ਨੌਨਿਹਾਲ ਸਿੰਘ ਨੇ ਭਾਈ ਲਾਲੋਆਂ ਦੀ ਪੀੜ ਨੂੰ ਗਹਿਰਾਈ 'ਚ ਮਹਿਸੂਸ ਕੀਤਾ। ਸੁਰਮਈ ਸ਼ਾਮਾਂ ਦੇ ਮਾਹੌਲ ਵਿੱਚ ਗੜੁੱਚ ਹੋ ਕੇ ਨਿੱਜੀ ਜ਼ਿੰਦਗੀ ਜੀਣ ਦੀ ਬਜਾਏ, ਨੌਨਿਹਾਲ ਸਿੰਘ ਨੇ ਜੁਆਨੀ ਦੀ ਸਰਦਲ 'ਤੇ ਕਦਮ ਧਰਦਿਆਂ ਹੀ ਸਮਾਜ-ਸਿਰਜਕ, ਅਸਲ ਮਜ਼ਦੂਰ ਜਮਾਤ ਦੀ ਅਦੁੱਤੀ ਕਲਾ ਅਤੇ ਊਰਜਾ ਨੂੰ ਬੁੱਝ ਲਿਆ।





ਉਸਨੇ ਆਲੀਸ਼ਾਨ ਮਹਿਲ ਮੁਨਾਰੇ, ਬੇਸਕੀਮਤੀ ਭੋਇੰ, ਪਰਿਵਾਰਕ ਸੁੱਖ ਆਰਾਮ ਤਿਆਗਕੇ ਆਪਣੇ ਆਪ ਨੂੰ ਉਸ ਮਹਾਂ-ਪਰਿਵਾਰ ਦਾ ਅੰਗ ਬਣਾ ਲਿਆ, ਜਿਹੜਾ ਪਰਿਵਾਰ ਸਾਧਨ ਅਤੇ ਪੂੰਜੀ ਵਿਹੂਣਾ ਹੋਣ ਕਰਕੇ, ਆਪਣੀਆਂ ਕਲਾ ਕਿਰਤਾਂ, ਹੁਨਰਮੰਦੀ ਅਤੇ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਬੁਰੀ ਤਰ੍ਹਾਂ ਦੁਰਕਾਰਿਆ, ਲਿਤਾੜਿਆ ਅਤੇ ਜ਼ਿੰਦਗੀ ਦੇ ਹਰ ਖੇਤਰ ਅੰਦਰ ਦਰੜਿਆ ਜਾ ਰਿਹਾ ਹੈ। ਇਸ ਪਰਿਵਾਰ ਦੇ ਪੁਰਖਿਆਂ ਨੇ ਜੈਤੋ ਅਤੇ ਨਨਕਾਣਾ ਸਾਹਿਬ ਦੇ ਮੋਰਚੇ ਵਿੱਚ ਮਾਣ-ਮਤਾ ਯੋਗਦਾਨ ਪਾਇਆ। ਜੋ ਮੋਰਚਾ, ਬਰਤਾਨਵੀ ਹਾਕਮਾਂ ਦੇ ਧਾੜਵੀ ਕਾਰਿਆਂ ਦੇ ਖ਼ਿਲਾਫ਼ ਲਾਇਆ ਗਿਆ ਸੀ। ਸਾਮਰਾਜ ਵਿਰੋਧੀ ਉਸ ਪਰਿਵਾਰਕ ਪਿਛੋਕੜ ਦੀ ਗੁੜ੍ਹਤੀ ਉਹਨਾਂ ਦੇ ਸਾਹਾਂ 'ਚੋਂ ਸਦਾ ਮਹਿਸੂਸ ਹੁੰਦੀ ਸੀ।

ਅਸੀਂ ਕਈ ਵਾਰ ਨੌਨਿਹਾਲ ਦੇ ਦੋ ਨੈਣਾਂ ਵਿੱਚ ਵਗਦੇ ਪੰਜ ਦਰਿਆ ਤੱਕੇ। ਇਸ ਚੀਸ ਅਤੇ ਰਿਸਦੇ ਜ਼ਖ਼ਮਾਂ ਦੀ ਪੈੜ ਨੱਪਦਿਆਂ ਪਤਾ ਲੱਗਾ ਕਿ ਉਹਨਾਂ ਦੇ ਵੱਡ-ਵਡੇਰੇ ਨਕੋਦਰ ਲਾਗੇ ਪਿੰਡ ਨੂਰਪੁਰ ਚੱਠਾ ਦੇ ਸਨ। ਉਹ ਲਾਇਲਪੁਰ (ਹੁਣ ਪਾਕਿਸਤਾਨ) ਜਾ ਵਸੇ ਸਨ। ਜਦੋਂ ਇਕੋ ਧਰਤੀ ਮਾਂ ਦੇ ਦਿਲ ਦੇ ਦੋ ਟੋਟੇ ਕੀਤੇ ਗਏ ਤਾਂ 10 ਕੁ ਵਰ੍ਹਿਆਂ ਦੇ ਨੌਨਿਹਾਲ ਦੇ ਜਿਹਨ 'ਚ ਫ਼ਿਰਕੂ ਕਤਲੋਗਾਰਦ ਦੇ ਦੇਖੇ ਦ੍ਰਿਸ਼ਾਂ ਦੀਆਂ ਬਰਛੀਆਂ ਖੁਭ ਗਈਆਂ। ਉਹਨਾਂ ਦਾ ਪਰਿਵਾਰ ਲਾਇਲਪੁਰ ਤੋਂ ਆ ਕੇ ਗੜ੍ਹਾ (ਜਲੰਧਰ) ਰਹਿਣ ਲੱਗ ਪਿਆ। ਲੁੱਟੀ ਜਾਂਦੀ ਆਬਰੂ ਦੀਆਂ ਕਹਾਣੀਆਂ ਦਾ ਕਾਂਬਾਂ ਅੱਜ ਵੀ ਅੱਖੀਂ ਡਿੱਠਾ ਹਾਲ ਸੁਣਾਉਣ ਸਮੇਂ ਉਹਨਾਂ ਦੇ ਫਰਫਰਾਉਂਦੇ ਬੁੱਲ੍ਹਾਂ ਤੋਂ ਸਾਫ਼ ਪੜ੍ਹਿਆ ਜਾ ਸਕਦਾ ਸੀ। ਵਿਚਾਰਧਾਰਕ-ਰਾਜਨੀਤਕ ਜਾਗਰੂਕਤਾ ਦੇ ਨਾਲ ਵਿਸ਼ੇਸ਼ ਕਾਰਨ ਇਸ ਪਿਛੋਕੜ ਦਾ ਵੀ ਸੀ ਕਿ ਉਹ ਇਨਸਾਨ, 84 ਵਰ੍ਹਿਆਂ ਦੇ ਜੀਵਨ ਸਫ਼ਰ ਦੇ ਆਖ਼ਰੀ ਦਮ ਤੱਕ ਹਰ ਵੰਨਗੀ ਦੀ ਫ਼ਿਰਕੂ ਫਾਸ਼ੀ ਜ਼ਹਿਰ ਅਤੇ ਅੱਗ ਦੇ ਖਿਲਾਫ਼, ਲੋਕਾਂ ਨੂੰ ਲਾਮਬੰਦ ਕਰਕੇ, ਇਸਦਾ ਟਾਕਰਾ ਕਰਨ, ਇਸਨੂੰ ਹਰਾਉਣ ਲਈ ਸਰਗਰਮ ਯਤਨ ਕਰਦਾ ਰਿਹਾ।

ਮੁੱਢਲੀ ਵਿੱਦਿਆ ਲਾਇਲਪੁਰ ਖਾਲਸਾ ਸਕੂਲ ਜਲੰਧਰ, ਗ੍ਰੈਜੂਏਟ ਲਾਇਲਪੁਰ ਖਾਲਸਾ ਕਾਲਜ, ਜਲੰਧਰ ਅਤੇ ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਇਤਿਹਾਸ ਦੀ ਐਮ.ਏ. ਕਰਨ ਵਾਲੇ ਨੌਨਿਹਾਲ ਦੀ ਅੰਗਰੇਜ਼ੀ ਅਤੇ ਉਰਦੂ ਭਾਸ਼ਾ ਉਪਰ ਪਰਪੱਕਤਾ ਸੀ। ਚੜ੍ਹਦੀ ਉਮਰੇ ਹੀ ਆਪਣੇ ਮਾਮਾ ਜੀ ਕਰਮ ਸਿੰਘ ਮਾਨ ਦੇ ਵਿਚਾਰਾਂ ਦੀ ਲੋਅ, ਉਹਨਾਂ ਦਾ ਮਾਰਗ ਰੁਸ਼ਨਾਉਣ ਲੱਗੀ। ਨੌਨਿਹਾਲ ਸਿੰਘ ਨੇ ਜ਼ਿੰਦਗੀ ਦੇ ਪਹਿਲੇ ਫੈਸਲਾਕੁੰਨ ਪਹਿਰ ਸਮੇਂ ਹੀ ਇਹ ਸਮਝ ਲਿਆ ਕਿ ਕੁੱਲ ਦੁਨੀਆਂ ਅੰਦਰ ਗ਼ੁਲਾਮੀ, ਦਾਬੇ, ਲੁੱਟ-ਖਸੁੱਟ, ਜਬਰ ਜ਼ੁਲਮ, ਜਾਤ-ਪਾਤ, ਫ਼ਿਰਕਾਪ੍ਰਸਤੀ ਦੀਆਂ ਜ਼ਹਿਰੀ ਨੋਕੀਲੀਆਂ ਦੀਵਾਰਾਂ ਦੀ ਬੁਨਿਆਦ ਹੈ; ਮੁੱਠੀ ਭਰ ਘਰਾਣਿਆ ਦਾ ਧਨ ਅਤੇ ਧਰਤੀ ਉਪਰ ਕਬਜ਼ਾ। ਉਸਨੂੰ ਇਤਿਹਾਸ, ਦਰਸ਼ਨ, ਰਾਜਨੀਤੀ, ਸਮਾਜ ਅਤੇ ਸਾਹਿਤ ਦਾ ਗੰਭੀਰ ਵਿਦਿਆਰਥੀ ਹੋਣ ਕਾਰਨ ਇਹ ਬੋਧ ਵੀ ਬਹੁਤ ਸਪੱਸ਼ਟਤਾ ਨਾਲ ਹੋ ਗਿਆ ਸੀ ਕਿ ਮਾਰਕਸਵਾਦੀ ਵਿਚਾਰਧਾਰਾ ਹੀ ਕੁੱਲ ਦੁਨੀਆਂ ਦੀਆਂ ਦੱਬੀਆਂ ਕੁਚੱਲੀਆਂ ਕੌਮਾਂ ਦੀ ਆਜ਼ਾਦੀ ਅਤੇ ਲੁੱਟੇ-ਪੁੱਟੇ ਲੋਕਾਂ ਦੀ ਮੁਕਤੀ ਦਾ ਮਾਰਗ-ਦਰਸ਼ਕ ਹੈ। ਉਹਨਾਂ ਦੇ ਮਨ ਮਸਤਕ ਅੰਦਰ ਜਰਾ ਜਿੰਨੀ ਵੀ ਦੋਬਿਧਾ, ਧੁੰਧਲਾਪਣ ਨਹੀਂ ਦੇਖਿਆ। ਉਹ ਪੂਰੀ ਤਰ੍ਹਾਂ ਦ੍ਰਿੜ ਸੰਕਲਪ ਸੀ ਕਿ ਜਮਾਤੀ ਲਾਮਬੰਦੀ, ਜਮਾਤੀ ਸੰਗਰਾਮ, ਬੁਨਿਆਦੀ ਸਮਾਜਕ ਤਬਦੀਲੀ ਨੂੰ ਪਰਨਾਇਆ ਇਨਕਲਾਬ ਹੀ ਸਭੇ ਅਲਾਮਤਾਂ ਦੇ ਮੁਕੰਮਲ ਇਲਾਜ਼ ਦੀ ਦਵਾ ਹੈ।

ਰੂਸੀ ਇਨਕਲਾਬ ਤੋਂ ਪ੍ਰਭਾਵਿਤ ਹੁੰਦਿਆਂ, ਮਜ਼ਦੂਰ ਜਮਾਤ ਦੀ ਭੂਮਿਕਾ ਦੇ ਇਤਿਹਾਸਕ ਮਹੱਤਵ ਨੂੰ ਸਮਝਦਿਆਂ ਉਹ ਮਜ਼ਦੂਰਾਂ ਵਿੱਚ ਕੁੱਲ ਵਕਤੀ ਕੰਮ ਕਰਨ ਲੱਗਾ। ਨੌਨਿਹਾਲ ਦੀ ਅਗਵਾਈ ਵਿੱਚ ਜੇ.ਸੀ.ਟੀ. ਮਿੱਲ ਫਗਵਾੜਾ ਦੇ ਕਾਮਿਆਂ ਦਾ ਹੱਕੀ ਘੋਲ ਲੜਿਆ ਗਿਆ। ਇਹ 4 ਨਵੰਬਰ 1966 ਦੀ ਘਟਨਾ ਹੈ, ਜਦੋਂ ਭੁੱਖ-ਹੜਤਾਲ 'ਤੇ ਬੈਠੇ ਕਾਮਿਆਂ ਨੂੰ ਮਿੱਲ ਮਾਲਕਾਂ ਨੇ ਸਾਜ਼ਿਸ਼ ਤਹਿਤ ਅਜੇਹਾ ਪਾਰਸਲ ਭੇਜਿਆ ਜਿਸਨੂੰ ਖੋਲ੍ਹਦੇ ਸਾਰ ਜਬਰਦਸਤ ਬੰਬ ਧਮਾਕਾ ਹੋਇਆ। ਜਿਸ ਵਿੱਚ ਮਜ਼ਦੂਰ ਆਗੂ ਸ਼ਾਦੀ ਲਾਲ ਅਤੇ ਸਾਥੀ ਚਰਨਜੀਤ ਲਾਲ ਸ਼ਹੀਦ ਹੋ ਗਏ। ਨੌਨਿਹਾਲ ਸਮੇਤ ਰਾਮ ਸਹਾਏ ਅਤੇ ਮੁਨੀ ਲਾਲ ਜ਼ਖ਼ਮੀ ਹੋ ਗਏ।

ਉਹਨਾਂ ਦੇ ਲੰਮੇ ਸੰਗਰਾਮੀ ਜੀਵਨ ਸਫ਼ਰ 'ਤੇ ਵੱਖਰੀ ਪੁਸਤਕ ਰਚਨਾ ਹੋ ਸਕਦੀ ਹੈ। ਮੈਂ ਇੱਕ ਦਿਨ ਸਾਥੀ ਚਰੰਜੀ ਲਾਲ ਕੰਗਣੀਵਾਲ ਦੇ ਕੈਬਨ 'ਚ ਜਦੋਂ ਇਸ ਬਾਰੇ ਉਨ੍ਹਾਂ ਨਾਲ ਗੱਲ ਕੀਤੀ, ਉਹ ਮੰਨ ਵੀ ਗਏ। ਬਿਮਾਰੀ ਦੀ ਵਜ੍ਹਾ ਕਾਰਨ ਉਹਨਾਂ ਦੀ ਆਵਾਜ਼ ਉਪਰ ਗਹਿਰਾ ਪ੍ਰਭਾਵ ਪੈ ਜਾਂਦਾ ਸੀ। ਉਹ ਦੇਸ਼ ਭਗਤ ਯਾਦਗਾਰ ਹਾਲ ਅਕਸਰ ਹੀ ਅਜੇਹੀ ਸਿਹਤ ਦੀ ਹਾਲਤ ਵਿੱਚ ਵੀ ਆਉਂਦੇ। ਪੜ੍ਹਦੇ, ਅਧਿਐਨ ਕਰਦੇ। ਸਾਨੂੰ ਕਿਤਾਬਾਂ, ਲੇਖਾਂ ਬਾਰੇ ਥਾਪੀ ਦਿੰਦੇ ਰਹਿੰਦੇ ਪਰ ਪਿਛਲੇ ਮਹੀਨਿਆਂ ਤੋਂ ਸਿਹਤ ਦੀ ਖਰਾਬੀ, ਖਾਸ ਕਰਕੇ ਬੋਲ ਸਕਣ 'ਚ ਸੌਖਾ ਮਹਿਸੂਸ ਕਰਨ ਦੀ ਉਡੀਕ 'ਚ ਪੁਸਤਕ ਲਈ ਲੰਮੀਆਂ ਮੁਲਾਕਾਤਾਂ ਅਤੇ ਹੋਰ ਜਾਣਕਾਰੀ ਦਾ ਅਹਿਮ ਕਾਰਜ਼ ਅਧਵਾਟੇ ਰਹਿ ਗਿਆ। ਜਿੰਨਾ ਨੇੜਿਓ ਉਹਨਾਂ ਨਾਲ ਮਿਲਕੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕੰਮ ਕੀਤਾ, ਉਸਦੇ ਕੁੱਝ ਇੱਕ ਪੱਖਾਂ ਉਪਰ ਹੀ ਹੱਥਲੀ ਲਿਖਤ ਵਿੱਚ ਝਾਤ ਮਾਰੀ ਜਾ ਸਕਦੀ ਹੈ।

ਉਹ 2008 ਤੋਂ 2010 ਤੱਕ ਤਿੰਨ ਵਰ੍ਹੇ ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਰਹੇ, ਮੈਂ ਉਹਨਾਂ ਨਾਲ ਸਹਾਇਕ ਸਕੱਤਰ ਰਿਹਾ। ਉਸ ਸੈਸ਼ਨ ਦੌਰਾਨ ਕਾਮਾਗਾਟਾ ਮਾਰੂ, ਕੂਕਾ ਲਹਿਰ 'ਚ ਸੂਰਮਿਆਂ ਦਾ ਸ਼ਹੀਦ ਦਾ ਰੁਤਬਾ ਬੁਲੰਦ ਕਰਨ ਲਈ ਨਿਰੰਤਰ ਆਵਾਜ਼ ਉਠਾਈ। ਅੰਮ੍ਰਿਤਸਰ ਵਿਖੇ ਰੋਸ ਮੁਜ਼ਾਹਰਾ ਕੀਤਾ ਤਾਂ ਸਾਨੂੰ ਨੌਨਿਹਾਲ ਸਿੰਘ ਸਮੇਤ ਫੜਕੇ ਅੰਮ੍ਰਿਤਸਰ ਥਾਣੇ ਡੱਕ ਦਿੱਤਾ।

ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਦਾ ਮੁਹਾਂਦਰਾ ਬਦਲਕੇ ਇਸਨੂੰ ਆਪਣੇ ਸੌੜੇ ਰਾਜਨੀਤਕ ਹਿੱਤਾਂ ਦੇ ਸਿਆਸੀ ਰੰਗ 'ਚ ਰੰਗਣ, ਸੈਰਗਾਹ ਬਣਾ ਧਰਨ, ਆਪਣੇ ਹਿੱਤਾਂ ਦੀ ਪੂਰਤੀ ਕਰਦਾ ਲਾਈਟ ਐਂਡ ਸਾਊਂਡ ਪ੍ਰੋਗਰਾਮ ਸ਼ੁਰੂ ਕਰਨ। ਗੋਲੀਆਂ, ਕੰਧਾਂ, ਸ਼ਹੀਦੀ ਖੂਹ ਗਲੀਆਂ ਦੇ ਇਤਿਹਾਸਕ ਪ੍ਰਮਾਣ ਹੌਲੀ-ਹੌਲੀ ਨਵੀਨੀਕਰਨ ਅਤੇ ਸੁੰਦਰੀਕਰਨ ਦੇ ਨਾਂਅ ਹੇਠ ਬਦਲ ਦੇਣ ਦਾ ਤਿੱਖਾ ਵਿਰੋਧ ਕਰਨ ਲਈ ਉਹਨਾਂ ਦੀ ਅਗਵਾਈ 'ਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸ਼ਾਨਦਾਰ ਭੂਮਿਕਾ ਨਿਭਾਈ। ਉਹ ਨੌਨਿਹਾਲ ਸਿੰਘ ਹੀ ਸਨ, ਜਿਨ੍ਹਾਂ ਨੇ ਵਿਦਿਆਰਥੀ ਨੌਜਵਾਨ ਜੱਥੇਬੰਦੀਆਂ ਵੱਲੋਂ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਸੰਭਾਲਣ ਲਈ ਉਠਾਈ ਆਵਾਜ਼ ਨੂੰ ਭਰਵਾਂ ਹੁੰਗਾਰਾ ਭਰਿਆ।

ਕਾਮਰੇਡ ਨੌਨਿਹਾਲ ਸਿੰਘ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਜਿਸ ਠੋਸ ਆਧਾਰਸ਼ਿਲਾ ਅਤੇ ਮਾਰਗ-ਸੇਧ ਉਪਰ ਸਰਗਰਮੀ ਨਾਲ ਨਵੇਂ ਮੁਕਾਮ ਤੇ ਪਹੁੰਚਾਉਣ ਲਈ ਯੋਗਦਾਨ ਪਾਇਆ, ਉਸ ਉਪਰ ਅਮਲਦਾਰੀ ਹੀ ਨੌਨਿਹਾਲ ਸਿੰਘ ਨੂੰ ਜ਼ਿੰਦਾ ਰੱਖਣ ਦੀ ਗਵਾਹੀ ਭਰੇਗੀ। ਉਸਦੇ ਕੁੱਝ ਕੁ, ਉਹ ਵੀ ਝਲਕ ਮਾਤਰ ਪੱਖ ਸਾਡਾ ਵਿਸ਼ੇ ਧਿਆਨ ਖਿੱਚਦੇ ਹਨ:

1. ਮੁਲਕ ਦੇ ਆਜ਼ਾਦੀ ਸੰਗਰਾਮ 'ਚ ਰਵਾਇਤੀ ਲੀਕ ਤੋਂ ਹੱਟਕੇ ਨਿਵੇਕਲੀ ਇਨਕਲਾਬੀ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੀ ਸਮਝ-ਸੋਚ ਦੇ ਬੁਨਿਆਦੀ ਆਧਾਰ ਚੌਖਟੇ ਉਪਰ ਉਹਨਾਂ ਨੇ ਅਗਵਾਈ ਕੀਤੀ। ਸਾਮਰਾਜ, ਜਾਗੀਰਦਾਰੀ, ਸਰਮਾਏਦਾਰੀ, ਭਾਵ ਦੇਸੀ-ਬਦੇਸ਼ੀ ਹਰ ਵੰਨਗੀ ਦੀ ਗ਼ੁਲਾਮੀ ਵਗਾਹ ਮਾਰਨ ਦੀ ਸੇਧ ਨੂੰ ਪ੍ਰਨਾਏ ਰਾਹ ਉਪਰ ਅੱਗੇ ਤੋਰਿਆ, ਦੇਸ਼ ਭਗਤ ਯਾਦਗਾਰ ਹਾਲ ਦੀ ਬਣਦੀ ਭੂਮਿਕਾ ਨੂੰ।



2. ਦੇਸ਼ ਭਗਤ ਯਾਦਗਾਰ ਹਾਲ ਆਪਣੇ ਆਪ 'ਚ ਹੀ ਇਨਕਲਾਬੀ ਇਤਿਹਾਸਕ ਵਿਰਾਸਤ ਨੂੰ ਖੋਜਣ-ਪੜਤਾਲਣ, ਸੰਭਾਲਣ, ਪ੍ਰਕਾਸ਼ਿਤ ਕਰਨ ਅਤੇ ਉਸਦੀ ਪਰਸੰਗਕਤਾ ਦਾ ਮਹੱਤਵ ਉਭਾਰਨ ਵਾਲੀ ਸੰਸਥਾ ਹੈ ਨਾ ਕਿ ਸਿਆਸੀ ਪਾਰਟੀ। ਇਹ ਨਾ ਹੀ ਵੰਨ-ਸੁਵੰਨੀਆਂ ਸਿਆਸੀ ਪਾਰਟੀਆਂ, ਗਰੁੱਪਾਂ ਦੇ ਪ੍ਰਤੀਨਿੱਧ ਨੁਮਾਇੰਦਿਆਂ ਦੇ ਆਧਾਰ ਤੇ ਬਣੀ ਸੰਸਥਾ ਹੈ। ਇਹ ਆਜ਼ਾਦੀ ਜੱਦੋ-ਜਹਿਦ 'ਚ ਜੂਝਣ ਵਾਲੇ ਅਤੇ ਸ਼ਹੀਦੀਆਂ ਪਾ ਜਾਣ ਵਾਲਿਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਬਣੀ ਪਰਿਵਾਰ ਸਹਾਇਕ ਕਮੇਟੀ ਤੋਂ ਅੱਗੇ ਨਵੇਂ ਨਾਮਕਰਣ ਹੇਠ ਕਹਾਉਂਦੀ ਦੇਸ਼ ਭਗਤ ਯਾਦਗਾਰ ਕਮੇਟੀ ਹੈ। ਜਿਸਦਾ ਮਾਰਗ-ਦਰਸ਼ਕ ਅਤੇ ਜਮਹੂਰੀ ਕਾਰਜਸ਼ੀਲਤਾ ਲਈ ਆਪਣਾ ਐਲਾਨਨਾਮਾ ਅਤੇ ਵਿਧਾਨ ਹੈ। ਇਸ ਦੀ ਰੌਸ਼ਨੀ 'ਚ ਚੱਲਦੇ ਆ ਰਹੇ ਕੰਮ ਦਾ ਵਿਸ਼ੇਸ਼ ਨਤੀਜਾ ਇਹ ਹੈ ਕਿ ਇਸਨੇ ਆਪਣੀ ਵਿਸ਼ੇਸ਼ ਭੂਮਿਕਾ ਦੀ ਨਿਸ਼ਾਨਦੇਹੀ ਕੀਤੀ ਹੈ। ਉਸਤੇ ਸਾਬਤ ਕਦਮੀ ਅਮਲ ਕੀਤਾ ਹੈ। ਪ੍ਰਭਾਵਸ਼ਾਲੀ ਨਤੀਜੇ ਹਾਸਲ ਕੀਤੇ ਹਨ। ਇਹ ਕਮੇਟੀ ਦੇ ਚਰਿੱਤਰ ਅਤੇ ਅਮਲ ਦੀ ਚੂਲ ਹੈ। ਇਸਦੀ ਵਿਲੱਖਣ ਭੂਮਿਕਾ ਦਾ ਸਿਰਨਾਵਾਂ ਹੈ। ਇਸਦਾ ਰਾਜਨੀਤਕ, ਸਮਾਜਕ, ਸਭਿਆਚਾਰਕ ਅਤੇ ਜਮਹੂਰੀ ਮੁੱਦਿਆਂ ਉਪਰ ਸਰਗਰਮੀ ਕਰਦੇ ਰਹਿਣ ਦਾ ਗੌਰਵਮਈ ਇਤਿਹਾਸ ਹੈ। ਇਸ ਆਧਾਰ ਚੌਖਟੇ 'ਤੇ ਪਹਿਰੇਦਾਰੀ ਅਤੇ ਅਮਲਦਾਰੀ ਦੀ ਮੰਗ ਕਰਨਗੀਆਂ ਕਾਮਰੇਡ ਨੌਨਿਹਾਲ ਸਿੰਘ ਦੀਆਂ ਪੈੜਾਂ।

3. ਹਰ ਵੰਨਗੀ ਦੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼, ਦਲਿਤ, ਮੁਸਲਮਾਨ, ਸਿੱਖ, ਇਸਾਈ ਜਾਂ ਹਿੰਦੂ ਭਾਈਚਾਰੇ ਨੂੰ ਜਦੋਂ ਵੀ ਫ਼ਿਰਕੇ, ਜਾਤ, ਧਰਮ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਗਿਆ ਤਾਂ ਨੌਨਿਹਾਲ ਸਿੰਘ ਇਸ ਵਰਤਾਰੇ 'ਚ ਕਮੇਟੀ ਦੀ ਪਹਿਲਕਦਮੀ ਭਰੀ ਵਿਸ਼ੇਸ਼ ਸਰਗਰਮੀ ਲਈ ਵਿਸ਼ੇਸ਼ ਤਵੱਜੋਂ ਦਿਆ ਕਰਦੇ।

4. ਗ਼ਦਰੀ ਬਾਬਿਆਂ ਦੇ ਹੁਣ ਤੱਕ ਲੱਗੇ 28 ਮੇਲੇ ਵੱਖ-ਵੱਖ ਇਤਿਹਾਸਕ ਲਹਿਰਾਂ, ਘਟਨਾਵਾਂ ਅਤੇ ਨਾਇਕਾਂ ਨੂੰ ਸਮਰਪਤ ਕਰਨ ਦੀ ਅਟੁੱਟ ਲੜੀ ਜੋੜਕੇ ਤੁਰਨ 'ਚ ਉਹਨਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗ਼ਦਰ ਪਾਰਟੀ, ਕਾਮਾਗਾਟਾ ਮਾਰੂ, ਕੂਕਾ ਲਹਿਰ, ਬਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ, ਆਜ਼ਾਦ ਹਿੰਦ ਫੌਜ਼, ਫੌਜੀ ਛਾਉਣੀਆਂ ਦੀ ਬਗ਼ਾਵਤ, ਉੱਘੇ ਨਾਇਕਾਂ, ਸਾਮਰਾਜਵਾਦ ਅਤੇ ਫ਼ਿਰਕਾਪ੍ਰਸਤੀ ਵਿਰੋਧੀ ਲਹਿਰਾਂ ਨੂੰ ਸਮਰਪਤ, ਰੂਸੀ ਕਰਾਂਤੀ, ਕਾਰਲ ਮਾਰਕਸ, ਜਲ੍ਹਿਆਂਵਾਲਾ ਬਾਗ਼ ਅਤੇ ਬਾਬਾ ਸੋਹਨ ਸਿੰਘ ਭਕਨਾ ਸ਼ਤਾਬਦੀਆਂ ਦੀਆਂ ਲੜੀਆਂ ਅਤੇ ਕੜੀਆਂ ਜੋੜਕੇ ਰੱਖਣ ਲਈ ਨਿਭਾਈ ਭੂਮਿਕਾ ਸਦਾ ਸਾਡੇ ਮੱਥਿਆਂ 'ਚ ਜਗਦੀ ਰਹੇਗੀ।

5. ਮੇਲੇ 'ਚ ਕੁਇਜ਼, ਵਿਚਾਰ-ਚਰਚਾ, ਭਾਸ਼ਣ, ਗਾਇਨ, ਪੇਂਟਿੰਗ ਮੁਕਾਬਲੇ, ਨਾਟਕ, ਝੰਡੇ ਦੇ ਗੀਤ ਸਭਨਾਂ ਦੇ ਥੀਮ-ਤੱਕ ਕੀ ਹੋਵੇ। ਮੇਲੇ 'ਚ ਵੱਧ ਤੋਂ ਵੱਧ ਟੀਮਾਂ/ਲੋਕਾਂ ਨੂੰ ਕਿਵੇਂ ਸ਼ਾਮਲ ਕਰੀਏ। ਉਹ ਸਦਾ ਹੀ ਅਥਾਹ ਯਤਨ ਕਰਦੇ ਰਹੇ।

6. ਮੇਲੇ ਦੀ ਵਿੱਤੀ ਸਹਾਇਤਾ, ਬਿਲਡਿੰਗ ਫੰਡ ਅਤੇ ਹੋਰ ਸਮੇਂ-ਸਮੇਂ ਲੋੜਾਂ 'ਚ ਉਹ ਦੋ ਕੰਮ ਕਦੇ ਨਾ ਭੁੱਲਦੇ ਇੱਕ ਹਰੇਕ ਨੂੰ ਮੱਦਦ ਦੀ ਅਪੀਲ ਕਰਨੀ। ਦੂਜਾ ਪੁਸਤਕਾਂ ਲੈ ਕੇ ਜਾਣ ਲਈ ਪ੍ਰੇਰਨਾ।

7. ਜਦੋਂ ਗ਼ਦਰ ਸ਼ਤਾਬਦੀ ਮੌਕੇ ਪੰਜਾਬ ਦੇ ਕੋਨੇ ਕੋਨੇ ਤੱਕ ਕਾਫ਼ਲਾ ਗਿਆ, ਇਸਨੂੰ ਉਹਨਾਂ ਨੇ 'ਸਿਫ਼ਤੀ ਪੁਲਾਂਘ' ਦਾ ਨਾਂਅ ਦਿੱਤਾ। ਉਹਨਾਂ ਦਾ ਵਿਚਾਰ ਸੀ ਇਸ ਕਾਫ਼ਲਾ ਮੁਹਿੰਮ ਨਾਲ ਕਮੇਟੀ ਨੂੰ ਹਰ ਪੱਖੋਂ ਊਰਜ਼ਾ ਮਿਲੇਗੀ।

8. ਦੇਸ਼-ਬਦੇਸ਼ ਅੰਦਰ ਗ਼ਦਰ ਪਾਰਟੀ ਦੇ ਵਿਚਾਰਾਂ, ਉਦੇਸ਼ਾਂ ਅਤੇ ਅਮਿਟ ਦੇਣ ਦੀ ਗਾਥਾ ਲੈ ਕੇ ਜਾਣ ਦੀ ਦਿਸ਼ਾ 'ਚ ਉਹਨਾਂ ਨੇ ਵਿਸ਼ੇ ਉੱਦਮ ਜੁਟਾਏ।

9. ਇਤਿਹਾਸ, ਸਾਹਿਤ ਆਦਿ ਵਿਸ਼ਿਆਂ, ਪ੍ਰੇਰਨਾਦਾਇਕ ਸੂਝਵਾਨ ਨਾਇਕਾਂ ਨੂੰ ਪੁਸਤਕ ਪ੍ਰਕਾਸ਼ਨ ਰਾਹੀਂ ਲੋਕਾਂ 'ਚ ਲਿਜਾਣ ਦੇ ਕੰਮ ਨੂੰ ਬਤੌਰ ਸੀਨੀਅਰ ਆਗੂ ਅਤੇ ਇਤਿਹਾਸ ਕਮੇਟੀ ਦੇ ਕਨਵੀਨਰ ਨਾਤੇ ਵੀ ਵਿਸੇ ਯੋਗਦਾਨ ਪਾਇਆ।

10. ਜੰਗਲ, ਜਲ, ਜ਼ਮੀਨ ਖੋਹੇ ਜਾਣ, ਆਦਿਵਾਸੀਆਂ 'ਤੇ ਹੱਲੇ, ਕਮਿਊਨਿਸਟ ਇਨਕਲਾਬੀਆਂ ਦੇ ਝੂਠੇ ਪੁਲਸ ਮੁਕਾਬਲੇ, ਗ੍ਰਿਫ਼ਤਾਰੀਆਂ, ਕਸ਼ਮੀਰੀ ਲੋਕਾਂ ਉਪਰ ਕਈ ਦਹਾਕਿਆਂ ਤੋਂ ਵਰ੍ਹਦੇ ਕਹਿਰ, ਕਾਲੇ ਕਾਨੂੰਨਾਂ, ਵਿਸੇ ਕਰਕੇ ਐਨ.ਸੀ.ਆਰ., ਐਨ.ਪੀ.ਆਰ., ਸੀ.ਏ.ਏ. ਕਾਨੂੰਨਾਂ ਵਿਰੋਧੀ ਲਹਿਰ, ਸ਼ਾਹੀਨ ਬਾਗ਼ ਆਦਿ ਸਰਗਰਮੀਆਂ, ਬੇਜ਼ਮੀਨਿਆਂ, ਮਜ਼ਦੂਰਾਂ ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਦੀਆਂ ਸਰਗਰਮੀਆਂ, ਤਾਜ਼ਾ ਤਾਰੀਨ ਘਟਨਾਵਾਂ/ਖ਼ਬਰਾਂ ਦੀ ਮਹਿਜ਼ ਜਾਣਕਾਰੀ ਹੀ ਨਹੀਂ ਸੀ ਰੱਖਦੇ ਸਗੋਂ ਗਹਿਰ ਗੰਭੀਰਤਾ ਨਾਲ ਇਹਨਾਂ ਨਾਲ ਜੁੜਵੇਂ ਸਰੋਕਾਰਾਂ/ਫ਼ਿਕਰਾਂ ਦੀ ਬਾਂਹ ਫੜਕੇ ਕੁੱਝ ਕਰਨ ਲਈ ਸੰਜੀਦਾ ਮੰਥਨ ਕਰਿਆ ਕਰਦੇ।

ਕੀ ਲਿਖੀਏ, ਕੀ ਛੱਡੀਏ ਉਹ ਤੁਰਦਾ ਫਿਰਦਾ ਇਤਿਹਾਸਕ ਇਨਸਾਈਕਲੋਪੀਡੀਆ ਸੀ। ਉਹ ਕਮੇਟੀ ਦੇ ਜਨਰਲ ਸਕੱਤਰ, ਮੀਤ ਪ੍ਰਧਾਨ, ਖਜ਼ਾਨਚੀ, ਇਤਿਹਾਸ ਕਮੇਟੀ ਦੇ ਕਨਵੀਨਰ ਵੀ ਰਹੇ ਪਰ ਉਹ ਅਮਲੀ ਤੌਰ 'ਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੱਚੇ ਸੇਵਕ ਬਣਕੇ ਵਿਚਰੇ। ਉਸਦਾ ਖੱਪਾ ਭਰਨਾ ਕੋਈ ਸੌਖਾ ਕਾਰਜ਼ ਨਹੀਂ। ਅਗਲੇ ਹਰ ਮੋੜ 'ਤੇ, ਹਰ ਕਦਮ 'ਤੇ ਉਹਨਾਂ ਦੇ ਹੁੰਗਾਰੇ ਉਹਨਾਂ ਦੇ ਨਿੱਘੇ ਸਹਾਰੇ ਦੀ ਜਿਸਮਾਨੀ ਗੈਰ-ਹਾਜ਼ਰੀ ਦੀ ਚੋਭ ਰੜਕੇਗੀ ਅਤੇ ਡਾ.ਜਗਤਾਰ ਦੇ ਬੋਲ ਸਦਾ ਬੁੱਲ੍ਹਾਂ 'ਤੇ ਰਹਿਣਗੇ:

**ਕਾਫ਼ਲੇ 'ਚ ਤੂੰ ਭਾਵੇਂ ਨਹੀਂ ਰਿਹਾ**
**ਯਾਦ ਤੇਰੀ ਦਿਲਾਂ 'ਚੋਂ ਜਾਣੀਂ ਨਹੀਂ**

**ਸੰਪਰਕ: 94170 76735**




# ਕਰੋਨਾ ਸੰਕਟ ਦੇ ਚਲਦਿਆਂ ਮੋਦੀ ਹਕੂਮਤ ਨੇ ਲੋਕਾਂ ਨੂੰ 20 ਲੱਖ ਕਰੋੜ ਦਾ ਜੁਮਲਾ ਵੇਚਿਆ

ਜਦੋਂ ਮੋਦੀ ਸਾਹਿਬ ਨੇ ਵੀਹ ਲੱਖ ਕਰੋੜੀ ਜੁਮਲਾ, ਹਵਾ 'ਚ ਉਛਾਲਿਆ ਤਾਂ ਆਪਣੀ ਜਨਤਾ ਦੇ ਢਿੱਡਾਂ 'ਚ ਹੌਲ ਜਿਆ ਪੈਣ ਲੱਗਿਆ। ਬਾਹਲ਼ੇ ਤਾਂ ਐਂ ਫੀਲਿੰਗ ਜਹੀ ਲੈਣ ਬਈ ਬੜੀ ਵੱਡੀ ਲਾਇਨ ਲੱਗੀ ਹੋਈ ਆ, ਮੋਦੀ ਸਾਹਿਬ ਨੋਟਾਂ ਦੀਆਂ ਗੁੱਟੀਆਂ ਚੱਕ ਚੱਕ ਫੜਾਈ ਜਾਂਦੇ ਆ, ਚਿੱਤ ਘਬਰਾਵੇ ਬਈ ਜਦੋਂ ਨੂੰ ਸਾਡੀ ਵਾਰੀ ਆਉਣੀ ਆਂ ਕਿਤੇ ਨੋਟ ਨਾਂ ਮੁੱਕ ਜਾਣ, ਨਿਰਾਸ਼ਤਾ ਜਹੀ ਚ ਬੁੜਬੁੜਾਹਟ ਕੀਤੀ, 'ਆਪਣੇ ਤੱਕ ਕਿੱਥੋਂ ਪਹੁੰਚਣੇ ਆਂ ? ਰਾਹ 'ਚ ਈ ਖਾ ਪੀ ਜਾਣਗੇ।'

ਵੀਰ ਜੀ, ਭਰਾ ਜੀ...ਐਵੇਂ ਨਾਂ ਚਿੱਤ ਖਰਾਬ ਕਰੋ, ਇਹ ਕਰੋਨਾ ਅਤੇ ਵੀਹ ਲੱਖ ਕਰੋੜ, ਨਵੇਂ ਯੁੱਗ ਦੀ ਰਾਵਣ ਲੀਲਾ ਹੈ। ਇਹਦੇ ਵਿੱਚ ਕਰੋਨਾ, ਆਮ ਆਦਮੀ ਨੂੰ ਦਿੱਤਾ ਗਿਆ ਬਣਵਾਸ ਹੈ ਅਤੇ ਵੀਹ ਲੱਖ ਕਰੋੜ ਸੋਨੇ ਦਾ ਮਿਰਗ। ਅਸਲੀ ਕਹਾਣੀ ਇਸ ਤੋਂ ਬਾਅਦ ਸ਼ੁਰੂ ਹੁੰਦੀ ਹੈ। ਅੱਜ ਦਾ ਰਾਵਣ ਲੰਕਾ ਦਾ ਸਾਰਾ ਸੋਨਾ ਲਾਹ ਕੇ ਸਾਂਭਣ ਨੂੰ ਫਿਰਦੈ, ਮਗਰੋਂ ਲੰਕਾ ਨੂੰ ਫੂਕ ਕੇ ਹਨੂਮਾਨ ਦੇ ਸਿਰ ਲਾਊਗਾ। ਨੁਕਸਾਨ ਪੂਰਤੀ ਵਾਸਤੇ ਸਾਰੀ ਲੰਕਾ ਤੇ ਟੈਕਸ ਲਾਊਗਾ। ਜਦੋਂ ਡਰਾਮੇ ਦਾ ਪਹਿਲਾ ਭਾਗ ਖਤਮ ਹੋਇਆ ਫੇਰ ਭਗਤ ਜੈਕਾਰੇ ਲਾਉਣਗੇ, 'ਲੰਕਾਪਤੀ ਰਾਵਣ ਕੀ ਜੈ'

ਫੇਰ ਅਗਲਾ ਸੀਨ, ਚੱਲ ਸੋ ਚੱਲ

ਸੋ ਇਸ 'ਵੀਹ ਲੱਖ ਕਰੋੜੀ ਕਰੋਨਾ ਨਾਟਕ' ਦੇ ਪਰਦੇ ਪਿੱਛੇ ਕੀ ਹੈ, ਆਜੋ ਵਿਰਲਾਂ ਵਿਚਦੀ ਝਾਕ ਕੇ ਦੇਖਦੇ ਹਾਂ।

ਕਰੋਨਾ ਦੀ ਅਸਲੀਅਤ: ਕਰੋਨਾ ਇਸ ਕੈਟਾਗਰੀ ਦੇ ਹੋਰ ਵਾਇਰਸਾਂ ਵਰਗਾ ਹੀ ਹੈ ਜਿਵੇਂ ਕਿਸੇ ਨੂੰ ਬੁਖਾਰ ਹੋ ਜਾਵੇ, ਆਪਾਂ ਟੈਸਟ ਕਰਵਾਉਂਦੇ ਹਾਂ। ਮਲੇਰੀਆ ਹੈਨੀ, ਟਾਈਫਾਈਡ ਹੈਨੀ, ਫਿਰ ਆਪਾਂ ਬੇਫਿਕਰੀ ਜਹੀ ਨਾਲ ਆਖਦੇ ਹਾਂ, 'ਵਾਇਰਲ ਬੁਖਾਰ ਆ, ਆਪੇ ਠੀਕ ਹੋਜੂ...' ਚਲੋ ਹੋ ਸਕਦੈ ਕੋਈ ਉਨੀਂ ਇੱਕੀ ਦਾ ਫਰਕ ਹੋਵੇ ਪਰ ਇਸ ਤਰਾਂ ਦੀ ਕੋਈ ਕਹਾਣੀ ਨਹੀਂ ਲਗਦੀ ਜਿਵੇਂ ਸਾਰੇ ਦੇਸ਼ ਨੂੰ ਵਾਹਣੀ ਪਾ ਛੱਡਿਐ। 21 ਮਈ ਦੇ ਪੰਜਾਬੀ ਟ੍ਰਿਬਿਊਨ 'ਚ ਸਿਹਤ ਵਿਭਾਗ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਕਰੋਨਾ ਦੇ ਸਿਰਫ 6.32% ਮਰੀਜ਼ਾਂ ਨੂੰ ਹੀ ਹਸਪਤਾਲ ਜਾਣ ਦੀ ਲੋੜ ਪੈਂਦੀ ਹੈ, ਬਾਕੀਆਂ ਨੂੰ ਪਤਾ ਵੀ ਨਹੀਂ ਲਗਦਾ. ਸਰੀਰ ਦਾ ਸਿਸਟਮ ਆਪੇ ਹੀ ਰੋਗ ਨੂੰ ਠੀਕ ਕਰ ਲੈਂਦਾ ਹੈ। ਹੁਣ ਤਾਂ WHO ਵਾਲਿਆਂ ਨੇ ਵੀ ਕਹਿਤਾ ਕਿ ਕਰੋਨਾ ਮਲੇਰੀਏ ਵਾਂਗੂੰ ਸਥਾਨਕ ਬਿਮਾਰੀ ਹੈ। Endemic ਹੈ, Pandemic ਨਹੀਂ ਹੈ।

ਸੋ ਕਰੋਨਾ ਬਿਮਾਰੀ ਜ਼ਰੂਰ ਹੈ. ਬਿਮਾਰੀ ਤੋਂ ਬਚਾਅ ਵੀ ਰੱਖਣਾ ਚਾਹੀਦੈ ਪਰ ਗੱਲ ਥੋੜੀ ਤੇ ਡਰਾਮਾ ਬਾਹਲ਼ਾ ਹੈ। ਇਹ ਧੰਦਾ ਬੜਾ ਕਾਲ਼ਾ ਹੈ।

ਵੀਹ ਲੱਖ ਕਰੋੜੀ ਰਾਵਣ ਲੀਲਾ: ਮੋਦੀ ਸਾਹਿਬ ਨੇ ਆਪਣੇ ਵਿਸ਼ੇਸ਼ ਸ਼ਰਮ ਪਰੂਫ ਅੰਦਾਜ਼ ਵਿੱਚ ਵੀਹ ਲੱਖ ਕਰੋੜੀ ਪੈਕਜ਼ ਦਾ ਐਲਾਨ ਕੀਤਾ ਤਾਂ ਆਮ ਮੱਧ ਵਰਗੀ ਬੰਦੇ ਹਿਸਾਬ ਲਾਉਣ ਲੱਗੇ ਬਈ ਪ੍ਰਤੀ ਵਿਅਕਤੀ ਕਿੰਨੇ ਆਉਣਗੇ ਕਿਉਂਕਿ ਪੈਕਜ਼ ਦਾ ਮਤਲਬ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਮੁਫਤ ਸਹਾਇਤਾ ਹੁੰਦਾ ਹੈ। ਪਰ ਅਗਲੇ ਪੰਜ ਦਿਨਾਂ 'ਚ ਵਿਤ ਮੰਤਰੀ ਨੇ ਜੋ ਵੇਰਵਾ ਦਿੱਤਾ ਉਸ ਤੋਂ ਸਾਫ ਹੋ ਗਿਆ ਕਿ ਆਮ ਆਦਮੀ ਵਾਸਤੇ ਇਹ ਪੈਕਜ ਗੱਲਾਂ ਦੇ ਕੜਾਹ ਤੋਂ ਬਿਨਾਂ ਹੋਰ ਕੁੱਝ ਨਹੀਂ ਹੈ।

ਪੰਜਾਂ ਦਿਨਾਂ ਚ ਕੇਂਦਰੀ ਵਿਤ ਮੰਤਰੀ ਵੱਲੋਂ ਐਲਾਨੇ ਵੇਰਵੇ ਇਸ ਤਰਾਂ ਹਨ:

1) ਪਹਿਲਾ ਦਿਨ 5,94,550 ਕਰੋੜ: ਇਸ ਵਿੱਚ 3,20,000 ਕਰੋੜ ਸਨਅਤਾਂ ਨੂੰ ਦਿੱਤਾ ਜਾਣ ਵਾਲਾ ਕਰਜ਼ਾ ਹੈ।

50,000 ਕਰੋੜ ਇਹਨਾਂ ਸਨਅਤਾਂ ਦੇ ਸ਼ੇਅਰ ਖਰੀਦ ਕੇ, ਸਨਅਤਕਾਰਾਂ ਨੂੰ ਦਿੱਤਾ ਜਾਣਾ ਹੈ

6750 ਕਰੋੜ ਈ. ਪੀ. ਐਫ. ਦਾ ਰੇਟ ਘਟਾ ਕੇ ਸਨਅਤਕਾਰਾਂ ਦੀ ਜੇਬ 'ਚ ਪਾਉਣਾ ਹੈ

90,000 ਕਰੋੜ ਪ੍ਰਾਈਵੇਟ ਥਰਮਲਾਂ ਨੂੰ ਦੇਣਾ ਹੈ।

50,000 ਕਰੋੜ ਇਹਨਾਂ ਵੱਡਿਆਂ ਦਾ ਟੈਕਸ ਘਟਾਇਆ ਗਿਆ ਹੈ।

2) ਦੂਜਾ ਦਿਨ 3,10,000 ਕਰੋੜ: ਇਸ ਵਿੱਚ ਕਿਸਾਨਾਂ ਦੀਆਂ ਲਿਮਟਾਂ ਵਧਾਉਣ ਅਤੇ ਹੋਰ ਖੇਤੀ ਸਬੰਧਿਤ ਕਰਜ਼ਿਆਂ ਲਈ 2,00,000 ਕਰੋੜ

ਵੱਡੇ ਬਿਲਡਰਾਂ ਨੂੰ ਘਰ ਬਣਾਉਣ ਵਾਸਤੇ 70,000 ਕਰੋੜ

ਅਤੇ ਸਹਿਕਾਰੀ ਬੈਂਕਾਂ ਵਾਸਤੇ 30,000 ਕਰੋੜ ਸ਼ਾਮਲ ਹਨ

3) ਤੀਜਾ ਦਿਨ 1,50,000 ਕਰੋੜ: ਵੱਡੀਆਂ ਮੰਡੀਆਂ ਬਣਾਉਣ ਅਤੇ ਖੇਤੀ ਵਪਾਰ ਨਾਲ ਸਬੰਧਿਤ ਹੋਰ ਉਸਾਰ ਵਾਸਤੇ 1,00,000 ਕਰੋੜ

ਅਤੇ ਮੱਛੀ ਪਾਲਣ, ਪਸ਼ੂ ਪਾਲਣ ਵਗੈਰਾ ਲਈ 35,000 ਕਰੋੜ ਸ਼ਾਮਲ ਹਨ

4) ਚੌਥਾ ਅਤੇ ਪੰਜਵਾਂ ਦਿਨ 48,100 ਕਰੋੜ: ਇਸ ਵਿੱਚ 40,000 ਕਰੋੜ ਮਨਰੇਗਾ ਦਾ ਵਧਾਇਆ ਹੈ।

ਉਪਰੋਕਤ ਤੋਂ ਇਲਾਵਾ ਇਸ ਵੀਹ ਲੱਖ ਕਰੋੜ ਵਿੱਚ 27 ਮਾਰਚ, 17 ਅਪ੍ਰੈਲ ਅਤੇ 27 ਅਪ੍ਰੈਲ ਨੂੰ ਪਹਿਲਾਂ ਹੀ ਰਿਜ਼ਰਵ ਬੈਂਕ ਵੱਲੋਂ ਘਟਾਈਆਂ ਵਿਆਜ਼ ਦਰਾਂ ਅਤੇ ਕੇਂਦਰ ਵੱਲੋਂ ਹਰ ਤਿਮਾਹੀ ਕਿਸਾਨਾਂ ਦੇ ਖਾਤੇ ਪਾਉਣ ਵਾਲਾ 2000/- ਜੋੜਕੇ 9,94,403 ਕਰੋੜ ਗਿਣਵਾ ਦਿੱਤਾ ਹੈ।

ਇਸ ਤਰ੍ਹਾਂ ਇਹ ਕਾਫੀ ਗੁੰਝਲਦਾਰ ਅਲਜਬਰੇ ਦਾ ਸੁਆਲ ਲਗਦਾ ਹੈ. ਚਲੋ ਇਸ ਦੀਆਂ ਗੁੰਝਲਾਂ ਖੋਹਲਣ ਦੀ ਕੋਸ਼ਿਸ਼ ਕਰੀਏ।

1) ਸਨਅਤਕਾਰਾਂ ਨੂੰ ਤਿੰਨ ਲੱਖ ਕਰੋੜ ਦੇ ਕਰਜ਼ੇ ਬਿਨਾਂ ਕਿਸੇ ਜ਼ਾਮਨ ਤੋਂ ਦੇਣੇ ਹਨ, ਫੁੱਲ ਗਰੰਟੀ ਸਰਕਾਰ ਲਵੇਗੀ. ਜੇ ਕੋਈ ਪੈਸੇ ਦੱਬ ਲਵੇਗਾ ਤਾਂ ਉਹ ਵੀ ਸਰਕਾਰ ਦਿਊਗੀ।

ਫਿਰ ਵੀ ਸਨਅਤਕਾਰ ਕਹਿੰਦੇ ਹਨ ਕਿ ਸਾਡੀ ਸਮੱਸਿਆ ਕਰਜ਼ੇ ਦੀ ਨਹੀਂ, ਸਗੋਂ ਮੰਗ ਦੀ ਘਾਟ ਹੈ। ਮਤਲਬ ਲੋਕਾਂ ਕੋਲ ਬਣਿਆ ਮਾਲ ਖ੍ਰੀਦਣ ਲਈ ਪੈਸੇ ਨਹੀਂ ਹਨ। ਪਰ ਇਹ ਕਹਾਣੀ ਸਰਕਾਰ ਦੇ ਦਮਾਕ 'ਚ ਨਹੀਂ ਵੜਦੀ

ਸਨਅਤਕਾਰਾਂ ਨੇ ਪਹਿਲਾਂ ਹੀ ਸਰਕਾਰ ਤੋਂ ਪੰਜ ਲੱਖ ਕਰੋੜ ਲੈਣਾ ਹੈ। ਉਹ ਕਹਿੰਦੇ, 'ਪਹਿਲਾਂ ਸਾਡੇ ਪੈਸੇ ਸਾਨੂੰ ਦੇ ਦਿਉ, ਬਾਕੀ ਮਿਹਰਬਾਨੀ ਮਗਰੋਂ ਕਰ ਲਿਉ'

2) ਪਹਿਲਾਂ ਮਜ਼ਦੂਰਾਂ ਦੀ ਤਨਖਾਹ 'ਚੋਂ ਹਰ ਮਹੀਨੇ 12% ਪ੍ਰਾਵੀਡੈਂਟ ਫੰਡ ਕੱਟਿਆ ਜਾਂਦਾ ਸੀ। ਜਿੰਨਾ ਪੈਸਾ ਮਜ਼ਦੂਰ ਦਾ ਕੱਟਿਆ ਜਾਵੇ, ਉਨੇਂ ਹੀ ਪੈਸੇ ਮਾਲਕ ਨੇ ਪਾ ਕੇ ਸਰਕਾਰ ਕੋਲ ਜਮਾਂ ਕਰਾਉਣੇ ਹੁੰਦੇ ਹਨ। ਮਜ਼ਦੂਰਾਂ ਵਾਸਤੇ ਇਹ ਚੰਗਾ ਫਾਇਦੇ ਵਾਲਾ ਸੌਦਾ ਹੈ ਕਿਉਂਕਿ ਲੋੜ ਵੇਲੇ ਮਜ਼ਦੂਰ ਆਪਣੇ ਪੈਸੇ ਕਢਵਾ ਕੇ ਡੰਗ ਸਾਰ ਲੈਂਦਾ ਹੈ।

ਹੁਣ ਸਰਕਾਰ ਨੇ ਇਹ ਕਟੌਤੀ 10% ਕਰ ਦਿੱਤੀ ਹੈ। ਮਤਲਬ ਦਸ ਹਜ਼ਾਰ ਤਨਖਾਹ ਵਾਲੇ ਦਾ ਹੁਣ 1200/- ਦੀ ਥਾਂ 1000/- ਕੱਟਿਆ ਜਾਊ ਅਤੇ ਮਾਲਕ ਵੀ 1000/- ਹੀ ਪਾਊ। ਸੋ ਮਜ਼ਦੂਰ ਨੂੰ ਦੋ ਸੌ ਰੁਪਏ ਮਹੀਨਾ ਸ਼ੁੱਧ ਲੁੱਪਰੀ ਲਾ ਦਿੱਤੀ ਹੈ।

3) ਸਰਕਾਰ ਨੇ ਇਸ ਪੈਕਜ਼ ਵਿੱਚ ਹੀ, ਕਲੋਨੀਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਰਾਹਤ ਦੇਣ ਲਈ ਕਿਹਾ ਹੈ ਕਿ ਕਰੋਨਾ ਮਹਾਂਮਾਰੀ ਅਣਕਿਆਸੀ ਮਜ਼ਬੂਰੀ (Force Majeure) ਹੈ ਪਰ ਜਦੋਂ ਸੂਬਿਆਂ ਦੇ ਬਿਜਲੀ ਬੋਰਡਾਂ ਨੇ ਪ੍ਰਾਈਵੇਟ ਥਰਮਲਾਂ ਨੂੰ ਇਹੋ ਧਾਰਾ ਦਾ ਹਵਾਲ਼ਾ ਦੇ ਕੇ ਕਿਹਾ ਕਿ 'ਅਣਕਿਆਸੀ ਮਜ਼ਬੂਰੀ' ਕਾਰਨ ਬਿਜਲੀ ਦੀ ਮੰਗ ਘਟ ਗਈ ਹੈ. ਇਸ ਲਈ ਹੁਣ ਤੁਹਾਨੂੰ ਖੜ੍ਹੇ ਥਰਮਲ ਦੇ, ਬਿਨਾਂ ਬਿਜਲੀ ਵਰਤੇ, ਕਪੈਸਟੀ ਚਾਰਜ ਨਹੀਂ ਦਿਆਂਗੇ ਤਾਂ ਕੇਂਦਰੀ ਬਿਜਲੀ ਮੰਤਰੀ ਨੇ ਦੂਜੇ ਦਿਨ ਹੀ ਬਿਆਨ ਦਾਗ ਦਿੱਤਾ ਕਿ ਪੈਸੇ ਦੇਣੇ ਪੈਣਗੇ। ਹਾਲਾਂਕਿ ਸਮਝੌਤੇ ਰਾਜਾਂ ਨੇ ਕੀਤੇ ਹੋਏ ਹਨ ਅਤੇ ਕੇਂਦਰ ਨੂੰ ਦਖਲ ਦੇਣ ਦਾ ਵੀ ਅਧਿਕਾਰ ਨਹੀਂ ਹੈ। ਕੇਂਦਰ ਦੀ ਇਸ ਚਾਲ ਦੀ ਬੜੀ ਨਿਖੇਧੀ ਹੋਈ ਪਰ ਕੋਈ ਨਮੋਸ਼ੀ ਮੰਨਣ ਦੀ ਥਾਂ 90,000 ਕਰੋੜ ਉਹਨਾਂ ਨੂੰ ਦੇਣ ਵਾਸਤੇ ਰੱਖ ਲਿਆ ਹੈ। ਇਹ ਪੈਸਾ ਰਾਜ ਬਿਜਲੀ ਬੋਰਡਾਂ ਦੇ ਖਾਤੇ 'ਚ ਕਰਜ਼ੇ ਵਜੋਂ ਚੜੇਗਾ ਪਰ ਸਿਤਮ ਦੀ ਗੱਲ ਦੇਖੋ: ਪ੍ਰਾਈਵੇਟ ਥਰਮਲਾਂ ਨੂੰ ਅਦਾਇਗੀ ਸਿੱਧੀ ਕੇਂਦਰ ਸਰਕਾਰ ਕਰੇਗੀ।

ਇਸ ਤੋਂ ਇਲਾਵਾ ਕਿਹੜੇ ਥਰਮਲ ਤੋਂ ਜਾਂ ਹਾਈਡਲ ਤੋਂ ਕਿੰਨੀ ਬਿਜਲੀ ਪੈਦਾ ਕਰਨੀ ਹੈ ਅਤੇ ਕਿੰਨੀ ਸੂਬਾ ਸਰਕਾਰ ਨੇ ਸ਼ਾਹੂਕਾਰਾਂ ਤੋਂ ਖ੍ਰੀਦਣੀ ਹੈ, ਇਹ ਸਾਰਾ ਕੁਛ ਕੇਂਦਰੀ ਲੋਡ ਡਿਸਪੈਚ ਸੈਂਟਰ ਤੈਅ ਕਰੂਗਾ। ਸੂਬਾ ਸਰਕਾਰ ਨੂੰ ਸਭ ਮੰਨਣਾ ਪਊਗਾ।

4) ਸਭ ਤੋਂ ਵੱਧ ਧੋਖੇ ਭਰਿਆ ਕੰਮ ਕਿਸਾਨਾਂ ਨੂੰ ਸੁਧਾਰਨ ਦਾ ਕੀਤਾ ਹੈ। ਬੜੇ ਵਿੰਗ ਵਲ਼ ਪਾ ਕੇ ਕਿਹਾ ਗਿਆ ਹੈ ਕਿ ਕਿਸਾਨ ਆਪਣੀ ਫਸਲ ਕਿਸੇ ਵੀ ਰਾਜ ਵਿੱਚ ਵੇਚਣ ਵਾਸਤੇ ਆਜ਼ਾਦ ਤੇ ਖੁਦ ਮੁਖਤਿਆਰ ਹੋਵੇਗਾ। ਇਸ ਵਾਸਤੇ ਕੇਂਦਰ ਕਾਨੂੰਨ ਬਣਾਵੇਗਾ।

ਦੇਖਣ ਨੂੰ ਬੜਾ ਚੰਗਾ ਲਗਦਾ ਹੈ ਪਰ ਅਸਲ ਚ ਇਹ ਜਿਨਸਾਂ ਦੀ ਘੱਟੋ ਘੱਟ ਰੇਟ ਤੇ ਸਰਕਾਰੀ ਖਰੀਦ ਦਾ ਭੋਗ ਪਾਉਣ ਦੀ ਸ਼ੁਰੂਆਤ ਹੈ। ਇਹ ਸਰਕਾਰੀ ਖ੍ਰੀਦ ਪਹਿਲਾਂ ਵੀ ਬਹੁਤ ਥੋੜੇ ਰਾਜਾਂ ਵਿੱਚ ਹੈ ਅਤੇ ਮੋਦੀ ਸਰਕਾਰ ਵੱਲੋਂ ਬਣਾਈ ਹੋਈ ਇੱਕ ਕਮੇਟੀ 2014-15 ਵਿੱਚ ਹੀ ਇਹ ਖ੍ਰੀਦ ਬੰਦ ਕਰਨ ਦੀ ਸਿਫਾਰਸ਼ ਕਰ ਚੁੱਕੀ ਹੈ। ਭਲਾ ਕਿੰਨੇ ਕੁ ਕਿਸਾਨ ਹਨ ਜਿਹੜੇ ਆਪਣੀ ਜਿਨਸ ਬੰਗਾਲ ਬਿਹਾਰ 'ਚ ਜਾ ਕੇ ਵੇਚ ਸਕਦੇ ਹਨ ? ਅਸਲ 'ਚ ਵੱਡੇ ਵਪਾਰੀ ਲੋਕਾਂ ਕੋਲੋਂ ਜਿਨਸ ਖ੍ਰੀਦਣਗੇ ਅਤੇ ਸਟੋਰ ਕਰ ਕੇ, ਮੰਡੀ ਵਿੱਚ ਥੁੜ ਪੈਦਾ ਕਰਨਗੇ। ਮਗਰੋਂ ਮਨਮਰਜ਼ੀ ਦੇ ਭਾਅ ਤੇ ਵੇਚਣਗੇ। ਨਾਲੇ ਕਿਸਾਨਾਂ ਦੀ ਲੁੱਟ ਹੋਊਗੀ ਨਾਲੇ ਖਪਤਕਾਰ ਦੀ।

5) ਬਾਹਰਲੀਆਂ ਕੰਪਨੀਆਂ ਨੂੰ ਪੈਸਾ ਲਾਉਣ (649) ਦੀ ਖੁੱਲ੍ਹ: ਆਤਮ ਨਿਰਭਰ ਭਾਰਤ ਦਾ ਢੋਲ ਪਿਟਦੇ ਹੋਏ ਰੱਖਿਆ ਖੇਤਰ ਵਿੱਚ ਹਥਿਆਰਾਂ ਦੇ ਕਾਰਖਾਨੇ ਲਾਉਣ ਲਈ ਬਾਹਰਲੀਆਂ ਕੰਪਨੀਆਂ ਲਈ ਪੈਸੇ ਦੀ ਹੱਦ 49% ਤੋਂ ਵਧਾ ਕੇ 74% ਕਰ ਦਿੱਤੀ ਹੈ। ਜਦੋਂ ਕਰੋਨੇ ਦਾ ਰੌਲਾ ਪੂਰੇ ਜੋਬਨ ਤੇ ਸੀ ਅਤੇ ਨਮਸਤੇ ਟਰੰਪ ਹੋ ਰਹੀ ਸੀ ਤਾਂ ਅਰਬਾਂ ਰੁਪਏ ਦੇ ਹਥਿਆਰ ਅਮਰੀਕਾ ਤੋਂ ਖ੍ਰੀਦਣ ਵਾਸਤੇ ਸਮਝੌਤਾ ਕੀਤਾ ਗਿਆ।

6) ਕੇਂਦਰ ਅਧੀਨ ਆਉਂਦੇ ਸਾਰੇ ਬਿਜਲੀ ਬੋਰਡ ਅਤੇ ਸੱਤ ਹਵਾਈ ਅੱਡੇ ਸ਼ਾਹੂਕਾਰਾਂ ਨੂੰ ਵੇਚਣਾ ਵੀ ਇਸ ਪੈਕਜ ਦਾ ਹਿੱਸਾ ਹੈ।

7) ਕੋਲੇ ਦੀਆਂ ਖਾਣਾਂ ਵੀ ਪ੍ਰਾਈਵੇਟ ਫਰਮਾ ? ਨੂੰ ਵੇਚੀਆਂ ਜਾ ਰਹੀਆਂ ਹਨ।

ਹੁਣ ਤਾਂ ਵਿਤ ਮੰਤਰੀ ਨੇ ਸਾਫ ਹੀ ਕਹਿ ਦਿੱਤਾ ਹੈ ਕਿ ਸਾਰਾ ਸਰਕਾਰੀ ਖੇਤਰ ਨਿੱਜੀਕਰਨ ਲਈ ਖੁੱਲ੍ਹਾ ਹੈ।

8) ਰਾਜਾਂ ਨੂੰ ਹੋਰ ਕਰਜ਼ਾ ਦੇਣ ਸਬੰਧੀ ਸ਼ਰਤਾਂ: ਪਹਿਲਾਂ ਰਾਜ ਆਪਣੇ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 3% ਕਰਜ਼ਾ ਲੈ ਸਕਦੇ ਸਨ, ਹੁਣ ਕੇਂਦਰ ਨੇ ਇਹ 5% ਕਰ ਦਿੱਤੀ ਹੈ, ਮਤਲਬ ਰਾਜ ਹੁਣ 2% ਹੋਰ ਕਰਜ਼ਾ ਲੈ ਸਕਦੇ ਹਨ, ਪਰ ਕਰਜ਼ਾ ਲੈਣ ਲਈ ਲਾਈਆਂ ਗਈਆਂ ਹੇਠ ਲਿਖੀਆਂ ਚਾਰ ਸ਼ਰਤਾਂ ਗੌਰ ਕਰਨ ਵਾਲੀਆਂ ਹਨ।

ੳ) ਇੱਕ ਦੇਸ਼, ਇੱਕ ਰਾਸ਼ਨ ਕਾਰਡ ਲਾਗੂ ਕਰਨਾ ਮਤਲਬ ਆਟਾ ਦਾਲ ਦੀ ਵੰਡ ਵੀ ਕੇਂਦਰ ਕੋਲ

ਅ) ਵਪਾਰ ਦੀ ਸੌਖ, ਮਤਲਬ ਫੈਕਟਰੀ ਲਾਉਣ ਲਈ ਲਾਈਸੰਸ ਲੈਣ ਦੀ ਸ਼ਰਤ ਖਤਮ ਕਰਨੀ, ਲੇਬਰ ਕਨੂੰਨ ਖਤਮ ਕਰਨੇ ਵਗੈਰਾ

ੲ) ਸ਼ਹਿਰੀ ਸੰਸਥਾਵਾਂ ਸੁਧਾਰ: ਸਹਿਰਾਂ ਵਿੱਚ ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰੇਜ਼ ਵਗੈਰਾ ਦੇ ਰੇਟ ਬੰਨਣੇ ਅਤੇ ਵਧਦੀ ਮਹਿੰਗਾਈ ਅਨੁਸਾਰ ਵਧਾਉਣੇ।

ਸ) ਬਿਜਲੀ ਸੈਕਟਰ ਨੂੰ ਪ੍ਰਾਈਵੇਟ ਕਰਨਾ, ਸਬਸਿਡੀ ਵਾਲੀ ਸਸਤੀ ਬਿਜਲੀ ਅਤੇ ਮੁਫਤ ਬਿਜਲੀ ਬੰਦ ਕਰਨੀ।

ਜੇਕਰ ਕੋਈ ਸੂਬਾ ਸਰਕਾਰ ਕਿਸੇ ਨੂੰ ਸਸਤੀ ਜਾਂ ਫਰੀ ਬਿਜਲੀ ਦੇਣੀ ਚਾਹੁੰਦੀ ਹੈ ਤਾਂ ਸਰਕਾਰ ਉਸ ਬੰਦੇ ਦੇ ਖਾਤੇ ਚ ਪੈਸਾ ਭੇਜੂਗੀ। ਪਹਿਲਾਂ ਤੁਹਾਨੂੰ ਪੂਰਾ ਬਿੱਲ ਭਰਨਾ ਪਵੇਗਾ, ਜਿਵੇਂ ਗੈਸ ਸਲੰਡਰ ਦੀ ਸਬਸਿਡੀ ਵਾਲਾ ਚੱਕਰ। ਗੈਸ ਵਾਂਗੂੰ ਹੀ ਬਿਜਲੀ ਸਬਸਿਡੀ ਵੀ ਘਟਦੀ ਘਟਦੀ ਘਟ ਜਾਵੇਗੀ।

ਬਿਜਲੀ ਦੇ ਰੇਟ ਕੇਂਦਰ ਤੈਅ ਕਰੂਗਾ। ਸਭ ਨੂੰ ਇੱਕੋ ਰੇਟ ਤੇ ਬਿਜਲੀ ਖਰੀਦਣੀ ਪਊ, ਭਾਵੇਂ ਕੋਈ ਝੁੱਗੀ ਵਾਲਾ ਹੋਵੇ ਤੇ ਭਾਵੇਂ ਅੰਬਾਨੀ...ਰਾਮ ਰਾਜ ਲਿਆ ਦੇਣਾ ਹੈ।

ਇਹਨਾਂ ਚਾਰਾਂ ਸ਼ਰਤਾਂ ਨੂੰ ਜਿਹੜਾ ਸੂਬਾ ਦਿੱਤੇ ਸਮੇਂ ਵਿੱਚ ਲਾਗੂ ਕਰੂਗਾ, ਉਹਨੂੰ ਇੱਕ ਸ਼ਰਤ ਪੂਰੀ ਕਰਨ ਦਾ 0.25% ਵਾਧੂ ਕਰਜ਼ਾ ਮਿਲ ਸਕੂ। ਚਾਰੇ ਸ਼ਰਤਾਂ ਲਾਗੂ ਕਰਨ ਦੀ ਮਿਆਦ ਸਾਲ 2020-21 ਦੇ ਅੰਦਰ ਅੰਦਰ ਹੈ। ਮਤਲਬ ਇਹ ਸਾਰਾ ਕੁਛ, ਬਾਂਹ ਨੂੰ ਵਟਾ ਦੇ ਕੇ ਲਾਗੂ ਕਰਵਾਇਆ ਜਾਵੇਗਾ।

ਸੋ ਮੁਕਦੀ ਗੱਲ ਇਹ ਹੈ ਕਿ ਪੰਜ ਛੇ ਦਿਨਾਂ ਵਿੱਚ ਗਾਇਆ ਗਿਆ ਇਹ ਘਰਾਟ ਰਾਗ, ਲੋਕਾਂ ਦੀ ਤਬਾਹੀ ਲਈ ਵੈਲੀ ਦਾ ਲਲਕਾਰਾ ਹੈ। ਕਰੋਨੇ ਦੇ ਬਹਾਨੇ, ਵਹਿੜਕੇ ਨੂੰ ਪਹਿਲਾਂ ਖੂਹ ਚ ਸਿੱਟਿਆ ਗਿਆ ਅਤੇ ਹੁਣ ਖੱਸੀ ਕੀਤਾ ਗਿਆ ਹੈ।

ਇਸ ਸਾਰੀ ਰਾਵਣ ਲੀਲਾ ਨੂੰ ਸਮਝਣਾ, ਵਿਰੋਧ ਕਰਨਾ ਅਤੇ ਪੁੱਠੇ ਪੈਰੀਂ ਮੋੜਨਾ, ਲੋਕਾਂ ਦੀ ਅਣਸਰਦੀ ਲੋੜ ਹੈ, ਤਬਾਹੀ ਤੋਂ ਬਚਣ ਲਈ ਜ਼ਰੂਰੀ ਹੈ।

Punjab Insurance Inc

SUPER VISA INSURANCE

• Critical Illness Insurance • Life Insurance • Mortgage Insurance

• Disability Insurance • RESP, RRSP

Preet Virk
416-357-1818

7003 Steeles Ave. W,Unit 10 Etobicoke,ON, M9W 0A2

Harveer Kaur Grewal
416-671-1919

Hiring Drivers/Owners/Operators

GALAXY Frightline inc.

We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time

We Require:
*2 Years Experience
*Clean Current Abstract
*Ability to Cross Border
*Positive, Professional Attitude

For:
*GTA
*ON-QC
*ON-MB-AB-BC
*USA

Balraj Singh Manager
647-701-6991
FAX: 416-644-8882
EMAIL: dispatch@galaxyfreightline.com

www.galaxyfreightline.com

*1580 Britannia Road East *Mississauga *ON *L4W 1J2

ਡਾ ਬਲਜਿੰਦਰ ਸਿੰਘ ਬਠਿੰਡਾ
94170-79720

### ਆਸਕਰ ਅਵਾਰਡ ਜੇਤੂ ਕੋਰੀਆਈ ਫਿਲਮ -

# ਪੈਰਾਸਾਈਟ (ਜੋਕ) ਬਹਾਨੇ



ਅਕਾਡਮੀ ਅਵਾਰਡ (2020) ਭਾਵ ਆਸਕਰ ਅਵਾਰਡ ਜੇਤੂ ਕੋਰੀਆਈ ਫਿਲਮ ਪੈਰਾਸਾਈਟ ਯਾਨੀ ਜੋਕਾਂ ਦੇਖਣ ਦਾ ਸਬੱਬ ਬਣਿਆ ਇਸ ਲਾਕਡਾਊਨ 'ਚ। ਉਤਸੁਕਤਾ ਸੀ ਕਿ ਅਜਿਹਾ ਕੀ ਹੁੰਦਾ ਹੈ ਇਹਨਾਂ ਫਿਲਮਾਂ ਅੰਦਰ ਕਿ ਐਨੇ ਧੂਮ ਧੜੱਕੇ ਨਾਲ ਇਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਫਲਾਂ-ਫਲਾਂ ਫਿਲਮ ਅਵਾਰਡ ਜੇਤੂ ਹੈ।

ਦੱਖਣੀ ਕੋਰੀਆ ਦੇ ਬੋਂਗ ਜੂਨ-ਹੋ ਦੀ ਨਿਰਦੇਸ਼ਨਾ ਹੇਠ ਬਣੀ ਇਸ ਫਿਲਮ ਦੀ ਸ਼ੁਰੂਆਤ ਸਿਓਲ (ਦੱਖਣੀ ਕੋਰੀਆ ਦੀ ਰਾਜਧਾਨੀ) ਦੀਆਂ ਤੰਗ ਗਲੀਆਂ ਦੇ ਨੀਮ ਤਹਿ ਖਾਨਿਆਂ (ਹਾਫ ਬੇਸ ਮੈਂਟ) 'ਚ ਰਹਿਣ ਵਾਲੇ ਕਿਮ ਪਰਿਵਾਰ ਦੇ ਨਿੱਤ-ਨੇਮ ਨਾਲ ਸ਼ੁਰੂ ਹੁੰਦੀ ਹੈ। ਪੀਜ਼ਾ ਪੈਕ ਕਰਨ ਵਾਲੇ ਡੱਬਿਆਂ ਦੇ ਛਪੇ ਹੋਏ ਗੱਤਿਆ ਨੂੰ ਡੱਬਿਆਂ ਦਾ ਰੂਪ ਦੇਣ ਦਾ ਕੰਮ ਕਰਨ ਵਾਲਾ ਚਾਰ ਮੈਂਬਰੀ ਪਰਿਵਾਰ 'ਚ ਮਾਂ ਪਿਓ ਅਤੇ ਜਵਾਨ ਭੈਣ-ਭਰਾ ਹਨ। ਬਹੁਤ ਹੀ ਗ਼ਰੀਬੀ ਵਾਲੀਹਾਲਤ 'ਚ ਰਹਿਣ ਵਾਲਾ ਇਹ ਟੱਬਰ ਆਪਣੇ ਭਵਿੱਖ ਲਈ ਹਮੇਸ਼ਾ ਫਿਰਕਮੰਦ ਰਹਿੰਦਾ ਦਿਖਾਇਆ ਗਿਆ ਹੈ। ਆਪਣਾ ਜੀਵਨ ਹਾਲਤ ਸੁਧਾਰਨ ਲਈ ਉਹਨਾਂ ਨੂੰ ਇਹ ਮੌਕਾ ਉਹਨਾਂ ਨੂੰ ਉਦੋਂ ਹਾਸਲ ਹੁੰਦਾ ਹੈ ਜਦੋਂ ਪਰਿਵਾਰ ਦੇ ਲੜਕੇ ਨੂੰ ਉਸਦਾ ਦੋਸਤ ਕਿਸੇ ਅਮੀਰ ਪਰਿਵਾਰ ਦੀ ਟੀਨਏਜਰ ਲੜਕੀ ਨੂੰ ਟਿਊਸ਼ਨ ਦੇਣ ਦਾ ਕੰਮ ਦਿਵਾਉਣ 'ਚ ਮੱਦਦ ਕਰਦਾ ਹੈ। ਆਪਣੀ ਜਾਹਲੀ ਡਿਗਰੀ ਸਹਾਰੇ ਅਮੀਰ ਮਾਂ ਨੂੰ ਪ੍ਰਭਾਵਤ ਕਰਕੇ ਉਹ ਲੜਕੀ ਦਾ ਟਿਊਟਰ ਬਣ ਜਾਂਦਾ ਹੈ ਅਤੇ ਸਹਿਜੇ ਸਹਿਜੇ ਉਸ ਘਰ ਦੇ ਨੌਕਰਾਂ ਨੂੰ ਮਾਲਕ ਵੱਲੋਂ ਕੰਮ ਤੋਂ ਜੁਆਬ ਦੁਆਕੇ ਆਪਣੇ ਬਾਪੂ ਨੂੰ ਡਰਾਇਵਰ , ਮਾਂ ਨੂੰ ਘਰੇਲੂ ਨੌਕਰ ਅਤੇ ਭੈਣ ਨੂੰ ਉਸ ਪਰਿਵਾਰ ਦੇ 4-5 ਸਾਲ ਦੇ ਅੱਚਵੀ ਖੋਰੇ ਸ਼ਰਾਰਤੀ ਬੱਚੇ ਮਨੋਵਿਗਿਆਨਕ ਰੂਪ ਵਿੱਚ ਸਹੀ ਸੇਧ ਦੇਣ ਹਿਤ ਨੌਕਰੀ 'ਤੇ ਲਵਾ ਦਿੰਦਾ ਹੈ। ਮਾਲਕ ਪਰਿਵਾਰ ਉਨ੍ਹਾਂ ਸਾਰਿਆਂ ਦੇ ਆਪਸੀ ਰਿਸ਼ਤਿਆ ਤੋਂ ਅਣਜਾਣ ਹੈ।

ਇੱਕ ਦਿਨ ਜਦ ਮਾਲਕ ਪਰਿਵਾਰ ਆਪਦੇ ਛੋਟੇ ਬੱਚੇ ਦੇ ਜਨਮ ਦਿਨ ਮਨਾਉਣ ਲਹੀ ਬਾਹਰ ਜਾਂਦੇ ਹਨ ਤਾਂ ਮਾਲਕ ਦੀ ਗੈਰ ਹਾਜ਼ਰੀ 'ਚ ਇਹ ਸਾਰਾ ਪਰਿਵਾਰ ਉਸ ਘਰੇ ਮਹਿੰਗੀਆਂ ਸ਼ਰਾਬਾਂ ਪੀ ਕੇ ਅਤੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਖਾਕੇ ਆਪਣੀਆਂ ਖੁਸ਼ੀਆਂ 'ਚ ਮਸਤ ਹੁੰਦਾ ਹੈ ਤਾਂ ਉਸ ਘਰ ਦੀ ਨੌਕਰੀਓਂ ਕੱਢੀ ਹੋਈ ਨੌਕਰਾਣੀ ਘਰ ਦਰ ਆ ਖੜਕਾਉਂਦੀ ਹੈ। ਦਰਵਾਜ਼ ਖੋਹਲਣ 'ਤੇ ਪੁਰਾਣੀ ਨੌਕਰਾਣੀ ਆਪਣੇ ਸ਼ੌਹਰ ਬਾਰੇ ਦਸਦੀ ਹੈ ਕਿ ਉਹ ਇਸ ਘਰ ਦੇ ਤਹਿ ਖਾਨੇ ਵਿੱਚ ਬਣੇ ਬੰਕਰ ਵਿੱਚ ਪਿਛਲੇ ਚਾਰ ਸਾਲ ਤੋਂ ਰਹਿ ਰਿਹਾ ਹੈ ਅਤੇ ਘਰ ਦੀ ਰਸੋਈ 'ਚੋਂ ਤਹਿਖਾਨੇ ਨੂੰ ਜਾਂਦੀ ਚੋਰ ਮੋਰੀ ਰਾਹੀਂ ਦਰਵਾਜ਼ਾ ਖੋਲ੍ਹਕੇ ਰਸੋਈ 'ਚੇ ਸ਼ਰਾਬ ਪੀਕੇ ਅਤੇ ਖਾਣਾ ਖਾ ਕੇ ਬੰਕਰ 'ਚ ਹੀ ਜਾ ਟਿਕਦਾ ਹੈ। ਉਸਦਾ ਦਾ ਖੁਦ ਦਾ ਇਓਂ ਬੰਦੀ ਬਨਣ ਦਾ ਕਾਰਨ ਉਸ ਵੱਲੋਂ ਆਪਣੇ ਛੋਟੇ ਮੋਟੇ ਕਾਰੋਬਾਰ ਲਈ ਚੁੱਕੇ ਕਰਜੇ ਨੂੰ ਨਾ ਉਤਾਰ ਸਕਣ ਦੇ ਸਿੱਟੇ ਵਜੋਂ ਸਾਹੂਕਾਰ ਤੋਂ ਡਰਕੇ ਆਪਣੀ ਜਾਨ ਬਚਾਉਣਾ ਹੈ। ਘਰ ਦੇ ਮਾਲਕ ਇਸ ਬੰਕਰ ਤੋਂ ਅਣਜਾਣ ਸਨ। ਜ਼ਿਕਰਯੋਗ ਹੈ ਕਿ ਉਤਰੀ ਅਤੇ ਦੱਖਣੀ ਕੋਰੀਆ ਦਰਮਿਆਨ ਫੌਜੀ ਕਸਮਕਸ਼ 'ਚ ਐਟਮੀ ਬੰਬਾਂ ਜਾਂ ਬਾਇਓ ਬੰਬਾਂ ਦੀ ਮਾਰ ਤੋਂ ਬਚਣ ਲਈ ਦੱਖਣੀ ਕੋਰੀਆ ਦੇ ਅਮੀਰਾਂ ਨੇ ਆਪਣੇ ਘਰਾਂ ਦੇ ਅੰਦਰ ਹੀ ਅਜਿਹੇ ਬੰਕਰ ਤਾਮੀਰ ਕੀਤੇ ਹੋਏ ਹਨ।

ਬੰਕਰ ਦਾ ਰਾਜ ਖੁੱਲ੍ਹਣ 'ਤੇ ਦੋਨਾਂ ਟੱਬਰਾਂ ਦਰਮਿਆਨ ਖੂਨੀ ਝੜਪ ਹੁੰਦੀ ਹੈ ਅਤੇ ਪੁਰਾਣੀ ਨੌਕਰਾਣੀ ਦੀ ਮੌਤ ਹੋ ਜਾਂਦੀ ਹੈ। ਜਦਕਿ ਉਸਦੇ ਪਤੀ ਨੂੰ ਬੰਨ ਕੇ ਕਿਮ ਪਰਿਵਾਰ ਜਦੋਂ ਉਪਰ ਹਾਲ ਕਮਰੇ ਵਿੱਚ ਬੈਠਕੇ ਦੁਬਾਰਾ ਆਪਣੇ ਖਾਣ ਪੀਣ ਦੀ ਪਾਰਟੀ ਨੂੰ ਸ਼ੁਰੂ ਕਰਨ ਲਗਦਾ ਹੈ ਤਾਂ ਉਦੋਂ ਹੀ ਮਾਲਕਣ ਦਾ ਫੋਨ ਆ ਜਾਂਦਾ ਹੈ ਕਿ ਬਹੁਤ ਮੀਂਹ ਪੈਣ ਕਾਰਨ ਬੱਚੇ ਦੇ ਜਨਮ ਦਿਨ ਦੇ ਜਸ਼ਨ ਮੁਅੱਤਲ ਕਰ ਦਿੱਤੇ ਗਏ ਹਨ ਅਤੇ ਹੁਣ ਅਸੀਂ ਘਰੇ ਹੀ ਆ ਰਹੇ ਹਾਂ। ਇਹ ਸੁਣਕੇ ਸਾਰੇ ਕਿਮ ਪਰਿਵਾਰ ਨੂੰ ਭਾਜੜ ਪੈ ਗਈ ਅਤੇ ਕਿਵੇਂ ਨਾ ਕਿਵੇਂ ਆਪਣੀ ਪਾਰਟੀ ਦੇ ਸਾਰੇ ਕੁੱਛ ਨੂੰ ਸਮੇਟਦਿਆਂ ਇਕੱਲੀ ਮਾਂ ਨੂੰ ਉੱਥੇ ਛੱਡਕੇ ਬਾਹਰ ਨਿਕਲਣ 'ਚ ਕਾਮਯਾਬ ਹੋ ਜਾਂਦੇ ਹਨ।

ਫਿਲਮ ਦੇ ਅਖੀਰ 'ਚ ਸਾਬਕਾ ਨੌਕਰਾਣੀ ਦਾ ਪਤੀ ਆਪਣੀ ਬਦਲਾ ਲਊ ਭਾਵਨਾ ਹੇਠ ਮਾਲਕ ਦੇ ਬੇਟੇ ਦੇ ਜਨਮ ਦਿਨ ਦੀ ਪਾਰਟੀ 'ਚ ਕਿਮ ਪਰਿਵਾਰ ਦੇ ਮੁਖੀ ਦਾ ਕਤਲ ਕਰ ਦਿੰਦਾ ਹੈ ਅਤੇ ਦੋ ਹੋਰ ਕਤਲਾਂ ਅਤੇ ਜਖ਼ਮੀਆਂ ਨਾਲ ਫਿਲਮ ਆਪਣੇ ਅੰਤ ਵੱਲ ਵਧਦੀ ਹੈ। ਅੰਤਲੇ ਸੀਨ ਵਿੱਚ ਜਵਾਨ ਕਿਮ ਅਮੀਰ ਮਾਲਕ ਦੀ ਉਸ ਸ਼ਾਨਦਾਰ ਕੋਠੀ ਨੂੰ ਖਰੀਦਣ ਲਈ ਇੱਕ ਯੂਨੀਵਰਸਿਟੀ ਡਿਗਰੀ ਪਾਸ ਕਰਕੇ ਨੌਕਰੀ ਹਾਸਲ ਕਰਕੇ ਆਪਣੀ ਰੀਝ ਪੂਰੀ ਕਰਨ ਦੀ ਸਕੀਮ ਬਣਾਉਂਦਾ ਹੈ ਅਤੇ ਮੁੜ ਆਪਣੀ ਨੀਮ ਬੈਸਮੈਂਟ 'ਚ ਜਾ ਆਪਣੀ ਮਾਂ ਕੋਲ ਬੈਠ ਜਾਂਦਾ ਹੈ।

ਮੂਲ ਰੂਪ 'ਚ ਕੋਰਿਆਈ ਭਾਸ਼ਾ 'ਚ ਬਣੀ ਇਹ ਫਿਲਕ ਅੰਗਰੇਜ਼ੀ ਉਪ-ਸਿਰਲੇਖਾਂ ਸਮੇਤ ਮੌਜੂਦ ਹੈ। ਅਕਾਦਮੀ ਅਵਾਰਡ ਜਿਸਨੂੰ ਆਸਕਰ ਅਵਾਰਡ ਵੀ ਕਿਹਾ ਜਾਂਦਾ ਹੈ, 'ਚ 2020 ਦੀ ਇਹ ਬੈਸਟ ਵਿਦੇਸ਼ੀ ਫ਼ਿਲਮ ਗਰਦਾਨੀ ਗਈ ਅਤੇ ਹੋਰ ਵੀ ਅਵਾਰਡ ਇਸਨੂੰ ਮਿਲੇ। ਵਿਚਾਰਣ ਵਾਲੀ ਗੱਲ ਇਹ ਹੈ ਕਿ ਅਜਿਹੇ ਮਸ਼ਹੂਰ ਅਵਾਰਡ ਪ੍ਰਦਾਨ ਕਿਉਂ ਕੀਤੇ ਜਾਂਦੇ ਹਨ।

ਇਹ ਫ਼ਿਲਮ ਕੋਰੀਆਈ ਸਮਾਜ ਦਾ ਯਥਾਰਥ ਪੇਸ਼ ਕਰਦੀ ਹੈ ਜਿਸ 'ਚ ਇੱਥ ਪਾਸੇ ਅੰਤਾਂ ਦੀ ਗੁਰਬਤ ਅਤੇ ਦੂਜੇ ਪਾਸੇ ਵਿਸ਼ਾਲ ਜਾਇਦਾਦ ਵਾਲੇ ਧਨ ਕੁਬੇਰਾਂ ਨੇ ਸਮਾਜ ਨੂੰ ਹਰ ਪਾਸਿਓਂ ਮੱਲਿਆ ਹੋਇਆ ਹੈ। ਯਥਾਰਥ 'ਚੋਂ ਹੀ ਨਿਰਦੇਸ਼ਕ ਸਿੱਧ ਕਰਨਾ ਚਾਹੁੰਦਾ ਹੈ ਕਿ ਉਹਦੇ 'ਚ ਪਹਿਲੀ ਗੱਲ ਤਾਂ ਇਹ ਹੈ ਕਿ ਪੈਰਾਸਾਈਟ ਯਾਨੀ ਜੋਕਾਂ ਇਹ ਗਰੀਬ ਗੁਰਬੇ ਹਨ ਜੋ ਕਿ ਲਾਲਚ ਵੱਸ ਹਰ ਜਾਇਜ਼-ਨਜਾਇਜ਼ ਤਰੀਕੇ ਰਾਹੀਂ ਅਮੀਰਾਂ ਦੀ ਦੌਲਤ 'ਤੇ ਨਿਗ੍ਹਾ ਰੱਖਦੇ ਹਨ, ਉਸਨੂੰ ਹੜੱਪਣਾ ਚਾਹੁੰਦੇ ਹਨ ਅਤੇ ਅਮੀਰਾਂ ਦੇ ਟੁੱਕੜਿਆਂ 'ਤੇ ਪਲਦੇ ਹਨ। ਦੂਜੀ ਗੱਲ ਇਹ ਬੜ੍ਹੇ ਜ਼ੋਰ ਨਾਲ ਉਭਾਰੀ ਗਈ ਹੈ ਅਤੇ ਫਿਲਮ 'ਚ ਅੰਤਲਾ ਡਾਇਲਾਗ ਵੀ ਇਹੀ ਦਸਦਾ ਹੈ ਕਿ ਗ਼ਰੀਬ ਆਪਣਾ ਭਵਿੱਖ ਸੰਭਾਰਨ ਲਈ ਜੋ ਮਰਜ਼ੀ ਸਕੀਮ ਬਣਾਈ ਜਾਣ ਪਰ ਇਹ ਸਕੀਮ ਕਦੇ ਵੀ ਪੂਰੀ ਨਹੀਂ ਹੋਣ ਲੱਗੀ, ਫਿਲਮ 'ਚ ਕਈ ਵਾਰੀ ਇਹ ਦਿਖਾਇਆ ਗਿਆ ਹੈ ਕਿ ਤੁਹਾਡੀ (ਲੋਕਾਂ ਦੀ) ਗਿੱਦੜ ਸਕੀਮ ਸਿਰੇ ਨਹੀਂ ਚੜ੍ਹਨ ਲੱਗੀ। ਤੁਹਾਡੀ ਹੋਣੀ ਇਹੀ ਹੋਣੀ ਹੈ। ਪਹਿਲਾ ਸਾਬਕਾ ਨੌਕਰਾਨੀ ਦਾ ਪਤੀ ਬੰਕਰ 'ਚ ਪਿਆ ਸੜਦਾ ਸੀ ਅਤੇ ਹੁਣ ਪੁਲੀਸ ਦੇ ਡਰ ਤੋਂ ਆਪੇ ਹੀ ਬੰਕਰ 'ਚ ਕੈਦ ਬੈਠਾ ਕਿਮ ਪਰਿਵਾਰ ਦਾ ਮੁਖੀ ਸੜਦਾ ਹੈ ਅਤੇ ਆਪਣੀ ਸਲਾਮਤੀ ਲਈ ਐਸ ਓ ਐਸ ਸੁਨੇਹੇ ਭੇਜਦਾ ਹੈ।

ਸਰਮਾਏਦਾਰਾ ਨਿਜ਼ਾਮ ਅੰਦਰ ਹੋਰਨਾਂ ਜਿਨਸੀ ਸਬੰਧਾਂ ਵਾਂਗ ਅਵਾਰਡ ਪ੍ਰਦਾਨ ਕਰਨਾ ਵੀ ਸਰਮਾਏਦਾਰਾਨਾ ਸਬੰਧਾਂ ਅਤੇ ਪ੍ਰਬੰਧ ਨੂੰ ਪੁਖਤਾ ਕਰਨ ਅਤੇ ਲੋਕਾਂ ਸਾਹਮਣੇ ਇਸ ਦਾ ਕੋਈ ਬਦਲ ਨਾ ਹੋਣ ਨੂੰ ਉਭਾਰਨਾ ਉਸਦਾ ਮਕਸਦ ਹੈ। ਲੋਕ ਵਿਰੋਧੀ ਸਾਮਰਾਜਵਾਦੀ ਪ੍ਰਬੰਧ ਦੇ ਸਾਏ ਹੇਠ ਚੱਲਣ ਵਾਲੇ ਇਹ ਅਵਾਰਡ ਪ੍ਰੋਗਰਾਮ ਆਪਣਾ ਇਹ ਮਕਸਦ ਪੂਰਾ ਕਰਨ ਵਿੱਚ ਕਾਮਯਾਬ ਹੁੰਦੇ ਹਨ ਕਿ ਅਮੀਰੀ -ਗ਼ਰੀਬੀ ਧੁਰੋਂ ਲਿਖੀ ਆਈ ਹੈ ਅਤੇ ਬੁਧੀਮਤਾ (Intelligence) ਦੇ ਸਹਾਰੇ ਅਮੀਰੀ ਦੀ ਪੌੜੀ ਚੜ੍ਹਿਆ ਜਾ ਸਕਦਾ ਹੈ। ਦੂਸਰਾ ਮਕਸਦ ਇਹ ਬੱਧੀਮਤਾ ਭਾਵ ਇੱਟੈਲੀਜੈਂਸ ਸਿਰਫ ਤੇ ਸਿਰਫ਼ ਅਮੀਰਾਂ ਕੋਲ ਹੀ ਹੁੰਦੀ ਹੈ। ਗ਼ਰੀਬ ਚਾਹੇ ਜਿੰਨੀ ਮਰਜ਼ੀ ਪੜ੍ਹਾਈ ਕਰ ਲੈਣ ਅਤੇ ਜੋ ਮਰਜ਼ੀ ਨੌਕਰੀ ਕਰ ਲੈਣ ਪਰ ਉਹ ਅਮੀਰਾਂ ਵਾਂਗ ਬੁੱਧੀਮਤਾ ਹਾਸਲ ਨਹੀਂ ਕਰ ਸਕਦੇ ਅਤੇ ਇਸੇ ਵਜਾਹ ਕਰਕੇ ਉਹਨਾਂ ਦੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਇਸ ਵਿਸ਼ੇ 'ਤੇ ਡਾਇਰੈਕਟਰ ਨੇ ਕਾਫੀ ਕੰਮ ਕੀਤਾ ਲਗਦਾ ਹੈ।

ਵਿਦੇਸ਼ੀ ਫ਼ਿਲਮਾਂ ਭਾਵ ਅਮਰੀਕਾ ਤੋਂ ਬਾਹਰਲੀਆਂ 'ਚ ਕੈਟੇਗਰੀਆਂ ਸਥਾਪਤ ਕਰਨ ਦਾ ਮਕਸਦ ਆਪਣੀਆਂ ਨਿਰਮਾਣ ਕੀਤੀਆਂ ਫਿਲਮਾਂ ਲਈ ਮੰਡੀ ਦੇ ਘੇਰੇ 'ਚ ਵਾਧਾ ਕਰਨਾ ਵੀ ਹੈ। ਅਗਰ ਅੱਜ ਪੈਰਾਸਾਈਟ ਵਰਗੀ ਦੱਖਣੀ ਕੋਰੀਆ ਵਰਗੇ ਵਿਕਾਸਸ਼ੀਲ ਮੁਲਕ ਦੀ ਦੇਸ਼ੀ ਭਾਸ਼ਾ (ਕੋਰੀਅਨ) ਦੀ ਫਿਲਮ ਅਵਾਰਡ ਜੇਤੂ ਹੋ ਜਾਂਦੀ ਹੈ ਤਾਂ ਇਸ ਦੇ ਨਾਲ ਹੀ ਹੋਰਨਾਂ ਹਾਲੀਵੁੱਡ ਫਿਲਮਾਂ ਦੇ ਵਪਾਰ ਲਹੀ ਚੰਗੀ ਵਿਸ਼ਾਲ ਮੰਡੀ ਮੁਅੱਸਰ ਹੋ ਜਾਂਦੀ ਹੈ। ਜੋ ਕਿ ਤਜ਼ਾਰਤ ਪੱਖੋਂ ਅਮਰੀਕੀ ਸਾਮਰਾਜੀ ਸਰਮਾਏ ਲਈ ਲਾਹੇਬੰਦ ਹੈ।

ਸਮਾਜਕ ਯਥਾਰਥ ਨੂੰ ਪੇਸ਼ ਕਰਨ ਦੇ ਨਾਂ ਹੇਠ ਡਾਇਰੈਕਟਰ ਨੇ ਸਮਾਜ ਵਿਚਲੇ ਯਥਾਰਥ ਨੂੰ ਸਿਰ ਪਰਨੇ ਖੜ੍ਹਾ ਕਰ ਦਿੱਤਾ ਹੈ। ਜੋਕ ਗਰੀਬੜੇ ਲਾਚਾਰ ਲੋਕ ਨਹੀਂ ਬਲਕਿ ਉਹ ਖਾਣ ਸੂਰੇ ਹਨ ਜਿਹੜੇ ਲੋਕਾਂ ਦੀ ਮਿਹਨਤ 'ਤੇ ਕਬਜ਼ਾ ਕਰਕੇ ਐਯਾਸ਼ੀਆਂ ਕਰਦੇ ਹਨ ਸਹੀ ਮਾਅਨਿਆ 'ਚ ਉਹੀ ਜੋਕਾ ਹਨ।

ਸਰਮਾਏ ਦੇ ਹੋਰਨਾਂ ਖੇਤਰਾਂ 'ਚ ਨਿਵੇਸ਼ ਵਾਂਗ ਫਿਲਮੀ ਸਨਅਤ ਵੀ ਕਾਫੀ ਵਿਸ਼ਾਲ ਅਕਾਰ ਵਾਲੀ ਸਨਅਤ ਹੈ। ਇਹ ਵੀ ਅੱਜ ਕਿਸੇ ਦੇਸ਼ ਦੀ ਸਰਹੱਦ ਦੀ ਮੁਹਤਾਜ਼ ਨਹੀਂ ਰਹੀ। ਆਪਣੀ ਜਿਨਸ ਭਾਵ ਫਿਲਮਾਂ ਲਈ ਮੰਡੀ ਦੀ ਭਾਲ 'ਚ ਸਾਮਰਾਜੀ ਸਰਮਾਏ ਯਾਨੀ ਬਹੁਕੌਮੀ ਕਾਰਪੋਰੇਸ਼ਨਾਂ ਹੇਠ ਪਲ ਰਹੀ ਹਾਲੀਵੁੱਡ ਸਨਅਤ ਵੀ ਆਪਣੇ ਪਸਾਰੇ ਲਈ ਜਿੱਥੇ ਦੇਸ਼ੀ ਡਾਇਲੈਕਟ ਫਿਲਮੀ ਕੰਪਨੀਆਂ ਨਾਲ ਸਾਂਝ-ਭਿਆਲੀ 'ਚ ਫਿਲਮਾਂ ਦਾ ਨਿਰਮਾਣ ਕਰਦੀਆਂ ਹਨ ਉੱਥੇ ਇਹ ਆਪਣੀ ਚੌਧਰ ਸਥਾਪਤੀ ਲਈ ਪਛੜੇ ਮੁਲਕਾਂ ਦੇ ਦੇਸੀ ਡਾਇਰੈਕਟਰਾਂ ਅਤੇ ਦੇਸੀ ਫਿਲਮੀ ਫਿਲਮਾਂ ਕੰਪਨੀਆਂ ਨੂੰ ਵੀ ਅਵਾਰਡਾਂ ਲਈ ਨਾਮਜਦ ਕਰਕੇ ਇਹਨਾਂ ਮੁਲਕਾਂ ਅੰਦਰ ਆਪਣੀਆ ਫਿਲਮਾਂ ਲਈ ਮੰਡੀ ਤਿਆਰ ਕਰਦੀਆਂ ਹਨ।

ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

HOMELIFE SILVERCITY REALTY INC. BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com



MLS
11775 Bramalea Rd., Unit #201, Brampton ON L6R3S9

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

# ਆਪਣੀ ਬੋਲੀ, ਧਰਮ ਤੇ ਲਿੱਪੀ : ਇਕ ਅੰਤਰਝਾਤ

-ਜਸਵੰਤ ਸਿੰਘ ਜਫਰ



ਮੈਂ ਪੰਜਾਬ ਵਿਚ ਜੰਮਿਆਂ ਪਲ਼ਿਆ ਹਾਂ ਅਤੇ ਮੇਰੀ ਮਾਂ ਬੋਲੀ ਪੰਜਾਬੀ ਹੈ ਇਸ ਲਈ ਮੈਂ ਪੰਜਾਬੀ ਬੰਦਾ ਹਾਂ। ਆਪਣੇ ਖਿੱਤੇ ਅਤੇ ਮਾਂ ਬੋਲੀ ਕਾਰਨ ਮੈਂ ਬਣਿਆਂ ਬਣਾਇਆ ਪੰਜਾਬੀ ਹਾਂ। ਦੂਸਰੀਆਂ ਬੋਲੀਆਂ ਮੈਨੂੰ ਸਿੱਖਣੀਆਂ ਪਈਆਂ ਹਨ ਪਰ ਮਾਂ ਬੋਲੀ ਬਿਨਾ ਕਿਸੇ ਸਿਖਲਾਈ ਦੇ ਆਪਣੇ ਮਹੌਲ 'ਚੋਂ ਮਿਲੀ ਹੈ। ਮਾਂ ਬੋਲੀ ਨੂੰ ਸਿੱਖਣ ਦੀ ਬਜਾਏ ਸਹਿ-ਸੁਭਾਅ ਗ੍ਰਹਿਣ ਕੀਤਾ ਹੈ। ਹੋਰ ਬੋਲੀਆਂ ਨੂੰ ਉਹਨਾਂ ਦੀ ਵਿਆਕਰਣ ਦੇ ਮਾਧਿਅਮ ਰਾਹੀਂ ਸਿੱਖਦਾ ਹਾਂ। ਆਪਣੀ ਬੋਲੀ ਵਿਆਕਰਨ ਜਾਣੇ ਬਗੈਰ ਬਿਲਕੁਲ ਠੀਕ ਬੋਲਣੀ ਆ ਗਈ ਹੈ। ਦੁਨੀਆਂ ਭਰ ਦੇ ਸਾਰੇ ਅਨਪੜ੍ਹਾਂ ਨੂੰ ਵੀ ਆਪਣੀ ਮਾਂ ਬੋਲੀ ਠੀਕ ਬੋਲਣੀ ਆ ਜਾਂਦੀ ਹੈ ਹਾਲਾਂ ਕਿ ਉਹਨਾਂ ਨੂੰ ਆਪਣੀ ਬੋਲੀ ਦੀ ਵਿਆਕਰਣ ਦਾ ਉੱਕਾ ਇਲਮ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਦੋ ਸ਼ਬਦ ਹਨः ਪੀਲਾ ਪੱਤਾ। ਇਹਨਾਂ ਦਾ ਬਹੁ ਬਚਨ ਕਹਿਣਾ ਹੋਵੇ ਤਾਂ ਕਹਾਂਗਾः ਪੀਲੇ ਪੱਤੇ। ਇਸੇ ਤਰ੍ਹਾਂ ਨੀਲਾ ਘੋੜਾ ਦਾ ਬਹੁ ਵਚਨ ਹੋਵੇਗਾः ਨੀਲੇ ਘੋੜੇ। ਪਰ ਲਾਲ ਤਾਰਾ ਦਾ ਬਹੁ ਬਚਨ ਲਾਲੇ ਤਾਰੇ ਨਹੀਂ ਲਾਲ ਤਾਰੇ ਹੀ ਕਹਾਂਗਾ। ਇਹ ਮੈਨੂੰ ਕਿਸੇ ਵਿਆਕਰਣ ਪੜ੍ਹਾਉਣ ਵਾਲੇ ਨੇ ਨਹੀਂ ਸਿਖਾਇਆ, ਆਪਣੇ ਆਪ ਹੀ ਪਤਾ ਹੈ। ਬਿਲਕੁਲ ਉਵੇਂ ਜਿਵੇਂ ਸਾਹ ਸੋਚ ਕੇ ਨਹੀਂ ਲਏ ਜਾਂਦੇ।

ਜਿਥੇ ਮਾਂ ਬੋਲੀ ਸੁਤੇ-ਸਿੱਧ ਗ੍ਰਹਿਣ ਹੁੰਦੀ ਹੈ ਉਥੇ ਧਰਮ ਆਪ ਧਾਰਨ ਕੀਤਾ ਜਾਂਦਾ ਹੈ। ਸਿੱਖ ਧਰਮ ਦੇ ਤਾਂ ਨਾਂ ਤੋਂ ਹੀ ਜ਼ਾਹਿਰ ਹੈ ਕਿ ਇਹ ਧਰਮ ਸਿੱਖਣਾ ਪੈਂਦਾ ਹੈ। ਸਿੱਖ ਵਿਚਾਰਧਾਰਾ ਜਨਮ ਅਧਾਰਤ ਜਾਤ ਪ੍ਰਬੰਧ ਅਤੇ ਧਰਮ ਪ੍ਰਬੰਧ ਨੂੰ ਮਾਨਤਾ ਨਹੀਂ ਦਿੰਦੀ। ਪਰ ਮੈਂ ਸਿੱਖ ਧਰਮ ਧਾਰਨ ਕਰਨ ਵਾਲੇ ਦੀ ਬਜਾਏ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਪਰਿਵਾਰ ਵਿਚ ਪੈਦਾ ਹੋਇਆ ਜਨਮ ਅਧਾਰਤ ਸਿੱਖ ਹਾਂ। ਪਹਿਲੇ ਜ਼ਮਾਨੇ ਵਿਚ ਦੂਸਰੇ ਵਿਸ਼ਵਾਸਾਂ ਦੇ ਲੋਕ ਸਿੱਖ ਵਿਚਾਰਧਾਰਾ ਦੇ ਲੜ ਲੱਗ ਕੇ ਆਪਣੇ ਆਪ ਨੂੰ ਰੁਪਾਂਤ੍ਰਿਤ ਕਰਕੇ ਸਿੱਖ ਬਣਦੇ ਸਨ। ਉਹ ਸੜ ਮਰਨ ਦੀ ਪਰਵਾਹ ਕੀਤੇ ਬਿਨਾ ਸਿੱਖੀ ਦੀ ਬਲਦੀ ਸ਼ਮਾਂ ਵੱਲ ਆਕ੍ਰਸ਼ਿਤ ਹੋਏ ਪਰਵਾਨੇ ਸਨ। ਉਹ ਪੁਰਾਣੇ ਅਤੇ ਪ੍ਰਚਲਤ ਵਿਸ਼ਵਾਸਾਂ ਨੂੰ ਤਿਆਗ ਕੇ ਨਵੀਂ ਨਿਰੋਈ ਜੀਵਨ ਸ਼ੈਲੀ ਸਿੱਖਣ ਵਾਲੇ ਸਿੱਖ ਬਣਦੇ ਜਾਂ ਸਿੱਖ ਅਖਵਾਉਣ ਦੇ ਅਧਿਕਾਰੀ ਬਣਦੇ ਸਨ। ਕਹਿ ਸਕਦੇ ਹੋ ਕਿ ਮੇਰਾ ਸਬੰਧ ਸਿੱਖ ਧਰਮ ਨਾਲੋਂ ਵਧੇਰੇ ਸਿੱਖ ਫਿਰਕੇ ਨਾਲ ਹੈ। ਹੋਣਾ ਤਾਂ ਨਹੀਂ ਚਾਹੀਦਾ ਪਰ ਮੈਂ ਬਣੇ ਬਣਾਏ ਪੰਜਾਬੀ ਵਾਂਗ ਹੀ ਬਣਿਆਂ ਬਣਾਇਆ ਸਿੱਖ ਹਾਂ।

ਅਰਬਾਂ ਖਰਬਾਂ ਸਾਲ ਪਹਿਲਾਂ ਅਸੀਂ ਵੀ ਹੋਰ ਚੌਪਾਏ ਜਾਨਵਰਾਂ ਵਾਂਗ ਚਾਰ ਲੱਤਾਂ 'ਤੇ ਤੁਰਨ ਵਾਲੇ ਜਾਨਵਰ ਹੀ ਸਾਂ। ਜਿਉਂ ਜਿਉਂ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਸ਼ੁਰੂ ਹੋਇਆ ਸਾਡੇ ਬੰਦੇ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਈ। ਅੱਜ ਜਾਨਵਰਾਂ ਨਾਲੋਂ ਮਨੁੱਖਾਂ ਦਾ ਸਿਰਫ ਏਨਾ ਹੀ ਫਰਕ ਹੈ ਕਿ ਸਾਡੇ ਕੋਲ ਵਿਕਸਤ ਭਾਸ਼ਾ ਹੈ। ਪੰਛੀ ਪਹਿਲਾਂ ਤੋਂ ਹੀ ਪਰਾਂ ਨਾਲ ਉਡਦੇ ਹਨ, ਬੰਦੇ ਨਹੀਂ ਸਨ ਉਡਦੇ ਹੁੰਦੇ। ਬੰਦੇ ਨੇ ਭਾਸ਼ਾ ਨਾਲ ਉਡਣਾ ਸਿੱਖਿਆ, ਜਹਾਜ਼ ਯਾਨੀ ਤਕਨਾਲੋਜੀ ਨਾਲ ਉਡਣਾ ਸ਼ੁਰੂ ਕੀਤਾ। ਤਕਨਾਲੋਜੀ ਭਾਸ਼ਾ ਨਾਲ ਹੋਂਦ ਵਿਚ ਆਉਂਦੀ ਹੈ। ਜਿਉਂ ਜਿਉਂ ਬੋਲੀ ਨੇ ਵਿਕਾਸ ਕੀਤਾ ਤਿਉਂ-ਤਿਉਂ ਬੰਦੇ ਨੇ ਭਾਵ ਮਨੁੱਖੀ ਸੱਭਿਅਤਾ ਨੇ ਵਿਕਾਸ ਕੀਤਾ। ਹਰ ਸੱਭਿਅਤਾ ਸ਼ਬਦ ਨਾਲ ਸ਼ੁਰੂ ਹੋਈ, ਬੋਲੀ ਨਾਲ ਸ਼ੁਰੂ ਹੋਈ। ਜਿਉਂ-ਜਿਉਂ ਕੋਈ ਬੋਲੀ ਜਾਂ ਭਾਸ਼ਾ ਵਿਕਸਤ ਹੋਈ ਤਿਉਂ-ਤਿਉਂ ਉਸ ਸੱਭਿਅਤਾ ਦੀਆਂ ਬਾਕੀ ਚੀਜ਼ਾਂ ਨੇ ਵਿਕਾਸ ਕੀਤਾ। ਜਿਹੜੇ ਪ੍ਰਾਚੀਨ ਕਬੀਲੇ ਸਦੀਆਂ ਤੋਂ ਅਜੇ ਤੱਕ ਜਿਉਂ ਦੇ ਤਿਉਂ ਹਨ ਉਹਨਾਂ ਦੀ ਭਾਸ਼ਾ ਵੀ ਜਿਉਂ ਦੀ ਤਿਉਂ ਹੈ। ਜਿਹੜੇ ਯੂਰਪੀ ਭਾਈਚਾਰਿਆਂ ਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ ਉਹਨਾਂ ਦੀਆਂ ਬੋਲੀਆਂ ਵੀ ਬਹੁਤ ਤੇਜ਼ੀ ਨਾਲ ਵਿਕਸਤ ਹੋਈਆਂ। ਬਾਹਰਵੀਂ ਤੇਰ੍ਹਵੀਂ ਸਦੀ ਵਿਚ ਅੰਗਰੇਜ਼ੀ ਨੂੰ ਹੋਰ ਕਈ ਯੂਰਪੀ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਪਛੜੀ ਭਾਸ਼ਾ ਮੰਨਿਆਂ ਜਾਂਦਾ ਸੀ, ਉਸ ਨੂੰ ਉਜੱਡਾਂ ਦੀ ਭਾਸ਼ਾ ਕਿਹਾ ਜਾਂਦਾ ਸੀ। ਪਰ ਉਹਨਾਂ ਲਗਾਤਾਰ ਸਰਗਰਮੀ ਨਾਲ ਆਪਣੀ ਬੋਲੀ ਨੂੰ ਅਮੀਰ ਕੀਤਾ। ਹੋਰ ਬੋਲੀਆਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਆਪਣੀ ਬੋਲੀ ਵਿਚ ਸ਼ਾਮਲ ਕੀਤੀਆਂ। ਉਹਨਾਂ ਦਾ ਸ਼ਬਦ ਫਾਦਰ ਸਾਡੇ ਤੋਂ ਗਿਆ ਹੋਇਆ ਹੈ। ਸਾਡਾ ਪਿਤਰ ਸ਼ਬਦ ਜਰਮਨ ਵਿਚੋਂ ਹੁੰਦਾ ਹੋਇਆ ਫਿਤਰ, ਫਿਦਰ ਅਖੀਰ ਅੰਗਰੇਜ਼ੀ ਦਾ ਫਾਦਰ ਹੋ ਗਿਆ। ਸਾਡਾ ਭਰਾ ਜਾਂ ਭਰਾਤਰ ਵੀ ਬਰਾਤਰ, ਬਰਾਦਰ ਹੁੰਦਾ ਹੋਇਆ ਉਹਨਾਂ ਦਾ ਬਰੱਦਰ ਬਣ ਗਿਆ। ਸਾਡਾ ਭਾਈਚਾਰਾ ਜੋ ਬਰਾਦਰੀ ਉਹਨਾਂ ਦੀ ਬਰਦਰ+ਹੁੱਡ। ਸਾਡੇ ਦੰਦ ਜਾਂ ਦੰਤ ਤੋਂ ਹੀ ਉਹਨਾਂ ਦਾ ਦੰਤਲ ਜਾਂ ਡੈਂਟਲ ਬਣਿਆਂ। ਅੰਗਰੇਜ਼ਾਂ ਨੇ ਆਪਣੀ ਬੋਲੀ ਦੇ ਨਾਲ ਨਾਲ ਵਿਕਾਸ ਕੀਤਾ।

ਸੱਭਿਆਚਾਰ ਦੀਆਂ ਮੂਲ ਗੱਲਾਂ ਵਿਚੋਂ ਮਾਂ ਬੋਲੀ ਪਹਿਲੇ ਨੰਬਰ 'ਤੇ ਆਉਂਦੀ ਹੈ। ਕੋਈ ਬੋਲੀ ਜਾਂ ਸੱਭਿਆਚਾਰ ਕਿਸੇ ਖਾਸ ਖਿੱਤੇ ਦੇ ਹੁੰਦੇ ਹਨ। ਕਿਸੇ ਬਾਹਰਲੇ ਮੁਲਕ ਵਿਚ ਵਸਦਾ ਜੇ ਕੋਈ ਪੰਜਾਬੀ ਬੰਦਾ ਮਿਲੇਗਾ ਤਾਂ ਉਹ ਪੰਜਾਬ ਤੋਂ ਗਿਆ ਹੋਇਆ ਮਿਲੇਗਾ ਜਾਂ ਉਸ ਦਾ ਪਿਓ ਦਾਦਾ ਪੰਜਾਬ ਦੀ ਧਰਤੀ ਤੋਂ ਗਿਆ ਹੋਵੇਗਾ। ਦੂਰ ਦੁਰਾਡੇ ਦੂਸਰੀ ਧਰਤੀ 'ਤੇ ਵਸੇ ਲੋਕਾਂ ਦੀ ਮਾਂ ਬੋਲੀ ਵੀ ਇਕ ਦੋ ਪੀੜ੍ਹੀਆਂ ਬਾਅਦ ਬਦਲ ਜਾਂਦੀ ਹੈ, ਉਸ ਧਰਤੀ ਦੀ ਬੋਲੀ ਉਹਨਾਂ ਦੀ ਮਾਂ ਬੋਲੀ ਬਣ ਜਾਂਦੀ ਹੈ। ਬਾਬਾ ਫਰੀਦ ਦਾ ਦਾਦਾ ਅਫਗਾਨਿਸਤਾਨ ਤੋਂ ਆ ਕੇ ਪੰਜਾਬ ਦੇ ਮੁਲਤਾਨ ਇਲਾਕੇ ਵਿਚ ਵਸਿਆ ਸੀ। ਉਸ ਦੀ ਤੀਜੀ ਪੀੜ੍ਹੀ ਦੇ ਫਰੀਦ ਦੀ ਮਾਂ ਬੋਲੀ ਪੰਜਾਬੀ ਹੋ ਗਈ ਅਤੇ ਉਸ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਲਾ ਵੱਡਾ ਸ਼ਾਇਰ ਮੰਨਿਆਂ ਜਾਂਦਾ ਹੈ। ਬਿਹਾਰ ਤੋਂ ਪੰਜਾਬ ਆ ਵਸੇ ਮਜ਼ਦੂਰਾਂ ਦੇ ਏਥੇ ਪੈਦਾ ਹੋਏ ਬੱਚਿਆਂ ਜਾਂ ਹੱਦ ਬੱਚਿਆਂ ਦੇ ਬੱਚਿਆਂ ਦੀ ਬੋਲੀ ਭੋਜਪੁਰੀ ਤੋਂ ਪੰਜਾਬੀ ਹੋ ਜਾਂਦੀ ਹੈ। ਅਸੀਂ ਥੋੜ੍ਹਾ ਹਠੀ ਲੋਕ ਹਾਂ ਇਸ ਲਈ ਅਸੀਂ ਦੂਸਰੀਆਂ ਧਰਤੀਆਂ 'ਤੇ ਜਾ ਕੇ ਆਪਣੀ ਮਾਂ ਬੋਲੀ ਨੂੰ ਪੀੜ੍ਹੀ ਦਰ ਪੀੜ੍ਹੀ ਸਲਾਮਤ ਰੱਖਣ ਦੇ ਇਛੁਕ ਹਾਂ ਪਰ ਨਿਸਚੇ ਨਾਲ ਨਹੀਂ ਕਹਿ ਸਕਦੇ ਕਿ ਅਸੀਂ ਇਸ ਵਿਚ ਕਾਮਯਾਬ ਹੋਵਾਂਗੇ।

ਬੋਲੀ ਦੇ ਉਲਟ ਧਰਮ ਕਿਸੇ ਵਿਸ਼ੇਸ਼ ਖਿੱਤੇ ਦਾ ਨਹੀਂ ਹੁੰਦਾ। ਕੋਈ ਬੰਦਾ ਅਮਰੀਕਾ ਵਿਚ ਪੈਦਾ ਹੋ ਕੇ ਉਥੇ ਰਹਿੰਦਿਆਂ ਸਿੱਖ ਬਣ ਸਕਦਾ ਹੈ। ਇਸੇ ਤਰ੍ਹਾਂ ਇਰਾਨ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਉਥੋਂ ਦੀ ਬੋਲੀ ਅਤੇ ਸੱਭਿਆਚਾਰ ਨਾਲ ਸਬੰਧਤ ਕੋਈ ਸਿੱਖ ਮਿਲ ਸਕਦਾ ਹੈ। ਸਿੱਖ ਦੁਨੀਆਂ ਦੇ ਕਿਸੇ ਖਿੱਤੇ, ਬੋਲੀ ਜਾਂ ਸਭਿਆਚਾਰ ਨਾਲ ਸਬੰਧਤ ਹੋ ਸਕਦੇ ਹਨ। ਕੋਈ ਗੁਜਰਾਤੀ ਸਿੱਖ, ਕੋਈ ਦੱਖਣੀ ਸਿੱਖ, ਕੋਈ ਬੰਬਈਆ ਸਿੱਖ, ਕੋਈ ਸਿੰਧੀ ਸਿੱਖ, ਕੋਈ ਅਫਗਾਨੀ ਸਿੱਖ ਹੋ ਸਕਦਾ ਹੈ। ਗੁਰੂ ਦੀ ਸਾਂਝ ਕਾਰਨ ਇਹ ਸਾਰੇ ਸਿੱਖ ਪੰਜਾਬ ਵਾਸੀ ਪੰਜਾਬੀ ਸਿੱਖਾਂ ਦੇ ਗੁਰਭਾਈ ਹਨ। ਦੂਜੇ ਪਾਸੇ ਪੰਜਾਬੀ ਬੰਦਾ ਕਿਸੇ ਵੀ ਧਾਰਮਿਕ ਵਿਸ਼ਵਾਸ ਵਾਲਾ ਹੋ ਸਕਦਾ ਹੈ ਜਿਵੇਂ ਕੋਈ ਹਿੰਦੂ ਪੰਜਾਬੀ ਹੋ ਸਕਦਾ ਹੈ, ਕੋਈ ਮੁਸਲਿਮ ਪੰਜਾਬੀ, ਕੋਈ ਜੈਨੀ













ਪੰਜਾਬੀ, ਕੋਈ ਇਸਾਈ ਪੰਜਾਬੀ ਹੋ ਸਕਦਾ ਹੈ। ਇਹ ਮਾਂ ਬੋਲੀ ਦੀ ਸਾਂਝ ਕਾਰਨ ਸਿੱਖ-ਪੰਜਾਬੀਆਂ ਦੇ ਮਾਂ ਜਾਏ ਹਨ। ਪੰਜਾਬੀ ਹੋਣਾ ਅਤੇ ਸਿੱਖ ਹੋਣਾ ਵੱਖਰੀਆਂ ਵੱਖਰੀਆਂ ਗੱਲਾਂ ਹਨ। ਪਰ ਅਕਸਰ ਇਹਨਾਂ ਨੂੰ ਰੱਲ਼ਗੱਡ ਕਰਕੇ ਦੇਖਿਆ ਜਾਂਦਾ ਹੈ। ਅਸੀਂ ਬਹੁਤ ਵਾਰ ਪੰਜਾਬੀ ਸੱਭਿਆਚਾਰ ਨੂੰ ਸਿੱਖ ਸੱਭਿਆਚਾਰ ਸਮਝ ਲੈਂਦੇ ਹਾਂ ਅਤੇ ਸਿੱਖ ਜੀਵਨ-ਜਾਚ ਨੂੰ ਪੰਜਾਬੀ ਸੱਭਿਆਚਾਰ ਕਹਿ ਲੈਂਦੇ ਹਾ। ਰਲਗੱਡ ਕਰਨ ਦੀ ਇਸ ਪ੍ਰਵਿਰਤੀ, ਸਮਝ ਜਾਂ ਸਿਆਸਤ ਨਾਲ ਅਸੀਂ ਪੰਜਾਬ ਅਤੇ ਪੰਜਾਬੀ ਦਾ ਵੀ ਬਹੁਤ ਨੁਕਸਾਨ ਕੀਤਾ ਅਤੇ ਸਿੱਖੀ ਨੂੰ ਵੀ ਚੋਖੀ ਢਾਅ ਲਾਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਿਥੇ ਬੋਲੀ ਅਤੇ ਸੱਭਿਆਚਾਰ ਦਾ ਸਬੰਧ ਮੁੱਖ ਤੌਰ ’ਤੇ ਕਿਸੇ ਭੂਗੋਲਿਕ ਖੇਤਰ ਨਾਲ ਹੁੰਦਾ ਹੈ ਉਥੇ ਧਰਮ ਦਾ ਸਬੰਧ ਉਸ ਦੇ ਮੁੱਖ ਗਰੰਥ ਜਾਂ ਗਰੰਥਾਂ ਨਾਲ ਹੁੰਦਾ ਹੈ।


ਅਸੀਂ ਬੋਲੀ ਅਤੇ ਲਿੱਪੀ ਨੂੰ ਵੀ ਬਹੁਤ ਰਲਗੱਡ ਕਰ ਦਿੰਦੇ ਹਾਂ। ਅਸਲ ਵਿਚ ਇਹ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਮੈਂ ਆਪਣੀ ਮਾਂ ਬੋਲੀ ਭਾਵੇਂ ਦੂਸਰੀਆਂ ਬੋਲੀਆਂ ਵਾਂਗ ਨਹੀਂ ਸਿੱਖੀ ਪਰੰਤੂ ਆਪਣੀ ਲਿੱਪੀ ਓਦਾਂ ਹੀ ਸਿੱਖੀ ਹੈ ਜਿਸ ਤਰ੍ਹਾਂ ਬੇਗਾਨੀਆਂ ਲਿੱਪੀਆਂ ਸਿੱਖੀਆਂ ਹਨ। ਊੜਾ ਐੜਾ ਉਸੇ ਤਰ੍ਹਾਂ ਹੀ ਲਿਖਣਾ ਪੜ੍ਹਨਾ ਸਿੱਖਿਆ ਹੈ ਜਿਸ ਤਰ੍ਹਾਂ ਏ ਬੀ ਸੀ ਸਿੱਖੀ ਹੈ। ਬਚਪਨ ਵਿਚ ਸਾਡੀਆਂ ਮਾਵਾਂ ਪੈਂਤੀ ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਮੁਹਾਰਨੀ ਸਿਖਾਉਂਦੀਆਂ ਸਨ। ਉਹ ਸਾਨੂੰ ਪੰਜਾਬੀ ਬੋਲੀ ਨਹੀਂ ਗੁਰਮੁਖੀ ਲਿੱਪੀ ਸਿਖਾਉਂਦੀਆਂ ਸਨ। ਮੁਹਾਰਨੀ ਬੋਲੀ ਦੀ ਨਹੀਂ ਲਿੱਪੀ ਦੀ ਹੁੰਦੀ ਹੈ।

ਜਿਵੇਂ ਪਹਿਲਾਂ ਕਿਹਾ ਹੈ ਕਿ ਮਾਂ ਬੋਲੀ ਦੂਸਰੀਆਂ ਬੋਲੀਆਂ ਵਾਂਗ ਸਿੱਖਣ ਦੀ ਬਜਾਏ ਸਿੱਧੀ ਗ੍ਰਹਿਣ ਕੀਤੀ ਹੁੰਦੀ ਹੈ। ਇਸ ਕਰਕੇ ਸਾਡੇ ਮਨ ਦੀ ਸਰੰਚਨਾ ਸਾਡੀ ਮਾਂ ਬੋਲੀ ਨਾਲ ਹੁੰਦੀ ਹੈ ਭਾਵ ਸਾਡਾ ਅਵਚੇਤਨ ਮਾਂ ਬੋਲੀ ਨਾਲ ਬਣਿਆਂ ਹੁੰਦਾ ਹੈ। ਬੇਗਾਨੀ ਬੋਲੀ ਵਿਚ ਪੜ੍ਹੀ ਸੁਣੀ ਗੱਲ ਨੂੰ ਸਿੱਖ ਤਾਂ ਲੈਂਦੇ ਹਾਂ, ਵਰਤ ਵੀ ਲੈਂਦੇ ਹਾਂ ਪਰ ਉਹ ਸਾਡੇ ਮਨ ਦਾ ਹਿੱਸਾ ਨਹੀਂ ਬਣਦੀ। ਮਨ ਦਾ ਹਿੱਸਾ ਤਾਂ ਉਹੀ ਗੱਲ ਬਣਦੀ ਹੈ ਜੋ ਅਸੀਂ ਆਪਣੀ ਮਾਂ ਬੋਲੀ ਵਿਚ ਗ੍ਰਹਿਣ ਕੀਤੀ ਹੋਵੇ। ਉਹਨਾਂ ਲੋਕਾਂ ਨੂੰ ਵਹਿਮ ਭਰਮ ਜਾਂ ਟੂਣੇ ਟਾਮਣ ਕਰਦੇ ਦੇਖਿਆ ਜਾ ਸਕਦਾ ਹੈ ਜਿਹਨਾਂ ਨੇ ਵਿਗਿਆਨ ਦੇ ਵਿਸ਼ੇ ਨਾਲ ਸੋਲਾਂ ਸਤਾਰਾਂ ਜਮਾਤਾਂ ਪਾਸ ਕੀਤੀਆਂ ਹੋਈਆਂ ਹਨ। ਅਸਲ ਵਿਚ ਵਿਗਿਆਨ ਉਹਨਾਂ ਹੋਰ ਬੋਲੀ ਵਿਚ ਪੜ੍ਹਿਆ ਹੈ ਅਤੇ ਵਹਿਮ ਭਰਮ ਆਪਣੀ ਬੋਲੀ ਰਾਹੀਂ ਅਪਣਾਏ ਹਨ। ਇਸ ਕਰਕੇ ਪੰਜਾਬੀ ਲੋਕ ਮਨ ਦਾ ਵਿਗਿਆਨ ਨਾਲ ਉਹ ਸਬੰਧ ਨਹੀਂ ਬਣਿਆਂ ਜੋ ਯੂਰਪ ਦੀਆਂ ਬੋਲੀਆਂ ਵਾਲਿਆਂ ਦਾ ਬਣਿਆਂ ਹੈ। ਉਹ ਲੋਕ ਵਿਗਿਆਨ ਆਪੋ ਆਪਣੀਆਂ ਜ਼ੁਬਾਨਾਂ ਵਿਚ ਪੜ੍ਹਦੇ ਹਨ। ਇਹ ਦਿਲਚਸਪ ਤੱਥ ਹੈ ਕਿ ਵਿਗਿਆਨ ਦੇ ਵਿਸ਼ਿਆਂ ਵਿਚ ਨੋਬਲ ਪੁਰਸਕਾਰ ਜਿੱਤਣ ਵਾਲਿਆਂ ਦੀ ਬਹੁਗਿਣਤੀ ਅੰਗਰੇਜ਼ਾਂ ਦੀ ਨਹੀਂ ਹੈ; ਕੋਈ ਜਰਮਨ ਹੈ ਕੋਈ ਫਰੈਂਚ ਹੈ ਜਾਂ ਯੂਰਪ ਦੀਆਂ ਹੋਰ ਬੋਲੀਆਂ ਬੋਲਣ ਵਾਲੇ ਹਨ। ਇਹਨਾਂ ਦੇ ਜਿਹੜੇ ਖੋਜ ਪੱਤਰਾਂ ਲਈ ਨੋਬਲ ਪੁਰਸਕਾਰ ਮਿਲੇ ਉਹ ਇਹਨਾਂ ਦੀਆਂ ਆਪਣੀਆਂ ਬੋਲੀਆਂ ਵਿਚ ਹਨ। ਸਾਡੇ ਦੇਸ਼ ਦੇ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਨੂੰ ਉਹਨਾਂ ਦੇ ਜਿਸ ਖੋਜ ਪੱਤਰ ਲਈ ਨੋਬਲ ਇਨਾਮ ਮਿਲਿਆ ਉਹਨਾਂ ਦੀ ਤਮਿਲ ਮਾਤ ਭਾਸ਼ਾ ਵਿਚ ਹੈ। ਅਸੀਂ ਇਹ ਵਹਿਮ ਪਾਲਿਆ ਹੋਇਆ ਕਿ ਸਾਇੰਸ ਅਤੇ ਤਕਨਾਲੋਜੀ ਸਿਰਫ ਅੰਗਰੇਜ਼ੀ ਵਿਚ ਪੜ੍ਹਾਏ ਜਾਣ ਵਾਲੇ ਖੇਤਰ ਹਨ। ਅਸਲ ਵਿਚ ਸਾਇੰਸ ਦੀ ਸਾਰੀ ਖੋਜ ਅਤੇ ਵਿਕਾਸ ਯੂਰਪ ਦੇ ਵੱਖ ਵੱਖ ਖਿੱਤਿਆਂ ਅਤੇ ਬੋਲੀਆਂ ਵਿਚ ਨਾਲ ਨਾਲ ਹੋਇਆ ਹੈ। ਇਲੈਕਟਰੀਕਲ ਇੰਜਨੀਅਰਿੰਗ ਦੀਆਂ ਬੁਨਿਆਦੀ ਇਕਾਈਆਂ ਹਨ ਵੋਲਟ, ਐਮਪੀਅਰ, ਵਾਟ ਅਤੇ ਓਹਮ। ਇਕਾਈਆਂ ਦੇ ਇਹ ਨਾਂ ਵੱਖ ਵੱਖ ਵਿਗਿਆਨੀਆਂ ਦੇ ਨਾਵਾਂ ’ਤੇ ਰੱਖੇ ਗਏ ਹਨ। ਇਹਨਾਂ ਵਿਗਿਆਨੀਆਂ ਵਿਚੋਂ ਕੋਈ ਵੀ ਇੰਗਲੈਂਡ ਦਾ ਨਹੀਂ ਸੀ। ਜੇਮਜ਼ ਵਾਟ ਤੋਂ ਬਿਨਾਂ ਕਿਸੇ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਸੀ। ਐਲੇਸੰਦਰੋ ਵੋਲਟ ਇਟਾਲੀਅਨ ਸਨ, ਆਂਦਰੇ ਮੈਰੀ ਐਮਪੀਅਰ ਫਰਾਂਸੀਸੀ ਸਨ, ਜੇਮਜ਼ ਵਾਟ ਸਕਾਟਲੈਂਡ ਦੇ ਸਨ ਅਤੇ ਜਾਰਜ ਓਹਮ ਜਰਮਨ ਦੇ ਸਨ। ਇਹ ਬਹੁਤ ਗਲਤ ਧਾਰਨਾ ਹੈ ਕਿ ਵਿਗਿਆਨ ਦਾ ਅੰਗਰੇਜ਼ੀ ਨਾਲ ਅਨਿਖੜਵਾਂ ਸਬੰਧ ਹੈ।


ਮੈਂ ਵਿਗਿਆਨ ਦਾ ਵਿਸ਼ਾ ਦਸਵੀਂ ਜਮਾਤ ਤੱਕ ਪੰਜਾਬੀ ਵਿਚ ਪੜ੍ਹਿਆ ਹੈ ਅਤੇ ਮੇਰੀ ਇਸ ਵਿਚ ਬਹੁਤ ਦਿਲਚਸਪੀ ਰਹੀ ਹੈ। ਪਰ ਗਿਆਰਵੀਂ ਜਮਾਤ ਵਿਚ ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਪੜ੍ਹਨ ਦੀ ਮਜਬੂਰੀ ਸੀ। ਮੈਂ ਪੜ੍ਹਾਈ ਪੱਖੋਂ ਉਸ ਵੇਲੇ ਦੇ ਬਹੁਤ ਮਾੜੇ ਸਰਕਾਰੀ ਸਕੂਲ ਵਿਚੋਂ ਦਸਵੀਂ ਪਾਸ ਕੀਤੀ ਸੀ ਜਿਥੇ ਸੱਠਾਂ ਵਿਚੋਂ ਕੇਵਲ ਸੱਤ ਬੱਚੇ ਹੀ ਪਾਸ ਹੋਏ ਸਨ। ਮੈਂ ਉਸ ਸਕੂਲ ਵਿਚੋਂ ਪਹਿਲੇ ਸਥਾਨ ’ਤੇ ਰਿਹਾ ਅਤੇ ਦੂਸਰੇ ਸਥਾਨ ’ਤੇ ਰਹਿਣ ਵਾਲੇ ਬੱਚੇ ਦੇ ਮੇਰੇ ਤੋਂ 24-25 ਪ੍ਰਤੀਸ਼ਤ ਨੰਬਰ ਘੱਟ ਸਨ। ਮੈਂ ਆਪਣੀ ਮੈਰਿਟ ਕਰਕੇ ਆਪਣੀ ਪਸੰਦ ਦੇ ਸਭ ਤੋਂ ਵਧੀਆ ਅਤੇ ਵਕਾਰੀ ਕਾਲਜ ਵਿਚ ਵਿਗਿਆਨ ਦੇ ਵਿਸ਼ੇ ਲੈ ਕੇ ਦਾਖਲਾ ਲਿਆ। ਪਰ ਕਿਉਂਕਿ ਇਥੇ ਵਿਗਿਆਨ ਦੀ ਪੜ੍ਹਾਈ ਅੰਗਰੇਜ਼ੀ ਵਿਚ ਸ਼ੁਰੂ ਹੋ ਗਈ ਮੈਂ ਵਿਗਿਆਨ ਵਿਚ ਡੂੰਘੀ ਦਿਲਚਸਪੀ ਰੱਖਣ ਦੇ ਬਾਵਜੂਦ ਗਿਆਰਵੀਂ ਜਮਾਤ ਵਿਚੋਂ ਰੋ ਪਿੱਟ ਕੇ ਮਸੀਂ ਪਾਸ ਹੋਇਆ। ਇਸ ਤੋਂ ਬਾਅਦ ਦੋ ਕੁ ਸਾਲ ਲਾ ਕੇ ਇੰਜਨੀਅਰਿੰਗ ਕਾਲਜ ਵਿਚ ਔਖਾ ਸੌਖਾ ਦਾਖਲਾ ਲੈ ਗਿਆ। ਇੰਜਨੀਅਰਿੰਗ ਦੀ ਡਿਗਰੀ ਚਾਰ ਸਾਲਾਂ ਵਿਚ ਸੌਖਿਆਂ ਇਸ ਕਰਕੇ ਪਾਸ ਕਰ ਗਿਆ ਕਿਉਂਕਿ ਬਹੁਗਿਣਤੀ ਪੇਂਡੂ ਵਿਦਿਆਰਥੀਆਂ ਵਾਲੇ ਸਾਡੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਅੱਧੀ ਪਚੱਧੀ ਪੜ੍ਹਾਈ ਪੰਜਾਬੀ ਵਿਚ ਕਰਾਈ ਜਾਂਦੀ ਸੀ। ਮੈਨੂੰ ਲਗਦਾ ਹੈ ਕਿ ਜੇ ਦਸਵੀਂ ਤੋਂ ਬਾਅਦ ਵਿਗਿਆਨ ਲਗਾਤਾਰ ਪੰਜਾਬੀ ਵਿਚ ਹੀ ਪੜ੍ਹਨਾ ਹੁੰਦਾ ਤਾਂ ਮੈਂ ਦਰਮਿਆਨਾ ਜਿਹਾ ਇੰਜਨੀਅਰ ਬਣਨ ਦੀ ਬਜਾਏ ਨਾਮੀ ਵਿਗਿਆਨੀ ਬਣ ਸਕਦਾ ਸੀ।

ਅਸੀਂ ਆਪਣਾ ਸਨਅਤੀ ਵਿਕਾਸ ਅਤੇ ਵਣਜ ਵਿਹਾਰ ਬੇਗਾਨੀ ਬੋਲੀ ਦੇ ਸਿਰ ’ਤੇ ਸ਼ੁਰੂ ਕੀਤਾ। ਦੂਸਰਿਆਂ ਦੀ ਬੋਲੀ ਨੂੰ ਆਪਣੀ ਤਰੱਕੀ ਦਾ ਅਧਾਰ ਬਣਾਇਆ। ਇਸ ਲਈ ਅਸੀਂ ਅਜੋਕੇ ਵਿਕਾਸ ਦੇ ਰਸਤੇ ਚੱਲ ਕੇ ਬਹੁਤਾ ਦੂਰ ਤੱਕ ਨਹੀਂ ਜਾ ਸਕੇ। ਯੂਰਪ ਦੇ ਜਾਂ ਦੂਸਰੇ ਸਨਅਤੀ ਦੇਸ਼ਾਂ ਦੇ ਮੁਕਾਬਲੇ ਉਹਨਾਂ ਵਰਗੇ ਤਕਨੀਕੀ ਵਿਕਾਸ ਦਾ ਦਸਵਾਂ ਕੁ ਹਿੱਸਾ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਾਡਾ ਹਿਸਾਬ ਕਿਤਾਬ ਖਿਲਰ ਪੱਤਰ ਗਿਆ। ਸਾਡਾ ਪੌਣ ਪਾਣੀ ਅਤੇ ਸਮੁੱਚਾ ਵਾਤਾਵਰਣ ਤਬਾਹ ਹੋ ਗਿਆ। ਅਸੀਂ ‘ਤਰੱਕੀ’ ਕਰਨ ਲੱਗਿਆਂ ਆਪਣੀਆਂ ਜੀਵਨ ਹਾਲਤਾਂ ਹੀ ਬਰਬਾਦ ਕਰ ਲਈਆਂ। ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੇ ਉਸ ਤਰੱਕੀ ਦੀ ਝਾਲ ਨਹੀਂ ਝੱਲੀ। ਬੇਗਾਨੀ ਜੂਠ ਦੇ ਆਸਰੇ ਪਲਣ ਵਾਲੀ ਤਰੱਕੀ ਦੀ ਝਾਕ ਦੀ ਬਜਾਏ ਜੇ ਅਸੀਂ ਆਪਣੇ ਪੈਰਾਂ ਆਸਰੇ ਤੁਰਦੇ, ਆਪਣੀ ਬੋਲੀ ਦੇ ਸਿਰ ’ਤੇ ਤਰੱਕੀ ਕਰਨ ਦੀ ਸੋਚਦੇ ਤਾਂ ਉਹ ਤਰੱਕੀ ਹੋਰ ਤਰ੍ਹਾਂ ਦੀ ਹੋਣੀ ਸੀ, ਉਹ ਤਰੱਕੀ ਹੰਢਣਸਾਰ ਹੋਣੀ ਸੀ, ਸੰਸਾਰ ਨੂੰ ਅਗਵਾਈ ਦੇਣ ਵਾਲੀ ਹੋਣੀ ਸੀ।

ਜੇ ਕੋਈ ਸਾਨੂੰ ਪੁੱਛੇ ਕਿ ਸਿੱਖਾਂ ਦੀ ਬੋਲੀ ਕਿਹੜੀ ਹੈ ਤਾਂ ਸਾਡੇ ਵਿਚੋਂ ਬਹੁਤੇ ਕਹਿਣਗੇ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ। ਇਹ ਜਵਾਬ ਦਰੁਸਤ ਨਹੀਂ ਹੈ। ਸਿੱਖ ਧਰਮ ਦੀਆਂ ਦੋ ਬੁਨਿਆਦੀ ਸਥਾਪਨਾਵਾਂ ਹਨ, ਇਕ ਗੁਰੂ ਗਰੰਥ ਅਤੇ ਦੂਸਰਾ ਗੁਰੂ ਪੰਥ। ਗੁਰੂ ਗਰੰਥ ਦੀ ਬੋਲੀ ਪੰਜਾਬੀ ਨਹੀਂ ਹੈ। ਇਹ ਅਣਗਿਣਤ ਬੋਲੀਆਂ ਦਾ ਖ਼ਜ਼ਾਨਾ ਹੈ। ਅਣਗਿਣਤ ਇਸ ਕਰਕੇ ਕਿ ਇਸ ਵਿਚ ਕਈ ਉਹ ਬੋਲੀਆਂ ਵੀ ਹੋਣਗੀਆਂ ਜੋ ਪਿਛਲੀਆਂ ਪੰਜ ਸਦੀਆਂ ਦੌਰਾਨ ਅਲੋਪ ਵੀ ਹੋ ਗਈਆਂ। ਗੁਰੂ ਗਰੰਥ ਦੀ ਲਿੱਪੀ ਗੁਰਮੁਖੀ ਹੈ ਭਾਵ ਇੱਕ ਹੈ ਪਰ ਬੋਲੀਆਂ ਅਨੇਕ ਹਨ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਪੰਜਾਬ ਦੇ ਲਗਪਗ ਕੇਂਦਰ ਵਿਚ ਹੈ। ਉਥੋਂ ਦੀ ਪੰਜਾਬੀ ਨੂੰ ਅਸੀਂ ਕੇਂਦਰੀ ਪੰਜਾਬੀ ਆਖਦੇ ਹਾਂ। ਦੇਸ਼ ਵੰਡ ਤੋਂ ਬਾਅਦ ਇਹ ਖੇਤਰ ਲਹਿੰਦੇ ਪੰਜਾਬ ਵਿਚ ਆਉਣ ਕਰਕੇ

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Paul Dosanjh
Sales Representative
Dri: 416-254-7573, Off.: 905-793-5777
Email : pdosanjh2005@yahoo.com

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6


Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans

Hardeep Atwal
Insurance Advisor
416-209-6363
e-mail: weprotecturfamily@gmail.com

ਇਸ ਨੂੰ ਲਹਿੰਦੀ ਪੰਜਾਬੀ ਵੀ ਕਿਹਾ ਜਾਂਦਾ ਹੈ। ਗੁਰੂ ਗਰੰਥ ਸਾਹਿਬ ਵਿਚ ਇਸ ਬੋਲੀ ਵਿਚ ਗੁਰੂ ਨਾਨਕ ਜੀ ਦੀ ਬਹੁਤ ਘੱਟ ਬਾਣੀ ਮਿਲਦੀ ਹੈ। ਉਹਨਾਂ ਦੀ ਬਾਣੀ ਖੜ੍ਹੀ ਬੋਲੀ, ਬ੍ਰੱਜ, ਸੰਸਕ੍ਰਿਤ, ਫਾਰਸੀ, ਮੈਥਲੀ, ਅਵਧੀ, ਸਿੰਧੀ ਆਦਿ ਬੋਲੀਆਂ ਵਿਚ ਹੈ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਨਾਲ ਵਿਸ਼ਾਲ ਭੁਗੋਲਕ ਖੇਤਰ ਦੀ ਮਹਿਜ਼ ਯਾਤਰਾ ਹੀ ਨਹੀਂ ਕੀਤੀ ਸਗੋਂ ਦੂਰ ਦੂਰ ਤੱਕ ਗੁਰਮਤਿ ਵਿਚਾਰਧਾਰਾ ਨੂੰ ਫੈਲਾਇਆ ਅਤੇ ਸੰਗਠਿਤ ਕੀਤਾ। ਆਪ ਜਿਥੇ ਜਿਥੇ ਵੀ ਗਏ ਹਰ ਇਲਾਕੇ ਜਾਂ ਖਿੱਤੇ ਵਿਚ ਆਪਣੀ ਸੰਗਤ ਸਥਾਪਤ ਕੀਤੀ। ਜਿਥੇ ਵੀ ਗਏ ਉਸ ਧਰਤੀ ਦੀ ਬੋਲੀ ਨੂੰ ਜਾਣਿਆਂ, ਉਸ ਬੋਲੀ ਵਿਚ ਓਥੋਂ ਦੀ ਸੰਗਤ ਨੂੰ ਮੁਖ਼ਾਤਿਬ ਹੋਏ। ਆਪਣੇ ਉਪਦੇਸ਼ ਜਾਂ ਵਿਚਾਰਧਾਰਾ ਨੂੰ ਪਾਰ ਖੇਤਰੀ ਅਤੇ ਪਾਰ ਭਾਸ਼ਾਈ ਬਣਾਇਆ। ਉਹਨਾਂ ਆਪਣੀ ਭਾਸ਼ਾ ਨੀਤੀ ਨਾਲ ਆਪਣੇ ਆਪ ਨੂੰ ਪੰਜਾਬ ਜਾਂ ਪੰਜਾਬੀਆਂ ਦਾ ਨਹੀਂ ਸਗੋਂ ਮਨੁੱਖਤਾ ਦਾ ਪੈਗੰਬਰ ਸਿੱਧ ਅਤੇ ਸਥਾਪਤ ਕੀਤਾ। ਗੁਰੂ ਸਾਹਿਬ ਆਪਣੀ ਬਹੁ ਭਾਸ਼ਾਈ ਬਾਣੀ ਤੋਂ ਬਿਨਾ ਵੱਖ ਵੱਖ ਭੂਗੋਲਿਕ ਖੇਤਰਾਂ, ਬੋਲੀਆਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਉਹਨਾਂ ਤੋਂ ਪਹਿਲਾਂ ਹੋਏ ਗੁਰਮਤਿ ਦੇ ਸੁਖ਼ਨਵਰਾਂ ਦੀ ਬਾਣੀ ਵੀ ਨਾਲ ਲੈ ਕੇ ਆਏ ਜੋ ਬਾਅਦ ਵਿਚ ਗੁਰੂ ਗਰੰਥ ਸਾਹਿਬ ਦਾ ਹਿੱਸਾ ਬਣੀ। ਇਸ ਲਈ ਗੁਰਮਤਿ ਦੀ ਵਿਸ਼ਾਲਤਾ ਨੂੰ ਆਪਣੀ ਬੋਲੀ ਤੱਕ ਘਟਾਉਣਾ ਇਸ ਦਾ ਨੁਕਸਾਨ ਜਾਂ ਨਿਰਾਦਰ ਕਰਨ ਵਾਲੀ ਗੱਲ ਹੈ।

ਸਿੱਖ ਧਰਮ ਦੀ ਦੂਸਰੀ ਮੁੱਖ ਸਥਾਪਨਾ ਹੈ ਖਾਲਸਾ ਪੰਥ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰਿਆਂ ਦੇ ਰੂਪ ਵਿਚ ਖਾਲਸਾ ਪੰਥ ਦੇ ਜੋ ਪਹਿਲੇ ਪੰਜ ਨੁਮਾਇੰਦੇ ਜਾਂ ਆਗੂ ਚੁਣੇ ਉਹਨਾਂ ਵਿਚੋਂ ਭਾਈ ਦਇਆ ਸਿੰਘ ਜੀ ਲਾਹੌਰ (ਹੁਣ ਪਾਕਿਸਤਾਨ) ਦੇ, ਭਾਈ ਧਰਮ ਸਿੰਘ ਜੀ ਮੇਰਠ (ਯੂ.ਪੀ.) ਦੇ, ਭਾਈ ਮੋਹਕਮ ਸਿੰਘ ਜੀ ਦਵਾਰਕਾ (ਗੁਜਰਾਤ) ਦੇ, ਭਾਈ ਹਿੰਮਤ ਸਿੰਘ ਜੀ ਜਗਨ ਨਾਥ ਪੁਰੀ (ਉੜੀਸਾ) ਦੇ ਅਤੇ ਭਾਈ ਸਾਹਿਬ ਸਿੰਘ ਜੀ ਬਿਦਰ (ਕਰਨਾਟਕਾ) ਦੇ ਇਲਾਕੇ ਨਾਲ ਸਬੰਧਤ ਸਨ। ਪੰਜਾਂ ਦੀ ਮਾਂ ਬੋਲੀ, ਦੇਸ਼ ਅਤੇ ਸੱਭਿਆਚਾਰ ਵੱਖਰਾ ਵੱਖਰਾ ਸੀ। ਇਹਨਾਂ ਪੰਜਾਂ ਵਿਚੋਂ ਸਾਡੇ ਹੁਣ ਦੇ ਇਧਰਲੇ ਪੰਜਾਬ ਦੇ ਖਿੱਤੇ ਨਾਲ ਸਬੰਧਤ ਕੋਈ ਨਹੀਂ ਸੀ। ਇਹ ਪਿਆਰੇ ਵੱਖ ਵੱਖ ਦੇਸ਼-ਦੇਸ਼ਾਂਤਰਾਂ ਵਿਚ ਵਸਦੇ 'ਕੱਲੇ-ਦੁਕੱਲੇ ਸਿੱਖ ਤਾਂ ਨਹੀਂ ਹੋਣਗੇ ਜੋ ਆਪਣਿਆਂ ਇਲਾਕਿਆਂ ਤੋਂ ਗੁਰੂ ਨੂੰ ਸੀਸ ਭੇਟ ਕਰਨ ਆ ਗਏ, ਇਹਨਾਂ ਇਲਾਕਿਆਂ ਵਿਚ ਵਸਦੀ ਵੱਡੀ ਵਸੋਂ ਸਿੱਖੀ ਸਿਦਕ ਨੂੰ ਪਰਨਾਈ ਹੋਵੇਗੀ। ਇਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਦੀਆਂ ਜੜ੍ਹਾਂ ਦੇ ਰੂਪ ਵਿਚ ਗੁਰਮਤਿ ਵਿਚਾਰਧਾਰਾ ਦਾ ਸਬੰਧ ਜਿੰਨਾ ਦੂਰ ਦੇਸ਼ ਦੇਸ਼ਾਂਤਰਾਂ ਤੱਕ ਸੀ ਇਸ ਦੀਆਂ ਟਾਹਣੀਆਂ ਦੇ ਰੂਪ ਵਿਚ ਖਾਲਸਾ ਪੰਥ ਦਾ ਮੁਢਲਾ ਫੈਲਾਓ ਵੀ ਓਨਾ ਹੀ ਵਿਸ਼ਾਲ ਸੀ। ਗੁਰੂ ਸਾਹਿਬਾਨ ਦੇ ਹੈਡਕੁਆਟਰ ਮੁੱਖ ਤੌਰ ਤੇ ਲੰਮਾ ਸਮਾਂ ਪੰਜਾਬ ਵਿਚ ਰਹੇ ਹੋਣ ਕਰਕੇ ਬਹੁਤੇ ਇਤਿਹਾਸਕ ਗੁਰਦੁਆਰੇ ਪੰਜਾਬ ਵਿਚ ਹਨ। ਉਨੀਵੀਂ ਸਦੀ ਦੇ ਮਗਰਲੇ ਅਤੇ ਵੀਹਵੀਂ ਸਦੀ ਦੇ ਆਰੰਭਲੇ ਸਾਲਾਂ ਵਿਚ ਪੰਜਾਬੀ ਸਿੱਖਾਂ ਦਾ ਜ਼ਿਆਦਾ ਧਿਆਨ ਅਤੇ ਜ਼ੋਰ ਇਹਨਾਂ ਗੁਰਦੁਆਰਿਆਂ ਤੋਂ ਮਹੰਤਾਂ ਅਤੇ ਅੰਗਰੇਜ਼ਾ ਦਾ ਕਬਜ਼ਾ ਖਤਮ ਕਰਨ 'ਤੇ ਲੱਗਿਆ। ਬਾਅਦ ਵਿਚ ਸਿੱਖ ਲੀਡਰਾਂ ਦਾ ਬਹੁਤਾ ਜ਼ੋਰ ਪੰਜਾਬ ਦੀ ਪ੍ਰਸ਼ਾਸਨਕ ਸ਼ਕਤੀ ਹਥਿਆਉਣ ਦੇ ਸਾਧਨ ਵਜੋਂ ਗੁਰਦੁਆਰਿਆ ਦੀਆਂ ਸਟੇਜਾਂ ਅਤੇ ਗੋਲਕਾਂ 'ਤੇ ਕਬਜ਼ਾ ਲਈ ਲੱਗਿਆ। ਕੇਂਦਰੀ ਸੰਸਥਾਵਾਂ 'ਤੇ ਇਕੱਲੇ ਪੰਜਾਬੀਆਂ ਦਾ ਕਬਜ਼ਾ ਹੋਣ ਕਰਕੇ ਦੂਸਰੇ ਖਿੱਤਿਆਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਸਿੱਖੀ ਦੀ ਵੰਨ-ਸੁਵੰਨਤਾ ਪੰਥ ਦੀ ਬੁੱਕਲ 'ਚੋਂ ਕਿਰ ਗਈ। ਕਲਕੱਤੇ ਵਸਦੇ ਸ. ਜਗਮੋਹਨ ਸਿੰਘ ਗਿੱਲ ਨੇ ਆਪਣੀਆਂ ਖੋਜੀ ਲਿਖਤਾਂ ਰਾਹੀਂ ਦੱਸਿਆ ਹੈ ਕਿ ਕਦੀ ਯੂ. ਪੀ. ਬਿਹਾਰ, ਬੰਗਾਲ, ਉੜੀਸਾ ਅਤੇ ਹੋਰ ਪੂਰਬੀ ਇਲਾਕਿਆ ਵਿਚ ਪਿੰਡਾਂ ਦੇ ਪਿੰਡ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਵਾਲੇ ਹੁੰਦੇ ਸਨ। ਇਹਨਾਂ ਥਾਵਾਂ 'ਤੇ ਹੁਣ ਗੁਰਦੁਆਰਿਆਂ ਦੀਆਂ ਅਣਗਿਣਤ ਢੱਠੀਆਂ ਅਤੇ ਅੱਧ ਢੱਠੀਆਂ ਇਮਾਰਤਾਂ ਦੇ ਨਿਸ਼ਾਨ ਬਚੇ ਹਨ।

ਭਾਰਤ ਦੇ ਲੰਮੇ ਚੌੜੇ ਖੇਤਰਫਲ ਵਿਚ ਵਸਦੇ ਖਾਲਸਿਆਂ ਦੀ ਸੰਪਰਕ ਬੋਲੀ ਸਾਡੇ ਵਾਲੀ ਪੰਜਾਬੀ ਨਹੀਂ ਹੋਵੇਗੀ। ਇਕ ਦੂਸਰੇ ਨੂੰ ਮਿਲਦਿਆਂ ਸਿੰਘ ਫਤਹਿ ਦੀ ਸਾਂਝ ਕਰਦੇ:

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ॥

ਇਥੇ ਵਾਹਿਗੁਰੂ ਜੀ ਕਾ ਖਾਲਸਾ ਹੈ, ਵਾਹਿਗੁਰੂ ਜੀ ਦਾ ਖਾਲਸਾ ਨਹੀਂ ਹੈ। ਵਾਹਿਗੁਰੂ ਜੀ ਕੀ ਫਤਹਿ ਹੈ, ਦੀ ਫਤਹਿ ਨਹੀਂ ਹੈ। ਇਹ ਪੰਜਾਬੀ, ਹਿੰਦੁਸਤਾਨੀ ਅਤੇ ਦੂਸਰੀਆਂ ਉਤਰ ਭਾਰਤੀ ਭਾਸ਼ਾਵਾਂ ਬੋਲਣ ਵਾਲੇ ਵੱਡੇ ਇਲਾਕੇ ਦੀਆਂ ਬੋਲੀਆਂ ਦੇ ਸਾਂਝੇ ਮੁਹਾਵਰੇ ਵਾਲਾ ਵਾਕ ਹੈ। ਦੂਜੇ ਪਾਸੇ ਜੰਮੂ ਤੋਂ ਲੈ ਕੇ ਕਲਕੱਤੇ ਤੱਕ ਅਸੀਂ ਦੇਵਨਾਗਰੀ ਲਿੱਪੀ ਵਿਚ ਜੈ ਮਾਤਾ ਦੀ ਲਿਖਿਆ ਥਾਂ ਥਾਂ ਪੜ੍ਹ ਸਕਦੇ ਹਾਂ। ਇਹ ਹਰ ਥਾਂ ਜੈ ਮਾਤਾ ਦੀ ਹੁੰਦਾ ਹੈ ਜੈ ਮਾਤਾ ਕੀ ਨਹੀਂ ਹੁੰਦਾ। ਇਹ ਪੰਜਾਬੀ ਵਿਚ ਹੈ। ਮਾਤਾ ਰਾਣੀਆਂ ਹੁਸ਼ਿਆਰਪੁਰ ਤੋਂ ਜੰਮੂ ਤੱਕ ਭਾਵ ਪੰਜਾਬ ਵਿਚ ਹੋਈਆਂ ਹਨ। ਬੋਲੀ ਕਿਸੇ ਧਰਮ ਦੀ ਨਹੀਂ ਖਿੱਤੇ ਦੀ ਹੁੰਦੀ ਹੈ। ਅਸੀਂ ਲਿੱਪੀ ਨੂੰ ਬੋਲੀ ਸਮਝਦੇ ਰਹਿੰਦੇ ਹਾਂ। ਵਾਹਿਗੁਰੂ ਜੀ ਕਾ ਖਾਲਸਾ ਕਿਉਂਕਿ ਗੁਰਮੁਖੀ ਲਿੱਪੀ ਵਿਚ ਲਿਖਦੇ ਹਾਂ, ਗੁਰੂ ਗਰੰਥ ਸਾਹਿਬ ਗੁਰਮੁਖੀ ਲਿੱਪੀ ਵਿਚ ਹੈ, ਇਸ ਲਈ ਸਾਨੂੰ ਲਗਦਾ ਕਿ ਇਹ ਪੰਜਾਬੀ ਹੈ। ਲਿੱਪੀ ਦਾ ਸਬੰਧ ਇਕ ਧਰਮ ਨਾਲ ਹੋ ਸਕਦਾ ਹੈ, ਕਿਉਂਕਿ ਧਰਮ ਦਾ ਧਰਮ ਗ੍ਰੰਥ ਹੁੰਦਾ ਹੈ ਜਿਸ ਦੀ ਇਕ ਲਿੱਪੀ ਹੁੰਦੀ ਹੈ। ਪਰ ਜ਼ਰੂਰੀ ਨਹੀਂ ਕਿ ਉਸ ਦੀ ਬੋਲੀ ਵੀ ਇਕ ਹੋਵੇ। ਸਾਡੇ ਧਰਮ ਗਰੰਥ ਦੀ ਤਾਂ ਬਿਲਕੁਲ ਇਕ ਬੋਲੀ ਨਹੀਂ। ਜਿੰਨੀਆਂ ਬੋਲੀਆਂ ਗੁਰੂ ਗਰੰਥ ਸਾਹਿਬ ਵਿਚ ਹਨ ਸ਼ਾਇਦ ਓਨੀਆਂ ਦੁਨੀਆਂ ਦੇ ਕਿਸੇ ਹੋਰ ਧਰਮ ਗਰੰਥ ਵਿਚ ਨਹੀਂ। ਪਰ ਇਸ ਦੀ ਲਿੱਪੀ ਇਕ ਹੈ, ਗੁਰਮੁਖੀ। ਸਾਰੇ ਸਿੱਖਾਂ ਲਈ ਇਕ ਲਿੱਪੀ ਜਾਣਨੀ ਜ਼ਰੂਰੀ ਹੋ ਸਕਦੀ ਹੈ ਕਿ ਜਿਸ ਨੇ ਵੀ ਗੁਰੂ ਗਰੰਥ ਸਾਹਿਬ ਨੂੰ ਪੜ੍ਹਨਾ ਹੈ, ਇਸ ਨਾਲ ਸਿੱਧਾ ਸਬੰਧ ਜੋੜਨਾ ਹੈ ਉਸ ਨੂੰ ਇਹ ਲਿੱਪੀ ਆਉਣੀ ਚਾਹੀਦੀ ਹੈ।

ਪੰਜਾਬ (ਖਿੱਤਾ) ਕਦੀ ਮਜ਼ਹਬ ਦੇ ਨਾਂ 'ਤੇ ਵੰਡ ਹੋਇਆ। ਪਰ ਮਜ਼ਹਬ ਦਾ ਇਕ ਖਿੱਤਾ ਨਹੀਂ ਹੁੰਦਾ, ਕੋਈ ਮਜ਼ਹਬ ਬਹੁਤ ਸਾਰੇ ਖਿੱਤਿਆਂ ਵਿਚ ਫੈਲਿਆ ਹੋ ਸਕਦਾ ਹੈ। ਪਰ ਦੇਸ਼, ਬੋਲੀ ਅਤੇ ਸੱਭਿਆਚਾਰ ਦਾ ਖਿੱਤਾ ਜ਼ਰੂਰ ਹੁੰਦਾ ਹੈ। ਇਸ ਲਈ 1947 ਵਿਚ ਪੰਜਾਬ ਦੀ ਕੁਦਰਤ ਵਿਰੋਧੀ ਬਹੁਤ ਕਰੂਰ ਵੰਡ ਹੋਈ। ਸਾਡੇ ਭਾਵ ਸਿੱਖਾਂ ਦੇ ਲੀਡਰਾਂ ਨੇ ਵੀ ਉਹ ਵੰਡ ਪਰਵਾਨ ਕੀਤੀ। ਮੁਲਕ ਦੀ ਜਿਸ ਸਿਆਸੀ ਸਥਿਤੀ ਨੂੰ ਨਜਿੱਠਣ ਲਈ ਉਹ ਵੰਡ ਮਨਜ਼ੂਰ ਕੀਤੀ ਗਈ ਸੀ ਉਹ ਲੱਖਾਂ ਲੋਕਾਂ ਦੀ ਮੌਤ ਅਤੇ ਕਰੋੜਾਂ ਦੇ ਉਜਾੜੇ ਦੇ ਬਾਵਜੂਦ ਨਜਿੱਠੀ ਨਹੀਂ ਗਈ, ਲਗਾਤਾਰ ਸੁਲ਼ਗੀ ਜਾਂਦੀ ਹੈ। ਓਦੋਂ ਅਸੀਂ ਸਿੱਖਾਂ (ਹਿੰਦੂਆਂ ਜਾਂ ਮੁਸਲਮਾਨਾਂ) ਦੀ ਬਜਾਏ ਪੰਜਾਬੀਆਂ ਦੇ ਤੌਰ 'ਤੇ ਸਰਗਰਮ ਹੋਏ ਹੁੰਦੇ, ਪੰਜਾਬੀਆਂ ਨੇ ਆਪਣਾ ਦੇਸ ਪੰਜਾਬ ਬਣਾਉਣਾ ਸੋਚਿਆ ਜਾਂ ਮੰਗਿਆ ਹੁੰਦਾ ਤਾਂ ਅੱਜ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਅਤੇ ਹੋਰ ਵਿਸ਼ਵਾਸਾਂ ਦੇ ਪੰਜਾਬੀਆਂ ਦਾ ਸਾਂਝਾ ਦੇਸ਼ ਪੰਜਾਬ ਹੁੰਦਾ। ਦਰਿਆ ਸਿੰਧ ਅਤੇ ਦਰਿਆ ਯਮੁਨਾ ਦੀਆਂ ਭੂਗੋਲਕਿ ਅਤੇ ਕੁਦਰਤੀ ਸੀਮਾਵਾਂ ਦੇ ਵਿਚਕਾਰ ਕਿਸੇ ਫਿਰਕੇ ਦੀ ਬਜਾਏ ਬੋਲੀ ਅਤੇ ਸੱਭਿਆਚਾਰ ਦੇ ਆਧਾਰ 'ਤੇ ਅਬਾਦ ਦੇਸ਼ ਦੀ ਪੰਜਾਬੀ ਰਾਸ਼ਟਰੀ ਭਾਸ਼ਾ ਹੁੰਦੀ ਜਿਸ ਨੂੰ ਲਿਖਣ ਲਈ ਦੋ ਲਿੱਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਮਨਜ਼ੂਰ ਹੁੰਦੀਆਂ। ਪੰਜ ਦਰਿਆ ਇਸ ਦੇ ਵੱਖ ਵੱਖ ਖੁਦਮੁਖਤਿਆਰ ਸੂਬਿਆਂ ਵਿਚਕਾਰ ਕੁਦਰਤੀ ਸਰਹੱਦਾਂ ਹੁੰਦੀਆਂ। ਮਿੰਟਗੁਮਰੀ, ਮੁਲਤਾਨ, ਰਾਵਲਪਿੰਡੀ, ਸਿਆਲਕੋਟ, ਚੰਬਾ, ਸ਼ਿਮਲਾ, ਅੰਬਾਲਾ, ਦਿੱਲੀ, ਰੇਵਾੜੀ, ਅਬੋਹਰ ਇਸ ਦੀਆਂ ਸੀਮਾਵਾਂ ਦੇ ਅੰਦਰਲੇ ਪੰਜਾਬੀ ਇਲਾਕੇ ਅਖਵਾਉਂਦੇ। ਤਕਰੀਬਨ ਹਰ ਤਰ੍ਹਾਂ ਦੀ ਧਰਤੀ ਭਾਵ ਪਹਾੜ, ਮੈਦਾਨ, ਜੰਗਲ ਅਤੇ ਮਾਰੂਥਲ ਪੰਜਾਬ ਦੇ ਭੂ-ਦ੍ਰਿਸ਼ਾਂ ਵਜੋਂ ਸ਼ੋਭਨੀਕ ਹੁੰਦੀ। ਝਾਂਗੀ, ਪੋਠੋਹਾਰੀ, ਸਰਾਇਕੀ, ਮੁਲਤਾਨੀ, ਲਹਿੰਦੀ, ਡੋਗਰੀ, ਪਹਾੜੀ, ਮਾਝੀ, ਦੁਆਬੀ, ਮਲਵਈ, ਪੁਆਧੀ, ਬਾਂਗਰੂ ਆਦਿ ਨੂੰ ਪੰਜਾਬੀ ਬੋਲੀ ਪਰਿਵਾਰ ਦੀਆਂ ਬਰਾਬਰ ਦੇ ਮਹੱਤਵ ਵਾਲੀਆਂ ਬੋਲੀਆਂ ਮੰਨਿਆਂ ਜਾਂਦਾ। ਉਰਦੂ, ਅੰਗਰੇਜ਼ੀ ਅਤੇ ਦੇਵਨਾਗਰੀ ਲਿੱਪੀ ਵਾਲੀ ਹਿੰਦੀ ਭਾਸ਼ਾਵਾਂ ਨੂੰ ਦੂਜੀ ਭਾਸ਼ਾ ਦੇ ਤੌਰ 'ਤੇ ਸਿੱਖਣ ਵਰਤਣ ਦੀ ਚੋਣ ਉਪਲਭਦ ਹੁੰਦੀ। ਬਾਬੂ ਫਿਰੋਜ਼ਦੀਨ ਸ਼ਰਫ ਦਾ ਗੀਤ 'ਸੋਹਣੇ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀਂ ਸਈਓ' ਰਾਸ਼ਟਰੀ ਗਾਨ ਬਣ ਗੂੰਜਦਾ। ਪੰਜਾਬ ਦੇ ਇਸ ਸੁਹਾਵਨੇ ਸੁਪਨੇ ਨੂੰ ਇਸ ਵਿਚੋਂ ਲੰਘਦੇ ਵਰਤਮਾਨ ਹਿੰਦ-ਪਾਕਿ ਬਾਰਡਰ ਨੇ ਵਿਚਕਾਰੋਂ ਚੀਰਿਆ ਹੋਇਆ ਹੈ। ਇਸ ਬਾਰਡਰ 'ਤੇ ਝੰਡੇ ਲਹਿਰਾਉਣ / ਉਤਾਰਨ ਮੌਕੇ ਸਿਰਾਂ ਤੋਂ ਉਚੇ ਪੈਰ ਚੁੱਕ ਚੁੱਕ ਧਰਤੀ 'ਤੇ ਖੜਕਾਏ ਜਾਂਦੇ ਫੌਜੀ ਬੂਟ ਇਸ ਸੁਪਨੇ ਦੇ ਸਿਰ ਵਿਚ ਦੋਨਾਂ ਪਾਸਿਆ ਦੀਆਂ ਸਰਕਾਰਾਂ ਵਲੋਂ ਦੋ ਵੇਲੇ ਮਾਰੇ ਜਾਂਦੇ ਵਦਾਨ ਹਨ।

ਪੰਜਾਬ ਦੇਸ਼ ਦਾ ਇਹ ਸੁਪਨਾ ਹਕੀਕਤ ਬਣਨ ਤੋਂ ਇਸ ਕਰਕੇ ਦੂਰ ਰਿਹਾ ਕਿ ਅਸੀਂ ਸਾਰੇ ਪੰਜਾਬੀ ਹੋਣ ਦੇ ਨਾਤੇ ਇਕੱਠੇ ਹੋਣ ਦੀ ਬਜਾਏ ਹਿੰਦੂ, ਮੁਸਲਮਾਨ ਅਤੇ ਸਿੱਖ ਅਖਵਾਉਣ ਦੇ ਨਾਤੇ ਵੰਡ ਹੋਏ। ਅਸੀਂ ਕਹਿੰਦੇ ਤਾਂ ਹਾਂ ਕਿ ਸਾਡਾ ਧਰਮ ਦੁਨੀਆਂ ਦਾ ਸਭ ਤੋਂ ਮਹਾਨ, ਤਾਕਤਵਰ ਅਤੇ ਮਜਬੂਤ ਧਰਮ ਹੈ। ਪਰ ਸਾਡਾ ਵਿਹਾਰ ਦੱਸਦਾ ਰਹਿੰਦਾ ਹੈ ਕਿ ਜਿੰਨਾ ਅਸੀਂ ਹਰ ਗੱਲ ਵਿਚ ਆਪਣੇ ਧਰਮ ਨੂੰ ਖਤਰਾ ਮਹਿਸੂਸ ਕਰਦੇ ਰਹਿੰਦੇ ਹਾਂ ਓਨਾਂ ਦੁਨੀਆਂ ਵਿਚ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕ ਨਹੀਂ ਕਰਦੇ। ਇਸੇ ਡਰ ਦਾ ਨਤੀਜਾ ਰਿਹਾ ਕਿ ਸਾਡੇ ਲੀਡਰਾਂ ਨੇ ਦੇਸ਼ ਦੀ ਮਜ਼ਹਬ ਅਧਾਰਤ ਵੰਡ ਨੂੰ ਮਨਜ਼ੂਰ ਕੀਤਾ। ਵੰਡ ਲਈ ਅਸੀਂ ਬੋਲੀ ਅਤੇ ਸੱਭਿਆਚਾਰ ਵਾਲਾ ਰਸਤਾ ਛੱਡ ਕੇ ਮਜ਼ਹਬ ਵਾਲਾ ਰਸਤਾ ਅਖਤਿਆਰ ਕੀਤਾ। ਅਸਲ ਵਿਚ ਜੇ ਪੰਜਾਬੀ ਸਾਡੀ ਮਾਂ ਬੋਲੀ ਹੈ ਤਾਂ ਪੰਜਾਬੀ ਬੋਲਣ ਵਾਲੇ ਹਿੰਦੂ ਅਤੇ ਮੁਸਲਮਾਨ ਸਾਡੇ ਮਾਂ ਜਾਏ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿਚ ਅਸੀਂ ਸਿੱਖ ਤੀਜੇ ਨੰਬਰ 'ਤੇ ਹਾਂ। ਸਭ ਤੋਂ ਵੱਧ ਗਿਣਤੀ ਮੁਸਲਮਾਨਾਂ ਦੀ ਹੈ, ਨੌਂ-ਦਸ ਕਰੋੜ ਮੁਸਲਮਾਨ ਪੰਜਾਬੀ ਪਾਕਿਸਤਾਨ ਵਿਚ ਰਹਿੰਦੇ ਹਨ। ਏਧਰ ਦਿੱਲੀ ਤੱਕ ਪੰਜਾਬੀ ਬੋਲਣ ਵਾਲਿਆਂ ਵਿਚ ਅਸੀਂ 35-36 ਪ੍ਰਤੀਸ਼ਤ ਤੋਂ ਘੱਟ ਹੀ ਹੋਵਾਂਗੇ। ਦੇਸ਼ ਵੰਡ ਸਮੇਂ ਸਿੱਖ ਬਹੁ ਗਿਣਤੀ ਵਾਲੀਆਂ ਕੇਵਲ 2-3 ਤਹਿਸੀਲਾਂ ਹੀ ਸਨ ਜਿਨ੍ਹਾਂ ਦੇ ਆਧਾਰ 'ਤੇ ਕੋਈ ਸਿੱਖ ਦੇਸ਼ ਤਾਂ ਬਣ ਨਹੀਂ ਸੀ ਸਕਦਾ। ਪਰ ਵੰਡ ਦੌਰਾਨ ਵਸੋਂ ਦੇ ਆਦਾਨ ਪ੍ਰਦਾਨ ਕਰਕੇ ਇਧਰਲੇ ਕੁਝ ਹਿੱਸੇ ਵਿਚ ਸਿੱਖ ਬਹੁ ਗਿਣਤੀ ਬਣ ਗਈ। ਸਿੱਖ ਲੀਡਰਾਂ ਦੀ ਇੱਛਾ ਹੋਈ ਕਿ ਇਸ ਬਹੁ ਗਿਣਤੀ ਵਾਲਾ ਵੱਖਰਾ ਸੂਬਾ ਹੋਵੇ ਜਿਥੇ ਉਹ ਸਿੱਖ ਵੋਟਾਂ ਦੀ ਬਹੁ ਗਿਣਤੀ ਦੇ ਸਿਰ 'ਤੇ ਸੱਤਾਧਾਰੀ ਹੋ ਸਕਣ। ਅਕਾਲੀ ਦਲ ਵਲੋਂ ਲਗਾਇਆ ਗਿਆ ਪੰਜਾਬੀ ਸੂਬੇ ਦਾ ਮੋਰਚਾ ਕਹਿਣ ਨੂੰ ਪੰਜਾਬੀ ਬੋਲੀ ਦੇ ਅਧਾਰ 'ਤੇ ਸੂਬਾ ਬਣਾਉਣ ਦੀ ਮੰਗ ਕਰਦਾ ਸੀ ਪਰ ਹਕੀਕਤ ਵਿਚ ਗੁਣਾਂ ਦੀ ਬਜਾਏ ਗਿਣਤੀ ਆਸਰੇ 'ਸਿੱਖ ਮੁੱਖ ਮੰਤਰੀ ਬਣਾਉਣ ਦੀ ਚਾਹਤ ਸੀ। ਗਹੁ ਨਾਲ ਦੇਖਿਆ ਜਾਵੇ ਤਾਂ ਇਸ ਮੋਰਚੇ ਨਾਲ ਅਸੀਂ ਪੰਜਾਬੀ ਬੋਲਦੇ ਲੋਕਾਂ ਦਾ ਸੂਬਾ ਬਣਾਉਣ ਦੇ ਨਾਂ 'ਤੇ ਵੱਡੀ ਗਿਣਤੀ ਵਿਚ ਪੰਜਾਬੀ ਬੋਲਣ ਵਾਲੇ ਹਰਿਆਣਾ ਅਤੇ ਹਿਮਾਚਲ ਦੇ ਇਲਾਕਿਆਂ ਨੂੰ ਆਪਣੇ ਤੋਂ ਵੱਖਰੇ ਕੀਤਾ। ਪੰਜਾਬ ਦੇ ਇਕ ਛੋਟੇ ਜਿਹੇ ਭਾਗ ਵਿਚ ਪ੍ਰਸ਼ਾਸਨਕ ਸੱਤਾ ਪ੍ਰਾਪਤੀ ਵੱਲ ਸਾਰਾ ਧਿਆਨ ਕੇਂਦਰਤ ਕਰਕੇ ਪੰਜਾਬ ਦੀ ਸਿੱਖ ਲੀਡਰਸ਼ਿਪ ਦੂਰ ਦਰਾਜ ਦੇ ਭਾਰਤੀ ਪ੍ਰਦੇਸ਼ਾਂ ਵਿਚ ਵਸਦੇ ਆਪਣੇ ਗੁਰਭਾਈਆਂ ਨੂੰ ਸਿੱਖੀ ਨਾਲ ਜੋੜੀ ਰੱਖਣ ਦੀ ਜਿੰਮੇਵਾਰੀ ਤੋਂ ਖੁੰਝ ਗਈ।

ਅਸੀਂ ਅਕਸਰ ਗਿਲਾ ਕਰਦੇ ਹਾਂ ਕਿ ਪੰਜਾਬੀ ਸੂਬਾ ਬਣਨ ਵੇਲੇ ਹਿੰਦੂ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ। ਪੰਜਾਬੀ ਮਾਂ ਬੋਲੀ ਸੀ ਤਿੰਨਾਂ ਦੀ ਪਰ ਜਦ ਸਾਡੀ ਸਿੱਖ ਸਿਆਸਤ ਨੇ ਬਹੁਤਾ ਕਿਹਾ ਕਿ ਪੰਜਾਬੀ ਸਾਡੀ (ਸਿੱਖਾਂ ਦੀ) ਮਾਂ ਬੋਲੀ ਹੈ, ਸਾਡੀ ਮਾਂ ਹੈ, ਸਾਡੀ ਮਾਂ ਹੈ ਤਾਂ ਸਾਡੀ ਮੇਰ ਨੇ ਹੋਰਾਂ ਨੂੰ ਇਸ ਤੋਂ ਦੂਰ ਕਰਨ ਦਾ ਰੋਲ ਨਿਭਾਇਆ। ਜਦ ਕੋਈ ਬੱਚਾ ਸਾਂਝੇ ਖਿਡਾਉਣੇ ਨੂੰ ਬਹੁਤਾ ਮੇਰਾ ਮੇਰਾ ਕਰੇ ਤਾਂ ਬਾਕੀ ਬੱਚੇ ਉਸ ਨਾਲ ਖੇਡਦੇ ਨਹੀਂ ਹੁੰਦੇ। ਉਹ ਕਹਿੰਦੇ ਹਨ, ਤੇਰਾ ਹੈ ਤਾਂ ਚੱਲ ਤੂੰ ਹੀ ਰੱਖ। ਖਿਡੌਣੇ ਦੀ ਮਲਕੀਅਤ ਦੇ ਦਾਅਵੇ ਕਾਰਨ ਉਸ ਕੋਲੋਂ ਖੇਡ ਗੁਆਚ ਜਾਂਦੀ ਹੈ। ਅਸੀਂ ਆਪਣੀ ਇਸ ਗਲਤੀ ਦੀ ਨਿਸ਼ਾਨਦੇਹੀ ਕਰੀਏ। ਜਦ ਦੂਸਰੇ ਮਜ਼ਹਬ ਦੇ ਲੋਕਾਂ ਨੇ ਇਹ ਗੱਲ ਸੁੰਘ ਲਈ ਕਿ ਬੋਲੀ ਦਾ ਤਾਂ ਬਹਾਨਾ ਹੈ ਅਸਲ ਅਤੇ ਗੁੱਝਾ ਉਦੇਸ਼ ਕੋਈ ਹੋਰ ਹੈ ਤਾਂ ਉਹਨਾਂ ਇਸ ਟਾਕਰੇ ਲਈ ਉਲਟ ਉਦੇਸ਼ ਦੇ ਤਹਿਤ ਆਪਣੀ ਬੋਲੀ ਬਾਰੇ ਗਲਤ ਸੂਚਨਾ ਦਰਜ ਕਰਾਈ। ਦੇਸ਼ ਵੰਡ ਵੇਲੇ ਦੀ ਸਿਆਸਤ ਦਾ ਸ਼ਿਕਾਰ ਹੋ ਕੇ ਅਸੀਂ ਆਪਣੇ ਮਾਂ ਜਾਏ ਮੁਸਲਮਾਨਾਂ ਤੋਂ ਦੂਰ ਹੋਏ ਅਤੇ ਇਸ ਤੋਂ ਮਗਰਲੀ ਸਿਆਸਤ ਦੇ ਅਧੀਨ ਸਾਡਾ ਆਪਣੇ ਹਿੰਦੂ ਮਾਂ ਜਾਇਆਂ ਨਾਲੋਂ ਫਾਸਲਾ ਬਣਿਆ।

ਅਸੀਂ ਆਪਣੀ ਮਾਂ ਬੋਲੀ ਦੇ ਹੇਜ ਵਿਚ ਜਜ਼ਬਾਤੀ ਨਾਹਰੇਬਾਜ਼ੀ, ਮਾਅਰਕੇਬਾਜ਼ੀ ਜਾਂ ਬਿਆਨਬਾਜ਼ੀ ਤਾਂ ਬਹੁਤ ਕਰ ਲੈਂਦੇ ਹਾਂ ਪਰ ਇਸ ਨੂੰ ਬਣਾਉਣ, ਬਚਾਉਣ ਜਾਂ ਇਸ ਦੀ ਤਰੱਕੀ ਲਈ ਕੀ ਕਰਨਾ ਬਣਦਾ ਹੈ ਜਾਂ ਤਾਂ ਉਹ ਸਾਨੂੰ ਪਤਾ ਨਹੀਂ, ਜੇ ਪਤਾ ਹੈ ਤਾਂ ਉਹ ਕੁਝ ਕਰਨਾ ਨਹੀਂ ਚਾਹੁੰਦੇ। ਪੰਜਾਬੀਆਂ ਦੇ ਅਣਗਿਣਤ ਸਦੀਆਂ ਪੁਰਾਣੇ ਦੋ ਮੂਲ਼ ਧੰਦੇ ਹਨ, ਇਕ ਖੇਤੀ ਬਾੜੀ ਅਤੇ ਦੂਸਰਾ ਪਸ਼ੂ ਪਾਲਣ। ਸੱਭਿਅਤਾ ਦੇ ਵਿਕਾਸ ਦੇ ਮੁੱਢਲੇ ਸਮੇਂ ਤੋਂ ਇਹ ਦੋਵੇਂ ਪੰਜਾਬ ਦੇ ਅਜੇ ਤੱਕ ਚਲੇ ਆਉਂਦੇ ਮੁੱਖ ਕਿੱਤੇ ਹਨ। ਪੰਜਾਬ ਵਿਚ ਖੇਤੀ ਵਿਕਾਸ ਲਈ ਪੰਜਾਬ ਖੇਤੀਬਾੜੀ ਯੁਨੀਵਰਸਿਟੀ ਬਣੀ ਜਿਸ ਨੂੰ ਪੀ. ਏ. ਯੂ. ਕਿਹਾ ਜਾਂਦਾ ਹੈ ਅਤੇ ਪਸ਼ੂ ਪਾਲਣ ਦੇ ਵਿਕਾਸ ਲਈ ਬਣੀ ਯੁਨੀਵਰਸਿਟੀ ਦਾ ਨਾਂ ਗੁਰਮੁਖੀ ਲਿੱਪੀ ਬਣਾਉਣ ਵਾਲੇ ਦੂਸਰੇ ਪਾਤਸ਼ਾਹ ਦੇ ਨਾਂ 'ਤੇ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸ ਯੁਨੀਵਰਸਿਟੀ ਹੈ ਜਿਸ ਨੂੰ ਅੰਗਰੇਜ਼ੀ ਅੱਖਰਾਂ ਦੇ ਆਧਾਰ 'ਤੇ ਗਡਵਾਸੂ ਕਿਹਾ ਜਾਂਦਾ ਹੈ। ਪੰਜਾਬ ਦੀ ਖੇਤੀ ਯੁਨੀਵਰਸਿਟੀ ਵਿਚ ਖੇਤੀ ਖੋਜ ਅਤੇ ਖੇਤੀਬਾੜੀ ਦੀ ਸਾਰੀ ਪੜ੍ਹਾਈ ਅਤੇ ਪਸ਼ੂ ਪਾਲਣ ਯੁਨੀਵਰਸਿਟੀ ਵਿਚ ਪਸ਼ੂ ਖੋਜ ਅਤੇ ਪਸ਼ੂ ਪਾਲਣ ਦੀ ਸਾਰੀ ਪੜ੍ਹਾਈ ਪੰਜਾਬੀ ਦੀ ਬਜਾਏ ਅੰਗਰੇਜ਼ੀ ਵਿਚ ਕਰਾਈ ਜਾਂਦੀ ਹੈ। ਮੇਰੀ ਜਾਣਕਾਰੀ ਮੁਤਾਬਿਕ ਨਾ ਤਾਂ ਕਿਸੇ ਸਰਕਾਰ ਨੇ ਖੇਤੀ ਕਰਨ ਅਤੇ ਪਸ਼ੂ ਚਾਰਨ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਨਿਆਣਿਆਂ ਨੂੰ ਇਹ ਪੜ੍ਹਾਈ ਉਹਨਾਂ ਦੀ ਆਪਣੀ ਬੋਲੀ ਵਿਚ ਦੇਣ ਬਾਰੇ ਕਦੀ ਸੋਚਿਆ ਅਤੇ ਨਾ ਹੀ ਕਿਸੇ ਵਰਗ ਜਾਂ ਜਥੇਬੰਦੀ ਨੇ ਸਰਕਾਰ ਤੋਂ ਇਸ ਦੀ ਮੰਗ ਹੀ ਕੀਤੀ ਹੈ।

1962 ਵਿਚ ਕੁਝ ਪੰਜਾਬੀ ਦਾਨਿਸ਼ਵਰਾਂ ਦੀ ਮੰਗ, ਸਲਾਹ ਅਤੇ ਪਹਿਲ ਕਦਮੀ ਨਾਲ ਪਟਿਆਲਾ ਦੀ ਪੰਜਾਬੀ ਯੁਨੀਵਰਸਿਟੀ ਬਣੀ। ਇਸ ਯੁਨੀਵਰਸਿਟੀ ਦਾ ਮੁਢਲਾ ਉਦੇਸ਼ ਵਿਗਿਆਨ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ ਦੀ ਪੰਜਾਬੀ ਵਿਚ ਪੜ੍ਹਾਈ ਕਰਾਉਣ ਲਈ ਪਾਠ ਪੁਸਤਕਾਂ ਤਿਆਰ ਕਰਨਾ ਮਿਥਿਆ ਗਿਆ ਸੀ। ਯੁਨੀਵਰਸਿਟੀ ਨੂੰ ਆਪਣੀ ਗੋਲਡਨ ਜੁਬਲੀ ਮਨਾਈ ਨੂੰ ਵੀ ਕਿੰਨੇ ਸਾਲ ਲੰਘ ਗਏ ਪਰ ਅਸੀਂ ਕਾਲਜ ਪੱਧਰ 'ਤੇ ਵਿਗਿਆਨ, ਇੰਜਨੀਅਰਿੰਗ, ਮੈਡੀਕਲ, ਕਾਨੂੰਨ ਆਦਿ ਖੇਤਰਾਂ ਦੀ ਪੜ੍ਹਾਈ ਆਪਣੀ ਬੋਲੀ ਵਿਚ ਕਰਾਉਣ ਦਾ ਅਜੇ ਤੱਕ ਉੱਕਾ ਪ੍ਰਬੰਧ ਨਹੀਂ ਕੀਤਾ। ਇਸ ਸਥਿਤੀ ਨੂੰ ਪੰਜਾਬੀ ਨਾਲ ਸਬੰਧਤ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਬੜੇ ਆਰਾਮ ਨਾਲ ਸਹਿਣ ਕੀਤਾ ਹੋਇਆ ਹੈ। ਆਪਣੇ ਲੋਕਾਂ ਅਤੇ ਆਪਣੀ ਬੋਲੀ ਦੇ ਵਿਕਾਸ ਲਈ ਕਰਨ ਵਾਲੇ ਇਹ ਬੁਨਿਆਦੀ ਕੰਮ ਸਨ ਜੋ ਅਸੀਂ ਨਹੀਂ ਕੀਤੇ। ਅਸੀਂ ਆਪਣੀ ਬੋਲੀ ਆਪ ਵਿਕਸਤ ਕਰਨੀ ਸੀ। ਸਾਨੂੰ ਆਪਣੀ ਜ਼ੁਬਾਨ ਦੇ ਵਿਕਾਸ ਅਤੇ ਪਰਚਲਨ ਤੋਂ ਕਿਸੇ ਬਾਹਰਲੇ ਦੁਸ਼ਮਣ ਨੇ ਨਹੀਂ ਅਸੀਂ ਆਪ ਹੀ ਰੋਕਿਆ ਹੋਇਆ ਹੈ।

ਵੰਡ ਪਾਊ ਸਿਆਸਤ ਨੇ ਇਹ ਸਥਾਪਤ ਕਰਨ ਵਾਲਾ ਮਹੌਲ ਬਣਾਇਆ ਕਿ ਸਿੱਖਾਂ ਦੀ ਬੋਲੀ ਪੰਜਾਬੀ, ਹਿੰਦੂਆਂ ਦੀ ਹਿੰਦੀ ਅਤੇ ਮੁਸਲਮਾਨਾਂ ਦੀ ਉਰਦੂ ਹੈ। ਇਹ ਵੰਡ ਨਾ ਤਾਂ ਤੱਥਾਤਮਿਕ ਤੌਰ ਦੇ ਦਰੁਸ਼ਤ ਹੈ ਅਤੇ ਨਾ ਹੀ ਅਜਿਹੀ ਵੰਡ ਨੂੰ ਗੁਰੂ ਸਾਹਿਬ ਮਾਨਤਾ ਦਿੰਦੇ ਹਨ। ਬੋਲੀਆਂ ਸਬੰਧੀ ਗੁਰੂ ਦਾ ਵਿਹਾਰ ਦਸਦਾ ਹੈ ਕਿ ਦੁਨੀਆਂ ਭਰ ਦੀਆਂ ਤਮਾਮ ਬੋਲੀਆਂ ਚੰਗੀਆਂ ਹਨ, ਇਹਨਾਂ ਨੂੰ ਬੋਲਣ ਵਾਲੇ ਲੋਕਾਂ ਦੇ ਨੇੜੇ ਹੋਵੋ, ਇਹਨਾਂ ਨੂੰ ਜੋੜੋ, ਸ਼ੁਭ ਕਰਮਨਾ ਲਈ ਇਹਨਾਂ ਨੂੰ ਸੰਗਠਤ ਕਰੋ। ਵੱਧ ਤੋਂ ਵੱਧ ਬੋਲੀਆਂ ਸਿੱਖੋ ਅਤੇ ਵੱਖ ਵੱਖ ਬੋਲੀਆਂ ਵਿਚ ਲਿਖੇ ਛਪੇ ਗਿਆਨ ਨੂੰ ਆਪਣੇ ਲੋਕਾਂ ਕੋਲ ਲੈ ਕੇ ਆਓ। ਬਹੁਤ ਸਾਰੀਆਂ ਬੋਲੀਆਂ ਵਿਚ ਲਿਖਣ ਅਤੇ ਪ੍ਰਚਾਰ ਕਰਨ ਵਾਲੇ ਗੁਰੂ ਸਾਹਿਬ ਬੋਲੀ ਬਾਰੇ ਵਿਸ਼ੇਸ਼ ਤੌਰ 'ਤੇ ਦਰਜ ਕਰਦੇ ਹਨ:

**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥** (ਮ.1, 1191)

ਇਹ ਅਵਰ ਕੌਣ ਹੈ? ਗੁਰੂ ਨਾਨਕ ਲਈ ਇਹ ਅਵਰ ਫ਼ਰੀਦ, ਕਬੀਰ, ਜੈਦੇਵ, ਨਾਮਦੇਵ ਆਦਿ ਤਾਂ ਨਹੀਂ ਹੋ ਸਕਦੇ। ਗੁਰੂ ਲਈ ਅਵਰ ਹੁਕਮਰਾਨ ਜਾਂ ਸੱਤਾਵਾਨ ਹੈ। ਗੁਰੂ ਸਾਹਿਬ ਆਖਦੇ ਹਨ ਕਿ ਆਪਣੀ ਬੋਲੀ ਛੱਡ ਕੇ ਹੁਕਮਰਾਨਾਂ ਦੀ ਬੋਲੀ ਨਹੀਂ ਬੋਲੀਦੀ ਹੁੰਦੀ। ਦੂਜੇ ਲਫ਼ਜ਼ਾਂ ਵਿਚ ਕੋਈ ਬੋਲੀ ਇਸ ਕਰਕੇ ਨਹੀਂ ਬੋਲੀਦੀ ਕਿ ਹੁਕਮਰਾਨ ਉਸ ਨੂੰ ਬੋਲਦੇ ਹਨ। ਆਪਣੀ ਗਰਜ਼ ਲਈ ਉਹਨਾਂ ਦੀ ਚਾਪਲੂਸੀ ਨਹੀਂ ਕਰੀਦੀ ਹੁੰਦੀ, ਜੀ ਜੀ ਸਰ ਸਰ ਨਹੀਂ ਕਰੀਦਾ। ਲੋਕਤੰਤਰ ਦੇ ਦੌਰ ਵਿਚ ਸਾਡਾ ਆਪਣੇ ਹੁਕਮਰਾਨਾਂ ਨੂੰ ਕਹਿਣਾ ਬਣਦਾ ਹੈ ਕਿ ਜਿਸ ਬੋਲੀ ਵਿਚ ਲੋਕਾਂ ਤੋਂ ਵੋਟਾਂ ਮੰਗੀਆਂ ਹਨ ਉਹੀ ਬੋਲੀ ਵਿਧਾਨ ਸਭਾ ਵਿਚ ਵਰਤੋ। ਜਿਸ ਬੋਲੀ ਵਿਚ ਭੋਗਾਂ ਦੇ 'ਕੱਠਾਂ ਵਿਚ ਭਾਸ਼ਣ ਦਿੰਦੇ ਹੋ ਉਸੇ ਬੋਲੀ ਵਿਚ ਫਾਈਲਾਂ 'ਤੇ ਫੈਸਲੇ ਲਿਖੋ। ਜਿਸ ਬੋਲੀ ਵਿਚ ਲੋਕ ਲੜਦੇ ਝਗੜਦੇ ਹਨ ਉਸੇ ਬੋਲੀ ਵਿਚ ਅਦਾਲਤਾਂ ਇਹਨਾਂ ਝਗੜਿਆਂ ਦੇ ਫੈਸਲੇ ਕਰਨ ਅਤੇ ਲਿਖਣ। ਹਰ ਤਰ੍ਹਾਂ ਦੇ ਗਿਆਨ ਵਿਗਿਆਨ ਦੀ ਪੜ੍ਹਾਈ ਮਾਂ ਬੋਲੀ ਵਿਚ ਕਰਾਉਣ ਦਾ ਪ੍ਰਬੰਧ ਕਰਨ। ਪੰਜਾਬੀਆਂ ਦੀ ਹੰਢਣਸਾਰ ਅਤੇ ਸਥਾਈ ਤਰੱਕੀ ਲਈ ਪੰਜਾਬੀ ਨੂੰ ਸਤਿਕਾਰ ਨਾਲ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ।

ਸਭ ਤੋਂ ਅਹਿਮ ਗੱਲ ਕਿ ਕੇਵਲ ਪੰਜਾਬ ਨਾਲ ਜੋੜ ਕੇ ਗੁਰਮਤਿ ਜਾਂ ਸਿੱਖੀ ਦੀ ਵਿਸ਼ਾਲਤਾ ਨੂੰ ਹੋਰ ਸੱਟ ਨਾ ਮਾਰੀਏ ਅਤੇ ਪੰਜਾਬੀ ਨੂੰ ਕੇਵਲ ਸਿੱਖਾਂ ਦੀ ਕਹਿ ਕੇ ਪੰਜਾਬ ਅਤੇ ਪੰਜਾਬੀ ਦਾ ਹੋਰ ਨੁਕਸਾਨ ਕਰਨ ਤੋਂ ਗੁਰੇਜ਼ ਕਰੀਏ। ਸਿੱਖੀ ਦੇ ਵਿਗਾਸ ਲਈ ਗੈਰ-ਪੰਜਾਬੀ ਗੁਰਭਾਈਆਂ ਨਾਲ ਵਧੀਆ ਸਾਂਝ ਸੰਪਰਕ ਬਣਾਈਏ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਪੰਜਾਬੀ ਮਾਂ ਜਾਇਆਂ ਨਾਲ ਇਕਮੁੱਠਤਾ ਕਾਇਮ ਕਰੀਏ।



## ਹਾਂ ਅਜੇ ਲਾਕਡਾਊਨ ਹੈ



ਜਗਤਾਰ ਸਾਲਮ, ਪਿੰਡ ਤੇ ਡਾਕ: ਦੇਧਨਾ, ਤਹਿ ਪਾਤੜਾਂ, ਜਿਲ੍ਹਾ ਪਟਿਆਲਾ। ਮੋਬਾਇਲ ਨੰ: 97804-70386
ਮੇਰੇ ਹੁਣ ਤੱਕ ਤਿੰਨ ਗ਼ਜ਼ਲ ਸੰਗ੍ਰਹਿ ਛਪ ਚੁੱਕੇ ਹਨ। 1. ਖ਼ੁਦਕੁਸ਼ੀ ਤੋਂ ਪਹਿਲਾਂ (2012), 2. ਸ਼ਮਸ਼ੀਰ (2015), 3. ਰੌਸ਼ਨਦਾਨ (2019)
ਕਿੱਤੇ ਵਜੋਂ ਪੱਤਰਕਾਰ ਹਾਂ। ਪੰਜਾਬੀ ਦੇ ਕਈ ਅਖ਼ਬਾਰਾਂ ਵਿੱਚ ਵੱਖ-ਵੱਖ ਪੁਜ਼ੀਸ਼ਨਾਂ ਤੇ ਕੰਮ ਕੀਤਾ। ਅੱਜਕੱਲ੍ਹ ਸੋਸ਼ਲ ਮੀਡੀਆ ਤੇ ਵੀਡੀਓਜ਼ ਰਾਹੀਂ ਤਤਕਾਲੀ ਮਸਲਿਆਂ ਤੇ ਚਰਚਾ ਕਰਨ ਦੀ ਕੋਸ਼ਿਸ਼ ਕਰਦਾ ਹਾਂ।

1
ਨਕਸ਼ ਰਾਹਾਂ ਵਿਚ ਯੁਗਾਂ ਤਕ ਰਹਿਣਗੇ ਰਾਹਗੀਰ ਦੇ
ਨਕਸ਼ਿਆਂ ਨੂੰ ਪਾੜ ਭਾਵੇਂ ਆਂਦਰਾਂ ਨੂੰ ਚੀਰ ਦੇ

ਕੌਣ ਸੁਣਦੈ ਰਾਗ ਨੂੰ ਤੇ ਕੌਣ ਸੁਣਦੈ ਗੀਤ ਨੂੰ
ਚੁੱਕ ਤੇਰੀ ਬੰਸਰੀ ਮੈਨੂੰ ਮੇਰੀ ਸ਼ਮਸ਼ੀਰ ਦੇ

ਹਰ ਨਿਸ਼ਾਨਾ ਲੱਗਣਾ ਹੈ ਬਾਦਸ਼ਾਹ ਦੀ ਹਿੱਕ 'ਤੇ
ਜੇ ਨਜ਼ਾਰਾ ਦੇਖਣੈ ਤਰਕਸ਼ 'ਚੋਂ ਮੈਨੂੰ ਤੀਰ ਦੇ

ਮੈਂ ਤਾਂ ਇਹ ਕੋਸ਼ਿਸ਼ ਕਰਾਂਗਾ ਵਕਤ ਨੂੰ ਵਸ ਵਿਚ ਕਰਾਂ
ਕਿਉਂ ਚੁਗਾਂ ਟੁਕੜੇ ਤਿਰੇ ਦਰਬਾਰ 'ਚੋਂ ਤਕਦੀਰ ਦੇ

ਹੋ ਨਹੀਂ ਸਕਦੇ ਕਦੇ ਵੀ ਇਕ ਰਹਾਂਗੇ ਦੋ ਜਣੇ
ਜਿਸਮ ਮੇਰਾ ਅੱਗ ਦਾ ਤੇ ਅੰਗ ਤੇਰੇ ਨੀਰ ਦੇ

ਵਕਤ ਹੁੰਦਾ ਸੀ ਕਦੇ ਚਰਚਾ ਸੀ ਉਸ ਤਸਵੀਰ ਦੀ
ਮੇਟ ਦਿੱਤੇ ਵਕਤ ਨੇ ਸਭ ਰੰਗ ਜਿਸ ਤਸਵੀਰ ਦੇ

• • •

2
ਨਹੀਂ ਝੁਕਣਾ ਅਸੀਂ ਹੁਣ ਏਸ ਕਾਲੀ ਰਾਤ ਦੇ ਅੱਗੇ
ਖੜੇ ਹੋਵਾਂਗੇ ਛਾਤੀ ਤਾਣ ਕੇ ਹਾਲਾਤ ਦੇ ਅੱਗੇ

ਕਿ ਮੰਜ਼ਿਲ ਦਿਸ ਰਹੀ ਸੀ ਤੇ ਸਫ਼ਰ ਕਟਦਾ ਸੀ ਇਕ ਪਲ ਵਿਚ
ਭਲਾ ਫਿਰ ਜ਼ਹਿਰ ਕੋਈ ਚੀਜ਼ ਸੀ ਸੁਕਰਾਤ ਦੇ ਅੱਗੇ

ਕਿ ਮਹਿਲਾਂ ਦੇ ਬੁਰਜ ਹੱਸਦੇ ਨੇ ਮੇਰੀ ਸਾਦਗੀ ਉੱਪਰ
ਜ਼ਿਕਰ ਕੱਚੇ ਘਰਾਂ ਦਾ ਜਦ ਕਰਾਂ ਬਰਸਾਤ ਦੇ ਅੱਗੇ

ਪਤਾ ਰੁਕਣਾ ਨਹੀਂ ਫਿਰ ਵੀ ਹਵਾ ਨੂੰ 'ਵਾਜ਼ ਦਿੰਦਾ ਹੈ
ਕਿਸੇ ਦਾ ਜ਼ੋਰ ਨੀਂ ਚਲਦਾ ਕਦੇ ਜਜ਼ਬਾਤ ਦੇ ਅੱਗੇ

ਤੇਰੀ ਤਲਵਾਰ ਤੇਰੀ ਬਾਦਸ਼ਾਹਤ ਮੇਟ ਨੀਂ ਸਕਦੀ
ਲੈ ਮੇਰਾ ਸਿਦਕ ਖੜਿਆ ਹੈ ਤੇਰੀ ਔਕਾਤ ਦੇ ਅੱਗੇ

• • •

3
ਸੁਆਲ ਜਿਹੜੇ ਹਰ ਸਮੇਂ ਬੇਚੈਨ ਕਰਦੇ
ਹਰ ਘੜੀ ਹੈ ਯਤਨ ਮੇਰਾ ਜੁਆਬ ਲੱਭਾਂ
ਸਾਜ਼ ਵਿੱਚੋਂ ਲੱਭਦਾਂ ਆਵਾਜ਼ ਅਪਣੀ
ਪੁਸਤਕਾਂ 'ਚੋਂ ਜੀਣ ਖਾਤਰ ਖ਼ਾਬ ਲੱਭਾਂ

ਕਿੰਝ ਦੱਸਾਂ ਕੀ ਕਰਾਂ ਨਿਤ ਨਹਿਰ ਕੰਢੇ
ਦੱਸਣੋਂ ਡਰਦਾਂ ਕਿਤੇ ਤੂੰ ਡਰ ਨਾ ਜਾਵੇਂ
ਨੀਰ ਵਿੱਚੋਂ ਲੱਭਦਾ ਹਾਂ ਰੱਤ ਅਪਣੀ
ਰੱਤ ਵਿੱਚੋਂ ਖ਼ੌਲਦਾ ਸੈਲਾਬ ਲੱਭਾਂ

ਹੈ ਨਹੀਂ ਦਰਿਆ ਕਿ ਲੰਮੀ ਲੋਥ ਹੈ ਇਕ
ਪੌਣ ਦੀ ਥਾਂ ਲੱਭਦੀ ਹੈ ਚੀਕ ਉਸਦੀ
ਇਹ ਉਹੀ ਹੈ ਮੰਨਦਾ ਨੀਂ ਚਿੱਤ ਮੇਰਾ
ਨਕਸ਼ਿਆਂ 'ਤੇ ਮੈਂ ਜਦੋਂ ਪੰਜਾਬ ਲੱਭਾਂ

• • •

4

ਮਨ ਦੇ ਹਰ ਇਕ ਕੋਨੇ ਵਿੱਚੋਂ ਮੈਂ ਕਵਿਤਾ ਨੂੰ ਭਾਲ ਰਿਹਾ ਹਾਂ
ਏਧਰ ਓਧਰ ਜੋ ਕੁਝ ਵੀ ਸੀ ਇਕ ਥਾਂ 'ਤੇ ਸੰਭਾਲ ਰਿਹਾ ਹਾਂ

ਫਿਰ ਕੀ ਹੈ ਜੇ ਮਰ ਮਿਟ ਜਾਣਾ ਚਾਨਣ ਤਾਂ ਰਹਿਣਾ ਹੈ ਪਿੱਛੇ
ਮੈਂ ਦੀਵੇ ਦੀ ਥਾਵੇਂ ਯਾਰੋ ਅਪਣਾ ਆਪਾ ਬਾਲ ਰਿਹਾ ਹਾਂ

ਦੋਸ਼ ਮੇਰੇ 'ਤੇ ਇਹ ਲੱਗਿਆ ਹੈ ਮੈਂ ਸ਼ਬਦਾਂ ਨਾਲ ਅੱਗ ਲਗਾਵਾਂ
ਪਰ ਮੈਂ ਤਾਂ ਸੀਨੇ ਦੀ ਅਗਨੀ ਸ਼ਬਦਾਂ ਦੇ ਵਿਚ ਢਾਲ ਰਿਹਾ ਹਾਂ

ਚੌਕ 'ਚ ਲੱਗੇ ਬੁੱਤਾਂ ਨੇ ਰਾਹ ਦੱਸ ਦੇਣਾ ਹੈ ਮੰਜ਼ਿਲ ਦਾ
ਏਸ ਭੁਲੇਖੇ ਅੰਦਰ ਯਾਰੋ ਖ਼ਬਰੇ ਕਿੰਨੇ ਸਾਲ ਰਿਹਾ ਹਾਂ

ਜਦ ਜੰਗਲ ਵਿਚ ਅੱਗਾਂ ਲੱਗਣ ਮੇਰੇ ਵੀ ਪੱਤ ਝੁਲਸੇ ਜਾਵਣ
ਮੈਂ ਵਿਹੜੇ ਦਾ ਰੁੱਖ ਹਾਂ ਭਾਵੇਂ ਪਰ ਜੰਗਲ ਦੇ ਨਾਲ ਰਿਹਾ ਹਾਂ

ਪਰਖ ਲਵਾਂ ਮੈਂ ਪਹਿਲਾਂ ਯਾਰੋ ਇਕ ਵਾਰੀ ਰਫ਼ਤਾਰ ਹਵਾ ਦੀ
ਫਿਰ ਪਰਖ਼ਾਂਗਾ ਤਾਕਤ ਅਪਣੀ ਮੈਂ ਲੜਨਾ ਕਦ ਟਾਲ ਰਿਹਾ ਹਾਂ

• • •

5
ਸਹੀ ਦੱਸਾਂ ਤਾਂ ਮੈਨੂੰ ਫ਼ਰਕ ਹੀ ਬਾਰੀਕ ਲੱਗਦਾ ਹੈ
ਕਿ ਐਸੇ ਜੀਣ ਦੇ ਨਾਲੋਂ ਤਾਂ ਮਰਨਾ ਠੀਕ ਲੱਗਦਾ ਹੈ

ਜਦੋਂ ਵੀ ਗੱਲ ਕਰਦਾ ਹੈ ਜ਼ਿਕਰ ਵਿਚ ਅੱਗ ਦਾ ਆਵੇ
ਨਗਰ ਦਿੱਲੀ ਦਾ ਇਹ ਮੈਨੂੰ ਕੋਈ ਵਸਨੀਕ ਲੱਗਦਾ ਹੈ

ਜਾਂ ਤੇਰਾ ਰਾਜ ਰਹਿਣਾ ਹੈ ਤੇ ਜਾਂ ਫਿਰ ਮੈਂ ਨਹੀਂ ਰਹਿਣਾ
ਉਹ ਮੈਨੂੰ ਗ਼ਲਤ ਲੱਗਦਾ ਹੈ ਜੋ ਤੈਨੂੰ ਠੀਕ ਲੱਗਦਾ ਹੈ

ਜੇ ਐਨਕ ਲਾਹ ਕੇ ਦੇਖੀਏ ਬੜੀ ਹੀ ਦੂਰ ਹੈ ਮੰਜ਼ਿਲ
ਜੇ ਐਨਕ ਲਾ ਕੇ ਦੇਖੀਏ ਤਾਂ ਸਭ ਨਜ਼ਦੀਕ ਲੱਗਦਾ ਹੈ

• • •

6
ਕਦੇ ਮੈਂ ਸੋਚਿਆ ਸੀ ਸੁਪਨਿਆਂ ਵਿਚ ਹੀਰ ਦੇਖਾਂਗਾ
ਪਤਾ ਕੀ ਸੀ ਕਿ ਹਰ ਸੁਪਨੇ ਨੂੰ ਲੀਰੋ ਲੀਰ ਦੇਖਾਂਗਾ

ਖ਼ਰੇ ਕੀ ਹੈ ਮੇਰੇ ਅੰਦਰ ਕਰੀ ਬੇਚੈਨ ਰੱਖਦਾ ਹੈ
ਕਿ ਮੈਥੋਂ ਰਹਿ ਨਹੀਂ ਹੁੰਦਾ ਮੈਂ ਸੀਨਾ ਚੀਰ ਦੇਖਾਂਗਾ

ਕਦੋਂ ਤੀਕਰ ਮੈਂ ਦੇਖਾਂਗਾ ਸਿਵੇ ਦੀ ਅੱਗ ਸੁਪਨੇ ਵਿਚ
ਕਦੋਂ ਤੀਕਰ ਲਹੂ ਵਿਚ ਭਿੱਜਿਆ ਮੈਂ ਨੀਰ ਦੇਖਾਂਗਾ

ਹਨੇਰਾ ਹੈ ਚੁਫ਼ੇਰੇ ਹੁਣ ਨਕਸ਼ ਪਹਿਚਾਣ ਨੀਂ ਹੋਣੇ
ਕਦੇ ਜਦ ਰੌਸ਼ਨੀ ਹੋਈ ਤੇਰੀ ਤਸਵੀਰ ਦੇਖਾਂਗਾ

ਹਵਾ ਨੂੰ ਦੇ ਸਕੇ ਸੰਦੇਸ਼ ਜੋ ਬਲਦੇ ਚਿਰਾਗ਼ਾਂ ਦਾ
ਕਿਤੇ ਜੇ ਮਿਲ ਗਿਆ ਐਸਾ ਕੋਈ ਰਾਹਗੀਰ ਦੇਖਾਂਗਾ

ਕਰਾਂਗਾ ਯਤਨ ਇਕ ਵਾਰੀ ਲੜਾਈ ਜਿੱਤ ਕੇ ਦੇਖਾਂ
ਕਲਮ ਨੂੰ ਪਰਖ਼ 'ਲਾਂ ਪਹਿਲਾਂ ਕਿ ਫਿਰ ਸ਼ਮਸ਼ੀਰ ਦੇਖਾਂਗਾ

• • •

7
ਚੁੱਪ ਚੁਪੀਤੇ ਦਿਨ ਚੜਦਾ ਹੈ ਚੋਰੀ ਚੋਰੀ ਸੂਰਜ ਢਲਦਾ
ਲੋਕ ਦੁਪਹਿਰਾਂ ਲੁਕ ਲੁਕ ਕੱਟਣ ਡਰ ਡਰ ਕੇ ਹੈ ਦੀਵਾ ਬਲਦਾ

ਦਰਿਆ ਆਪਣੇ ਦੁੱਖ 'ਚ ਉਛਲਣ ਰਸਤੇ ਆਪੋ ਦੇ 'ਚ ਉਲਝੇ
ਪੌਣਾਂ ਆਪਣੇ ਰੋਸ਼ 'ਚ ਭਟਕਣ ਜੰਗਲ ਆਪਣੀ ਅੱਗ 'ਚ ਜਲਦਾ

ਹੈਰਾਨੀ ਹੁੰਦੀ ਹੈ ਕਿੱਦਾਂ ਆਪਣੇ ਇਹ ਮਾੜੇ ਦਿਨ ਆਏ
ਸਤਲੁਜ ਦੇ ਪਾਣੀ ਨਾਲ ਯਾਰੋ ਹੁਣ ਕੋਈ ਬੂਟਾ ਨਾ ਫਲ਼ਦਾ

ਕੋਰੇ ਕਾਗਜ਼ ਉੱਪਰ ਮੈਥੋਂ ਵੱਡੇ ਅੱਖਰਾਂ ਵਿੱਚ ਲਿਖਵਾ ਲੈ
ਐ ਰਾਜਨ! ਇਸ ਹਾਲ 'ਚ ਤੇਰਾ ਰਾਜ ਨਹੀਂ ਬਹੁਤਾ ਚਿਰ ਚਲਦਾ

ਮੁੱਕ ਜਾਣੀ ਸੀ ਚਿੰਤਾ ਚਿਰ ਦੀ ਤੇ ਇਕ ਪਾਸੇ ਹੋ ਜਾਣਾ ਸੀ
ਪੰਛੀ ਟੁੱਟ ਕੇ ਪੈ ਜਾਣੇ ਸਨ ਜੇ ਨਾ ਅੱਜ ਸ਼ਿਕਾਰੀ ਟਲਦਾ

ਦੇਖੀਂ ਕਿਧਰੇ ਰੁਕ ਨਾ ਜਾਵੀਂ ਆਖ਼ਰ ਵੇਲੇ ਝੁਕ ਨਾ ਜਾਵੀਂ
ਸਾਹਵੇਂ ਹੋ ਕੇ ਗੋਲੀ ਮਾਰੀਂ ਖੇਡ ਮਸਾਂ ਬਸ! ਪਲ ਦੋ ਪਲ ਦਾ

• • •

8
ਕੋਈ ਜੰਗਲ 'ਚ ਮਰਿਆ ਹੈ ਤੇ ਮੈਨੂੰ ਰੋਣ ਆਈ ਹੈ
ਕਿ ਲੈ ਸੱਥਰ ਮੇਰੇ ਵਿਹੜੇ 'ਚ ਯਾਰੋ ਪੌਣ ਆਈ ਹੈ

ਬਚਾਓ ਖੇਤ ਆਪਣੇ ਤੇ ਰਹੋ ਮੁਸ਼ਤੈਦ ਘਰ ਦੇ ਵਿਚ
ਬਦਲ ਕੇ ਰੂਪ ਸਾਨੂੰ ਅੱਗ ਇਹ ਭਰਮਾਉਣ ਆਈ ਹੈ

ਜੋ ਦੂਰੋਂ ਡਾਰ ਆਈ ਹੈ ਜਿਦ੍ਹਾ ਹਰ ਪੰਛੀ ਹੈ ਜ਼ਖ਼ਮੀ
ਤੁਹਾਡੇ ਤੀਕ ਇਹ ਕੋਈ ਸੁਨੇਹਾ ਲਾਉਣ ਆਈ ਹੈ

ਨਾ ਖੁਲ੍ਹ ਕੇ ਸਾਹ ਹੀ ਲੈ ਸਕਦਾਂ ਨਾ ਖੁਲ੍ਹ ਕੇ ਬੋਲ ਸਕਦਾ ਹਾਂ
ਕਿਵੇਂ ਦੱਸਾਂ ਕੁੜਿੱਕੀ ਕਿੰਝ ਮੇਰੀ ਧੌਣ ਆਈ ਹੈ।

• • •

9
ਖ਼ਬਰੇ ਕਿੱਥੇ ਪੁੱਜ ਗਏ ਹਾਂ ਕਵਿਤਾ ਪੜ੍ਹਦੇ ਪੜ੍ਹਦੇ
ਘਰ ਦਾ ਰਸਤਾ ਭਟਕ ਗਏ ਹਾਂ ਜੁਗਨੂੰ ਫੜਦੇ ਫੜਦੇ

ਤਖ਼ਤਾਂ ਤਾਜਾਂ ਨੂੰ ਇਸ ਹਾਲ ਚ ਕੌਣ ਚੁਣੌਤੀ ਦੇਵੇ
ਬੀਤ ਰਿਹਾ ਹੈ ਜੀਵਨ ਸਭ ਦਾ ਖ਼ੁਦ ਨਾ ਲੜਦੇ ਲੜਦੇ

ਉਸ ਹਾਲਤ ਵਿਚ ਇੱਕੋ ਰਸਤਾ ਡੁੱਬ ਜਾਵਣ ਦਾ ਬਚਦੈ
ਮੰਜ਼ਿਲ ਤੀਕਰ ਜੇ ਨਾ ਪੁੱਜੇ ਸੂਰਜ ਚੜ੍ਹਦੇ ਚੜ੍ਹਦੇ

ਬਹਿਸ ਰਹੇ ਸੀ ਜਦ ਸ਼ਹਿਰਾਂ ਦੇ ਨਾਂ ਰੱਖਣ ਨੂੰ ਲੈ ਕੇ
ਦੁਸ਼ਮਨ ਦਾ ਨਾਂ ਦੱਸ ਰਿਹਾ ਸੀ ਜੰਗਲ ਸੜਦੇ ਸੜਦੇ

ਮਿਟਦੇ ਮਿਟਦੇ ਏਦਾਂ ਇਕ ਦਿਨ ਮਿਟ ਜਾਣਾ ਹੈ ਸ਼ਾਇਦ
ਅੱਖਰ ਅੱਖਰ ਹੋ ਚੁੱਕੇ ਹਾਂ ਅੱਖਰ ਪੜ੍ਹਦੇ ਪੜ੍ਹਦੇ

ਕਾਸ਼ ਕਿਤੇ ਸਾਨੂੰ ਵੀ ਯਾਰੋ ਇਉਂ ਵਿਛੜਨਾ ਆਵੇ
ਸਰਗਮ ਛੇੜ ਰਹੇ ਸੀ ਰੁੱਖ ਦੇ ਪੱਤੇ ਝੜਦੇ ਝੜਦੇ

• • •

10

ਆਖ਼ਰ ਕਦ ਤਕ ਏਦਾਂ ਆਪਾਂ ਲੁਕ ਲੁਕ ਜਾਨ ਬਚਾਵਾਂਗੇ
ਧਾਰ ਲਈ ਹੈ ਮੈਂ ਤਾਂ ਮਨ ਵਿਚ ਚੀਕਾਂ ਮਾਰ ਜਗਾਵਾਂਗੇ

ਦੋਚਿੱਤੀ ਝੋਲੇ ਵਿਚ ਪਾ ਲੈ ਲਾਹ ਦੇ ਸਾਲਮ ਐਨਕ ਨੂੰ
ਲਾਲ ਕਿਲੇ ਦੇ ਉਪਰ ਚੜ ਕੇ ਸੂਰਜ ਥੱਲੇ ਲਾਹਵਾਂਗੇ

ਹੁਣ ਬੁਝਦੇ ਹੋਏ ਦਿਲ ਨੂੰ ਲੈ ਕੇ ਮੰਜ਼ਿਲ ਸਰ ਨੀਂ ਹੋ ਸਕਦੀ
ਖ਼ੁਦ ਨੂੰ ਲਾਂਬੂ ਲਾ ਕੇ ਯਾਰੋ ਰਾਹਾਂ ਨੂੰ ਰੁਸ਼ਨਾਵਾਂਗੇ

ਕੁਝ ਨਾ ਕੁਝ ਕਰਨਾ ਪੈਣਾ ਨਈਂ ਤਾਂ ਫਿਰ ਹੁਣ ਮਰਨਾ ਪੈਣਾ
ਏਦਾਂ ਘਰ ਨੂੰ ਵਾਪਸ ਆਪਾਂ ਕੀ ਮੂੰਹ ਲੈ ਕੇ ਜਾਵਾਂਗੇ

ਦੇਖੀਂ ਗੈਰਾਂ ਪਿੱਛੇ ਲੱਗ ਕੇ ਜੰਗਲ ਨੂੰ ਭੁੱਲ ਬੈਠੀਂ
ਇਕ ਵਾਰੀ ਤਾਂ ਗੱਲ ਕਰਾਂਗੇ ਪੌਣਾਂ ਨੂੰ ਸਮਝਾਵਾਂਗੇ

ਜਿਗਰ ਦਲੇਰੀ ਹਠ ਕੁਰਬਾਨੀ ਜੰਗਲ ਸਾਨੂੰ ਦੇਵੇਗਾ
ਕਿਰਪਾਨ ਕਿਤਾਬਾਂ ਦਾਤੀ ਕਹੀਆਂ ਸ਼ਹਿਰੋਂ ਲੈ ਕੇ ਆਵਾਂਗੇ

ਹਰ ਵਾਰੀ ਹੀ ਰਹਿ ਜਾਵੇ ਅੰਬਰ ਨੂੰ ਟਾਕੀ ਲਾਵਾਂਗੇ
ਭੱਜਦੇ ਸੈਨਿਕ ਘੇਰ ਲਵਾਂਗੇ ਐਸੀ ਜੁਗਤ ਬਣਾਵਾਂਗੇ

• • •

11
ਮਰਿਆਂ ਦਾ ਸਿਰਨਾਵਾਂ ਲੱਭਣ ਚੱਲੇ ਹਾਂ
ਆਪਣਾ ਹੀ ਪਰਛਾਵਾਂ ਲੱਭਣ ਚੱਲੇ ਹਾਂ

ਘਰ ਕਿਸ ਹਾਲ ਚ ਪਰਤਾਂਗੇ ਇਹ ਖ਼ਬਰ ਨਹੀਂ
ਮਾਰੂਥਲ ਵਿਚ ਛਾਵਾਂ ਲੱਭਣ ਚੱਲੇ ਹਾਂ

ਜੇ ਚੱਲਣਾ ਹੈ ਚੱਲੋ ਸਾਡੇ ਨਾਲ ਤੁਸੀਂ
ਕਬਰਾਂ ਵਿੱਚੋਂ ਮਾਵਾਂ ਲੱਭਣ ਚੱਲੇ ਹਾਂ

ਰੰਗ ਬਰੰਗੇ ਖ਼ਾਬਾਂ ਦੀ ਖੇਤੀ ਖਾਤਰ
ਨੇੜੇ ਤੇੜੇ ਥਾਵਾਂ ਲੱਭਣ ਚੱਲੇ ਹਾਂ

ਖ਼ਬਰੇ ਕਿਹੜੇ ਯੁਗ ਵਿਚ ਵਾਪਸ ਮੁੜਨਾ ਹੈ
ਇਨਕਲਾਬ ਲਈ ਰਾਹਵਾਂ ਲੱਭਣ ਚੱਲੇ ਹਾਂ

ਆਪਣੇ ਘਰ ਦੇ ਰੁੱਖਾਂ ਤੋਂ ਚੋਰੀ ਚੋਰੀ
ਪੌਣਾਂ ਦਾ ਸਿਰਨਾਵਾਂ ਲੱਭਣ ਚੱਲੇ ਹਾਂ

ਮੋਰਚਿਆਂ ਵਿਚ ਬਦਲਾਂਗੇ ਫਿਰ ਵੇਲੇ ਸਿਰ
ਜੰਗਲ ਵਿਚ ਗੁਫ਼ਾਵਾਂ ਲੱਭਣ ਚੱਲੇ ਹਾਂ

• • •

12
ਉਲਝ ਗਏ ਹਾਂ ਚੌਰਾਹੇ ਤੇ ਰਾਹਵਾਂ ਵਿਚ
ਮੋਰਚਿਆਂ ਦਾ ਜ਼ਿਕਰ ਨਹੀਂ ਕਵਿਤਾਵਾਂ ਵਿਚ

ਅਪਣੀ ਲਾਸ਼ ਨੂੰ ਮੋਢੇ ਚੁੱਕ ਤੁਰਨਾ ਵੀ ਹੈ
ਤੇ ਹਥਕੜੀਆਂ ਵੀ ਲਾਈਆਂ ਨੇ ਬਾਹਵਾਂ ਵਿਚ

ਪੱਕੀ ਫਸਲ ਸੜੇ ਖੇਤਾਂ ਵਿਚ ਹਰ ਪਾਸੇ
ਤੇਰੇ ਕੋਲ ਕਿਵੇਂ ਬੈਠਾਂ ਮੈਂ ਛਾਵਾਂ ਵਿਚ

ਮੰਜ਼ਿਲ ਦੀ ਤਾਂ ਇਹਨੂੰ ਭੋਰਾ ਹੋਸ਼ ਨਹੀਂ
ਪਾਗਲ ਖ਼ਬਰੇ ਕੀ ਲੱਭਦਾ ਹੈ ਰਾਹਵਾਂ ਵਿਚ

ਮਚ ਮਚ ਕੋਲਾ ਹੋਇਆ ਸੀਨਾ ਹਾਕਮ ਦਾ
ਲਟ ਲਟ ਦੀਵਾ ਬਲਦਾ ਦੇਖ ਹਵਾਵਾਂ ਵਿਚ

• • •

13
ਜਿਵੇਂ ਕੁਝ ਗੁੰਮ ਗਿਆ ਹੋਵੇ ਜਿਵੇਂ ਕੁਝ ਟੋਲ੍ਹਦੀ ਲੰਘੇ
ਬੜਾ ਡਰ ਲੱਗਦੈ ਮੈਨੂੰ ਹਵਾ ਜਦ ਕੋਲ ਦੀ ਲੰਘੇ

ਖ਼ਰੇ ਕੀ ਚੁੱਕ ਲਿਆ ਉਸਦਾ ਦੁਖੀ ਹਰ ਆਦਮੀ ਹੋਇਆ
ਜਦੋਂ ਵੀ ਅੱਗ ਲੰਘੇ ਕੁਝ ਨਾ ਕੁਝ ਉਹ ਬੋਲਦੀ ਲੰਘੇ

ਕਿ ਗਹਿਰਾ ਰਾਜ਼ ਹੋਵੇਗਾ ਕੋਈ ਮਾਂ ਇਉਂ ਨਹੀਂ ਕਰਦੀ
ਸਿਵੇ ਚੋਂ ਲੰਘਦੀ ਹੋਈ ਸਿਵੇ ਨੂੰ ਫੋਲ੍ਹਦੀ ਲੰਘੇ

ਤੁਹਾਨੂੰ ਦੱਸ ਨੀਂ ਸਕਦਾ ਉਹ ਮੰਜ਼ਰ ਕਿਸ ਤਰ੍ਹਾਂ ਦਾ ਹੈ
ਨਦੀ ਉੱਛਲ ਕੇ ਜਦ ਮਾਰੂਥਲਾਂ ਦੇ ਕੋਲ ਦੀ ਲੰਘੇ

ਪਤਾ ਨੀਂ ਫੇਰ ਵੀ ਕਿਉਂ ਮੈਂ ਕਦੇ ਕੁਝ ਕਰ ਨਹੀਂ ਸਕਿਆ
ਲਹੂ ਦੀ ਇਕ ਨਦੀ ਮੇਰੀ ਰਗਾਂ ਵਿਚ ਖੌਲ੍ਹਦੀ ਲੰਘੇ

• • •

14
ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ
ਮੈਂ ਤਾਂ ਸੁੱਤੇ ਹੋਏ ਬੰਦੇ ਨੂੰ ਜਾਗਣ ਦਾ ਖ਼ਿਆਲ ਦਿਆਂ

ਨਾ ਮੈਂ ਸ਼ਾਇਰ ਨਾ ਰਾਗੀ ਹਾਂ ਨਾ ਰਾਜਾ ਨਾ ਬਾਗੀ ਹਾਂ
ਮੈਂ ਤਾਂ ਇੱਕ ਸਧਾਰਣ ਬੰਦਾ ਦਰਿਆ ਕਿੰਝ ਉਛਾਲ ਦਿਆਂ

ਰਾਗ਼ ਸੁਰਾਂ ਦਾ ਯਾਰੋ ਮੈਨੂੰ ਰੱਤੀ ਭਰ ਗਿਆਨ ਨਹੀਂ
ਮੈਂ ਸੀਨੇ ਦੀ ਅਗਨ ਛੁਹਾ ਕੇ ਦੀਪ ਹਜ਼ਾਰਾਂ ਬਾਲ ਦਿਆਂ

ਨਾ ਹੀ ਨੀਂਦ ਚ ਬੇਚੈਨੀ ਨਾ ਅੱਖ ਚ ਭੋਰਾ ਰੜਕ ਦਿਸੇ
ਤੂੰ ਦੱਸ ਮੈਂ ਤੇਰੇ ਖਾਤਰ ਸੁਪਨੇ ਕਿੱਥੋਂ ਭਾਲ ਦਿਆਂ

ਤੈਨੂੰ ਕੋਈ ਪੀੜ ਨਾ ਹੋਵੇ ਇਹ ਤਾਂ ਮੈਂ ਕਰ ਸਕਦਾ ਨੀਂ
ਮੈਂ ਤਾਂ ਇਹ ਕਰ ਸਕਦਾਂ ਤੇਰਾ ਦਰਦ ਗ਼ਜ਼ਲ ਵਿਚ ਢਾਲ ਦਿਆਂ

ਜੇ ਪੌਣਾਂ ਦਾ ਹੁਕਮ ਨਾ ਹੋਵੇ ਹੌਕਾ ਵੀ ਨੀਂ ਭਰ ਸਕਦਾ
ਮੇਰੀ ਏਨੀ ਹਿੰਮਤ ਕਿੱਥੇ ਵਗਦੀ ਪੌਣ ਨੂੰ ਗਾਲ੍ਹ ਦਿਆਂ

ਜੇ ਘਰ ਨੂੰ ਅੱਗ ਲੱਗੀ ਹੁੰਦੀ ਟਲ ਜਾਣਾ ਸੀ ਆਪ ਕਿਤੇ
ਜੰਗਲ ਨੂੰ ਅੱਗ ਲੱਗੀ ਹੈ ਦੱਸ ਮਸਲਾ ਕਿੱਦਾਂ ਟਾਲ ਦਿਆਂ

• • •

15
ਨਾ ਚੋਰਾਂ ਕੋਲੋਂ ਤੇ ਨਾ ਹਥਿਆਰਾਂ ਤੋਂ ਡਰ ਲਗਦਾ ਹੈ
ਏਥੋਂ ਦੇ ਲੋਕਾਂ ਨੂੰ ਪਹਿਰੇਦਾਰਾਂ ਤੋਂ ਡਰ ਲਗਦਾ ਹੈ

ਸੜਦੇ ਜੰਗਲ ਦੀ ਫੋਟੋ ਕੀ ਦੇਖ ਲਈ ਅਖ਼ਬਾਰਾਂ ਵਿਚ
ਬਸ ਉਸ ਦਿਨ ਤੋਂ ਹੀ ਉਸਨੂੰ ਅਖ਼ਬਾਰਾਂ ਤੋਂ ਡਰ ਲਗਦਾ ਹੈ

ਇਸਦੀ ਛਾਵੇਂ ਬਹਿ ਕੇ ਯਾਰੋ ਕਰਿਆ ਨਾ ਕਰੋ ਅੱਗ ਦੀ ਗੱਲ
ਮੇਰੇ ਵਿਹੜੇ ਦੇ ਰੁੱਖ ਨੂੰ ਅੰਗਿਆਰਾਂ ਤੋਂ ਡਰ ਲਗਦਾ ਹੈ

ਇਕ ਪਲ ਤਾਂ ਆਉਂਦਾ ਹੈ ਮਨ ਵਿਚ ਬਾਗ਼ੀ ਹੋਵਣ ਦਾ ਖ਼ਿਆਲ
ਦੂਜੇ ਪਲ ਫਿਰ ਅਪਣੇ ਇਨ੍ਹਾਂ ਵਿਚਾਰਾਂ ਤੋਂ ਡਰ ਲਗਦਾ ਹੈ

ਫੌਜਾਂ ਨੇ ਤੇਰੀਆਂ ਕਵਿਤਾਵਾਂ ਤੋਂ ਨੀਂ ਡਰਨਾ ਐ ਸਾਲਮ
ਫੌਜਾਂ ਨੂੰ ਤਾਂ ਬਸ ਤੀਰਾਂ, ਤਲਵਾਰਾਂ ਤੋਂ ਡਰ ਲਗਦਾ ਹੈ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਇੱਕ ਅਦੁੱਤੀ ਸਖਸ਼ੀਅਤ ਨਛੱਤਰ ਸਿੰਘ ਤੱਤਲਾ

ਨਛੱਤਰ ਸਿੰਘ ਤੱਤਲਾ 86 ਸਾਲ ਦੀ ਉਮਰ ਭੋਗ ਕੇ 25 ਮਈ ਤੜਕਸਾਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ, ਭਾਵੇਂ ਉਨ੍ਹਾਂ ਨੂੰ ਸਕੂਲ ਜਾਣ ਦਾ ਸਬੱਬ ਪ੍ਰਾਪਤ ਨਹੀਂ ਹੋ ਸਕਿਆ, ਪਰ ਪਿਤਾ-ਪੁਰਖੀ ਕਿੱਤੇ ਖੇਤੀਬਾੜੀ ਵਿੱਚ ਅਜਿਹੀ ਮਿਹਨਤ ਕੀਤੀ ਕਿ ਦਿਨਾਂ ਵਿੱਚ ਰੰਗ ਭਾਗ ਲੱਗਣੇ ਸ਼ੁਰੂ ਹੋ ਗਏ। ਪਹਿਲਾ ਵੱਡਾ ਫੈਸਲਾ ਆਪਣੇ ਪਿਤਾ ਸਰਦਾਰ ਸੁੱਚਾ ਸਿੰਘ ਜੀ ਨੂੰ ਵਧੀਆ ਮਕਾਨ ਬਨਾਉਣ ਦੀ ਸਲਾਹ ਲੈਣ ਪਿੰਡ ਦੇ ਸਰਪੰਚ ਜਵਾਲਾ ਰਾਮ ਕੋਲ ਭੇਜਿਆ, ਅੱਗੇ ਉਨ੍ਹਾਂ ਨੂੰ ਸਰਪੰਚ ਤੋਂ ਸਲਾਹ ਮਿਲੀ ਕਿ ਮਕਾਨ ਤਾਂ ਜਦੋਂ ਮਰਜ਼ੀ ਬਣਾ ਲਿਉ, ਪਰ ਹੁਣ ਚਾਰ ਸਿਆੜ ਬਣਾਉਣ ਦਾ ਸਮਾਂ ਹੈ। ਫੇਰ ਕੀ ਸੀ ਇੱਕ ਆਮ ਪ੍ਰੀਵਾਰ ਤੋਂ ਅੱਜ ਹੋਰ ਕੱਲ ਹੋਰ ਵੱਡੀ ਖੇਤੀਬਾੜੀ ਦਾ ਮਾਲਕ ਪ੍ਰੀਵਾਰ ਬਣ ਗਿਆ। ਇੱਕ ਭਰਾ ਮੇਜਰ ਸਿੰਘ ਨੂੰ ਖੇਤੀਬਾੜੀ ਵਿੱਚ ਲਾ ਕੇ, ਹਰਦਰਸ਼ਨ ਸਿੰਘ ਅਤੇ ਸਰੂਪ ਸਿੰਘ ਨੂੰ ਵਧੀਆ ਵਿੱਦਿਆ ਦਿਵਾਈ। ਇੱਕ ਸਮੇ ਖੇਤਾਂ ਵਿੱਚ ਹਿਰਨਾਂ ਦਾ ਝੁੰਡ ਆ ਗਿਆ, ਇੱਕ ਹਿਰਨ ਨੂੰ ਜੱਫਾ ਮਾਰ ਕੇ ਸੁੱਟ ਲਿਆ, ਜਿਸ ਦੀ ਇਲਾਕੇ ਵਿੱਚ ਬੜੀ ਚਰਚਾ ਹੋਈ। ਦੋ ਪਿੰਡਾਂ ਭਰੋਵਾਲ ਅਤੇ ਲੀਹਾਂ ਨੂੰ ਨਹਿਰ ਖਾਲਾ ਲੱਗਾ ਹੋਇਆ ਸੀ, ਪਰ ਸਵੱਦੀ ਦਾ ਇੱਕ ਕਿਸਾਨ ਹੀ ਸਾਰਾ ਪਾਣੀ ਵਰਤੀ ਜਾਂਦਾ ਸੀ, ਦੋਹਾਂ ਪਿੰਡਾਂ ਦੇ ਕਿਸਾਨਾਂ ਨੇ ਹਰਬੰਸ ਸਿੰਘ ਆਗੂ ਪੀ.ਐਸ.ਯੂ. ਦੀ ਅਗਵਾਈ ਹੇਠ ਘੋਲ ਲੜਿਆ ਤੇ ਜਿੱਤਿਆ, ਜਿਸ ਵਿੱਚ ਨਛੱਤਰ ਸਿੰਘ ਨੇ ਮੋਹਰੀ ਰੋਲ ਅਦਾ ਕੀਤਾ। ਅਜਿਹੀ ਸ਼ਖਸੀਅਤ ਦੇ ਤੁਰ ਜਾਣ ਨਾਲ ਪ੍ਰੀਵਾਰ ਨੂੰ ਤਾਂ ਘਾਟਾ ਪੈਂਦਾ ਹੀ ਹੈ, ਇਲਾਕਾ ਵੀ ਵੱਡੀ ਘਾਟ ਮਹਿਸੂਸ ਕਰਦਾ ਹੈ। - ਗੁਰਮੇਲ ਭਾਰੋਵਾਲ






ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।



| | | | |
|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) |
| 416-817-7142 | 416 902 9372 | 403-455-4220 | 604 760 4794 |












HOMELIFE SILVERCITY
REALTY INC.,BROKERAGE
(Independently Owned and Operated)

HOMELIFE HIGHER STANDARDS

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
Cambridge PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.